# *Centre for Distance & Online Education*

**UNIVERSITY OF JAMMU**
**JAMMU**

# SELF LEARNING MATERIAL

## B.A. SEMESTER -III

**Subject: Punjabi** **COURSE NO. Pb-301**

**Unit I-III** **Lesson No. 1 -16**

**Course Coordinator**
**Dr. Hina S. Abrol**

*Printed & Published on behalf of the Centre for Distance and Online Education, University of Jammu by the Director, CDOE, University of Jammu, Jammu.*

*http :/www.distanceeducationju.in*

# PUNJABI

*Course Writers*

**Dr. Harjinder Singh**

**Dr. Baljeet Kour**

**Dr. Pritam Singh**

© Centre for Distance and Online Education, University of Jammu, Jammu, 2025

- All rights reserved. No part of this work may be reproduced in any form, by mimeograph or any other means, without permission in writing from the CDOE, University of Jammu.
- The script writer shall be responsible for the lesson/script submitted to the CDOE and any plagiarism shall be his/her entire responsibility

| B.A. SEMESTER - 3rd | Lesson No. 1 |
|---|---|
| UNIT-I | COURSE No. : PB - 301 |

# (ਸੂਫ਼ੀ ਕਾਵਿ)

## (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 1-30)

**Structure :**

1.1 Objective (ਉਦੇਸ਼)

1.2 Inroduction (ਜਾਣ-ਪਛਾਣ)

1.3 Headings (ਬਾਬਾ ਫ਼ਰੀਦ ਦੇ ਸਲੋਕਾਂ ਦੀ ਵਿਆਖਿਆ 1-30)

1.4 Summary (ਨਿਸ਼ਕਰਸ਼)

1.5 Glossory/Keywords (ਔਖੇ ਸ਼ਬਦਾਂ ਦੇ ਅਰਥ)

1.6 Self-Assesment Questions (SAQ)

1.7 References

### 1.1 Objective (ਉਦੇਸ਼)

ਬਾਬਾ ਫ਼ਰੀਦ ਪੰਜਾਬੀ ਕਵਿਤਾ ਦਾ ਸਿਰਮੌਰ ਸੂਫ਼ੀ ਕਵੀ ਹੈ। ਪੰਜਾਬੀ ਸਾਹਿਤ ਨੂੰ ਪੜ੍ਹਨ ਲਈ ਜੇਕਰ ਵਿਦਿਆਰਥੀ ਨੇ ਮੱਧਕਾਲੀ ਕਵਿਤਾ ਦਾ ਅਧਿਐਨ ਕਰਨਾ ਹੈ ਤਾਂ ਬਾਬਾ ਫ਼ਰੀਦ ਇਸ ਸਮੇਂ ਦੀ ਕਵਿਤਾ ਦਾ ਪਹਿਲਾ ਕਵੀ ਹੈ। ਬਾਬਾ ਫ਼ਰੀਦ ਇਸਲਾਮ ਧਰਮ ਦੀ ਪ੍ਰਚਾਰ ਸੰਸਥਾ 'ਸੂਫ਼ੀ' ਦਾ ਕਵੀ ਹੈ। ਉਸ ਨੇ ਇਸਲਾਮ ਧਰਮ ਦੇ ਪ੍ਰਚਾਰ ਲਈ ਅਰਬੀ-ਫ਼ਾਰਸੀ ਦੀ ਥਾਂ ਪੰਜਾਬੀ ਭਾਸ਼ਾ ਨੂੰ ਚੁਣਿਆ ਅਤੇ ਆਮ ਲੋਕਾਂ ਨੂੰ ਆਪਣੀ ਗੱਲ ਸਮਝਾਉਣ ਲਈ ਆਮ ਲੋਕਾਂ ਦੇ ਉਸ ਸਮੇਂ ਦੇ ਪਸੰਦੀਦਾ ਸਾਹਿਤ ਰੂਪ ਸ਼ਬਦਾਂ ਤੇ ਸਲੋਕਾਂ ਵਿਚ ਸੰਦੇਸ਼ ਦਿੱਤਾ। ਇਸ ਪਾਠ ਵਿਚ ਬਾਬਾ ਫ਼ਰੀਦ ਦੀ ਰਚਨਾ ਦਾ ਪਾਠ ਕਰਨ ਦਾ ਸਾਡਾ ਉਦੇਸ਼ ਹੈ ਕਿ ਪੰਜਾਬੀ ਸਾਹਿਤ ਦੇ ਸਿਰਮੌਰ ਸੂਫ਼ੀ ਕਵੀ ਦੀ ਕਵਿਤਾ ਦੇ ਵਿਸ਼ੇ ਪੱਖ, ਰੂਪਕ ਪੱਖ, ਉਸ ਦੀ ਵਿਚਾਰਧਾਰਾ, ਜੀਵਨ-ਪਿਛੋਕੜ ਤੇ ਸੂਫ਼ੀ ਕਵਿਤਾ ਦੇ ਆਰੰਭਲੇ ਪੜਾਅ ਨੂੰ ਸਮਝਣਾ ਹੈ। ਇਸ ਉਦੇਸ਼ ਲਈ ਅਸੀਂ ਸਾਰੀ ਰਚਨਾ

ਦੀ ਵਿਆਖਿਆ ਕਰਾਂਗੇ। ਅਸੀਂ ਰਚਨਾ ਦੇ ਵਿਸ਼ੇ ਤੇ ਕਾਵਿਕ ਵਿਸ਼ੇਸ਼ਤਾਈਆਂ ਨੂੰ ਵੀ ਜਾਣਾਂਗੇ। ਵਿਦਿਆਰਥੀ ਦੀ ਸੌਖ ਲਈ ਔਖੇ ਸ਼ਬਦਾਂ ਦੇ ਅਰਥ ਵੀ ਦੱਸੇ ਜਾਣਗੇ। ਇਸ ਤਰ੍ਹਾਂ ਇਸ ਪਾਠ ਦਾ ਅਧਿਐਨ ਕਰਦਾ ਵਿਦਿਆਰਥੀ ਪ੍ਰੀਖਿਆ ਦੇ ਪ੍ਰਸ਼ਨਾਂ ਦੇ ਉੱਤਰ ਦੇਣ ਦੇ ਯੋਗ ਹੋ ਜਾਵੇਗਾ।

### 1.2 Inroduction (ਜਾਣ-ਪਛਾਣ)

ਬਾਬਾ ਫ਼ਰੀਦ ਪੰਜਾਬੀ ਸੂਫ਼ੀ ਕਵਿਤਾ ਦਾ ਮੋਢੀ ਕਵੀ ਹੈ। ਬਾਬਾ ਫ਼ਰੀਦ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਹੈ। ਉਹ ਇਕ ਸੂਫ਼ੀ ਦਰਵੇਸ਼ ਧਾਰਮਿਕ ਪੁਰਸ਼ ਹੋਏ ਹਨ। ਉਨ੍ਹਾਂ ਨੇ ਇਸਲਾਮ ਧਰਮ ਦੇ ਮੁੱਢਲੇ ਅਸੂਲਾਂ ਨੂੰ ਬਹੁਤ ਹੀ ਸੌਖੇ ਬਿਆਨ ਰਾਹੀਂ ਸ਼ਬਦਾਂ ਤੇ ਸਲੋਕਾਂ ਵਿਚ ਪੇਸ਼ ਕੀਤਾ ਹੈ। ਬਾਬਾ ਫ਼ਰੀਦ ਦਾ ਪਰਮਾਤਮਾ ਦੇ ਸਰੂਪ ਅਪਾਰ, ਅਗਮ, ਬੇਅੰਤ, ਪਾਲਣਹਾਰ ਤੇ ਬਖਸ਼ਣਹਾਰ ਭਾਂਤ ਦਾ ਹੈ। ਉਸ ਨੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਲਈ ਜ਼ੋਰ ਵੀ ਦਿੱਤਾ। ਇਸ ਤਰ੍ਹਾਂ, ਬਾਬਾ ਫ਼ਰੀਦ ਦਾ ਪੰਜਾਬੀ ਸੂਫ਼ੀ ਕਵਿਤਾ ਵਿੱਚ ਮਹੱਤਵਪੂਰਨ ਯੋਗਦਾਨ ਹੈ, ਜਿਸ ਦੀ ਪੈੜ੍ਹ-ਚਾਲ ਤੇ ਚੱਲਦਿਆਂ ਅਨੇਕਾਂ ਸੂਫ਼ੀ ਕਵੀਆਂ ਨੇ ਬਾਅਦ ਵਿਚ ਸਮੇਂ-ਸਮੇਂ ਤੇ ਰਚਨਾ ਕੀਤੀ।

ਬਾਬਾ ਫ਼ਰੀਦ ਦੇ 4 ਸ਼ਬਦ ਅਤੇ 112 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਮਿਲਦੇ ਹਨ।ਭਾਵੇਂ ਉਨ੍ਹਾਂ ਦੇ ਨਾਂ ਹੇਠ ਹੋਰ ਰਚਨਾਵਾਂ ਵੀ ਮਿਲਦੀਆਂ ਹਨ ਪਰ ਅਸੀਂ ਇਸ ਪਾਠ ਵਿਚ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਾਪਤ ਰਚਨਾ ਨੂੰ ਹੀ ਪੜ੍ਹਾਂਗੇ। ਇਸ ਰਚਨਾ ਵਿੱਚ 112 ਸਲੋਕਾਂ ਦੇ ਪਾਠ ਦੀ ਵਿਆਖਿਆ ਕਰਨ ਮਗਰੋਂ 4 ਸ਼ਬਦਾਂ ਦੇ ਪਾਠ ਦੀ ਵਿਆਖਿਆ ਕੀਤੀ ਜਾਵੇਗੀ। ਇਸ ਨਾਲ ਬਾਬਾ ਫ਼ਰੀਦ ਦੀ ਰਚਨਾ ਵਿਚਲੇ ਵਿਸ਼ੇ ਨੂੰ ਸਮਝਿਆ ਜਾਵੇਗਾ। ਇਸ ਮਗਰੋਂ ਬਾਬਾ ਫ਼ਰੀਦ ਦੀ ਰਚਨਾ ਵਿਚਲਾ ਅਧਿਆਤਮਕ ਪੱਖ/ਰਹੱਸਵਾਦੀ ਪੱਖ ਬਾਰੇ ਵਿਚਾਰ-ਚਰਚਾ ਕੀਤੀ ਜਾਵੇਗੀ। ਇਸ ਨਾਲ ਬਾਬਾ ਫ਼ਰੀਦ ਦੀ ਰਚਨਾ ਦਾ ਮੰਤਵ ਸਪੱਸ਼ਟ ਹੋਵੇਗਾ ਕਿ ਉਹ ਮਨੁੱਖਤਾ ਨੂੰ ਕਿਸ ਪ੍ਰਕਾਰ ਦਾ ਸੰਦੇਸ਼ ਦੇਣਾ ਚਾਹੁੰਦੇ ਹਨ। ਇਸ ਮਗਰੋਂ ਬਾਬਾ ਫ਼ਰੀਦ ਦੀ ਰਚਨਾ ਦੇ ਕਲਾ ਪੱਖ ਬਾਰੇ ਵਿਚਾਰ ਕੀਤੀ ਜਾਵੇਗੀ, ਜਿਸ ਨਾਲ ਬਾਬਾ ਫ਼ਰੀਦ ਦੀ ਕਲਾ-ਹੁਨਰ ਦਾ ਪਤਾ ਚੱਲੇਗਾ। ਇਸ ਮਗਰੋਂ ਪੰਜਾਬੀ ਸੂਫ਼ੀ ਸਾਹਿਤ ਦੇ ਇਤਿਹਾਸਕ ਪੱਖ ਵਿਚ ਬਾਬਾ ਫ਼ਰੀਦ ਦੇ ਯੋਗਦਾਨ ਦੀ ਚਰਚਾ ਕੀਤੀ ਜਾਵੇਗੀ। ਬਾਬਾ ਫ਼ਰੀਦ ਦੇ ਜੀਵਨ ਬਾਰੇ ਵੀ ਗੱਲ ਕੀਤੀ ਜਾਵੇਗੀ। ਇਸ ਸਮੁੱਚੇ ਅਧਿਐਨ ਨਾਲ ਬਾਬਾ ਫ਼ਰੀਦ ਦੀ ਰਚਨਾ ਤੋਂ ਵਿਦਿਆਰਥੀ ਜਾਣੂ ਹੋਣਗੇ। ਇਸ ਮਗਰੋਂ ਬਾਬਾ ਫ਼ਰੀਦ ਦੀ ਰਚਨਾ ਵਿਚ ਆਏ ਔਖੇ ਸ਼ਬਦਾਂ ਦੇ ਅਰਥ ਵੀ ਦਿੱਤੇ ਜਾਣਗੇ, ਤਾਂ ਜੋ ਵਿਦਿਆਰਥੀਆਂ ਨੂੰ ਸਿਲੇਬਸ ਦੇ ਪੜ੍ਹਣ ਵਿੱਚ ਆਉਂਦੀ ਔਖਿਆਈ ਨੂੰ ਦੂਰ ਕੀਤਾ ਜਾ ਸਕੇ।

### 1.3 ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ (1-30)

ਪ੍ਰਸੰਗ: ਇਹ ਸਲੋਕ ਬਾਬਾ ਫ਼ਰੀਦ ਦੀ ਰਚਨਾ ਹੈ। ਇਹ ਸਲੋਕ ਪੁਸਤਕ 'ਸਲੋਕ ਸ਼ੇਖ ਫਰੀਦ ਦੀ ਸਟੀਕ' ਵਿਚ ਦਰਜ਼ ਹੈ। ਇਸ ਸਲੋਕ ਵਿਚ ਕਵੀ ਨੇ ਆਤਮਾ ਤੇ ਪਰਮਾਤਮਾ ਦੇ ਸੰਬੰਧਾਂ ਬਾਰੇ ਜ਼ਿਕਰ ਕੀਤਾ ਹੈ।

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ ॥**
**ਜਿੰਦੁ ਨਿਮਾਣੀ ਕਢੀਐ ਹਡਾ ਕੂ ਕੜਕਾਇ ॥**
**ਸਾਹੇ ਲਿਖੇ ਨ ਚਲਨੀ ਜਿੰਦੂ ਕੂੰ ਸਮਝਾਇ ॥**
**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥**
**ਆਪਣ ਹਥੀ ਜੋਲਿ ਕੈ ਕੈ ਗਲਿ ਲਗੈ ਧਾਇ ॥**
**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀ ਆਇ ॥**
**ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ ॥1**

ਵਿਆਖਿਆ: ਇਸ ਸਲੋਕ ਵਿਚ ਬਾਬਾ ਫ਼ਰੀਦ ਜੀ ਲਿਖਦੇ ਹਨ ਕਿ ਆਤਮਾ ਰੂਪੀ ਜੀਵ ਇਸਤਰੀ ਜਿਸ ਦਿਨ ਵਿਆਹੀ ਜਾਵੇਗੀ, ਉਹ ਦਿਨ ਪਹਿਲਾਂ ਹੀ ਲਿਖਿਆ ਗਿਆ ਹੈ। ਭਾਵ ਜੀਵ ਇਸਤਰੀ ਰੂਪੀ ਆਤਮਾ ਦੇ ਇਸ ਸੰਸਾਰ ਤੇ ਆਉਣ ਤੋਂ ਪਹਿਲਾਂ ਹੀ ਉਸ ਦੀ ਮੌਤ ਦਾ ਦਿਨ ਤਹਿ ਹੋ ਚੁੱਕਾ ਹੈ। ਮੌਤ ਦਾ ਫਰਿਸ਼ਤਾ ਮਲਕੁਲ, ਜੋ ਕੰਨਾਂ ਨਾਲ ਸੁਣਿਆ ਹੋਇਆ ਸੀ, ਉਹ ਸਾਹਮਣੇ ਆ ਜਾਂਦਾ ਹੈ। ਉਹ ਹੱਡਾਂ ਨੂੰ ਭੰਨ ਕੇ ਭਾਵ ਸਰੀਰ ਨੂੰ ਰੋਗ ਆਦਿ ਨਾਲ ਬਿਮਾਰ ਕਰਕੇ, ਵਿਚਾਰੀ ਜਿੰਦ ਨੂੰ ਸਰੀਰ ਵਿਚੋਂ ਕੱਢ ਕੇ ਲੈ ਜਾਂਦਾ ਹੈ। ਜਿੰਦ ਨੂੰ ਇਸ ਗੱਲ ਦੀ ਸਮਝ ਪਹਿਲਾਂ ਹੀ ਕਰ ਲੈਣੀ ਚਾਹੀਦੀ ਹੈ ਕਿ ਇਹ ਮਿਥਿਆ ਸਮਾਂ ਟਲ ਨਹੀਂ ਸਕਦਾ। ਜਿੰਦ ਤਾਂ ਉਸ ਵਹੁਟੀ ਦੀ ਤਰ੍ਹਾਂ ਹੈ, ਜਿਸ ਨੂੰ ਮੌਤ ਦੇ ਫਰਿਸ਼ਤੇ ਨੇ ਲਾੜਾ ਬਣ ਕੇ ਹਰ ਹਾਲਤ ਵਿੱਚ ਵਿਆਹ ਕੇ ਲੈ ਜਾਣਾ ਹੈ। ਉਹ ਬੇਸਹਾਰਾ ਹੈ ਤੇ ਕਿਸੇ ਦੇ ਗਲ ਲੱਗ ਕੇ ਰੋ ਨਹੀਂ ਸਕਦੀ। ਇਸ ਲਈ ਲਾੜੇ ਨਾਲ ਤੁਰ ਜਾਵੇਗੀ। ਉਸ ਅੱਗੇ 'ਪੁਲ ਸਿਰਾਤ' ਆਵੇਗਾ, ਜਿਹੜਾ ਕਿ ਵਾਲ ਤੋਂ ਵੀ ਬਰੀਕ ਹੈ। ਉਸ ਉੱਪਰ ਦੀ ਜੀਵ-ਆਤਮਾ ਨੂੰ ਲੰਘ ਕੇ ਜਾਣਾ ਪਵੇਗਾ। ਇਸ ਲਈ ਉਸ ਨੂੰ ਜਿਹੜੇ ਗੁਰੂ ਸਿੱਖਿਆ ਦਿੰਦੇ ਹਨ, ਉਸ ਨੂੰ ਕੰਨਾਂ ਨਾਲ ਸੁਣ ਕੇ ਗਵਾਉਣਾ ਨਹੀਂ ਚਾਹੀਦਾ। ਗੁਰੂ ਪੈਗੰਬਰ ਜੀਵ ਨੂੰ ਵਿਕਾਰਾਂ ਦੀਆਂ ਲਹਿਰਾਂ ਦੇ ਖਤਰਿਆਂ ਤੋਂ ਬਚਣ ਲਈ ਆਵਾਜ਼ਾਂ ਮਾਰ ਰਹੇ ਹਨ। ਜੀਵ ਨੂੰ ਉਨ੍ਹਾਂ ਅਵਾਜ਼ਾਂ ਨੂੰ ਧਿਆਨ ਨਾਲ ਸੁਣਨਾ ਚਾਹੀਦਾ ਹੈ ਅਤੇ ਆਪਣੇ ਜੀਵਨ ਨੂੰ ਬੇਕਾਰੀ ਦੀ ਹਾਲਤ ਵਿਚ ਗਵਾਉਣਾ ਨਹੀਂ ਚਾਹੀਦਾ।

**ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥**
**ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥2॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਫਰੀਦ/ਜੀਵ! ਪਰਮਾਤਮਾ ਦੇ ਦਰਵਾਜ਼ੇ ਦੀ ਦਰਵੇਸ਼ੀ ਭਾਵ ਫ਼ਕੀਰੀ ਕਰਨੀ ਔਖੀ ਹੈ। ਉਹ ਕੇਵਲ ਦੁਨੀਆਂ ਦੇ ਆਮ ਲੋਕਾਂ ਵਾਂਗ ਦਿਨ ਬਤੀਤ ਕਰ ਰਿਹਾ ਹੈ। ਉਸ ਨੇ ਦੁਨੀਆਂ ਵਾਲੀ ਨਿੱਕੀ ਜਿਹੀ ਪੋਟਲੀ ਵੀ ਬੰਨ ਕੇ ਨਾਲ ਚੁੱਕੀ ਹੋਈ ਹੈ। ਉਹ ਇਸ ਨੂੰ ਕਿੱਥੇ ਸੁੱਟ ਕੇ ਜਾਵੇ। ਅਰਥਾਤ ਜੀਵ-ਇਸਤਰੀ ਦੁਨੀਆਂ ਦੇ ਵਿਕਾਰਾਂ ਵਿੱਚ ਫਸੀ ਹੋਈ ਹੈ। ਵਿਕਾਰਾਂ ਨੂੰ ਛੱਡਣਾ ਔਖ਼ਾ ਹੈ। ਇਸ ਤਰ੍ਹਾਂ ਜੀਵ ਨੂੰ ਪਰਮਾਤਮਾ ਦੇ ਦਰ ਦੀ ਦਰਵੇਸ਼ੀ ਔਖੀ ਜਾਪਦੀ ਹੈ। ਇਸ ਪ੍ਰਕਾਰ ਕਵੀ ਜੀਵ ਨੂੰ ਵਿਕਾਰਾਂ ਨੂੰ ਛੱਡ ਕੇ ਪਰਮਾਤਮਾ

ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

**ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ॥**
**ਸਾਂਈਂ ਮੇਰੈ ਚੰਗਾ ਕੀਤਾ ਨਾਹੀ ਤ ਹੰ ਭੀ ਦਝਾਂ ਆਹਿ॥3॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਦੁਨੀਆਂ ਦੇਖਣ ਨੂੰ ਬਹੁਤ ਸੁੰਦਰ ਹੈ। ਇਹ ਇਕ ਲੁਕਵੀਂ ਅੱਗ ਹੈ। ਇਹ ਅੱਗ ਜੀਵ ਦੇ ਮਨ ਅੰਦਰ ਧੁਖਦੀ ਰਹਿੰਦੀ ਹੈ। ਅੱਗ ਦਾ ਰੂਪ ਮੋਹ-ਮਾਇਆ ਦੇ ਵਿਕਾਰ ਹਨ। ਜੀਵ-ਆਤਮਾ ਨੂੰ ਇਨ੍ਹਾਂ ਵਿਕਾਰਾਂ ਬਾਰੇ ਕੁੱਝ ਵੀ ਜਾਣਕਾਰੀ ਨਹੀਂ ਹੈ। ਉਸ ਨੂੰ ਇਨ੍ਹਾਂ ਬਾਰੇ ਸੋਝੀ ਨਹੀਂ ਹੈ। ਮੇਰੇ ਸਾਈਂ ਅਰਥਾਤ ਗੁਰੂ ਨੇ ਮੇਰੇ 'ਤੇ ਚੰਗੀ ਮਿਹਰ ਕੀਤੀ ਹੈ ਕਿ ਉਸ ਨੇ ਮੈਨੂੰ ਇਸ ਤੋਂ ਬਚਾ ਲਿਆ ਹੈ। ਇਸ ਗਿਆਨ ਨਾਲ ਉਸ ਦਾ ਬਚਾਅ ਹੋ ਗਿਆ ਹੈ। ਨਹੀਂ ਤਾਂ ਉਹ ਸੰਸਾਰ ਦੇ ਹੋਰਨਾਂ ਜੀਵਾਂ ਦੀ ਤਰ੍ਹਾਂ ਹੀ ਲੁਕਵੀਂ ਅੱਗ ਵਿੱਚ ਸੜ ਜਾਂਦਾ। ਅਰਥਾਤ ਇਹ ਦੁਨੀਆਂ ਇਕ ਲੁਕਵੇਂ ਵਿਕਾਰਾਂ ਵਾਲੀ ਅੱਗ ਹੈ, ਜਿਹੜੀ ਜੀਵ-ਆਤਮਾ ਨੂੰ ਹਮੇਸ਼ਾਂ ਮੋਹ ਵਿਚ ਰੱਖ ਕੇ ਸਾੜਦੀ ਰਹਿੰਦੀ ਹੈ। ਜੇਕਰ ਜੀਵ-ਆਤਮਾ ਨੂੰ ਚੰਗਾ ਗੁਰੂ/ਸਾਈਂ ਗਿਆਨ ਦੇ ਦੇਵੇ ਤਾਂ ਉਹ ਇਸ ਤੋਂ ਬਚ ਸਕਦਾ ਹੈ। ਇਸ ਅੱਗ ਤੋਂ ਬਚਣਾ ਜੀਵ ਦੇ ਵਸ ਦੀ ਗੱਲ ਨਹੀਂ ਹੁੰਦੀ ਕਿ ਉਹ ਵਿਕਾਰਾਂ ਦੀ 'ਪੋਟਲੀ' ਸਿਰੋਂ ਉਤਾਰ ਕੇ ਸੁੱਟ ਦੇਵੇ।

**ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ ॥**
**ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥4॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਫ਼ਰੀਦ/ਜੀਵ! ਜੇਕਰ ਉਸ ਨੂੰ ਇਹ ਪਤਾ ਹੋਵੇ ਕਿ ਸਰੀਰ ਰੂਪ ਭਾਂਡੇ ਵਿਚ ਥੋੜੇ ਤਿਲ ਅਰਥਾਤ ਘੱਟ ਸੁਆਸ/ਸਾਹ ਹਨ ਤਾਂ ਉਹ ਸੋਚ-ਸਮਝ ਕੇ ਇਨ੍ਹਾਂ ਦਾ ਬੁੱਕ ਭਰੇ। ਅਰਥਾਤ ਜੀਵ ਲਾਪਰਵਾਹੀ ਨਾਲ ਜੀਵਨ ਦੇ ਸੁਆਸ ਨਾਲ ਜੀਵਨ ਨਾ ਬਤੀਤ ਕਰੇ। ਇਸ ਤਰ੍ਹਾਂ ਜੇਕਰ ਉਸ ਨੂੰ ਇਹ ਵੀ ਪਤਾ ਚਲ ਜਾਵੇ ਕਿ ਉਸ ਦੇ ਵਿਆਹ ਮਗਰੋਂ ਸਾਂਭ-ਸੰਭਾਲ ਕਰਨ ਵਾਲਾ ਪਤੀ ਬਾਲ-ਸੁਭਾਅ ਵਾਲਾ ਹੈ, ਅਰਥਾਤ ਭੋਲਾ-ਭਾਲਾ ਹੈ, ਉਹ ਦੁਨੀਆਂ ਦੇ ਵਿਕਾਰਾਂ ਭਰੀ ਜ਼ਿੰਦਗੀ ਵਾਲਾ ਮਾਣ ਛੱਡ ਦਿੰਦੀ । ਅਰਥਾਤ ਕਵੀ ਘੱਟ ਸਵਾਸ ਤੇ ਸਾਂਭ-ਸੰਭਾਲ ਵਾਲੇ ਨੱਢੜੇ ਪਤੀ ਕਾਰਨ ਆਪਣੀ ਕੀਮਤੀ ਪਲਾਂ ਦੀ ਜ਼ਿੰਦਗੀ ਵਿਚ ਖੁਦ ਆਪਣਾ ਅੱਗਾ ਸੰਵਾਰਨ ਦੀ ਤਾੜਨਾ ਕਰਦਾ ਹੈ।

**ਜੇ ਜਾਣਾ ਲੜੁ ਛਿਜਣਾ ਪੀਡੀ ਪਾਈਂ ਗੰਢਿ ॥**
**ਤੈ ਜੇਵਡੁ ਮੈ ਨਾਹਿ ਕੋ ਸਭੁ ਜਗੁ ਡਿਠਾ ਹੰਢਿ ॥5॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੀਵ-ਇਸਤਰੀ ਨੂੰ ਇਹ ਪਤਾ ਚੱਲ ਜਾਵੇ ਕਿ ਉਸ ਨੇ ਜਿਹੜਾ ਵਿਕਾਰਾਂ ਦਾ ਪੱਲਾ ਫੜਿਆ ਹੋਇਆ ਹੈ ਤੇ ਇਸ ਨੇ ਛਿੱਜ ਜਾਣਾ ਹੈ। ਇਸ ਲਈ ਹੇ ਪਤੀ-ਪਰਮਾਤਮਾ! ਮੈਂ ਤੇਰੇ ਪੱਲੇ ਨਾਲ ਪੱਕੀ ਗੰਢ ਪਾ ਲਵਾਂ। ਮੈਂ ਤਾਂ ਸਾਰਾ ਸੰਸਾਰ ਘੁੰਮ ਕੇ ਵੇਖ ਲਿਆ ਹੈ। ਮੈਨੂੰ ਤੇਰੇ ਵਰਗਾ ਹੋਰ ਕੋਈ ਸਾਰੇ ਸੰਸਾਰ ਵਿਚ ਨਹੀਂ ਦਿਸਿਆ। ਅਰਥਾਤ ਪਰਮਾਤਮਾ ਦਾ ਲੜ ਕਿਤੇ ਜੀਵ ਇਸਤਰੀ ਕੋਲੋਂ ਛੁੱਟ ਨਾ ਜਾਵੇ, ਇਸ

ਲਈ ਪੱਕੀ ਗੰਢ ਪਾ ਲੈਣੀ ਚਾਹੀਦੀ ਹੈ, ਕਿਉਂਕਿ ਉਸ ਦੇ ਵਰਗਾ ਸਾਖੀ ਇਸ ਸੰਸਾਰ ਵਿਚ ਹੋਰ ਕੋਈ ਨਹੀਂ ਹੈ।

**ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥**
**ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥6॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਤੇਰੇ ਕੋਲ ਬਾਰੀਕ ਬੀਨੀ ਵਾਲੀ ਅਕਲ ਹੈ ਤਾਂ ਤੂੰ ਹੋਰ ਜੀਵਾਂ ਦੇ ਮੰਦੇ-ਕਾਲੇ ਕੰਮਾਂ ਦਾ ਲੇਖਾ ਜੋਖਾ ਨਾ ਕਰ। ਤੈਨੂੰ ਚਾਹੀਦਾ ਹੈ ਕਿ ਤੂੰ ਆਪਣੀ ਬੁੱਕਲ ਵਿਚ ਦੇਖ ਕਿ ਤੇਰੇ ਕਰਮ/ਕੰਮ ਕਿਹੋ ਜਿਹੇ ਹਨ। ਤੈਨੂੰ ਸਿਰ ਨੀਵਾਂ ਕਰਕੇ ਨਿਮਰਤਾ ਸਹਿਤ ਜੀਵਨ ਬਤੀਤ ਕਰਨਾ ਚਾਹੀਦਾ ਹੈ। ਅਰਥਾਤ ਕਵੀ ਜੀਵ ਨੂੰ ਆਪਣੀ ਚੰਗੀ ਲਿਆਕਤ ਨਾਲ ਹੋਰਨਾਂ ਜੀਵਾਂ ਦੇ ਔਗੁਣ ਵੇਖਣ ਦੀ ਥਾਂ ਆਪਣੇ ਔਗੁਣਾਂ ਦੀ ਪੜਚੋਲ ਕਰਦੇ ਨਿਮਰਤਾ ਨਾਲ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਹਨ।

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ ॥7॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਕੋਈ ਜੀਵ ਤੈਨੂੰ ਮੁੱਕੀਆਂ ਮਾਰਦਾ, ਭਾਵ ਕੋਈ ਦੁੱਖ ਪਹੁੰਚਾਉਂਦਾ ਹੈ, ਤਾਂ ਤੂੰ ਮੋੜਵੇਂ ਰੂਪ ਵਿੱਚ ਉਸ ਦੇ ਨਾ ਮਾਰੀ ਅਰਥਾਤ ਬਦਲਾ ਲਊ ਕਾਰਜ ਨਾ ਕਰੀਂ। ਤੂੰ ਤਾਂ ਉਸ ਜੀਵ ਦੇ ਪੈਰ ਚੁੰਮ। ਇਸ ਨਾਲ ਤੂੰ ਆਪਣੇ ਸੋਹਣੇ ਘਰ ਵਿਚ ਪਹੁੰਚ ਜਾਏਂਗਾ ਤੇਰਾ ਮਨ ਸ਼ਾਂਤ ਹੋ ਜਾਏਗਾ। ਅਰਥਾਤ ਕਵੀ ਦਾ ਸੰਦੇਸ਼ ਹੈ ਕਿ ਸਾਰੇ ਜੀਵਾਂ ਵਿਚ ਪਰਾਤਮਾ ਵਸਦਾ ਹੈ। ਜੇਕਰ ਕੋਈ ਜੀਵ ਮੈਂ ਜੀਵ ਨੂੰ ਮੁੱਕੀਆਂ ਮਾਰਦਾ ਹੈ ਤਾਂ ਉਹ ਉਸਨੂੰ ਰੱਬ ਦਾ ਜੀਵ ਮੰਨਦੇ ਮੋੜਵੇਂ ਰੂਪ ਵਿੱਚ ਉਸ ਨੂੰ ਮੁੱਕੀਆਂ ਨਾ ਮਾਰੇ। ਉਹ ਉਸ ਦੇ ਪੈਰ ਚੁੰਮ ਕੇ ਅਰਥਾਤ ਨਿਮਰਤਾ ਦਿਖਾ ਕੇ ਆਪਣੇ ਸੋਹਣੇ ਘਰ ਵਿਚ ਰਹਿ ਸਕਦਾ ਹੈ।

**ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ ॥**
**ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ ॥8॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਦੋਂ ਤੇਰੀ ਅਸਲ ਖੱਟੀ ਖੱਟਣ ਦਾ ਵੇਲਾ ਸੀ, ਅਰਥਾਤ ਚੰਗੇ ਕੰਮ ਕਰਕੇ ਜਸ ਪ੍ਰਾਪਤ ਕਰਨ ਦਾ ਸਮਾਂ ਸੀ, ਤਦ ਤੂੰ ਦੁਨੀਆਂ ਦੇ ਵਿਕਾਰਾਂ ਵਿਚ ਮਸਤ ਰਿਹਾ। ਅਰਥਾਤ ਚੰਗਾ ਸਮਾਂ ਗਵਾ ਲਿਆ। ਇਸ ਤਰ੍ਹਾਂ, ਮੌਤ ਦੀ ਨੀਂਹ ਪੱਕੀ ਹੁੰਦੀ ਗਈ।ਅਰਥਾਤ ਮੌਤ ਦਾ ਸਮਾਂ ਨੇੜੇ ਆ ਗਿਆ। ਜਦੋਂ ਸਵਾਸ ਪੂਰੇ ਹੋ ਗਏ ਤਾਂ ਇਸ ਸੰਸਾਰ ਤੋਂ ਕੀਤੇ ਕਰਮਾਂ ਨਾਲ ਹੀ ਜਾਣਾ ਪਿਆ। ਅਰਥਾਤ ਕਵੀ ਜੀਵ ਨੂੰ ਵਕਤ ਸਿਰ ਨੇਕ-ਅਮਲ ਕਰਕੇ ਦੁਨੀਆਂ ਦੇ ਵਿਕਾਰਾਂ ਤੋਂ ਰਹਿਤ ਹੋ ਕੇ ਆਪਣੇ ਅੱਗੇ ਨੂੰ ਸੰਵਾਰਨ ਦਾ ਸੰਦੇਸ਼ ਦਿੰਦਾ ਹੈ।

**ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ ॥**
**ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ ॥9॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਉਸ ਨੂੰ ਜਾਣ ਲੈਣਾ ਚਾਹੀਦਾ ਹੈ ਕਿ ਦਾੜੀ ਹੁਣ ਚਿੱਟੀ ਹੋ ਚੁੱਕੀ ਹੈ। ਅਰਥਾਤ ਉਹ ਬੁਢਾਪੇ ਦੀ ਅਵਸਥਾ ਵਿਚ ਪਹੁੰਚ ਚੁੱਕਾ ਹੈ। ਬੁਢਾਪੇ ਮਗਰੋਂ ਉਸ ਲਈ ਮੌਤ ਆਉਣੀ ਹੈ, ਜੋ ਕਿ ਉਸ ਦੇ ਅੱਗੇ ਹੈ। ਉਸ ਨੇ ਹੀ ਬਾਕੀ ਜੀਵਨ, ਜੋ ਉਸ ਨੇ ਜੰਮਣ ਤੋਂ ਹੁਣ ਤੱਕ ਹੰਢਾਇਆ ਹੈ, ਪਿੱਛੇ ਰਹਿ ਚੁੱਕਾ ਹੈ। ਇਸ ਲਈ ਉਸ ਨੂੰ ਬੇਸਮਝੀ ਵਾਲੇ ਕੰਮ ਛੱਡ ਕੇ ਅੱਗੇ ਅਰਥਾਤ ਪਰਲੋਕ ਦੀ ਤਿਆਰੀ ਕਰ ਲੈਣੀ ਚਾਹੀਦੀ ਹੈ। ਅਰਥਾਤ ਕਵੀ ਜੀਵ ਨੂੰ ਬੁਢਾਪੇ ਵਿੱਚ ਪਹੁੰਚਣ ਤੇ ਤਾੜਨਾ ਕਰਦਾ ਹੈ ਕਿ ਉਹ ਜੀਵਨ ਦੀ ਆਖਰੀ ਅਵਸਥਾ ਤੇ ਪਹੁੰਚ ਚੁੱਕਾ ਹੈ ਤੇ ਉਸ ਨੂੰ ਪਰਲੋਕ ਵਿਚ ਲਾਹਣਤਾਂ ਪੈਣ ਤੋਂ ਬਚਣ ਲਈ ਤਿਆਰੀ ਕਰਨੀ ਚਾਹੀਦੀ ਹੈ।

**ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ ॥**
**ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ ॥10॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਹੁਣ ਉਸ ਉੱਪਰ ਬੁਢਾਪਾ ਆ ਗਿਆ ਹੈ। ਇਸ ਕਰਕੇ ਦੁਨੀਆਂ ਦੇ ਮਿੱਠੇ ਪਦਾਰਥ ਜਿਵੇਂ ਕਿ ਸ਼ੱਕਰ ਵੀ ਹੁਣ ਜ਼ਹਿਰ ਰੂਪ ਅਰਥਾਤ ਦੁਖਦਾਈ ਲੱਗਦੇ ਹਨ। ਇਸ ਦਾ ਕਾਰਨ ਹੈ ਕਿ ਸਰੀਰ ਬੁਢਾਪੇ ਵਿਚ ਹੋਣ ਕਰਕੇ ਇੰਦਰੀਆਂ ਕਮਜ਼ੋਰ ਹੋ ਗਈਆਂ ਹਨ ਤੇ ਉਹ ਵਸਤਾਂ ਨੂੰ ਸਥਿਤੀ ਅਨੁਸਾਰ ਭੋਗ ਨਹੀਂ ਸਕਦੀਆਂ। ਇਸ ਤਰ੍ਹਾਂ ਦਾ ਦੁਖੜਾ ਕੇਵਲ ਆਪਣੇ ਸਾਈਂ/ਗੁਰੂ ਨੂੰ ਦੱਸਿਆ ਜਾ ਸਕਦਾ ਹੈ। ਉਹ ਹੀ ਇਸ ਵਿਚ ਪਹਿਲਾਂ ਵਰਗੀ ਤਬਦੀਲੀ ਲਿਆ ਸਕਦਾ ਹੈ। ਸਾਈਂ ਤੋਂ ਬਿਨ੍ਹਾਂ ਆਪਣੇ ਵੇਦਨ/ਦੁੱਖ ਹੋਰ ਕਿਸੇ ਜੀਵ ਨੂੰ ਕਹਿ ਵੀ ਨਹੀਂ ਸਕਦਾ, ਕਿਉਂਕਿ ਉਸ ਦੇ ਦੁੱਖਾਂ ਨੂੰ ਸੁੱਖਾਂ ਵਿੱਚ ਹੋਰ ਕੋਈ ਬਦਲ ਵੀ ਨਹੀਂ ਸਕਦਾ। ਅਰਥਾਤ ਕਵੀ ਜੀਵ ਨੂੰ ਸਮੇਂ ਸਿਰ ਨੇਕ ਕਰਮ ਕਰਕੇ ਸਾਈਂ ਦੀ ਗੱਲ ਮੰਨਦੇ ਅੱਗਾ ਸੰਵਾਰ ਲੈਣ ਦਾ ਸੰਦੇਸ਼ ਦਿੰਦਾ ਹੈ, ਕਿਉਂਕਿ ਕਿਤੇ ਇੰਝ ਨਾ ਹੋਵੇ ਕਿ ਉਹ ਬੁਢਾਪੇ ਵਿਚ ਜਾ ਕੇ ਅੱਗਾ ਸੰਵਾਰਨ ਦਾ ਕੰਮ ਕਰੇ ਅਤੇ ਉਸ ਵਕਤ ਉਸ ਦੀਆਂ ਇੰਦਰੀਆਂ ਉਸ ਦਾ ਸਾਥ ਨਾ ਦੇਣ।

**ਫਰੀਦਾ ਅਖੀ ਦੇਖਿ ਪਤੀਣੀਆਂ ਸੁਣਿ ਸੁਣਿ ਰੀਣੇ ਕੰਨ ॥**
**ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ ॥11॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ!ਹੁਣ ਬੁਢਾਪੇ ਦੀ ਅਵਸਥਾ ਵਿਚ ਅੱਖਾਂ ਸੰਸਾਰ ਦੇ ਰੰਗ ਤਮਾਸ਼ੇ ਦੇਖ-ਦੇਖ ਕੇ ਕਮਜ਼ੋਰ ਹੋ ਗਈਆਂ ਹਨ। ਉਨ੍ਹਾਂ ਵਿਚ ਸੰਸਾਰ ਦੇ ਰੰਗ-ਤਮਾਸ਼ੇ ਪਹਿਲਾਂ ਵਾਂਗ ਦੇਖਣ ਦੀ ਸਮਰੱਥਾ ਨਹੀਂ ਰਹੀ। ਇਸ ਤਰ੍ਹਾਂ, ਦੁਨੀਆਂ ਦਾ ਰਾਗ ਸੁਣ ਕੇ ਕੰਨ ਵੀ ਬੋਲੇ ਹੋ ਗਏ। ਨਿਰਾ ਅੱਖਾਂ ਜਾਂ ਕੰਨ ਹੀ ਨਹੀਂ, ਸਗੋਂ ਸਾਰਾ ਸਰੀਰ ਟਾਹਿਣੀ ਦੀ ਤਰ੍ਹਾਂ ਪੱਕ ਚੁੱਕਾ ਹੈ ਭਾਵ ਬਿਰਧ ਹੋ ਹੁੱਕਾ ਹੈ। ਇਸ ਲਈ ਇਸ ਨੇ ਰੰਗ ਬਦਲ ਲਿਆ ਹੈ। ਹੁਣ ਸਰੀਰ ਸੰਸਾਰਕ ਵਸਤਾਂ ਨੂੰ ਭੋਗਣ ਜੋਗਾ ਨਹੀਂ ਰਿਹਾ। ਇਸ ਨੇ ਆਪਣਾ ਰੰਗ ਬਦਲ ਲਿਆ ਹੈ ਅਤੇ ਇਸ ਹਾਉਕੇ ਦਾ ਇਲਾਜ ਵੀ ਨਹੀਂ ਹੈ। ਅਰਥਾਤ ਕਵੀ ਜੀਵ ਨੂੰ ਬੁਢਾਪੇ ਵਿਚ ਸਰੀਰ ਦੇ ਨਕਾਰਾ ਹੋਣ ਵਾਲੀ ਸਥਿਤੀ ਪਰਮਾਤਮਾ ਨਾਲ ਜੁੜ ਸਕਣ ਦੀ ਅਵਸਥਾ ਬਣਨ ਤੋਂ

ਪਹਿਲਾਂ ਹੀ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਕਾਲੀ ਜਿਨੀ ਨ ਰਾਵਿਆ ਧਉਲੀ ਰਾਵੈ ਕੋਇ ॥**
**ਕਰਿ ਸਾਂਈ ਸਿਉ ਪਿਰਹੜੀ ਰੰਗੁ ਨਵੇਲਾ ਹੋਇ ॥12॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਕਾਲੇ ਕੇਸਾਂ ਵਾਲੀ ਉਮਰ ਵਿਚ ਭਾਵ ਜਵਾਨੀ ਵਿਚ ਪਰਮਾਤਮਾ ਨਾਲ ਨਹੀਂ ਜੁੜਿਆ। ਧਾਉਲੇ/ਚਿੱਟੇ ਵਾਲ ਹੋ ਜਾਣ ਅਰਥਾਤ ਬਿਰਧ ਅਵਸਥਾ ਵਿਚ ਕੋਈ ਵਿਰਲਾ ਹੀ ਰੱਬ ਨੂੰ ਯਾਦ ਕਰ ਸਕਦਾ ਹੈ। ਇਸ ਲਈ ਤੂੰ ਸਾਈਂ ਨਾਲ ਪਿਆਰ ਕਰ। ਇਸ ਸਦਕਾ ਤੂੰ ਨਵਾਂ-ਨਵੇਲਾ ਰਹੇਗਾ। ਇਸ ਦੇ ਮੁਕਾਬਲੇ ਦੁਨੀਆਂ ਦੇ ਮੋਹ ਵਿਕਾਰਾਂ ਵਾਲਾ ਪਿਆਰ ਸਰੀਰ ਦੇ ਬਿਰਧ ਹੋ ਜਾਣ ਨਾਲ ਟੁੱਟ ਜਾਂਦਾ ਹੈ।ਅਰਥਾਤ ਕਵੀ ਜੀਵ ਨੂੰ ਜਵਾਨੀ ਦੀ ਅਵਸਥਾ ਵਿਚ ਹੀ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ, ਕਿਉਂਕਿ ਬਿਰਧ ਅਵਸਥਾ ਵਿਚ ਸਰੀਰ ਦੇ ਬਿਰਧ ਹੋਣ ਕਾਰਨ ਕੋਈ ਵਿਰਲਾ ਹੀ ਪਰਮਾਤਮਾ ਨਾਲ ਜੁੜ ਸਕਦਾ ਹੈ।

**ਫਰੀਦਾ ਜਿਨ੍ ਲੋਇਣ ਜਗੁ ਮੋਹਿਆ ਸੇ ਲੋਇਣ ਮੈ ਡਿਠੁ ॥**
**ਕਜਲ ਰੇਖ ਨ ਸਹਦਿਆ ਸੇ ਪੰਖੀ ਸੂਇ ਬਹਿਠੁ ॥14॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਹੜੀਆਂ ਸੋਹਣੀਆਂ ਅੱਖਾਂ ਨੇ ਸੰਸਾਰ ਨੂੰ ਮੋਹਿਤ ਕੀਤਾ ਹੋਇਆ ਸੀ, ਮੈਂ ਉਨ੍ਹਾਂ ਅੱਖਾਂ ਨੂੰ ਦੇਖਿਆ ਹੋਇਆ ਹੈ। ਇਹ ਪਹਿਲਾਂ ਤਾਂ ਇੰਨੀਆਂ ਨਾਜ਼ੁਕ ਸਨ ਕਿ ਕਜਲੇ/ਸੁਰਮੇ ਦੀ ਧਾਰ ਨਹੀਂ ਸਹਾਰ ਸਕਦੀਆਂ ਸਨ। ਹੁਣ ਇਹ ਪੰਛੀਆਂ ਦੇ ਬੱਚੇ ਬੈਠਣ ਵਾਲੇ ਆਲ੍ਹਣੇ ਵਰਗੀਆਂ ਹੋ ਗਈਆਂ ਹਨ। ਇਸ ਤਰ੍ਹਾਂ ਸਰੀਰਕ ਸੁੰਦਰਤਾ ਵਾਲੇ ਅੰਗਾਂ ਦੀ ਸੁੰਦਰਤਾ ਦਾ ਬੁਢਾਪੇ ਵਿਚ ਨਾਸ ਹੋ ਜਾਂਦਾ ਹੈ। ਅਰਥਾਤ ਕਵੀ ਜੀਵ ਨੂੰ ਸੁੰਦਰ ਸਰੀਰਕ ਅੰਗਾਂ ਦੇ ਨਾਸ ਹੋ ਜਾਣ ਦਾ ਸੰਦੇਸ਼ ਦਿੰਦੇ ਹਨ ਕਿ ਉਸ ਨੂੰ ਜਵਾਨੀ ਵਕਤ ਸਰੀਰਕ ਸੁੰਦਰਤਾ 'ਤੇ ਮਾਣ ਨਹੀਂ ਕਰਨਾ ਚਾਹੀਦਾ।

**ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥**
**ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥15॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਭਾਵੇਂ ਕਿ ਮਨੁੱਖੀ ਜੀਵਾਂ ਨੂੰ ਪੁਕਾਰ-ਪੁਕਾਰ ਕੇ ਆਖੀਏ ਤੇ ਕਿੰਨੀਆਂ ਹੀ ਹਰ ਰੋਜ਼ ਮੱਤਾਂ ਦਿੱਤੀਆਂ ਜਾਣ, ਪਰ ਜਿਹੜੇ ਬੰਦਿਆਂ ਦੇ ਮਨ ਨੂੰ ਸ਼ੈਤਾਨ ਨੇ ਵਿਗਾੜਿਆ ਹੋਇਆ ਹੈ, ਉਹ ਦੁਨੀਆਂ ਦੀ ਮੋਹ-ਮਾਇਆ ਤੋਂ ਚਿੱਤ ਪਰੇ ਕਰ ਸਕਦੇ ਹਨ। ਦੁਨੀਆਂ ਵਿਚ ਸ਼ੈਤਾਨ ਦਾ ਪਸਾਰਾ ਵੀ ਵੱਡਾ ਹੈ ਤੇ ਜੀਵ ਦਾ ਮੋਹ-ਮਾਇਆ ਤੋਂ ਪਰੇ ਹੋਣਾ ਕਾਫੀ ਮੁਸ਼ਕਿਲ ਹੁੰਦਾ ਹੈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਸ਼ੈਤਾਨ ਦਾ ਕਾਰਜ ਇੰਨਾ ਮਹਾਨ ਹੈ ਕਿ ਉਹ ਜੀਵ ਨੂੰ ਵਿਕਾਰਾਂ ਵਿਚ ਫਸਾਈ ਰੱਖਦਾ ਹੈ। ਭਾਵੇਂ ਕਿ ਸਾਈਂ ਲੋਕ ਕੂਕ-ਕੂਕ ਕੇ ਉੱਚੀ-ਉੱਚੀ ਉਸ ਨੂੰ ਸਿੱਖਿਆ ਦੇ ਕੇ ਇਸ ਤੋਂ ਬਚਣ ਲਈ ਸੰਦੇਸ਼ ਦੇਣ।

**ਫਰੀਦਾ ਥੀਉ ਪਵਾਹੀ ਦਭੁ ॥ ਜੇ ਸਾਂਈ ਲੋੜਹਿ ਸਭੁ ॥**
**ਇਕੁ ਛਿਜਹਿ ਬਿਆ ਲਤਾੜੀਅਹਿ ॥ ਤਾਂ ਸਾਈ ਦੈ ਦਰਿ ਵਾੜੀਅਹਿ ॥16॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਤੂੰ ਪਰਮਾਤਮਾ/ਮਾਲਕ ਨੂੰ ਹਰ ਥਾਂ ਭਾਲਦਾ ਹੈ ਅਰਥਾਤ ਹਰ ਥਾਂ ਵੇਖਣਾ ਚਾਹੁੰਦਾ ਹੈ ਤਾਂ ਰਸਤੇ ਲਾਗੇ ਉੱਗੀ ਹੋਈ ਦੱਭ/ਘਾਹ ਵਰਗਾ ਬਣ ਜਾ। ਲੋਕ ਰਸਤੇ ਵਿਚ ਲੰਘਦੇ ਹੋਏ ਘਾਹ ਦੇ ਬੂਟੇ ਨੂੰ ਤੋੜਦੇ ਹਨ। ਕੋਈ ਲੋਕ ਬੂਟੇ ਨੂੰ ਪੈਰਾਂ ਹੇਠ ਲਤਾੜਦੇ ਹਨ। ਤੂੰ ਜੇਕਰ ਇਹੋ ਜਿਹਾ ਸੁਭਾਅ ਬਣਾ ਲਵੇਂ ਤਾਂ ਤੂੰ ਸਾਈਂ ਦੇ ਦਰ ਵਿਚ ਪਰਵਾਨ ਹੋਵੇਗਾ। ਅਰਥਾਤ ਕਵੀ ਜੀਵ ਨੂੰ ਸਾਈਂ ਦੀ ਨਿਗ੍ਹਾ ਦੇ ਨਿਯਮਾਂ ਵਰਗਾ ਸੁਸ਼ੀਲ ਹੋਣ ਵਜੋਂ ਆਪਣੇ ਵਿਚ ਨਿਮਰਤਾ ਧਾਰਨ ਕਰਨ ਦਾ ਸੰਦੇਸ਼ ਦਿੰਦੇ ਹਨ।

**ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ ॥**
**ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ ॥17॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਧਰਤੀ ਦੀ ਮਿੱਟੀ ਨੂੰ ਬੁਰਾ ਨਹੀਂ ਆਖਣਾ ਚਾਹੀਦਾ। ਇਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ। ਜਦੋਂ ਮਨੁੱਖ ਜਿਉਂਦਾ ਹੁੰਦਾ ਹੈ ਤਾਂ ਮਿੱਟੀ ਉਸ ਦੇ ਪੈਰਾਂ ਥੱਲੇ ਹੁੰਦੀ ਹੈ। ਉਹ ਮਿੱਟੀ 'ਤੇ ਤੁਰਿਆ ਫਿਰਦਾ ਹੈ। ਜਦੋਂ ਮਨੁੱਖ ਮਰ ਜਾਂਦਾ ਹੈ ਤੇ ਕਬਰ ਵਿਚ ਚਲਾ ਜਾਂਦਾ ਹੈ ਤਾਂ ਮਿੱਟੀ ਉਸ ਦੇ ਉੱਪਰ ਹੁੰਦੀ ਹੈ। ਇਹ ਮਿੱਟੀ ਦਾ ਸਾਊ ਸੁਭਾਅ ਹੈ। ਸਾਊ ਸੁਭਾਅ ਵਾਲਾ ਮਨੁੱਖ ਹੋਰਨਾਂ ਦੀ ਵਧੀਕੀ ਸਹਿੰਦਾ ਹੈ। ਉਹ ਮਨ ਨੂੰ ਕਾਬੂ ਵਿਚ ਰੱਖ ਕੇ ਆਤਮਕ ਅਵਸਥਾ ਵਿਚ ਉੱਚਾ ਹੁੰਦਾ ਹੈ। ਅਰਥਾਤ ਕਵੀ ਜੀਵ ਨੂੰ ਧਰਤੀ ਜਿਹੀ ਨਿਮਰਤਾ ਧਾਰਨ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ ॥**
**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ ॥18**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਰੱਬ ਦੀ ਬੰਦਗੀ ਕਰਦੇ ਹੋਏ ਤੂੰ ਰੱਬ ਕੋਲੋਂ ਕੋਈ ਦੁਨੀਆਂ ਦਾ ਪਦਾਰਥ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਤੇਰਾ ਰੱਬ ਨਾਲ ਅਸਲ ਪਿਆਰ ਨਹੀਂ ਹੈ ਅਤੇ ਤੇਰੀ ਬੰਦਗੀ ਝੂਠੀ ਹੈ। ਜਦ ਤੱਕ ਤੇਰਾ ਦੁਨਿਆਵੀ ਲਾਲਚ ਪ੍ਰਮੁੱਖ ਹੈ ਤਦ ਤੱਕ ਤੇਰਾ ਰੱਬ ਨਾਲ ਕੀਤਾ ਪਿਆਰ ਝੂਠਾ ਹੈ। ਉਸ ਦੀ ਤਾਂ ਉਹ ਹਾਲਤ ਹੈ ਕਿ ਟੁੱਟੇ ਛੱਪਰ ਹੇਠ ਖੜ ਕੇ ਕਦੋਂ ਤੱਕ ਮਨੁੱਖ ਮੀਂਹ ਤੋਂ ਬਚਣ ਲਈ ਸਹਾਰਾ ਤੱਕਦਾ ਰਹੇਗਾ। ਟੁੱਟੇ ਹੋਏ ਛੱਪਰ ਦੀ ਮੀਂਹ ਤੋਂ ਬਚਾਉਣ ਦੀ ਅਸਮਰੱਥਾ ਨੂੰ ਪੂਰ ਜਾਣਦੇ ਹੀ ਮਨੁੱਖ ਉਸ ਤੋਂ ਅਲੱਗ ਹੋ ਜਾਵੇਗਾ। ਇਸ ਲਈ ਦੁਨੀਆਂ ਵਿਚਲੀ ਲੋੜ ਦੀ ਪੂਰਤੀ ਲਈ ਰੱਬ ਨਾਲ ਕੀਤਾ ਪਿਆਰ ਲੋੜ ਦੀ ਪੂਰਤੀ ਹੋਣ ਜਾਂ ਨਾ ਹੋਣ ਦੀ ਸਥਿਤੀ ਵਿਚ ਟੁੱਟ ਜਾਵੇਗਾ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਨਾਲ ਦੁਨੀਆਂ ਦੀਆਂ ਵਸਤਾਂ ਪ੍ਰਾਪਤ ਕਰਨ ਲਈ ਪਿਆਰ ਕਰਨ ਨੂੰ ਗਲਤੀ ਕਰਨ ਵਾਲਾ ਸੰਦੇਸ਼ ਦਿੰਦਾ ਹੈ।

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥19॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ!ਤੇਰੇ ਲਈ ਜੇ ਹਰੇਕ ਜੰਗਲ ਨੂੰ ਗਾਹੁਣ ਦਾ ਕੀ ਫਾਇਦਾ ਹੈ। ਤੂੰ ਰੱਬ ਦੀ ਭਾਲ ਵਿਚ ਜੰਗਲਾਂ ਵਿਚ ਕੰਡੇ ਲਿਤਾੜਦਾ ਫਿਰਦਾ ਹੈਂ। ਤੂੰ ਇਹ ਜਾਨਣਾ ਚਾਹੁੰਦਾ ਹੈ ਕਿ ਰੱਬ ਤਾਂ ਤੇਰੇ ਹਿਰਦੇ ਵਿਚ ਹੀ ਵਸਦਾ ਹੈ। ਰੱਬ ਨੂੰ ਤੇਰਾ ਜੰਗਲਾਂ ਵਿਚ ਲੱਭਣਾ ਗਲਤ ਹੈ। ਅਰਥਾਤ ਕਵੀ ਜੀਵ ਨੂੰ ਰੱਬ ਦੇ ਚੌਗਿਰਦੇ ਵਿਚੋਂ ਅਣਜਾਣੀ ਸਥਿਤੀ ਵਿਚ ਭਾਲਦੇ ਫਿਰਨ ਨਾਲੋਂ ਸਾਈਂ ਦੇ ਦੱਸੇ ਅਨੁਸਾਰ ਆਪਣੇ ਹਿਰਦੇ ਵਿਚੋਂ ਹੀ ਰੱਬ ਦੀ ਭਾਲ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥**
**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥20॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਦੋਂ ਤੇਰੀ ਜਵਾਨੀ ਦੀ ਅਵਸਥਾ ਸੀ ਤੂੰ ਨਿੱਕੀਆਂ-ਨਿੱਕੀਆਂ ਲੱਤਾਂ ਨਾਲ ਮੈਦਾਨੀ ਅਤੇ ਪਹਾੜੀ ਇਲਾਕਿਆਂ ਨੂੰ ਗਾਹ ਲੈਂਦਾ ਸੀ। ਇਸ ਦੇ ਮੁਕਾਬਲੇ ਹੁਣ ਜੀਵ ਬਿਰਧ ਹੋ ਚੁੱਕਾ ਹੈ। ਇਸ ਤਰ੍ਹਾਂ ਅੱਜ ਉਸ ਦੇ ਕੋਲ ਪਿਆ ਕੁੱਜਾ ਵੀ ਇਸ ਤਰ੍ਹਾਂ ਜਾਪਦਾ ਹੈ ਜਿਵੇਂ ਸੌ ਕੋਹਾਂ (ਕਈ ਕਿਲੋਮੀਟਰ) ਉੱਪਰ ਪਿਆ ਹੋਵੇ। ਭਾਵ ਉਹ ਨੇੜੇ ਪਈ ਲੋੜੀਂਦੀ ਵਸਤ ਨੂੰ ਚੁੱਕ ਕੇ ਵਰਤਣ ਤੋਂ ਅਸਮਰੱਥ ਹੈ। ਅਰਥਾਤ ਕਵੀ ਜੀਵ ਨੂੰ ਬੁਢਾਪੇ ਵਿਚ ਨਿਕਾਰਾ ਹੋ ਜਾਣ ਵਾਲੇ ਸਰੀਰ ਵਜੋਂ ਬੰਦਗੀ ਨਾ ਕਰ ਸਕਣ ਦੀ ਹਾਲਤ ਬਣਨ ਤੋਂ ਪਹਿਲਾਂ ਹੀ ਜਵਾਨੀ ਵੇਲੇ ਰੱਬ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ ॥**
**ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ ॥21॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਸਿਆਲ ਦੀ ਰੁੱਤ ਵਿਚ ਰਾਤਾਂ ਲੰਮੀਆਂ ਹੋਣ ਕਾਰਨ ਸੌ-ਸੌ ਕੇ ਪਾਸੇ ਦੁਖਣ ਲੱਗ ਪੈਂਦੇ ਹਨ। ਇਸ ਤਰ੍ਹਾਂ ਜੀਵ ਪਰਾਈ ਆਸ ਤੱਕਦਿਆਂ ਸਮਾਂ ਲੰਘਦਾ ਨਹੀਂ ਤੇ ਉਹ ਪਰਾਏ ਦਰ 'ਤੇ ਬੈਠਾ ਅੱਕ ਜਾਂਦਾ ਹੈ। ਜਿਹੜੇ ਲੋਕ ਇਹੋ-ਜਿਹੀ ਆਸ ਰੱਖ ਕੇ ਜੀਵਦੇ ਹਨ, ਉਨ੍ਹਾਂ ਦਾ ਜੀਵਣਾ ਫਿਟਕਾਰ ਪਾਉਣ ਵਰਗਾ ਹੁੰਦਾ ਹੈ। ਅਰਥਾਤ ਕਵੀ ਜੀਵ ਨੂੰ ਬਿਗਾਨੀ ਆਸ ਛੱਡ ਕੇ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ ॥**
**ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ ॥22॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਮੈਂ ਆਪਣੇ ਮਿੱਤਰ ਤੋਂ ਕਿਸੇ ਤਰ੍ਹਾਂ ਦਾ ਕੋਈ ਲੁਕਾ ਰੱਖਦਾ ਹਾਂ ਤਾਂ ਮੇਰਾ ਸਰੀਰ ਬਲਦੇ ਕੋਲਿਆਂ ਉੱਪਰ ਮਜੀਠ

ਦੇ ਸੜਨ ਵਾਂਗ ਸੜਦਾ ਹੈ। ਭਾਵ ਜੇਕਰ ਕੋਈ ਘਰ ਮਹਿਮਾਨ/ਮਿੱਤਰ ਆਵੇ ਤਾਂ ਉਹ ਮਨ ਖਿਸਕਾਵੇ। ਇਸ ਤਰ੍ਹਾਂ ਉਸ ਨੂੰ ਕੋਲੇ ਉਪਰ ਮਜੀਠ ਸੜਨ ਵਾਲਾ ਦੁੱਖ ਪਹੁੰਚਦਾ ਹੈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਜੇਕਰ ਉਹ ਆਪਣੇ ਪਰਮਾਤਮਾ ਰੂਪੀ ਮਿੱਤਰ ਨਾਲ ਲੁਕੋ ਰੱਖੇਗਾ ਤਾਂ ਉਸ ਦੇ ਮਨ ਵਿਚ ਹੀ ਪਛਤਾਵੇ ਰੂਪ ਸਾੜਾ ਪਵੇਗਾ।

**ਫਰੀਦਾ ਲੋੜੈ ਦਾਖ ਬਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ ॥23॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਪਰਮਾਤਮਾ ਦੀ ਬੰਦਗੀ ਤੋਂ ਬਿਨਾਂ ਮਨੁੱਖ ਮੂਰਖ ਹੁੰਦਾ ਹੈ। ਉਹ ਉਸ ਜੱਟ ਵਰਗਾ ਹੁੰਦਾ ਹੈ, ਜਿਹੜਾ ਕਿੱਕਰ ਤਾਂ ਬੀਜਦਾ ਹੈ, ਪਰ ਉਨ੍ਹਾਂ ਕਿੱਕਰਾਂ ਤੋਂ ਬਿਜੌਰ ਦੇ ਇਲਾਕੇ ਦੀ ਉੱਤਮ ਦਰਜੇ (ਕਵਾਲਟੀ) ਦੀ ਦਾਖ ਪਾਲਦਾ ਹੈ। ਇਸੇ ਤਰ੍ਹਾਂ ਉਹ ਸਾਰੀ ਉਮਰ ਉੱਨ ਕਤਾਉਂਦਾ ਫਿਰਦਾ ਹੈ ਅਤੇ ਉਹ ਰੇਸ਼ਮ ਪਹਿਨਣਾ ਚਾਹੁੰਦਾ ਹੈ। ਭਾਵ ਮਨੁੱਖ ਜੋ ਬੀਜਦਾ ਹੈ, ਉਹੀ ਉਹ ਪ੍ਰਾਪਤ ਕਰ ਸਕੇਗਾ। ਜੇਕਰ ਜੀਵ ਬੰਦਗੀ ਨਹੀਂ ਕਰੇਗਾ ਅਤੇ ਭਾਲੇਗਾ ਕਿ ਪਰਮਾਤਮਾ ਵੱਲੋਂ ਸੁਖ ਪ੍ਰਾਪਤ ਕਰੇਗਾ ਤਾਂ ਉਹ ਗਲਤ ਹੋਵੇਗਾ। ਅਰਥਾਤ ਕਵੀ ਜੀਵ ਨੂੰ ਨੇਕ ਅਮਲ ਕਰਕੇ ਨੇਕ ਫਲ ਪ੍ਰਾਪਤ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ॥**
**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥24॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੀਂਹ ਪੈਣ ਕਾਰਨ ਗਲੀ ਵਿਚ ਚਿੱਕੜ ਹੈ। ਉਹ ਆਪਣੇ ਪਿਆਰੇ ਕੋਲ ਜਾਣਾ ਚਾਹੁੰਦਾ ਹੈ। ਪਿਆਰੇ ਦਾ ਘਰ ਦੂਰ ਹੈ। ਉਸ ਦਾ ਪਿਆਰੇ ਨਾਲ ਪਿਆਰ ਵੀ ਬਹੁਤ ਹੈ। ਉਹ ਜੇਕਰ ਪਿਆਰੇ ਨੂੰ ਮਿਲਣ ਉਸ ਦੇ ਘਰ ਜਾਂਦਾ ਹੈ ਤਾਂ ਉਸ ਦੀ ਕੰਬਲੀ ਭਿੱਜਦੀ ਹੈ। ਉਸ ਨੂੰ ਕੰਬਲੀ ਦੀ ਚਿੰਤਾ ਹੈ। ਇਸ ਦੇ ਉਲਟ ਜੇਕਰ ਨਹੀਂ ਜਾਂਦਾ ਤਾਂ ਉਸ ਦਾ ਪਿਆਰੇ ਨਾਲ ਪਿਆਰ ਟੁੱਟਦਾ ਹੈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਪਰਮਾਤਮਾ ਦੀ ਬੰਦਗੀ ਕਰਨ ਵਿਚ ਅਨੇਕਾਂ ਪ੍ਰਕਾਰ ਦੀਆਂ ਆਫਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥**
**ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥25॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੀਵ ਆਖਦਾ ਹੈ ਕਿ ਮੀਂਹ ਪੈ ਰਿਹਾ ਹੈ। ਮੀਂਹ ਵਿਚ ਪਿਆਰੇ ਦੇ ਘਰ ਜਾਣ ਲਈ ਭਾਵੇਂ ਉਸ ਦੀ ਕੰਬਲੀ ਭਿੱਜ ਜਾਵੇ ਤੇ ਚਾਹੇ ਸਿੱਜ ਜਾਵੇ, ਪਰ ਉਹ ਪਿਆਰੇ ਨੂੰ ਜਾ ਕੇ ਜ਼ਰੂਰ ਮਿਲੇਗਾ, ਕਿਉਂਕਿ ਮੀਂਹ ਵੀ ਤਾਂ ਉਸ ਦਾ ਪਿਆਰਾ ਰੱਬ ਹੀ ਵਰਸਾ ਰਿਹਾ ਹੈ। ਇਹ ਉਸ ਦਾ ਦੁਨਿਆਵੀ ਪਦਾਰਥਾਂ ਦੇ ਹੁੰਦਿਆਂ ਉਸ ਨਾਲ ਪਿਆਰ ਬਣੇ ਰਹਿਣ ਦੀ ਵਿਰਤੀ ਦਾ ਇਮਤਿਹਾਨ ਹੈ। ਉਹ ਨਿਸਚਾ ਕਰਦਾ ਆਖਦਾ ਹੈ ਕਿ ਉਹ ਜ਼ਰੂਰ ਜਾ ਕੇ ਮਿਲੇਗਾ। ਇਸ ਨਾਲ ਉਸ ਦਾ ਪਿਆਰ ਟੁੱਟ ਨਹੀਂ ਸਕਦਾ।

ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਭਾਵੇਂ ਰੱਬੀ ਬੰਦਗੀ ਵਿਚ ਅਨੇਕਾਂ ਔਕੜਾਂ ਆਉਂਦੀਆਂ ਹਨ, ਪਰ ਜੀਵ ਆਪਣੇ ਪਿਆਰੇ ਨਾਲ ਪਿਆਰ ਬਣਿਆ ਰੱਖਣ ਲਈ ਔਕੜਾਂ ਦੀ ਪਰਵਾਹ ਨਾ ਕਰਦਾ ਹੋਇਆ ਪਿਆਰੇ ਨੂੰ ਮਿਲਣ ਦੀ ਇੱਛਾ ਦੀ ਪੂਰਤੀ ਕਰਦਾ ਹੈ।

**ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ ॥**
**ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ ॥26॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੈਂ ਇਸ ਗੱਲ ਵਿਚ ਭੁੱਲਿਆ ਰਹਿੰਦਾ ਹਾਂ ਕਿ ਮੇਰੇ ਸਿਰ ਉਪਰ ਬੰਨੀ ਹੋਈ ਪੱਗ ਕਿਤੇ ਮੈਲੀ ਨਾ ਹੋ ਜਾਵੇ। ਮੇਰੀ ਜਿੰਦ ਇਸ ਪ੍ਰਸੰਗ ਵਿਚ ਭੁਲੇਖੇ ਵਿਚ ਹੈ। ਮੇਰੀ ਜਿੰਦ ਇਹ ਨਹੀਂ ਜਾਣਦੀ ਕਿ ਪੱਗ ਦੇ ਮੈਲਾ ਹੋਣ ਦਾ ਤਾਂ ਕੁੱਝ ਵੀ ਨਹੀਂ, ਕਿਉਂਕਿ ਜਿਸ ਮਿੱਟੀ ਨਾਲ ਉਹ ਮੈਲੀ ਹੋਈ ਜਾਣਦਾ ਹੈ, ਉਸੇ ਮਿੱਟੀ ਨੇ ਇਕ ਦਿਨ ਕਬਰ ਵਿਚ ਸਿਰ ਨੂੰ ਵੀ ਖਾ ਲੈਣਾ ਹੈ। ਭਾਵ ਸਰੀਰ ਨੂੰ ਸ਼ਿੰਗਾਰਨ ਜਾਂ ਸਹਾਰਾ ਦੇਣ ਵਾਲੀਆਂ ਵਸਤਾਂ ਦੀ ਸਫਾਈ ਰੱਖਦੇ ਮਨੁੱਖ ਨੂੰ ਇਹ ਜਾਨਣਾ ਚਾਹੀਦਾ ਹੈ ਕਿ ਸਰੀਰ ਨੇ ਵੀ ਮਿੱਟੀ ਵਿਚ ਖਤਮ ਹੋ ਜਾਣਾ ਹੈ। ਅਰਥਾਤ ਕਵੀ ਜੀਵ ਨੂੰ ਸੰਸਾਰਕ ਵਸਤਾਂ ਵਿਚ ਸੁਚਤਾ ਭਾਲਣ ਦੇ ਭਰਮ ਪਾਲਣ ਦੀ ਬਜਾਏ ਸਰੀਰ ਦੀ ਹੋਂਦ ਦੀ ਮਿੱਟੀ ਵਿਚ ਮਿਲਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥**
**ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥27॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਸੰਸਾਰ ਵਿਚ ਮਿਲਦੀਆਂ ਸ਼ੱਕਰ, ਖੰਡ, ਮਿਸਰੀ, ਸ਼ਹਿਦ ਅਤੇ ਮਾਝਾ ਦੁੱਧ ਵਸਤਾਂ ਮਿੱਠੀਆਂ ਹਨ। ਇਸ ਦੇ ਸਮਾਨਾਂਤਰ ਰੱਬ ਦੇ ਨਾਮ-ਸਿਮਰਨ ਵਿਚ ਜਿੰਨੀ ਮਿਠਾਸ ਹੈ, ਉੱਥੇ ਤੱਕ ਇਨ੍ਹਾਂ ਵਸਤਾਂ ਦੀ ਮਿਠਾਸ ਅੱਪੜ ਨਹੀਂ ਸਕੀ। ਅਰਥਾਤ ਕਵੀ ਜੀਵ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਸੰਸਾਰਕ ਵਸਤਾਂ ਦੀ ਮਿਠਾਸ ਨਾਲੋਂ ਰੱਬੀ ਬੰਦਗੀ ਦੀ ਮਿਠਾਸ ਦਾ ਅਹਿਸਾਸ ਕਿਤੇ ਜ਼ਿਆਦਾ ਹੁੰਦਾ ਹੈ।

**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥**
**ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥28॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਆਪਣੇ ਹੱਥੀ ਕਮਾਈ ਹੋਈ ਮੇਰੀ ਰੋਟੀ ਰੁੱਖੀ ਮਿੱਸੀ ਹੈ। ਇਹ ਰੋਟੀ ਸਾਦੀ ਸਲੂਣੀ ਹੈ। ਇਹ ਰੋਟੀ ਹੀ ਉਸ ਦੀ ਭੁੱਖ ਮਿਟਾਏਗੀ। ਜਿਹੜੇ ਲੋਕ ਚੰਗੀ ਚੋਖੀ ਸੁਆਦੀ ਰੋਟੀ ਖਾਂਦੇ ਹਨ, ਉਹ ਦੁੱਖ ਸਹਿੰਦੇ ਹਨ। ਭਾਵ ਆਪਣੀ ਕਮਾਈ ਦੀ ਸਾਦੀ ਰੋਟੀ ਹੀ ਜੀਵ ਲਈ ਚੰਗੀ ਹੈ ਅਤੇ ਸੁਆਦਲੇ ਚਸਕੇ ਜੀਵ ਨੂੰ ਵਿਕਾਰਾਂ ਵਿਚ ਫਸਣ ਲਈ ਮਜ਼ਬੂਰ ਕਰ ਦਿੰਦੇ ਹਨ। ਅਰਥਾਤ ਕਵੀ ਜੀਵ ਨੂੰ ਜੀਭ ਦੇ ਸੁਆਦ

ਲੈਣ ਦੀ ਥਾਂ ਆਪਣੇ ਕੋਲ ਪ੍ਰਾਪਤ ਰੁੱਖੇ-ਮਿੱਸੇ ਸਲੂਣੇ ਭੋਜਨ ਨੂੰ ਖਾ ਕੇ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ

**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ ॥29॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਉਸ ਕੋਲ ਆਪਣੀ ਕਮਾਈ ਦੀ ਜਿਹੜੀ ਰੁੱਖੀ-ਸੁੱਕੀ ਰੋਟੀ ਹੈ, ਉਸ ਨੂੰ ਖਾ ਕੇ ਠੰਢਾ ਪਾਣੀ ਪੀ ਕੇ ਸਬਰ ਕਰ। ਜੀਵ ਤੂੰ ਜੇਕਰ ਬਿਗਾਨੇ ਲੋਕਾਂ ਦੀ ਸੁਆਦਲੀ ਰੋਟੀ ਦੇਖ ਕੇ ਆਪਣਾ ਮਨ ਤਰਸਾਉਂਦਾ ਹੈ ਤਾਂ ਤੇਰੇ ਮਨ ਅੰਦਰ ਵਿਕਾਰ ਪੈਦਾ ਹੋਣਗੇ। ਅਰਥਾਤ ਜੀਵ ਨੂੰ ਬਿਗਾਨੇ ਲੋਕਾਂ ਦੀ ਸੁਆਦਲੀ ਰੋਟੀ ਦੀ ਥਾਂ ਆਪਣੇ ਕੋਲ ਪ੍ਰਾਪਤ ਰੁੱਖੀ-ਸੁੱਕੀ ਖਾ ਕੇ ਸਬਰ ਕਰਨ ਦਾ ਸੰਦੇਸ਼ ਦਿੰਦਾ ਹੈ।

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ ॥30॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੀਵ ਇਸਤਰੀ ਆਖਦੀ ਹੈ ਕਿ ਉਹ ਅੱਜ ਆਪਣੇ ਪਿਆਰੇ ਪਤੀ ਨਾਲ ਨਹੀਂ ਸੁੱਤੀ। ਭਾਵ ਪਤੀ-ਪਰਮਾਤਮਾ ਦੀ ਬੰਦਗੀ ਨਹੀਂ ਕੀਤੀ। ਇਸ ਕਾਰਨ ਉਸ ਨੂੰ ਜਾਪਦਾ ਹੈ ਕਿ ਉਸ ਦੇ ਸਰੀਰ ਦਾ ਅੰਗ-ਅੰਗ ਦੁਖਦਾ ਜਾਪਦਾ ਹੈ। ਜੀਵ ਇਸਤਰੀ ਆਪਣੀ ਤੁਲਨਾ ਵਿਧਵਾ ਔਰਤ ਨਾਲ ਕਰਦੀ ਕਹਿੰਦੀ ਹੈ ਕਿ ਵਿਧਵਾ ਨੂੰ ਪੁੱਛਿਆ ਜਾਵੇ ਕਿ ਉਸ ਦੇ ਪਤੀ ਦੀ ਤਾਂ ਮੌਤ ਹੋ ਚੁੱਕੀ ਹੈ ਉਹ ਆਪਣੇ ਪਤੀ ਦੇ ਵਿਯੋਗ ਵਿਚ ਕਿਸ ਪ੍ਰਕਾਰ ਦੀ ਰਾਤ ਬਤੀਤ ਕਰਦੀ ਹੈ। ਅਰਥਾਤ ਕਵੀ ਜੀਵ ਨੂੰ ਨਿਰੰਤਰ ਪਰਮਾਤਮਾ ਦੀ ਬੰਦਗੀ ਵਿਚ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ।

## 1.4 Summary (ਨਿਸ਼ਕਰਸ਼)

ਇਨ੍ਹਾਂ ਸਲੋਕਾਂ ਵਿਚ ਬਾਬਾ ਫ਼ਰੀਦ ਮਨੁੱਖ ਨੂੰ ਪਰਮਾਤਮਾ ਦੀ ਬੰਦਗੀ ਕਰਨ ਦਾ ਸੁਨੇਹਾ ਦਿੰਦੇ ਹਨ। ਪਰਮਾਤਮਾ ਦੀ ਬੰਦਗੀ ਜਾਂ ਭਗਤੀ ਕਰਕੇ ਹੀ ਮਨੁੱਖ ਆਪਣੇ ਜੀਵਨ ਨੂੰ ਵਿਕਾਰਾਂ ਤੋਂ ਬਚਾ ਸਕਦਾ ਹੈ। ਸਲੋਕਾਂ ਵਿਚ ਇਹ ਗੱਲ ਕਿਸੇ ਨਾ ਕਿਸੇ ਰੂਪ ਵਿਚ ਇਹ ਸੁਰ ਬਲਵਾਨ ਹੈ ਕਿ ਮਨੁੱਖ ਨੂੰ ਕਿਸੇ ਦਾ ਹੱਕ ਨਹੀਂ ਮਾਰਨਾ ਚਾਹੀਦਾ, ਸਗੋਂ ਆਪਣੀ ਮਿਹਨਤ ਨਾਲ ਕਮਾਈ ਰੋਟੀ ਹੀ ਖਾਣੀ ਚਾਹੀਦੀ ਹੈ। ਇਸ ਦਾ ਭਾਵ ਇਹ ਹੈ ਕਿ ਕਿਸੇ ਨਾਲ ਬੁਰਾ ਨਹੀਂ ਕਰਨਾ ਚਾਹੀਦਾ। ਸਰਬੱਤ ਦੇ ਭਲੇ ਲਈ ਅਰਦਾਸ ਕਰਨੀ ਚਾਹੀਦੀ ਹੈ। ਪਰਮਾਤਮਾ ਮਨੁੱਖ ਦੇ ਅੰਦਰ ਹੈ, ਉਸ ਦੀ ਭਾਲ ਵਿਚ ਕਿਧਰੇ ਵੀ ਭਟਕਣ ਦੀ ਲੋੜ ਨਹੀਂ। ਸੱਚੇ ਅਤੇ ਸੁੱਚੇ ਕਰਮ ਕਰਕੇ ਹੀ ਮਨੁੱਖ ਪਰਮਾਤਮਾ ਨੂੰ ਪ੍ਰਾਪਤ ਕਰ ਸਕਦਾ ਹੈ।

## 1.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਧਨ-ਇਸਤਰੀ, ਮਲਕੁ-ਮੌਤ ਦਾ ਫਰਿਸ਼ਤਾ ਮਲਕੁਲ, ਗਾਖੜੀ-ਔਖੀ, ਭਾਹਿ-ਅੱਗ, ਸਹੁ-

ਪਤੀ, ਨੰਢੜਾ-ਨਿੱਕਾ ਜਿਹਾ ਬਾਲ, ਅਕਲਿ ਲਤੀਫੁ-ਬਰੀਕ ਸਮਝ ਵਾਲਾ, ਗਿਰੀਵਾਨ-ਬੁੱਕਲ, ਖਟਣ ਵੇਲ-ਖੱਟੀ ਦਾ ਵੇਲਾ, ਮਰਗ-ਮੌਤ, ਥੀਆ-ਹੋ ਗਿਆ, ਭੂਰ-ਚਿੱਟੀ, ਵੇਦਣ-ਦੁੱਖ, ਪਤੀਣੀਆਂ-ਪਤਲੀਆਂ ਪੈ ਗਈਆਂ, ਰੀਣੇ-ਬੋਲੇ, ਪਿਰਹੜੀ-ਪਿਆਰ, ਲੋਇਣ-ਅੱਖਾਂ, ਸੁਇ-ਬੱਚੇ, ਸ਼ੈਤਾਨਿ-ਬਦੀ ਦਾ ਪ੍ਰਤੀਕ ਸ਼ੈਤਾਨ, ਵੰਞਾਇਆ-ਵਿਗਾੜਿਆ, ਥੀਉ-ਬਣ ਜਾ, ਪਵਾਹੀ-ਰਸਤੇ ਦੀ, ਛਿਜਹਿ-ਲੋਕ ਤੋੜਦੇ ਕਿੰਨਾ ਚਿਰ, ਛਪਰਿ ਤੁਟੈ-ਟੁੱਟੇ ਹੋਏ ਛੱਪਰ ਉਤੇ, ਹਿਮਾਲੀਐ-ਹਿਰਦੇ ਵਿਚ, ਢੂਢੇਹਿ-ਲੱਭਣ ਦਾ ਕੀ ਫਾਇਦਾ, ਜੰਘੀਐ-ਲੱਤਾਂ, ਡੂਗਰ-ਪਰਬਤ, ਥੀਓਮ-ਨੂੰ ਹੋ ਗਿਆ, ਕੂਜੜਾ-ਨਿੱਕਾ ਲੋਟਾ, ਵਿਡਾਣੀ-ਬਿਗਾਨੀ, ਧ੍ਰਿਗ-ਫਿਟਕਾਰਯੋਗ, ਵਾਰਿਆ ਹੋਦਾ-ਲੁਕਾਇਆ ਹੁੰਦਾ, ਹੇੜਾ-ਸਰੀਰ ਦਾ ਮਾਸ, ਬਿਜਉਰੀਆ-ਬਿਜੌਰ ਦੇ ਇਲਾਕੇ ਦੀ (ਇਹ ਇਲਾਕਾ ਪਠਾਣੀ ਦੇਸ ਮਾਲਾਕੰਦ ਸਵਾਤ ਤੋਂ ਅੱਗੇ ਹੈ), ਹੰਢੈ-ਫਿਰਦਾ ਹੈ, ਤੁਟੈ-ਟੁੱਟਦਾ ਹੈ, ਗਹਿਲਾ-ਬੇਪਰਵਾਹ, ਨਿਵਾਤ-ਮਿਸ਼ਰੀ, ਮਾਖਿਉ-ਸ਼ਹਿਦ, ਕਾਠ ਕੀ ਰੋਟੀ-ਕਾਠ ਵਾਂਗ ਸੁੱਕੀ ਹੋਈ ਰੋਟੀ, ਲਾਵਣੁ-ਨਮਕੀਨ, ਚੋਪੜੀ-ਚੰਗੀ ਸੁਆਦਲੀ ਰੋਟੀ, ਕੰਤ-ਪਤੀ, ਡੋਹਾਗਣੀ-ਛੁੱਟੜ, ਵਿਧਵਾ।

## 1.6 Self-Assesment Questions (SAQ)

1. ਬਾਬਾ ਫ਼ਰੀਦ ਜੀਦੇ ਸਲੋਕਾਂ ਵਿਚ ਵਰਤੇ ਗਏ ਸ਼ਬਦ 'ਅਕਲਿ ਲਤੀਫੁ' ਦਾ ਕੀ ਅਰਥ ਹੈ ?
2. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਕਿਹੜੇ ਮੌਤ ਦੇ ਫ਼ਰਿਸ਼ਤੇ ਦਾ ਜ਼ਿਕਰ ਆਉਂਦਾ ਹੈ।
3. ਬਾਬਾ ਫ਼ਰੀਦ ਜੀ ਨੇ ਕਿੰਨੇ ਸਲੋਕਾਂ ਦੀ ਰਚਨਾ ਕੀਤੀ।
4. ਬਾਬਾ ਫ਼ਰੀਦ ਜੀ ਦੀ ਬਾਣੀ ਕਿਸ ਮਹਾਨ ਗ੍ਰੰਥ ਵਿਚ ਦਰਜ਼ ਹੈ।
5. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਕਿਸ ਦੀ ਬੰਦਗੀ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ।

## 1.7 References


1. ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।
2. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।
3. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ, 2005
4. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ,ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 2009

# (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 31-60)

**Structure :**


2.1 Objective (ਉਦੇਸ਼)

2.2 Inroduction (ਜਾਣ-ਪਛਾਣ)

2.3 (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 31-60)

2.4 Summary (ਨਿਸ਼ਕਰਸ਼)

2.5 Glossory/Keywords (ਔਖੇ ਸ਼ਬਦਾਂ ਦੇ ਅਰਥ)

2.6 Self-Assesment Questions (SAQ)

2.7 References


## 2.1 Objective (ਉਦੇਸ਼)

ਇਨ੍ਹਾਂ ਸਲੋਕਾਂ ਵਿੱਚ ਵੀ ਪਹਿਲੇ ਪਾਠ ਦੀ ਵਿਆਖਿਆ (Lesson-1) ਵਾਂਗ ਆਤਮਾ ਅਤੇ ਪ੍ਰਮਾਤਮਾ ਦੇ ਰਹੱਸਮਈ ਸੰਬੰਧਾਂ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਨ੍ਹਾਂ ਪਾਠਾਂ ਦੀ ਵਿਆਖਿਆ ਵਿੱਚ ਇਹ ਦਰਸਾਇਆ ਗਿਆ ਹੈ ਕਿ ਮਨੁੱਖ ਨੇ ਕਿਵੇਂ ਪਤੀ-ਪਰਮੇਸ਼ਰ ਨਾਲ ਜੁੜ ਕੇ ਆਪਣੇ ਜੀਵਨ ਨੂੰ ਸੰਵਾਰਨਾ ਹੈ। ਆਪਣੇ ਔਗੁਣਾਂ ਤੋਂ ਕਿਵੇਂ ਛੁਟਕਾਰਾ ਪਾਉਣਾ ਹੈ। ਸੰਸਾਰਕ ਮੋਹ ਮਾਇਆ ਤੋਂ ਕਿਵੇਂ ਬਚਣਾ ਹੈ। ਮੌਤ ਇਕ ਅਟੱਲ ਸੱਚਾਈ ਹੈ ਜਿਊਂਦੇ-ਜੀਵਨ ਵਿਚ ਮਨੁੱਖ ਨੇ ਕਿਹੜੇ ਕਾਰਜ ਕਰਨੇ ਹਨ। ਲੋਕ ਅਤੇ ਪਰਲੋਕ ਵਿੱਚ ਕਿਹੜੇ ਕੰਮਾਂ ਦਾ ਮੁੱਲ ਪੈਂਦਾ ਹੈ ਆਦਿ ਪ੍ਰਸ਼ਨ ਦਾ ਉੱਤਰ ਬਾਬਾ ਫ਼ਰੀਦ ਦੇ ਇਨ੍ਹਾਂ ਸਲੋਕਾਂ ਵਿੱਚ ਮਿਲਦਾ ਹੈ। ਇਨ੍ਹਾਂ ਦੀ ਵਿਆਖਿਆ ਨੂੰ ਪੜ੍ਹ ਕੇ ਵਿਦਿਆਰਥੀ ਬਾਬਾ ਫ਼ਰੀਦ ਦੀ ਬਾਣੀ ਵਿੱਚ ਬਿਰਾਜਮਾਨ ਅਜਿਹੇ ਵਿਚਾਰਾਂ ਨੂੰ ਜਾਣ ਸਕਦਾ ਹੈ।

## 2.2 Inroduction (ਜਾਣ-ਪਛਾਣ)

ਬਾਬਾ ਫ਼ਰੀਦ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੈ। ਇਹ ਬਾਣੀ ਸਲੋਕਾਂ ਅਤੇ ਸ਼ਬਦਾਂ ਦੇ ਰੂਪ ਵਿਚ ਮਿਲਦੀ ਹੈ। ਗੁਰੂ ਸਾਹਿਬਾਨ ਨੇ ਇਸ ਨੂੰ ਗੁਰਮਤਿ ਅਨੁਸਾਰੀ ਮੰਨਦਿਆਂ ਗੁਰੂ ਗ੍ਰੰਥ ਸਾਹਿਬ ਵਿੱਚ ਸਥਾਨ ਦਿੱਤਾ। ਇਸ ਗ੍ਰੰਥ ਦੇ ਸੰਪਾਦਕ ਗੁਰੂ ਅਰਜਨ ਦੇਵ ਜੀ ਹਨ। ਬਾਬਾ ਫ਼ਰੀਦ ਦੀ ਬਾਣੀ ਦੀ ਅਮੀਰਤਾ ਇਸ ਗੱਲ ਵਿੱਚ ਵੀ ਹੈ ਕਿ ਇਹ ਇਕ ਪਰਮਾਤਮਾ ਦੀ ਸਾਜੀ ਦੁਨੀਆਂ ਦੀ ਗੱਲ ਕਰਦੀ ਹੈ। ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੰਦੀ ਹੈ। ਇਸ ਭਾਗ ਵਿੱਚ ਅਜਿਹੇ ਹੀ ਅਨੇਕ ਵਿਚਾਰਾਂ ਨੂੰ ਸਮਝਾਉਣ ਦੇ ਮੰਤਵ ਅਧੀਨ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕੀਤੀ ਗਈ ਹੈ। ਪਾਠ ਦੇ ਅੰਤ ਵਿੱਚ ਨਿਸ਼ਕਰਸ਼ ਅਤੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਅਰਥਾਂ ਨੂੰ ਅਸਾਨੀ ਨਾਲ ਸਮਝ ਸਕਣ।

## 2.3 ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 31 ਤੋਂ 60

**ਪ੍ਰਸੰਗ:** ਇਹ ਸਲੋਕ ਬਾਬਾ ਫ਼ਰੀਦ ਦੀ ਰਚਨਾ ਹੈ। ਇਸ ਸਲੋਕ ਵਿਚ ਕਵੀ ਆਤਮਾ ਤੇ ਪ੍ਰਮਾਤਮਾ ਦੇ ਸਬੰਧਾਂ ਵਾਲੇ ਰਹੱਸਮਈ ਵਿਚਾਰਾਂ ਨੂੰ ਪੇਸ਼ ਕਰਦਾ ਹੈ।

**ਸਾਹੁਰੈ ਢੋਈ ਨਾ ਲਹੈ ਪੇਈਐ ਨਾਹੀ ਥਾਉ ॥**
**ਪਿਰੁ ਵਾਤੜੀ ਨ ਪੁਛਈ ਧਨ ਸੋਹਾਗਣਿ ਨਾਉ ॥31॥**

**ਵਿਆਖਿਆ :** ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੀਵ ਇਸਤਰੀ ਕਹਿੰਦੀ ਹੈ ਕਿ ਜਿਸ ਔਰਤ ਦੀ ਥੋੜੀ ਜਿਹੀ ਗੱਲ ਵੀ ਉਸ ਦਾ ਪਤੀ ਨਹੀਂ ਸੁਣਦਾ ਅਤੇ ਉਹ ਆਪਣੇ ਆਪ ਨੂੰ ਸੁਹਾਗਣ ਕਹੀ ਜਾਵੇ, ਉਹ ਖੁਆਰ ਹੀ ਹੁੰਦੀ ਹੈ। ਉਸ ਨੂੰ ਨਾ ਤਾਂ ਪੇਕੇ ਘਰ ਭਾਵ ਲੋਕ-ਜਗਤ ਵਿਚ ਸਹਾਰਾ ਮਿਲਦਾ ਹੈ ਅਤੇ ਨਾ ਹੀ ਸਹੁਰੇ ਘਰ ਭਾਵ ਪਰਲੋਕ ਵਿਚ ਸਹਾਰਾ ਮਿਲਦਾ ਹੈ। ਇਸ ਤਰ੍ਹਾਂ, ਉਹ ਪਰਮਾਤਮਾ ਦੇ ਸਹਾਰੇ ਬਿਨ੍ਹਾਂ ਲੋਕ ਅਤੇ ਪਰਲੋਕ ਵਿਚ ਖੁਆਰ ਹੁੰਦੀ ਹੈ। ਅਰਥਾਤ ਕਵੀ ਜੀਵ ਨੂੰ ਆਪਣੇ ਪਤੀ-ਪਰਮੇਸ਼ਰ ਨਾਲ ਜੁੜ ਕੇ ਆਪਣੇ ਲੋਕ ਤੇ ਪਰਲੋਕ ਨੂੰ ਸੰਵਾਰਨ ਦਾ ਸੰਦੇਸ਼ ਦਿੰਦਾ ਹੈ।

**ਨਾਤੀ ਧੋਤੀ ਸੰਬਹੀ ਸੁਤੀ ਆਇ ਨਚਿੰਦੁ ॥**
**ਫਰੀਦਾ ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ ॥33॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਿਹੜੀ ਜੀਵ-ਇਸਤਰੀ ਨਹਾ ਧੋ ਕੇ ਪਤੀ-ਪਰਮਾਤਮਾ ਨਾਲ ਮਿਲਣ ਦੀ ਆਸ ਵਿਚ ਤਿਆਰ ਹੋ ਕੇ ਬੈਠੀ ਤਾਂ ਸੀ ਪਰ ਮਿਲੇ ਬਗੈਰ ਹੀ ਬੇ-ਫਿਕਰ ਹੋ ਕੇ ਸੌਂ ਗਈ। ਇਸ ਤਰ੍ਹਾਂ ਉਸ ਦਾ ਮਿਲਾਪ ਨਹੀਂ ਹੋ ਸਕਿਆ। ਹੇ ਜੀਵ! ਇਸ ਸਥਿਤੀ ਵਿਚ ਉਸ ਦੀ ਕਸਤੂਰੀ ਵਾਲੀ ਸੁਗੰਧੀ ਉਡ ਗਈ ਅਤੇ ਉਸ ਕੋਲ ਹੁਣ ਹਿੰਗ ਦੀ ਬੋ ਹੀ ਰਹਿ ਗਈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਜੇਕਰ ਸਰੀਰ ਨੂੰ ਸਾਫ ਕਰਨ ਵਰਗੇ ਸਾਧਨ ਤਾਂ ਕਰ ਲਏ ਜਾਣ ਪਰ ਜੀਵ ਦੇ ਮਨ ਵਿਚ ਪਰਮਾਤਮਾ ਨਾਲ ਮਿਲਣ ਦੀ ਇੱਛਾ ਨਾ ਹੋਵੇ। ਇਸ ਤਰ੍ਹਾਂ ਪਰਮਾਤਮਾ ਦੇ ਨਾ ਮਿਲਣ ਦੀ ਸਥਿਤੀ ਵਿਚ ਕੇਵਲ ਔਗੁਣ

ਹੀ ਉਸ ਦੇ ਪੱਲੇ ਰਹਿ ਰਹਿ ਜਾਂਦੇ ਹਨ।

**ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥**
**ਫਰੀਦਾ ਕਿਤੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ ॥34॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੀਵ ਇਸਤਰੀ ਕਹਿੰਦੀ ਹੈ ਕਿ ਜੇਕਰ ਉਸ ਦੀ ਆਪਣੇ ਪਤੀ ਨਾਲ ਪ੍ਰੀਤ ਬਣੀ ਰਹੇ ਤਾਂ ਉਸ ਨੂੰ ਜਵਾਨੀ ਦੇ ਗੁਜ਼ਰ ਜਾਣ ਦੀ ਕੋਈ ਚਿੰਤਾ ਨਹੀਂ ਹੈ। ਹੇ ਜੀਵ! ਪਰਮਾਤਮਾ-ਪਤੀ ਦੀ ਪ੍ਰੀਤ ਬਿਨਾਂ ਕਿੰਨੀਆਂ ਹੀ ਜਵਾਨੀਆਂ ਉਂਞ ਹੀ ਗੁਜ਼ਰ ਗਈਆਂ ਹਨ। ਭਾਵ ਪਤੀ-ਪਰਮਾਤਮਾ ਨਾਲ ਪ੍ਰੀਤ ਨਹੀਂ ਬਣੀ ਤਾਂ ਜੀਵ-ਇਸਤਰੀ ਦੀ ਜਵਾਨੀ ਵਿਅਰਥ ਹੀ ਗਈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੀ ਪ੍ਰੀਤ ਵਿਚ ਜਵਾਨੀ ਬਤੀਤ ਕਰਕੇ ਆਪਣੇ ਜੀਵਨ ਨੂੰ ਸਫਲ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**
**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥35॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਪਰਮਾਤਮਾ ਨੂੰ ਭੁਲਾ ਕੇ ਤੂੰ ਆਪਣੇ ਜੀਵਨ ਨੂੰ ਚਿੰਤਾ ਰੂਪ ਮੰਜੀ ਬਣਾਇਆ ਹੋਇਆ ਹੈ। ਉਸ ਵਿਚ ਬਾਣ ਰੂਪ ਦੁੱਖ ਹੈ ਅਤੇ ਵਿਛਾਈ ਰੂਪ ਵਿਚ ਤੁਲਾਈ ਤੇ ਲੇਫ ਵਿਛਾਏ ਹੋਏ ਹਨ। ਹੇ ਮੇਰੇ ਸੱਚੇ ਮਾਲਕ ਤੂੰ ਇਹ ਦੇਖ ਕਿ ਤੇਰੇ ਤੋਂ ਵਿੱਛੜ ਕੇ ਉਸ ਦਾ ਜੀਵਨ ਕਿਸ ਪ੍ਰਕਾਰ ਦਾ ਬੁਰਾ ਹਾਲ ਹਾਲ ਹੋਇਆ ਪਿਆ ਹੈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੀ ਰਜ਼ਾ ਵਿਚ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ।

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥**
**ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥36॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਇਸ ਸੰਸਾਰ ਵਿਚ ਹਰ ਜੀਵ ਇਹ ਆਖਦਾ ਫਿਰਦਾ ਹੈ ਕਿ ਵਿਛੋੜਾ ਬੁਰਾ ਹੁੰਦਾ ਹੈ। ਜੇਕਰ ਵਿਛੋੜਾ ਪਰਮਾਤਮਾ ਹੈ ਤਾਂ ਉਹ ਉਸ ਨੂੰ ਸਲਾਮ ਕਰਦਾ ਹੈ। ਹੇ ਜੀਵ! ਜਿਸ ਜੀਵ ਦੇ ਸਰੀਰ ਵਿਚ ਇਹ ਅਹਿਸਾਸ ਨਹੀਂ ਹੋਇਆ ਕਿ ਉਹ ਪਰਮਾਤਮਾ ਤੋਂ ਵਿਛੜਿਆ ਹੈ। ਉਸ ਸਰੀਰ ਨੂੰ ਵਿਕਾਰਾਂ ਵਿਚ ਸੜਣ ਵਾਲੀ ਰੂਹ ਵਜੋਂ ਮਸਾਣ ਸਮਝਣਾ ਚਾਹੀਦਾ ਹੈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਨਾਲ ਜੁੜ ਕੇ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਏ ਵਿਸੁ ਗੰਦਲਾ ਧਰੀਆਂ ਖੰਡੁ ਲਿਵਾੜਿ ॥**
**ਇਕਿ ਰਾਹੇਦੇ ਰਹਿ ਗਏ ਇਕਿ ਰਾਧੀ ਗਏ ਉਜਾੜਿ ॥37॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਇਸ ਦੁਨੀਆਂ ਦੇ ਪਦਾਰਥ ਜ਼ਹਿਰ ਭਰੀਆਂ ਗੰਦਲਾਂ ਹਨ, ਜਿਨ੍ਹਾਂ ਉੱਪਰ ਖੰਡ ਦਾ ਗਲੇਫ ਚਾੜ੍ਹਿਆ ਹੋਇਆ ਹੈ। ਇਨ੍ਹਾਂ

ਗੰਦਲਾਂ ਨੂੰ ਕਈ ਬੀਜਦੇ ਹੀ ਮਰ ਗਏ ਅਤੇ ਕਈ ਬੀਜੀਆਂ ਨੂੰ ਵਿਚੇ ਛੱਡ ਗਏ। ਭਾਵ ਦੁਨੀਆਵੀ ਪਦਾਰਥਾਂ ਨੇ ਇੱਥੇ ਹੀ ਰਹਿ ਜਾਣਾ ਹੈ ਅਤੇ ਜੀਵ ਨੂੰ ਇਨ੍ਹਾਂ ਵਿਚ ਫਸਣ ਦੀ ਥਾਂ ਕਿਨਾਰਾ ਕਰਨਾ ਚਾਹੀਦਾ ਹੈ। ਅਰਥਾਤ ਕਵੀ ਜੀਵ ਨੂੰ ਸੰਸਾਰਕ ਮੋਹ ਮਾਇਆ ਤੋਂ ਬਚਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥38॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਦੁਨੀਆਂ ਦੇ ਪਦਾਰਥਾਂ ਦੀ ਪ੍ਰਾਪਤੀ ਲਈ ਚਾਰ ਪਹਿਰ ਦਿਨ ਦੇ ਭੱਜ-ਨੱਠ ਕੇ ਬਿਤਾ ਦਿੰਦਾ ਹੈ ਅਤੇ ਚਾਰ ਪਹਿਰ ਸੌਂ ਕੇ ਗਵਾ ਦਿੰਦਾ ਹੈ। ਭਾਵ ਦਿਨ-ਰਾਤ ਦੇ ਅੱਠੇ ਪਹਿਰ ਦੁਨੀਆਵੀ ਪਦਾਰਥਾਂ ਦੀ ਪ੍ਰਾਪਤੀ ਲਈ ਵਿਅਰਥ ਗੁਜ਼ਾਰ ਦਿੰਦਾ ਹੈ। ਇਸ ਲੋਕ ਤੋਂ ਪਰਲੋਕ ਵਿਚ ਜਾਣ 'ਤੇ ਰੱਬ ਨੇ ਤੇਰੇ ਤੋਂ ਲੇਖਾ ਮੰਗਣਾ ਕਿ ਤੂੰ ਇਸ ਸੰਸਾਰ ਵਿਚ ਇਸ ਕੰਮ ਲਈ ਆਇਆ ਸੀ। ਭਾਵ ਤੂੰ ਇਸ ਸੰਸਾਰ ਵਿਚ ਕਰਨੀ ਤਾਂ ਪਰਮਾਤਮਾ ਦੀ ਬੰਦਗੀ ਸੀ ਪਰ ਤੂੰ ਪਦਾਰਥ ਇਕੱਠੇ ਕਰਨ ਉੱਪਰ ਹੀ ਜੀਵਨ ਬਤੀਤ ਕਰ ਦਿੱਤਾ। ਅਰਥਾਤ ਕਵੀ ਜੀਵ ਨੂੰ ਦੁਨੀਆਵੀਂ ਪਦਾਰਥਾਂ ਨੂੰ ਹਾਸਿਲ ਕਰਨ ਦੀ ਥਾਂ ਰੱਬੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ॥**
**ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ॥39॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਪਰਮਾਤਮਾ ਦੇ ਮੰਦਰ ਜਾ ਕੇ ਵੇਖ ਕਿ ਉਥੇ ਘੜਿਆਲ ਨੂੰ ਮਾਰ-ਮਾਰ ਕੇ ਕਿਵੇਂ ਵਜਾਇਆ ਜਾਂਦਾ ਹੈ। ਜੇਕਰ ਉਸ ਨਿਰਦੋਸ਼ੇ ਦਾ ਪਰਮਾਤਮਾ ਦੇ ਦਰ ਅਜਿਹਾ ਹਾਲ ਹੈ ਤਾਂ ਉਹ ਜੋ ਦੋਸ਼ੀ ਹੈ ਤੇ ਉਸ ਦਾ ਕੀ ਹਾਲ ਉੱਥੇ ਹੋਵੇਗਾ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਪਰਮਾਤਮਾ ਦੇ ਦਰ ਉੱਪਰ ਜਾ ਕੇ ਜੀਵ ਨੇ ਹਿਸਾਬ ਦੇਣਾ ਹੈ ਅਤੇ ਉਸ ਦੇ ਦੋਸ਼ਾਂ ਬਦਲੇ ਉਸ ਨੂੰ ਕਿਸ ਪ੍ਰਕਾਰ ਦਾ ਤਸੀਹਾ ਦਿੱਤਾ ਜਾਵੇਗਾ।

**ਘੜੀਏ ਘੜੀਏ ਮਾਰੀਐ ਪਹਰੀ ਲਹੈ ਸਜਾਇ॥**
**ਸੋ ਹੇੜਾ ਘੜੀਆਲ ਜਿਉ ਡੁਖੀ ਰੈਣਿ ਵਿਹਾਇ॥40॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਘੜਿਆਲ ਨੂੰ ਹਰ ਘੜੀ ਅਤੇ ਹਰੇਕ ਪਹਿਰ ਮਗਰੋਂ ਮਾਰ ਪੈਂਦੀ ਹੈ। ਇਹ ਮਾਰ ਉਸ ਨੂੰ ਇਸ ਕਰਕੇ ਪੈਂਦੀ ਹੈ ਕਿ ਉਸ ਨੇ ਪਰਮਾਤਮਾ ਦੀ ਬੰਦਗੀ ਨਹੀਂ ਕੀਤੀ। ਘੜਿਆਲ ਵਾਂਗ ਉਸ ਨੇ ਵੀ ਪਰਮਾਤਮਾ ਦੀ ਬੰਦਗੀ ਰਹਿਤ ਮੋਹ-ਮਾਇਆ ਵਿਚ ਖਚਿਤ ਹੋ ਕੇ ਜੀਵਨ ਬਤੀਤ ਕੀਤਾ ਹੈ। ਇਸ ਤਰ੍ਹਾਂ ਉਸ ਦਾ ਜੀਵਨ ਰੂਪੀ ਰਾਤ ਦੁੱਖ ਵਿਚ ਹੀ ਬਤੀਤ ਹੁੰਦਾ ਹੈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੇ ਦਰ 'ਤੇ

ਹਿਸਾਬ ਦੇਣ ਸਮੇਂ ਪੈਣ ਵਾਲੀ ਫਿਟਕਾਰ ਦੀ ਥਾਂ ਮੋਹ-ਮਾਇਆ ਦਾ ਤਿਆਗ ਕਰਕੇ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ ॥**
**ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ ॥41॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਉਹ ਹੁਣ ਬਿਰਧ ਅਵਸਥਾ ਵਿਚ ਪਹੁੰਚ ਗਿਆ ਹੈ, ਜਿਸ ਕਾਰਨ ਉਸ ਦਾ ਸਰੀਰ ਕੰਬਣ ਲੱਗ ਪਿਆ ਹੈ। ਉਹ ਭਾਵੇਂ ਸੌ ਵਰ੍ਹੇ ਦੀ ਉਮਰ ਬਤੀਤ ਕਰੇ ਪਰ ਸਰੀਰ ਨੇ ਅੰਤ ਮਿੱਟੀ ਹੀ ਹੋਣਾ ਹੈ ਤੇ ਉਸ ਦਾ ਦੁਨੀਆਵੀ ਪਦਾਰਥਾਂ ਤੋਂ ਸਾਥ ਟੁੱਟਣਾ ਹੀ ਟੁੱਟਣਾ ਹੈ। ਅਰਥਾਤ ਕਵੀ ਜੀਵ ਨੂੰ ਦੁਨੀਆਵੀ ਪਦਾਰਥਾਂ ਵਿਚ ਖਚਿਤ ਹੋਣ ਦੀ ਬਜਾਏ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ ॥42॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੀਵ ਇਸਤਰੀ ਆਖਦੀ ਹੈ ਕਿ ਹੇ ਮੇਰੇ ਸਾਈਂ! ਤੂੰ ਦੁਨੀਆਵੀ ਪਦਾਰਥਾਂ ਦੀ ਖਾਤਿਰ ਮੈਨੂੰ ਬੇਗਾਨੇ ਦਰਵਾਜੇ ਉਪਰ ਨਾ ਬੈਠਣ ਦੇਈ। ਇਨ੍ਹਾਂ ਲਈ ਤੂੰ ਆਪਣਾ ਦਰ ਦੇ। ਜੇਕਰ ਤੂੰ ਮੈਨੂੰ ਦੂਸਰੇ ਦਾ ਮੁਥਾਜ ਬਣਾਉਣਾ ਹੈ ਤਾਂ ਮੇਰੇ ਸਰੀਰ ਵਿਚੋਂ ਜਿੰਦ ਨੂੰ ਹੀ ਕੱਢ ਲੈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਜੀਵ ਇਸਤਰੀ ਆਪਣੇ ਪਤੀ ਦੇ ਦਰਵਾਜੇ ਤੇ ਹੀ ਜੀਵਨ ਬਤੀਤ ਕਰੇ ਤਾਂ ਚੰਗਾ ਹੁੰਦਾ ਹੈ। ਉਸ ਲਈ ਬੇਗਾਨਾ ਦਰਵਾਜਾ ਉਚਿਤ ਨਹੀਂ ਹੁੰਦਾ।

**ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥**
**ਫਰੀਦਾ ਹਉ ਲੋੜੀ ਸਹੁ ਆਪਣਾ ਤੂ ਲੋੜਹਿ ਅੰਗਿਆਰ ॥43॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜੰਗਲ ਵਿਚ ਲੁਹਾਰ ਮੋਢੇ ਉੱਪਰ ਕੁਹਾੜਾ ਰੱਖ ਕੇ ਬਾਦਸ਼ਾਹ ਬਣਿਆ ਹੁੰਦਾ ਹੈ ਕਿ ਉਹ ਜਿਹੜੇ ਰੁੱਖ ਨੂੰ ਚਾਹੇ, ਉਸ ਨੂੰ ਕੱਟ ਸਕਦਾ ਹੈ। ਇਸੇ ਤਰ੍ਹਾਂ ਜੀਵ ਇਸ ਸੰਸਾਰ ਰੂਪੀ ਜੰਗਲ ਵਿਚ ਬਾਦਸ਼ਾਹ ਹੈ। ਹੇ ਜੀਵ! ਮੈਂ ਤਾਂ ਇਸ ਸੰਸਾਰ ਵਿਚ ਆਪਣੇ ਪਤੀ-ਪਰਮਾਤਮਾ ਦੀ ਭਾਲ ਵਿਚ ਹਾਂ ਅਤੇ ਤੂੰ ਲੁਹਾਰ ਵਾਂਗ ਸੰਸਾਰਕ ਪਦਾਰਥ ਰੂਪ ਅੱਗ ਲਈ ਕੋਲੇ ਭਾਲਦਾ ਫਿਰਦਾ ਹੈ। ਮਾਇਆ ਵਿਚ ਵਿਅਸਥ ਹੋ ਕੇ ਜੀਵਨ ਬਤੀਤ ਕਰਨ ਦੀ ਥਾਂ ਪਰਮਾਤਮਾ ਦੀ ਬੰਦਗੀ ਵਕਤ ਗੁਜ਼ਾਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ ॥**
**ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ ॥44॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਕਈ ਮਨੁੱਖਾਂ ਕੋਲ ਦੁਨੀਆਂ ਦੇ ਪਦਾਰਥ ਰੂਪ ਆਟਾ ਬਹੁਤ ਹੈ। ਕਈ ਅਜਿਹੇ ਵੀ ਹਨ, ਜਿਨ੍ਹਾਂ ਕੋਲ ਆਟੇ ਵਿਚ ਨਮਕ ਪਾਉਣ ਜੋਗਾ ਵੀ ਨਹੀਂ ਹੈ। ਮਨੁੱਖੀ ਜੀਵਨ ਦੀ ਸਫਲਤਾ ਦਾ ਅਸਲ ਆਪ ਇਹ ਪਦਾਰਥ ਨਹੀਂ

ਹਨ। ਪਰਲੋਕ ਵਿਚ ਜਾ ਕੇ ਇਸ ਦੀ ਪਛਾਣ ਹੋਵੇਗੀ ਕਿ ਜਿਸ ਨੂੰ ਮਾਰ ਪੈਂਦੀ ਹੈ। ਅਰਥਾਤ ਕਵੀ ਜੀਵ ਨੂੰ ਸੰਸਾਰਕ ਪਦਾਰਥ ਇਕੱਠੇ ਕਰਨ ਦੀ ਥਾਂ ਪਰਮਾਤਮਾ ਦੀ ਬੰਦਗੀ ਕਰਕੇ ਅੱਗਾ ਸੰਵਾਰਨ ਦਾ ਸੰਦੇਸ਼ ਦਿੰਦਾ ਹੈ।

**ਪਾਸਿ ਦਮਾਮੇ ਛਤੁ ਸਿਰਿ ਭੇਰੀ ਸਡੋ ਰਡ ॥**
**ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ ॥45॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਇਸ ਦੁਨੀਆਂ ਦੇ ਮੋਹ ਮਾਇਆ ਰੂਪ ਪਦਾਰਥ ਤੇ ਸ਼ੁਹਰਤ ਵਿਅਰਥ ਹਨ। ਜਿਨ੍ਹਾਂ ਲੋਕਾਂ ਕੋਲ ਧੌਂਸੇ ਵੱਜਦੇ ਹਨ; ਸਿਰ ਉੱਤੇ ਛਤਰ ਝੂਲਦੇ ਹਨ; ਤੂਤੀਆਂ ਵੱਜਦੀਆਂ ਹਨ ਅਤੇ ਉਸਤਾਦੀ ਦੀ ਪ੍ਰਸੰਸਾ ਵਿਚ ਛੰਦ ਗਾਏ ਜਾਂਦੇ ਹਨ, ਉਹ ਵੀ ਆਖਰ ਮਸਾਣਾਂ ਵਿਚ ਜਾ ਸੁੱਤੇ ਹਨ ਅਤੇ ਯਤੀਮਾਂ ਵਾਂਗ ਹੋ ਗਏ ਹਨ। ਅਰਥਾਤ ਕਵੀ ਜੀਵ ਨੂੰ ਸੰਸਾਰਕ ਮੋਹ ਮਾਇਆ ਵਿਚ ਵਿਅਸਥ ਨਾ ਹੋਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ ॥**
**ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ ॥46॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਸੰਸਾਰਕ ਪਦਾਰਥਾਂ ਦਾ ਵਪਾਰ ਕਰਨ ਵਾਲੇ ਵਪਾਰੀ ਆਪਣੇ ਮਹੱਲ-ਮਾੜੀਆਂ ਉਸਾਰਨ ਵਾਲੇ ਵੀ ਇਸ ਦੁਨੀਆਂ ਤੋਂ ਚਲੇ ਗਏ ਹਨ। ਉਨ੍ਹਾਂ ਨੇ ਸੰਸਾਰਕ ਸੌਦਾ ਕਰਦਿਆਂ ਜੀਵਨ ਗੁਜ਼ਾਰਿਆ ਅਤੇ ਉਹ ਅੰਤ ਕਬਰੀ ਜਾ ਪਏ ਹਨ। ਅਰਥਾਤ ਕਵੀ ਜੀਵ ਨੂੰ ਸੰਸਾਰਕ ਕੰਮਾਂ ਕਾਜਾਂ ਵਿਚ ਰੁਝੇ ਰਹਿਣ ਦੀ ਥਾਂ ਪਰਮਾਤਮਾ ਨਾਲ ਜੁੜਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਖਿੰਥੜਿ ਮੇਖਾ ਅਗਲੀਆ ਜਿੰਦੁ ਨ ਕਾਈ ਮੇਖ ॥**
**ਵਾਰੀ ਆਪੋ ਆਪਣੀ ਚਲੇ ਮਸਾਇਕ ਸੇਖ ॥47॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਦੁਨੀਆਵੀ ਪਦਾਰਥਾਂ ਨੂੰ ਜੀਵ ਨੇ ਅੱਗੇ ਲੈ ਕੇ ਨਹੀਂ ਜਾਣਾ। ਇਨ੍ਹਾਂ ਨਾਲੋਂ ਤਾਂ ਗੋਦੜੀ ਭੀ ਚੰਗੀ ਹੈ, ਜਿਸ ਨੂੰ ਕਈ ਟਾਂਕੇ ਲੱਗੇ ਹੋਏ ਹਨ। ਇਸ ਦੇ ਮੁਕਾਬਲੇ ਜਿੰਦ ਨੂੰ ਤਾਂ ਕੋਈ ਵੀ ਟਾਂਕਾ ਨਹੀਂ ਲੱਗਿਆ ਹੋਇਆ। ਜਿੰਦ ਦਾ ਕੋਈ ਪਤਾ ਨਹੀਂ ਕਿ ਕਦੋਂ ਇਹ ਸਰੀਰ ਨਾਲੋਂ ਅਲੱਗ ਹੋ ਜਾਵੇ। ਇਸ ਸੰਸਾਰ ਤੋਂ ਵੱਡੇ-ਵੱਡੇ ਸ਼ੇਖ (ਅਮੀਰ) ਸਭ ਆਪੋ-ਆਪਣੀ ਵਾਰੀ ਚਲੇ ਗਏ ਹਨ। ਅਰਥਾਤ ਕਵੀ ਜੀਵ ਨੂੰ ਸੰਦਸ਼ ਦਿੰਦਾ ਹੈ ਕਿ ਉਸ ਨੂੰ ਦੁਨਿਆਵੀ ਪੁਦਾਰਥਾਂ ਵਿਚ ਮੋਹ ਰੱਖਣ ਦੀ ਬਜਾਏ ਪਰਮਾਤਮਾ ਨਾਲ ਜੁੜਨਾ ਚਾਹੀਦਾ ਹੈ, ਕਿਉਂਕਿ ਜਿੰਦ ਨੇ ਇਕ ਦਿਨ ਲਾਜ਼ਮੀ ਪਰਲੋਕ ਵਿਚ ਜਾਣਾ ਹੈ।

**ਫਰੀਦਾ ਦੁਹੁ ਦੀਵੀ ਬਲੰਦਿਆ ਮਲਕੁ ਬਹਿਠਾ ਆਇ ॥**
**ਗੜੁ ਲੀਤਾ ਘਟੁ ਲੁਟਿਆ ਦੀਵੜੇ ਗਇਆ ਬੁਝਾਇ ॥48॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਇਨ੍ਹਾਂ ਦੋਨਾਂ ਅੱਖਾਂ ਦੇ ਦੇਖਦੇ

ਹੋਏ ਤੇਰੇ ਸਾਹਮਣੇ ਮੌਤ ਦਾ ਫਰਿਸ਼ਤਾ ਮਲਕੁਲ ਆ ਬੈਠਾ ਹੈ ਅਤੇ ਉਸ ਨੇ ਸਰੀਰ ਰੂਪ ਕਿਲੇ ਉੱਪਰ ਕਬਜ਼ਾ ਕਰ ਲਿਆ ਹੈ। ਇਸ ਮਗਰੋਂ ਜਿੰਦ ਨੂੰ ਕਾਬੂ ਕਰ ਲਿਆ ਹੈ। ਇਸ ਤਰ੍ਹਾਂ ਉਹ ਅੱਖਾਂ ਦੇ ਦੀਵੇ ਵੀ ਬੁਝਾ ਗਿਆ ਹੈ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਬਾਰੇ ਸੰਦੇਸ਼ ਦਿੰਦਾ ਹੈ।

**ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥**
**ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥**
**ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥49॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਇਹ ਦੇਖ ਕਿ ਕਪਾਹ ਦੀ ਵੇਲਣ ਵੇਲੇ ਕਿਹੋ ਜਿਹੀ ਹਾਲਤ ਹੁੰਦੀ ਹੈ। ਤਿਲਾਂ ਨੂੰ ਕੋਹਲੂ ਵਿਚ ਪੀੜ ਕੇ ਤੇਲ ਕੱਢਿਆ ਜਾਂਦਾ ਹੈ। ਕਮਾਦ, ਕਾਗਜ, ਮਿੱਟੀ ਦੀ ਹਾਂਡੀ ਅਤੇ ਕੋਲਿਆਂ ਨਾਲ ਵੀ ਕੀ ਬੀਤਦੀ ਹੈ। ਇਹ ਵਸਤਾਂ ਆਪਣੇ ਗੁਣਾਂ ਕਰਕੇ ਸਜ਼ਾ ਦੀ ਭਾਗੀ ਬਣਦੀਆਂ ਹਨ। ਇਸ ਸੰਸਾਰ ਉੱਪਰ ਜਿਹੜੇ ਲੋਕ ਦੁਨਿਆਵੀ ਪਦਾਰਥਾਂ ਖਾਤਰ ਮੰਦੇ ਕੰਮ ਕਰਦੇ ਹਨ, ਉਨ੍ਹਾਂ ਨੂੰ ਵੀ ਇਹੋ-ਜਿਹੀ ਸਜਾ ਪਰਮਾਤਮਾ ਦੇ ਦਰਬਾਰ ਵਿਚ ਮਿਲੇਗੀ। ਅਰਥਾਤ ਕਵੀ ਜੀਵ ਨੂੰ ਚੰਗੇ ਅਮਲ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ॥**
**ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥50॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਮੋਢੇ ਉੱਪਰ ਨਮਾਜ ਪੜ੍ਹਣ ਵਾਲਾ ਮੁਸੱਲਾ ਹੈ। ਗਲ ਵਿਚ ਕਾਲੇ ਰੰਗ ਦੀ ਸੂਫ ਪਾਈ ਹੋਈ ਹੈ। ਤੇਰੇ ਮੂੰਹ ਵਿਚ ਗੁੜ ਵਾਂਗ ਮਿੱਠੇ-ਮਿੱਠੇ ਬੋਲ ਤਾਂ ਹਨ ਪਰ ਤੇਰੇ ਮਨ ਵਿੱਚ ਲੋਕਾਂ ਦਾ ਵਿਰੋਧ ਕਰਨ ਵਾਲੀ ਕੈਂਚੀ ਹੈ। ਬਾਹਰ ਤਾਂ ਚਾਨਣ ਦਿਸ ਰਿਹਾ ਹੈ ਪਰ ਦਿਲ ਵਿਚ ਹਨੇਰੀ ਰਾਤ ਵਾਪਰੀ ਹੋਈ ਹੈ। ਭਾਵ ਜੀਵ ਦੇ ਕਰਨੀ ਤੇ ਕਥਨੀ/ਬਾਹਰੀ ਵਿਖਾਵੇ ਤੇ ਅੰਦਰਲੇ ਮਨ ਵਿਚ ਇਕਸਾਰਤਾ ਨਹੀਂ । ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਬਾਹਰੋਂ ਧਾਰਮਿਕ ਸ਼ਖਸ਼ੀਅਤ ਨਜ਼ਰ ਆਉਣ ਤੇ ਅੰਦਰੋਂ ਵਿਕਾਰਾਂ ਨਾਲ ਭਰੇ ਹੋਣ 'ਤੇ ਨੇਕ ਅਮਲ ਵਾਲਾ ਵਿਵਹਾਰ ਨਹੀਂ ਹੁੰਦਾ।

**ਫਰੀਦਾ ਰਤੀ ਰਤੁ ਨ ਨਿਕਲੈ ਜੇ ਤਨੁ ਚੀਰੈ ਕੋਇ॥**
**ਜੋ ਤਨ ਰਤੇ ਰਬ ਸਿਉ ਤਿਨ ਤਨਿ ਰਤੁ ਨ ਹੋਇ॥51॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਹੜੇ ਬੰਦੇ ਰੱਬੀ ਪਿਆਰ ਵਿਚ ਰੰਗੇ ਹੁੰਦੇ ਹਨ, ਉਨ੍ਹਾਂ ਉੱਪਰ ਦੁਨਿਆਵੀ ਪਦਾਰਥਾਂ ਦੇ ਮੋਹ ਵਾਲਾ ਅਸਰ ਨਹੀਂ ਪੈਂਦਾ। ਜੇਕਰ ਕੋਈ ਉਨ੍ਹਾਂ ਦਾ ਸਰੀਰ ਵੀ ਚੀਰੇ ਤਾਂ ਉਸ ਵਿਚੋਂ ਜਰਾ ਜਿੰਨਾ ਕੁ ਵੀ ਖ਼ੂਨ ਨਹੀਂ ਨਿਕਲਦਾ। ਅਰਥਾਤ ਕਵੀ ਜੀਵ ਨੂੰ ਦੁਨਿਆਵੀਂ ਪਦਾਰਥਾਂ ਦੇ ਮੋਹ ਦੀ ਬਜਾਏ ਰੱਬੀ ਪ੍ਰੇਮ ਵਿਚ ਲੀਨ ਹੋਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਸੋਈ ਸਰਵਰੁ ਢੂਢਿ ਲਹੁ ਜਿਥਹੁ ਲਭੀ ਵਥੁ ॥**
**ਛਪੜਿ ਢੂਢੈ ਕਿਆ ਹੋਵੈ ਚਿਕੜਿ ਡੁਬੈ ਹਥੁ ॥53॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਉਹ ਸੋਹਣਾ ਤਲਾਬ ਭਾਲ ਲੈ, ਜਿਸ ਵਿਚੋਂ ਅਸਲ ਨਾਮ ਰੂਪੀ ਮੋਤੀ ਮਿਲ ਜਾਣ। ਤੂੰ ਤਾਂ ਛੱਪੜ ਵਿਚੋਂ ਉਸ ਨੂੰ ਭਾਲਦਾ ਹੈ, ਇਥੇ ਤਾਂ ਤੇਰਾ ਹੱਥ ਚਿੱਕੜ ਵਿਚ ਹੀ ਡੁੱਬਦਾ ਹੈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੇ ਨਾਮ ਦਾ ਸਹੀ ਮਾਰਗ ਚੁਨਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥**
**ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥54॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਸ ਜੁਆਨ ਔਰਤ ਨੇ ਆਪਣੇ ਪਤੀ-ਪਰਮਾਤਮਾ ਨੂੰ ਜਵਾਨੀ ਵੇਲੇ ਨਾ ਮਾਣਿਆ, ਉਹ ਬੁਢਾਪੇ ਵੇਲੇ ਵੀ ਪਤੀ ਨੂੰ ਮਾਣ ਨਹੀਂ ਸਕਦੀ। ਇਸ ਤਰ੍ਹਾਂ ਜਦੋਂ ਉਹ ਕਬਰ ਵਿਚ ਚਲੀ ਗਈ ਉਹ ਉਥੇ ਤਰਲੇ ਕਰਦੀ ਹੈ ਤੇ ਉਸਦਾ ਪਤੀ ਉਥੇ ਸਹਾਈ ਨਹੀਂ ਹੁੰਦਾ। ਅਰਥਾਤ ਕਵੀ ਜੀਵ ਨੂੰ ਵੇਲੇ ਸਿਰ ਨਾਮ ਸਿਮਰਨ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਸਿਰੁ ਪਲਿਆ ਦਾੜੀ ਪਲੀ ਮੁਛਾਂ ਭੀ ਪਲੀਆਂ ॥**
**ਰੇ ਮਨ ਗਹਿਲੇ ਬਾਵਲੇ ਮਾਣਹਿ ਕਿਆ ਰਲੀਆਂ ॥55॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਸਿਰ ਦੇ ਵਾਲ ਚਿੱਟੇ ਹੋ ਗਏ ਹਨ, ਦਾੜ੍ਹੀ ਦੇ ਵਾਲ ਦੀ ਚਿੱਟੇ ਹੋ ਗਏ ਹਨ, ਮੁੱਛਾਂ ਵੀ ਚਿੱਟੀਆਂ ਹੋ ਗਈਆਂ ਹਨ। ਹੇ ਗਾਫਿਲ ਭਾਵ ਮੂਰਖ ਮਨ ਬੁਢਾਪੇ ਵਿਚ ਪਹੁੰਚ ਕੇ ਵੀ ਤੂੰ ਦੁਨੀਆਵੀ ਪਦਾਰਥਾਂ ਨਾਲ ਮੌਜਾਂ ਹੀ ਮਾਣ ਰਿਹਾ ਹੈ। ਭਾਵ ਤੈਨੂੰ ਪਰਮਾਤਮਾ ਦੀ ਬੰਦਗੀ ਕਰਨੀ ਚਾਹੀਦੀ ਹੈ ਤੇ ਤੂੰ ਬੁਢਾਪੇ ਤੱਕ ਲਾਪਰਵਾਹ ਚੱਲ ਰਿਹਾ ਹੈ। ਅਰਥਾਤ ਕਵੀ ਜੀਵ ਨੂੰ ਸੰਸਾਰਕ ਪਦਾਰਥਾਂ ਦੇ ਮੋਹ ਦਾ ਤਿਆਗ ਕਰਕੇ ਵਕਤ ਸਿਰ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਕੋਠੇ ਧੁਕਣੁ ਕੇਤੜਾ ਪਿਰ ਨੀਦੜੀ ਨਿਵਾਰਿ ॥**
**ਜੋ ਦਿਹ ਲਧੇ ਗਾਣਵੇ ਗਏ ਵਿਲਾੜਿ ਵਿਲਾੜਿ ॥56॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਕੋਠੇ ਦੀ ਦੌੜ ਕਿੱਥੋਂ ਤੱਕ ਲਗਾ ਸਕਦਾ ਹੈ। ਭਾਵ ਘਰ ਦੀ ਛੱਤ ਉੱਪਰਲੀ ਦੌੜ ਲੰਮੀ ਨਹੀਂ ਹੋ ਸਕਦੀ। ਇਸ ਪ੍ਰਕਾਰ ਤੂੰ ਰੱਬ ਕੋਲੋਂ ਕਦੋਂ ਤੱਕ ਅਲੱਗ-ਅਲੱਗ ਰਹੇਗਾ। ਆਖੀਰ ਉਮਰ ਮੁੱਕ ਜਾਵੇਗੀ। ਜਿਹੜੇ ਗਿਣਵੇਂ ਦਿਨ ਮਿਲੇ ਹਨ, ਉਹ ਛਾਲਾਂ ਮਾਰ ਮਾਰ ਕੇ ਮੁਕਦੇ ਜਾ ਰਹੇ ਹਨ। ਭਾਵ ਜੀਵਨ ਨਿਰੰਤਰ ਬੀਤਦਾ ਜਾ ਰਿਹਾ ਹੈ ਤੇ ਜੀਵ ਬੰਦਗੀ ਨਹੀਂ ਕਰ ਰਿਹਾ। ਅਰਥਾਤ ਕਵੀ ਜੀਵ ਨੂੰ ਮੌਜੂਦਾ ਜੀਵਨ ਵਿਚ

ਹੀ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਕੋਠੇ ਮੰਡਪ ਮਾੜੀਆ ਏਤੁ ਨ ਲਾਏ ਚਿਤੁ ॥**
**ਮਿਟੀ ਪਈ ਅਤੋਲਵੀ ਕੋਇ ਨ ਹੋਸੀ ਮਿਤੁ ॥57॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਘਰ ਤੇ ਮਹੱਲ-ਮਾੜੀਆਂ ਕੇਵਲ ਦੁਨੀਆਵੀ ਜੀਵਨ ਲਈ ਹਨ। ਤੂੰ ਇਨ੍ਹਾਂ ਨਾਲ ਚਿੱਤ ਨਾ ਜੋੜ। ਇਹ ਮਰਨ ਮਗਰੋਂ ਤੇਰੇ ਨਾਲ ਨਹੀਂ ਜਾਣਗੇ। ਜਦੋਂ ਕਬਰ ਵਿਚ ਤੂੰ ਹੋਵੇਗਾ ਤਾਂ ਤੇਰੇ 'ਤੇ ਅਤੋਲਵੀਂ ਮਿੱਟੀ ਪਈ ਹੋਵੇਗੀ ਅਤੇ ਇਨ੍ਹਾਂ ਦੁਨਿਆਵੀ ਵਸਤਾਂ 'ਚੋਂ ਕੋਈ ਵੀ ਤੇਰਾ ਸਾਥੀ ਨਹੀਂ ਬਣੇਗਾ। ਅਰਥਾਤ ਕਵੀ ਜੀਵ ਨੂੰ ਦੁਨਿਆਵੀਂ ਮੋਹ ਦਾ ਤਿਆਗ ਕਰਨ ਦਾ ਲਈ ਕਹੇਗਾ।

**ਫਰੀਦਾ ਮੰਡਪ ਮਾਲੁ ਨ ਲਾਇ ਮਰਗ ਸਤਾਣੀ ਚਿਤਿ ਧਰਿ॥**
**ਸਾਈ ਜਾਇ ਸਮ੍ਾਲਿ ਜਿਥੈ ਹੀ ਤਉ ਵੰਞਣਾ ॥58॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਕੇਵਲ ਮਹੱਲ-ਮਾੜੀਆਂ ਤੇ ਧਨ-ਦੌਲਤ ਉੱਪਰ ਹੀ ਚਿੱਤ ਨਾ ਟਿਕਾਈ ਰੱਖ। ਇਹ ਕੇਵਲ ਦੁਨੀਆਂ ਤੱਕ ਹੀ ਨਿਭਣ ਵਾਲੀਆਂ ਚੀਜ਼ਾਂ ਹਨ। ਸਭ ਤੋਂ ਬਲੀ ਮੌਤ ਨੂੰ ਵੀ ਯਾਦ ਰੱਖ। ਤੈਨੂੰ ਉਹ ਵੀ ਯਾਦ ਰੱਖਣਾ ਚਾਹੀਦਾ ਹੈ, ਜਿੱਥੇ ਪਰਲੋਕ ਵਿਚ ਤੂੰ ਆਖਰ ਜਾਣਾ ਹੈ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਮੋਹ ਤਿਆਗ ਕੇ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥59॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਉਹ ਬੇਕਾਰ ਕੰਮ ਛੱਡ ਦੇ ਜਿਨ੍ਹਾਂ ਦਾ ਤੇਰੀ ਜਿੰਦਗੀ ਲਈ ਕੋਈ ਫਾਇਦਾ ਨਹੀਂ ਹੈ। ਕਿਤੇ ਇਹ ਨਾ ਹੋਵੇ ਕਿ ਇਨ੍ਹਾਂ ਕੰਮਾਂ ਕਰਕੇ ਤੈਨੂੰ ਪਰਮਾਤਮਾ ਦੇ ਦਰਬਾਰ ਵਿਚ ਸ਼ਰਮਿੰਦਾ ਹੋਣਾ ਪਵੇ। ਅਰਥਾਤ ਕਵੀ ਜੀਵ ਨੂੰ ਨੇਕ ਅਮਲ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ ॥**
**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ ॥60॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦਾ ਹੈ ਕਿ ਹੇ ਜੀਵ! ਤੂੰ ਦੁਨਿਆਵੀ ਪਦਾਰਥਾਂ ਦੇ ਮੋਹ ਦਾ ਭਰਮ ਉਤਾਰ ਦੇ ਅਤੇ ਆਪਣੇ ਮਾਲਕ ਪਰਮਾਤਮਾ ਦੀ ਬੰਦਗੀ ਕਰ। ਬੰਦਗੀ ਕਰਨ ਵਾਲੇ ਫ਼ਕੀਰ ਲਈ ਤਾਂ ਰੁੱਖਾਂ ਵਰਗਾ ਜਿਗਰਾ ਚਾਹੀਦਾ ਹੁੰਦਾ ਹੈ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਪਦਾਰਥਾਂ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

## 2.4 Summary (ਨਿਸ਼ਕਰਸ਼)

ਇਨ੍ਹਾਂ ਸਲੋਕਾਂ ਦੀ ਵਿਆਖਿਆ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਬਾ ਫ਼ਰੀਦ ਮਨੁੱਖ ਨੂੰ ਇਕ ਚੰਗਾ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦੇ ਹਨ। ਚੰਗਾ ਜੀਵਨ ਬਤੀਤ ਕਰਨ ਲਈ ਸਾਨੂੰ ਪਰਮਾਤਮਾ ਦਾ ਲੜ ਫੜਨਾ ਚਾਹੀਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਰਮਾਤਮਾ ਨਾਲ ਪ੍ਰੀਤ ਕੀਤੇ ਬਿਨਾਂ ਸਾਡਾ ਜੀਵਨ ਸਫ਼ਲ ਨਹੀਂ ਹੋ ਸਕਦਾ। ਉਹ ਪਰਮਾਤਮਾ ਨੂੰ ਇਕ ਨਿਰੰਕਾਰ ਸ਼ਕਤੀ ਮੰਨਦੇ ਹਨ ਜਿਸ ਦੀ ਮਰਜ਼ੀ ਤੋਂ ਬਿਨਾਂ ਕੁਝ ਵੀ ਨਹੀਂ ਹੋ ਸਕਦਾ। ਉਨ੍ਹਾਂ ਅਨੁਸਾਰ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਪਦਾਰਥਕ ਵਸਤਾਂ ਦਾ ਤਿਆਗ ਕਰਨਾ ਜ਼ਰੂਰੀ ਹੈ। ਉਹ ਦੁਨੀਆਂ ਨੂੰ ਨਾਸ਼ਮਾਨ ਅਤੇ ਪਰਮਾਤਮਾ ਨੂੰ ਸੰਜੀਵ ਵਸਤੂ ਸਵੀਕਾਰਦੇ ਹਨ।

## 2.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਪਿਰੁ-ਪਤੀ, ਸੰਬਹੀ-ਸਜੀ ਹੋਈ, ਨਚਿੰਦੁ-ਬੇ-ਫਿਕਰ, ਕਧੂਰੀ-ਕਸਤੂਰੀ, ਗੰਧੁ-ਸੁਗੰਧੀ, ਖੁਸ਼ਬੋ, ਕਿਤੀ-ਕਿੰਨੇ ਹੀ, ਖਟੋਲਾ-ਨਿੱਕੀ ਜਿਹੀ ਮੰਜੀ, ਵਿਛਾਵਣੁ-ਵਿਛੌਣਾ, ਸੁਲਤਾਨੁ-ਰਾਜਾ, ਬਾਦਸ਼ਾਹ, ਮਸਾਣੁ-ਮੁਰਦੇ ਸੜਨ ਦੀ ਥਾਂ, ਸਮਸ਼ਾਨ, ਰਾਧੀ-ਬੀਜੀ ਹੋਈ, ਸੰਮਿ-ਸੌਂ ਕੇ, ਮੰਗੇਸੀਆ-ਮੰਗੇਗਾ, ਆਹੋਂ-ਆਇਆ ਸੀ, ਪਹਰੀ-ਹਰੇਕ ਪਹਿਰ ਮਗਰੋਂ, ਸਜਾਇ-ਸਜ਼ਾ, ਦੰਡ, ਹੇੜਾ-ਸਰੀਰ, ਵਿਹਾਇ-ਬੀਤਦੀ ਹੈ, ਖੇਹ-ਸੁਆਹ, ਮਿੱਟੀ, ਹੋਸੀ-ਹੋ ਜਾਏਗਾ, ਬੈਸਣਾ-ਬੈਠਣਾ, ਏਵੈ-ਇਸੇ ਤਰ੍ਹਾਂ, ਕੰਧਿ-ਮੋਢੇ ਤੇ, ਵਣਿ-ਜੰਗਲ, ਕੈਸਰੁ-ਬਾਦਸ਼ਾਹ, ਅੰਗਿਆਰ-ਅੱਗ ਦੇ ਕੋਲੇ, ਲੋਣੁ-ਨਮਕ, ਅਗੈ-ਪਰਲੋਕ, ਸਿੰਞਾਪਸਨਿ-ਪਛਾਣੇ ਜਾਣਗੇ, ਖਾਸੀ-ਖਾਏਗਾ, ਛੱਤੁ-ਛਤਰ, ਜੀਰਾਣੁ-ਮਸਾਣ, ਅਤੀਮਾ-ਯਤੀਮ, ਗਡ ਥੀਏ-ਰਲ ਗਏ, ਮੰਡਪ-ਸ਼ਮਿਆਨੇ, ਮਾੜੀਆਂ-ਚੁਬਾਰਿਆਂ ਵਾਲੇ ਮਹਿਲ, ਗੋਰੀ-ਕਬਰਾਂ ਵਿਚ, ਖਿੰਥੜਿ-ਗੋਦੜੀ, ਮਸਾਇਕ-ਕਈ ਸ਼ੇਖ ਆਦਮੀ, ਗੜ੍ਹ-ਕਿਲਾ, ਘਟੁ-ਹਿਰਦਾ, ਮਨ, ਥੀਆ-ਵਾਪਰਿਆ, ਕੁੰਨੇ-ਮਿੱਟੀ ਦੀ ਤੌੜੀ (ਭਾਂਡਾ), ਸੂਰੁ-ਕਾਲੀ ਉੱਨ, ਰਤੀ-ਥੋੜੀ ਜਿੰਨੀ ਕੁ, ਰਤੁ-ਲਹੂ, ਰਤੇ-ਰੰਗੇ ਹੋਏ, ਸਰਵਰੁ-ਸੋਹਣਾ ਤਲਾਬ, ਸਰੋਵਰ, ਵਥ-ਦੀਨ, ਨੰਢੀ-ਜਵਾਨ ਔਰਤ, ਮੁਟਿਆਰ, ਮੁਈਆਸੁ-ਉਹ ਮਰ ਗਈ, ਨਾ ਮਿਲੀਆਸੁ-ਉਹ ਨਾ ਮਿਲੀ, ਰਲੀਆਂ-ਮੌਜਾਂ, ਧੁਕਣੁ-ਦੌੜਨਾ, ਵਿਲਾੜਿ-ਛਾਲਾਂ ਮਾਰ ਕੇ, ਛੇਤੀ-ਛੇਤੀ, ਮੰਡਪ-ਮਹਿਲ, ਥੀਵਹੀ-ਹੋਵੇਂ, ਭਰਾਂਦਿ-ਭਰਮ, ਚਾਕਰੀ-ਨੌਕਰੀ, ਜੀਰਾਂਦਿ-ਧੀਰਜ,

## 2.6 Self-Assesment Questions (SAQ)

1. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਵਰਤਿਆ ਗਿਆ ਸ਼ਬਦ 'ਦਰਵੇਸ਼' ਕਿਸ ਭਾਵ ਦਾ ਸੂਚਕ ਹੈ?
2. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿਚ ਪਤੀ ਸ਼ਬਦ ਕਿਸ ਲਈ ਵਰਤਿਆ ਗਿਆ ਹੈ?
3. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿੱਚ ਵਰਤੇ ਗਏ ਸ਼ਬਦ 'ਨੰਢੀ' ਦਾ ਕੀ ਅਰਥ ਹੈ ?

4. ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਿਸ ਗੁਰੂ ਸਾਹਿਬ ਨੇ ਕੀਤੀ?

5. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿੱਚ ਪਰਮਾਤਮਾ ਨੂੰ ਪਾਉਣ ਦੇ ਦੱਸੇ ਗਏ ਕੋਈ ਦੋ ਉਪਾਅ ਲਿਖੋ।

## 2.7 Referenses


1. ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।

2. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।

3. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ, 2005

4. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 2009

# (ਪ੍ਰਸੰਗ ਸਹਿਤ ਵਿਆਖਿਆ)

## (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 61-90)

**Structure :**

3.1 Objective (ਉਦੇਸ਼)

3.2 Inroduction (ਜਾਣ-ਪਛਾਣ)

3.3 Headings (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 61-90)

3.4 Summary (ਨਿਸ਼ਕਰਸ਼)

3.5 Glossory/Keywords (ਔਖੇ ਸ਼ਬਦਾਂ ਦੇ ਅਰਥ)

3.6 Self-Assesment Questions (SAQ)

3.7 References

### 3.1 Objective (ਉਦੇਸ਼)

ਇਨ੍ਹਾਂ ਸਲੋਕਾਂ ਵਿੱਚ ਬਾਬਾ ਫ਼ਰੀਦ ਮਨੁੱਖ ਨੂੰ ਇਸ ਦੁਨਿਆਵੀ ਜੀਵਨ ਦੀਆਂ ਉਲਜਣਾਂ ਵਿਚੋਂ ਨਿਕਲਣ ਦਾ ਰਸਤਾ ਦੱਸਦੇ ਹਨ। ਅਸੀਂ ਇਨ੍ਹਾਂ ਸਲੋਕਾਂ ਦੀ ਵਿਆਖਿਆ ਕਰਦਿਆਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਬਾਬਾ ਫ਼ਰੀਦ ਮਨੁੱਖ ਨੂੰ ਕਹਿੰਦੇ ਹਨ ਕਿ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਬਾਹਰੀ ਦਿਖਾਵਿਆਂ ਦੀ ਲੋੜ ਨਹੀਂ। ਮਨੁੱਖ ਨੂੰ ਨੇਕ ਕਾਰਜ ਕਰਨੇ ਚਾਹੀਦੇ ਹਨ। ਉਹ ਇਹ ਵੀ ਸੁਨੇਹਾ ਦਿੰਦੇ ਹਨ ਕਿ ਅੰਤਿਮ ਸਮੇਂ ਤੇਰੇ ਨਾਲ ਬਿਨਾਂ ਪਰਮਾਤਮਾ ਦੇ ਨਾਮ-ਸਿਮਰਨ ਤੋਂ ਕੋਈ ਚੀਜ਼ ਨਹੀਂ ਜਾਵੇਗੀ। ਅਜਿਹੇ ਅਧਿਆਤਮਕ ਵਿਚਾਰਾਂ ਨੂੰ ਸਮਝਣਾ ਹੀ ਇਨ੍ਹਾਂ ਸਲੋਕਾਂ ਦੀ ਵਿਆਖਿਆ ਦਾ ਮੁੱਖ ਟੀਚਾ ਹੈ, ਜਿਸ ਨੂੰ ਸਮਝ ਕੇ ਵਿਦਿਆਰਥੀ ਪ੍ਰੀਖਿਆ ਵਿੱਚ ਆਏ ਪ੍ਰਸ਼ਨਾਂ ਦਾ ਉੱਤਰ ਦੇ ਸਕਦਾ ਹੈ।

### 3.2 Inroduction (ਜਾਣ-ਪਛਾਣ)

ਬਾਬਾ ਫ਼ਰੀਦ ਜੀ ਇਕ ਸੂਫ਼ੀ ਸੰਤ ਸਨ। ਉਹ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਨਾਲ

ਸੰਬੰਧ ਰੱਖਦੇ ਸਨ। ਉਨ੍ਹਾਂ ਦੀ ਬਾਣੀ ਮਨੁੱਖ ਕੇਂਦਰਿਤ ਹੈ। ਉਨ੍ਹਾਂ ਦੀ ਬਾਣੀ ਵਿਚਲੀ ਵਿਚਾਰਧਾਰਾ ਮੁਤਾਬਕ ਸਾਰੇ ਮਨੁੱਖ ਬਰਾਬਰ ਹਨ। ਹਰੇਕ ਮਨੁੱਖ ਨੂੰ ਪਰਮਾਤਮਾ ਦਾ ਨਾਮ-ਸਿਮਰਨ ਕਰਨ ਦਾ ਅਧਿਕਾਰ ਹੈ। ਉਨ੍ਹਾਂ ਅਨੁਸਾਰ ਸਾਰੇ ਲੋਕਾਂ ਨੂੰ ਚੰਗੇ ਕੰਮ ਕਰਨੇ ਚਾਹੀਦੇ ਹਨ। ਪ੍ਰਕਿਰਤੀ ਨਾਲ ਪਿਆਰ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਰਚਨਾ ਵਿਚ ਪ੍ਰਕਿਰਤੀ ਨਾਲ ਸੰਬੰਧਤ ਬਹੁਤ ਸਾਰੀਆਂ ਉਦਾਹਰਨਾਂ ਮਿਲ ਜਾਂਦੀਆਂ ਹਨ। ਇੰਝ ਹੀ, ਉਹ ਅਨੇਕ ਪੰਛੀਆਂ ਦੇ ਹਵਾਲੇ ਨਾਲ ਮਨੁੱਖ ਨੂੰ ਸਮਝਾਉਣ ਦਾ ਯਤਨ ਕਰਦੇ ਹਨ।ਇਸ ਭਾਗ ਵਿੱਚ ਅਜਿਹੇ ਅਨੇਕ ਵਿਚਾਰਾਂ ਨੂੰ ਸਮਝਾਉਣ ਲਈ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ ਕੀਤੀ ਗਈ ਹੈ। ਪਾਠ ਦੇ ਅੰਤ ਵਿੱਚ ਨਿਸ਼ਕਰਸ਼ ਅਤੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਅਰਥਾਂ ਤੱਕ ਅਸਾਨੀ ਨਾਲ ਪਹੁੰਚ ਜਾਣ।

## 3.3 ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 61-90

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥**
**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥61॥**

**ਪ੍ਰਸੰਗ :** ਇਹ ਸਲੋਕ ਬਾਬਾ ਫ਼ਰੀਦ ਦੀ ਰਚਨਾ ਹੈ। ਇਸ ਸਲੋਕ ਵਿਚ ਕਵੀ ਆਤਮਾ ਤੇ ਪ੍ਰਮਾਤਮਾ ਦੇ ਸੰਬੰਧਾਂ ਵਾਲੇ ਰਹੱਸਮਈ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਇਨ੍ਹਾਂ ਸਲੋਕਾਂ ਵਿੱਚ ਬਾਬਾ ਫ਼ਰੀਦ ਮਨੁੱਖ ਨੂੰ ਇਸ ਦੁਨਿਆਵੀ ਜੀਵਨ ਦੇ ਝਮੇਲਿਆਂ ਵਿਚੋਂ ਨਿਕਲਣ ਦਾ ਰਾਹ ਦੱਸਦੇ ਹਨ।

**ਵਿਆਖਿਆ :** ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੇਰੇ ਕੱਪੜੇ ਫ਼ਕੀਰੀ ਵੇਸ ਵਾਲੇ ਹਨ ਕਿਉਂਕਿ ਮੈਂ ਕਾਲੇ ਰੰਗ ਦੇ ਕੱਪੜੇ ਤੇ ਵਸਤਰ ਪਹਿਨੇ ਹੋਏ ਹਨ। ਮੇਰੇ ਅੰਦਰ ਰੁੱਖਾਂ ਵਰਗਾ ਸਬਰ-ਸੰਤੋਖ ਵਾਲਾ ਜਿਗਰਾ ਚਾਹੀਦਾ ਸੀ, ਜਿਹੜਾ ਕਿ ਨਹੀਂ ਹੈ। ਉਹ ਤਾਂ ਗੁਨਾਹਾਂ ਨਾਲ ਭਰਿਆ ਹੋਇਆ ਹੈ। ਉਹ ਤਾਂ ਦੁਨਿਆਵੀ ਪਦਾਰਥਾਂ ਦੇ ਮੋਹ ਵਿਚ ਕਮਲਾ ਹੋਇਆ ਪਿਆ ਹੈ। ਉਸ ਦੇ ਅੰਦਰਲੇ ਦੀ ਅਜਿਹੀ ਹਾਲਤ ਹੋਣ ਦੇ ਬਾਵਜੂਦ ਬਾਹਰਲੇ ਕੱਪੜੇ ਦੇਖ ਕੇ ਲੋਕ ਉਸ ਨੂੰ ਫਕੀਰ ਆਖ ਰਹੇ ਹਨ। ਅਰਥਾਤ ਕਵੀ ਜੀਵ ਨੂੰ ਬਾਹਰੀ ਦਿਖਾਵੇ ਦੀ ਥਾਂ ਅੰਦਰਲੇ ਵਿਚ ਪਰਮਾਤਮਾ ਦੇ ਭਾਵ ਲਿਆਉਣ ਦਾ ਸੰਦੇਸ਼ ਦਿੰਦਾ ਹੈ।

**ਤਤੀ ਤੋਇ ਨ ਪਲਵੈ ਜੇ ਜਲਿ ਟੁਬੀ ਦੇਇ॥**
**ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ ॥62॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਲੀ-ਸੜੀ ਖੇਤੀ ਦੁਬਾਰਾ ਹਰੀ-ਭਰੀ ਨਹੀਂ ਹੋ ਸਕਦੀ, ਚਾਹੇ ਕਿ ਉਸ ਨੂੰ ਜਿੰਨਾ ਮਰਜ਼ੀ ਪਾਣੀ ਲਗਾਇਆ ਜਾਵੇ।ਇਸ ਪ੍ਰਕਾਰ ਹੇ ਜੀਵ! ਜਿਹੜੀ ਔਰਤ ਰੱਬ ਵੱਲੋਂ ਮੰਦੇ ਭਾਗਾਂ ਵਾਲੀ ਛੁੱਟੜ ਹੈ, ਉਹ ਹਮੇਸ਼ਾਂ ਹੀ ਆਪਣੀ ਹੋਣੀ ਪ੍ਰਤੀ ਝੂਰਦੀ ਰਹਿੰਦੀ ਹੈ। ਅਰਥਾਤ ਕਵੀ ਜੀਵ ਨੂੰ ਨੇਕ ਅਮਲ ਕਰਦਿਆਂ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਜਾਂ ਕੁਆਰੀ ਤਾ ਚਾਉ ਵੀਵਾਹੀ ਤਾਂ ਮਾਮਲੇ ॥**
**ਫਰੀਦਾ ਏਹੋ ਪਛੋਤਾਉ ਵਤਿ ਕੁਆਰੀ ਨ ਥੀਐ ॥63॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਦੋਂ ਲੜਕੀ ਕਵਾਰੀ ਅਵਸਥਾ ਵਿਚ ਹੁੰਦੀ ਹੈ ਤਾਂ ਉਸ ਨੂੰ ਵਿਆਹੇ ਜਾਣ ਦੀ ਖੁਸ਼ੀ ਹੁੰਦੀ ਹੈ। ਜਦੋਂ ਉਹ ਵਿਆਹੀ ਜਾਂਦੀ ਹੈ ਤਾਂ ਉਸ ਨੂੰ ਗ੍ਰਹਿਸਥ ਪੱਧਰ ਦੇ ਰੁਝੇਵੇਂ ਘੇਰ ਲੈਂਦੇ ਹਨ। ਹੇ ਜੀਵ! ਉਹ ਪਛਤਾਉਂਦੀ ਹੈ ਕਿ ਉਸ ਦੇ ਮਨ ਵਿਚ ਪਹਿਲਾਂ ਵਾਲੀ ਸੱਧਰ ਪੈਦਾ ਹੋਵੇ। ਉਹ ਮੁੜ ਕਵਾਰੀ ਬਣਨਾ ਚਾਹੁੰਦੀ ਹੈ ਪਰ ਬਣ ਨਹੀਂ ਸਕਦੀ। ਅਰਥਾਤ ਕਵੀ ਜੀਵ ਨੂੰ ਮੌਜੂਦਾ ਸਥਿਤੀ ਵਿਚ ਹੀ ਪਰਮਾਤਮਾ ਦੀ ਬੰਦਗੀ ਕਰਕੇ ਅੱਗਾ ਸੰਵਾਰਨ ਦਾ ਸੰਦੇਸ਼ ਦਿੰਦਾ ਹੈ।

**ਕਲਰ ਕੇਰੀ ਛਪੜੀ ਆਇ ਉਲਥੇ ਹੰਝ॥**
**ਚਿੰਜੂ ਬੋੜਨਿ੍ ਨਾ ਪੀਵਹਿ ਉਡਣ ਸੰਦੀ ਡੰਝ ॥64॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਕੱਲਰ ਦੀ ਛੱਪੜੀ ਵਿਚ ਹੰਸ ਆ ਉਤਰਦੇ ਹਨ।ਉਹ ਛੱਪੜੀ ਵਿਚ ਆਪਣੀ ਚੁੰਝ ਡੋਬਦੇ ਹਨ। ਛੱਪੜੀ ਵਿਚ ਗੰਦਾ ਪਾਣੀ ਹੈ ਅਤੇ ਉਹ ਗੰਦਾ ਪਾਣੀ ਨਹੀਂ ਪੀਂਦੇ। ਉਨ੍ਹਾਂ ਨੂੰ ਉਥੋਂ ਉਡ ਜਾਣ ਦੀ ਤਾਂਘ ਹੀ ਲੱਗੀ ਰਹਿੰਦੀ ਹੈ। ਅਰਥਾਤ ਕਵੀ ਜੀਵ ਨੂੰ ਇਸ ਲੋਕ ਤੋਂ ਪਰਲੋਕ ਜਾਣ ਬਾਰੇ ਜਾਣੂ ਕਰਵਾਉਣ ਦਾ ਸੰਦੇਸ਼ ਦਿੰਦਾ ਹੈ।

**ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ ॥**
**ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ ॥65॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੰਸ ਉਡ ਕੇ ਕੋਧਰੇ ਦੀ ਫਸਲ ਵਾਲੇ ਖੇਤ ਵਿਚ ਜਾ ਬੈਠਾ। ਖੇਤ ਵਾਲੇ ਬੰਦੇ ਉਸ ਨੂੰ ਉਥੋਂ ਉਡਾਣ ਜਾਂਦੇ ਹਨ ਕਿ ਉਹ ਕੋਧਰੇ ਦੀ ਫਸਲ ਨੂੰ ਖਾ ਕੇ ਖਰਾਬ ਨਾ ਕਰੇ। ਜਦੋਂ ਕਿ ਉਹ ਕਮਲੇ ਲੋਕ ਇਹ ਨਹੀਂ ਜਾਣਦੇ ਕਿ ਹੰਸ ਅਜਿਹਾ ਪੰਛੀ ਹੈ, ਜਿਹੜਾ ਕੋਧਰਾ ਨਹੀਂ ਖਾਂਦਾ। ਅਰਥਾਤ ਕਵੀ ਜੀਵ ਨੂੰ ਆਪਣੀ ਲੋਕ-ਪਰਲੋਕ ਦੀ ਅਸਲ ਸਥਿਤੀ ਨੂੰ ਜਾਨਣ ਦਾ ਸੰਦੇਸ਼ ਦਿੰਦਾ ਹੈ।

**ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ ॥**
**ਫਰੀਦਾ ਸਰੁ ਭਰਿਆ ਭੀ ਚਲਸੀ ਥਕੇ ਕਵਲ ਇਕਲ ॥66॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਨ੍ਹਾਂ ਪੰਛੀ ਰੂਪ ਜੀਵ-ਆਤਮਾਵਾਂ ਨੇ ਇਸ ਸੰਸਾਰ ਰੂਪ ਤਲਾਬ ਨੂੰ ਸੁਹਾਵਣਾ ਬਣਾਇਆ ਹੋਇਆ ਹੈ, ਆਪੋ-ਆਪਣੀ ਵਾਰੀ ਇਸ ਨੂੰ ਛੱਡ ਕੇ ਉਡਾਰੀ ਮਾਰ ਜਾਣਗੇ। ਇਹ ਸੰਸਾਰ-ਤਲਾਬ ਵੀ ਸੁਕ ਜਾਵੇਗਾ। ਤਲਾਬ ਵਿਚ ਉਗੇ ਕੰਵਲ ਦੇ ਫੁੱਲ ਵੀ ਕੁਮਲਾ ਜਾਣਗੇ। ਭਾਵ ਸੰਸਾਰਕ ਸੁੰਦਰ ਪਦਾਰਥਾਂ ਦਾ ਖਾਤਮਾ ਹੋ ਜਾਵੇਗਾ। ਅਰਥਾਤ ਕਵੀ ਜੀਵ ਨੂੰ ਸੰਸਾਰਕ ਪਦਾਰਥਾਂ ਦੇ ਮੋਹ ਨੂੰ ਤਿਆਗ ਕੇ ਅੱਗੇ ਵੱਲ ਦੀ ਉਡਾਰੀ ਦੇ ਅੰਤਿਮ ਸੱਚ ਨੂੰ ਜਾਨਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥**
**ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ ॥67॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਦੋਂ ਤੂੰ ਇਸ ਲੋਕ ਦੀ ਥਾਂ ਕਬਰ ਵਿਚ ਚਲਾ ਜਾਵੇਂਗਾ ਤਾਂ ਤੇਰੇ ਸਿਰ ਹੇਠਾਂ ਇੱਟ ਹੋਵੇਗੀ, ਤੂੰ ਜ਼ਮੀਨ ਉਪਰ ਹੀ ਸੁੱਤਾ ਹੋਵੇਂਗਾ ਅਤੇ ਤੇਰੇ ਸਰੀਰ ਦੇ ਮਾਸ ਵਿਚ ਕੀੜੇ ਤੁਰਦੇ ਹੋਣਗੇ। ਇਸ ਤਰ੍ਹਾਂ ਇਕੋ ਪਾਸੇ ਨੂੰ ਲੰਮਾ ਸਮਾਂ ਬੀਤ ਜਾਵੇਗਾ। ਤੈਨੂੰ ਕਿਸੇ ਨੇ ਵੀ ਜਗਾਉਣਾ ਨਹੀਂ। ਇਸ ਲਈ ਤੂੰ ਮੂਰਖ ਬਣ ਕੇ ਮੌਜੂਦਾ ਸਮੇਂ ਵਿਚ ਨਾ ਸੌਂ ਤੇ ਰੱਬੀ ਬੰਦਗੀ ਕਰਕੇ ਕਬਰ ਦੇ ਅਜ਼ਾਬ ਤੋਂ ਬਚਣ ਦੀ ਤਿਆਰੀ ਕਰ ਲੈ। ਅਰਥਾਤ ਕਵੀ ਜੀਵ ਨੂੰ ਪ੍ਰਲੋਕ ਦਾ ਹਵਾਲਾ ਦੇ ਕੇ ਉਸ ਬਾਰੇ ਸੁਚੇਤ ਹੋਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਭੰਨੀ ਘੜੀ ਸਵੰਨਵੀ ਟੁਟੀ ਨਾਗਰ ਲਜੁ॥**
**ਅਜਰਾਈਲੁ ਫਰੇਸਤਾ ਕੈ ਘਰਿ ਨਾਠੀ ਅਜੁ॥68॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਗੁਆਂਢ ਵਿਚ ਕਿਸੇ ਜੀਵ ਦਾ ਸਰੀਰ ਰੂਪ ਸੁੰਦਰ ਰੰਗ ਵਾਲਾ ਭਾਂਡਾ ਭੱਜ ਗਿਆ ਹੈ। ਉਸ ਦੇ ਸਾਹਾਂ ਦੀ ਸੁਹਣੀ ਲੜੀ ਟੁੱਟ ਗਈ ਹੈ। ਇਹ ਇਸ ਕਰਕੇ ਹੋਇਆ ਕਿ ਉਸ ਦੇ ਘਰ ਮੌਤ ਦਾ ਫਰਿਸ਼ਤਾ ਅਜ਼ਰਾਈਲ ਪ੍ਰਾਹੁਣਾ ਬਣ ਕੇ ਆਇਆ ਸੀ ਤੇ ਉਸ ਦੀ ਰੂਹ ਨੂੰ ਲੈ ਗਿਆ। ਇਹ ਫਰਿਸ਼ਤਾ ਇਕ ਦਿਨ ਤੇਰੇ ਘਰ ਵੀ ਪ੍ਰਾਹੁਣਾ ਬਣ ਕੇ ਆਵੇਗਾ ਤੇ ਤੇਰੀ ਰੂਹ ਨੂੰ ਵੀ ਇਸੇ ਤਰ੍ਹਾਂ ਲੈ ਕੇ ਜਾਵੇਗਾ। ਇਸ ਲਈ ਤੈਨੂੰ ਅਣਜਾਣ ਨਹੀਂ ਬਣਨਾ ਚਾਹੀਦਾ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਭੰਨੀ ਘੜੀ ਸਵੰਨਵੀ ਟੂਟੀ ਨਾਗਰ ਲਜੁ॥**
**ਜੋ ਸਜਣ ਭੁਇ ਭਾਰੁ ਥੇ ਸੇ ਕਿਉ ਆਵਹਿ ਅਜੁ ॥69॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਗੁਆਂਢੀ ਦਾ ਸੁਹਣੇ ਸਰੀਰ ਵਾਲਾ ਭਾਂਡਾ ਟੁੱਟ ਗਿਆ ਹੈ ਤੇ ਸਾਹਾਂ ਦੀ ਸੁਹਣੀ ਲੜੀ ਟੁੱਟ ਗਈ ਹੈ। ਜਿਹੜੇ ਵਿਅਕਤੀ ਰੱਬ ਦੀ ਬੰਦਗੀ ਕਰਨ ਤੋਂ ਲਾਪਰਵਾਹ ਸਨ, ਉਹ ਧਰਤੀ ਉੱਪਰ ਨਿਰਾ ਭਾਰ ਹੀ ਹਨ। ਉਨ੍ਹਾਂ ਨੂੰ ਅੱਜ ਦਾ ਲੰਘਿਆ ਸਮਾਂ ਵਾਪਸ ਪ੍ਰਾਪਤ ਨਹੀਂ ਹੋਵੇਗਾ। ਅਰਥਾਤ ਕਵੀ ਜੀਵ ਨੂੰ ਮੌਜੂਦਾ ਵਕਤ ਵਿਚ ਹੀ ਰੱਬ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥**
**ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥70॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਹੜੇ ਵਿਅਕਤੀ ਨਮਾਜ਼ ਨਹੀਂ ਪੜ੍ਹਦੇ ਭਾਵ ਰੱਬੀ ਬੰਦਗੀ ਤੋਂ ਪਰੇ ਹਨ, ਉਹ ਕਦੇ ਵੀ ਉਦਮ ਕਰਕੇ ਪੰਜੇ ਵੇਲੇ ਦੀਆਂ ਨਮਾਜਾਂ ਪੜ੍ਹਣ ਲਈ ਮਸਜਿਦ ਵਿਚ ਨਹੀਂ ਆਉਂਦੇ। ਇਸ ਤਰ੍ਹਾਂ ਜਿਹੜੇ ਜੀਵ ਪੰਜ ਵਕਤ ਰੱਬ

ਨੂੰ ਯਾਦ ਨਹੀਂ ਕਰਦੇ, ਉਹ ਕੁੱਤਿਆਂ ਦੇ ਸਮਾਨ ਹਨ ਤੇ ਉਨ੍ਹਾਂ ਦਾ ਜੀਵਨ ਜਿਉਣ ਦਾ ਢੰਗ ਚੰਗਾ ਨਹੀਂ ਹੈ। ਅਰਥਾਤ ਕਵੀ ਜੀਵ ਨੂੰ ਹਰ ਰੋਜ਼ ਰੱਬ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ॥**
**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥71॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਸਵੇਰੇ ਉਠ ਕੇ ਮੂੰਹ-ਹੱਥ ਧੋ ਕੇ ਭਾਵ ਨਹਾ ਕੇ ਸਵੇਰੇ ਵੇਲੇ ਦੀ ਨਮਾਜ਼ ਪੜ੍ਹ। ਜੇਕਰ ਤੇਰਾ ਸਿਰ ਰੱਬ ਅੱਗੇ ਨਹੀਂ ਝੁਕਦਾ ਤਾਂ ਇਸ ਸਿਰ ਨੂੰ ਕੱਟ ਕੇ ਲਾਹ ਦੇ। ਭਾਵ ਬੰਦਗੀ ਤੋਂ ਬੇਪਰਵਾਹ ਬੰਦੇ ਦੇ ਜਿਉਣ ਦਾ ਕੋਈ ਅਰਥ ਨਹੀਂ ਹੁੰਦਾ। ਅਰਥਾਤ ਕਵੀ ਜੀਵ ਨੂੰ ਰੱਬੀ ਬੰਦਗੀ ਵਿਚ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ।

**ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ ॥**
**ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ॥72॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਿਹੜਾ ਸਿਰ ਰੱਬ ਦੀ ਬੰਦਗੀ ਵਿਚ ਨਹੀਂ ਝੁਕਦਾ, ਉਸ ਦਾ ਕੋਈ ਫਾਇਦਾ ਨਹੀਂ ਹੈ। ਉਸ ਨੂੰ ਸੁੱਕੀ ਲੱਕੜੀ ਵਾਂਗ ਚੁੱਲੇ ਵਿਚ ਤੌੜੀ ਹੇਠ ਬਾਲਣ ਵਜੋਂ ਜਲਾ ਦੇਣਾ ਚਾਹੀਦਾ ਹੈ। ਅਰਥਾਤ ਕਵੀ ਜੀਵ ਨੂੰ ਰੱਬੀ ਬੰਦਗੀ ਕਰਨ ਨੂੰ ਜੀਵਨ ਦਾ ਅਸਲ ਉਦੇਸ਼ ਬਣਾ ਲੈਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਕਿਥੈ ਤੈਡੇ ਮਾਪਿਆ ਜਿਨ੍ਹੀ ਤੂ ਜਣਿਓਹਿ ॥**
**ਤੈ ਪਾਸਹੁ ਓਇ ਲਦਿ ਗਏ ਤੂੰ ਅਜੈ ਨ ਪਤੀਣੋਹਿ ॥73॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਮਾਪੇ ਕਿੱਥੇ ਹਨ, ਜਿਨ੍ਹਾਂ ਨੇ ਤੈਨੂੰ ਜਨਮਿਆ ਸੀ। ਉਹ ਕਦੋਂ ਦੇ ਕਬਰਾਂ ਵਿਚ /ਪ੍ਰਲੋਕ ਚਲੇ ਗਏ ਹਨ। ਤੈਨੂੰ ਅਜੇ ਵੀ ਯਕੀਨ ਨਹੀਂ ਹੈ ਕਿ ਆਪਣੇ ਮਾਪਿਆਂ ਵਾਂਗ ਤੂੰ ਵੀ ਇਕ ਦਿਨ ਇਸ ਸੰਸਾਰ ਤੋਂ ਚਲੇ ਜਾਣਾ ਹੈ।

**ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ॥**
**ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥74॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਆਪਣੇ ਮਨ ਨੂੰ ਪੱਧਰਾ ਕਰ ਦੇ। ਇਸ ਦੇ ਉੱਚੇ-ਨੀਵੇਂ ਥਾਂ ਨੂੰ ਤੂੰ ਦੂਰ ਕਰ ਲੈ। ਭਾਵ ਮਨ ਵਿਚ ਟੋਏ-ਟਿੱਬੇ ਟਿਕੇ ਰਹਿਣ ਕਰਕੇ ਜੀਵ ਦੁਨਿਆਵੀਂ ਪਦਾਰਥਾਂ ਵਿਚ ਹੀ ਉਲਝਿਆ ਰਹਿੰਦਾ ਹੈ। ਇਨ੍ਹਾਂ ਪਦਾਰਥਾਂ ਤੋਂ ਬਚ ਕੇ ਭਾਵ ਪੱਧਰਾ ਕਰਕੇ ਹੀ ਜੀਵ ਰੱਬ ਦੀ ਬੰਦਗੀ ਕਰ ਸਕਦਾ ਹੈ ਅਤੇ ਅੱਗੇ ਪ੍ਰਲੋਕ ਵਿਚ ਨਰਕਾਂ ਦੀ ਅੱਗ ਤੋਂ ਬਚ ਸਕਦਾ ਹੈ। ਕਵੀ ਜੀਵ ਨੂੰ ਦੁਨੀਆਵੀ ਪਦਾਰਥਾਂ ਦੇ ਮੋਹ ਦਾ ਤਿਆਗ ਕਰਕੇ ਨਰਕਾਂ ਦੇ ਸੰਤਾਪ ਤੋਂ ਬਚਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਜਿ ਦਿਹਿ ਨਾਲਾ ਕਪਿਆ ਜੇ ਗਲੁ ਕਪਹਿ ਚੁਖ॥**
**ਪਵਨਿ ਨ ਇਤੀ ਮਾਮਲੇ ਸਹਾਂ ਨ ਇਤੀ ਦੁਖ ॥76॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਜੇਕਰ ਉਚ ਨੀਚ ਦੇ ਝੰਜਟਾਂ ਵਿਚ ਹੀ ਉਲਝ ਕੇ ਜੀਵਨ ਬਤੀਤ ਕਰਨਾ ਹੈ ਤਾਂ ਚੰਗਾ ਸੀ ਕਿ ਜਿਸ ਦਿਨ ਤੇਰੇ ਜਨਮ ਮਗਰੋਂ ਦਾਈ ਨੇ ਤੇਰਾ ਨਾੜੂਆ ਕੱਟਿਆ ਸੀ, ਉਸੇ ਦਿਨ ਤੇਰਾ ਸਿਰ ਵੀ ਕੱਟ ਦਿੰਦੀ। ਉਸ ਦਾ ਸਿਰ ਕੱਟਣ ਨਾਲ ਜੀਵਨ ਦਾ ਅੰਤ ਹੋ ਜਾਂਦਾ। ਇਸ ਤਰ੍ਹਾਂ ਦੇ ਝੰਬੇਲੇ ਹੀ ਨਾ ਪੈਂਦੇ ਤੇ ਇਸ ਤਰ੍ਹਾਂ ਦੇ ਦੁੱਖ ਵੀ ਝੱਲਣੇ ਨਾ ਪੈਂਦੇ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਝੰਬੇਲਿਆਂ ਤੋਂ ਰਹਿਤ ਜੀਵਨ ਬਸਰ ਕਰਨ ਦਾ ਸੰਦੇਸ਼ ਦਿੰਦਾ ਹੈ।

**ਚਬਣ ਚਲਣ ਰਤੰਨ ਸੇ ਸੁਣੀਅਰ ਬਹਿ ਗਏ ॥**
**ਹੇੜੇ ਮੁਤੀ ਧਾਹ ਸੇ ਜਾਨੀ ਚਲਿ ਗਏ ॥77॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੇਰੇ ਦੰਦ, ਲੱਤਾਂ, ਅੱਖਾਂ ਤੇ ਕੰਨ ਸਾਰੇ ਬੇਕਾਰ ਹੋ ਗਏ ਹਨ, ਜਿਨ੍ਹਾਂ ਨਾਲ ਤੂੰ ਉਚ-ਨੀਚ ਦੇ ਫਾਸਲੇ ਬਣਾਏ ਹੋਏ ਸਨ। ਹੁਣ ਸਰੀਰ ਢਾਹ ਮਾਰਦਾ ਦੁਖੀ ਹੋ ਰਿਹਾ ਹੈ ਕਿ ਉਸ ਦੇ ਮਿੱਤਰ ਇੱਥੋਂ ਤੁਰ ਗਏ ਹਨ। ਭਾਵ ਉਸ ਦਾ ਸਾਥ ਦੇਣੋਂ ਰਹਿ ਗਏ ਹਨ, ਜਿਨ੍ਹਾਂ ਉੱਪਰ ਉਸ ਨੂੰ ਮਾਣ ਸੀ। ਅਰਥਾਤ ਕਵੀ ਜੀਵ ਨੂੰ ਸਰੀਰ ਦੀ ਨਾਸ਼ਮਾਨਤਾ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥78॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਬੁਰਾਈ ਕਰਨ ਵਾਲੇ ਬੰਦੇ ਦਾ ਵੀ ਭਲਾ ਕਰ। ਤੂੰ ਆਪਣੇ ਮਨ ਵਿਚ ਕਿਸੇ ਬਾਰੇ ਗੁੱਸਾ ਨਾ ਆਉਣ ਦੇ। ਇਸ ਤਰ੍ਹਾਂ ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ ਅਤੇ ਹਰੇਕ ਪਦਾਰਥ ਭਾਵ ਚੰਗਾ ਗੁਣ ਵੀ ਸੰਭਾਲਿਆ ਰਹਿੰਦਾ ਹੈ। ਅਰਥਾਤ ਕਵੀ ਮਨੁੱਖਾਂ ਨੂੰ ਆਪਸੀ ਮਿਲਵਰਤਨ ਅਤੇ ਨੇਕ ਅਮਲਾਂ ਨੂੰ ਅਪਣਾਉਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥**
**ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ ॥79॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਇਹ ਦੁਨੀਆਂ ਇਕ ਸੁਹਣੇ ਬਾਗ ਦੀ ਤਰ੍ਹਾਂ ਹੈਂ। ਇਸ ਬਾਗ ਵਿਚ ਪੰਛੀਆਂ ਦੀ ਡਾਰ ਪਰਾਹੁਣੀ ਹੈ। ਜਦੋਂ ਸਵੇਰ ਦਾ ਐਲਾਨ ਹੋਇਆ ਤਾਂ ਰਾਤ ਕੱਟਣ ਤੋਂ ਮਗਰੋਂ ਸਭ ਨੇ ਸਵੇਰੇ ਚਲੇ ਜਾਣਾ ਹੈ। ਭਾਵ ਇਹ ਦੁਨੀਆਂ ਵਿਚ ਰੰਗੀਲੇ ਪਦਾਰਥ ਹਨ। ਜੀਵ-ਆਤਮਾ ਇਕ ਪੰਛੀ ਦੇ ਰਾਤ ਨੂੰ ਬਾਗ ਵਿਚ ਠਹਿਰਨ ਵਾਂਗ ਸੰਸਾਰ ਵਿਚ ਪ੍ਰਾਹੁਣੀ ਹੈ। ਰਾਤ ਮੁੱਕਣ 'ਤੇ ਜੀਵ ਆਤਮਾ ਨੇ ਅੱਗੇ ਵੱਲ ਉਡਾਰੀ ਮਾਰਨੀ ਹੈ। ਉਸ ਦਾ ਲੋਕ ਤੋਂ ਪ੍ਰਲੋਕ ਜਾਣਾ ਪੱਕਾ ਹੈ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥**
**ਜਿੰਨ੍ਾ ਨੈਣ ਨੀਂਦ੍ਰਾਵਲੇ ਤਿੰਨ੍ਾ ਮਿਲਣੁ ਕੁਆਉ ॥80॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਉਹ ਤਿਆਰੀ ਰਾਤ ਨੂੰ ਹੀ ਹੋ ਸਕਦੀ ਹੈ, ਜਿਸ ਰਾਤ ਇਕਾਂਤ ਵਿਚ ਕਸਤੂਰੀ ਵੰਡੀਦੀ ਹੈ। ਭਾਵ ਰਾਤ ਦੀ ਇਕਾਂਤ ਵਿਚ ਹੀ ਭਜਨ ਦੀ ਸੁਗੰਧੀ ਪੈਦਾ ਹੁੰਦੀ ਹੈ। ਜਿਹੜੇ ਲੋਕ ਰਾਤ ਨੂੰ ਸੁੱਤੇ ਰਹਿਣ, ਉਨ੍ਹਾਂ ਨੂੰ ਇਸ ਵਿਚੋਂ ਹਿੱਸਾ ਨਹੀਂ ਮਿਲਦਾ। ਜਿਨ੍ਹਾਂ ਦੀਆਂ ਅੱਖਾਂ ਸਾਰੀ ਰਾਤ ਨੀਂਦ ਵਿਚ ਘੁੱਟੀਆਂ ਰਹਿਣ, ਉਨ੍ਹਾਂ ਨੂੰ ਨਾਮ ਦੀ ਕਸਤੂਰੀ ਦੀ ਪ੍ਰਾਪਤੀ ਨਹੀਂ ਹੁੰਦੀ। ਅਰਥਾਤ ਕਵੀ ਜੀਵ ਨੂੰ ਰਾਤ ਦੀ ਇਕਾਂਤ ਵਿਚ ਇਕਾਗਰ ਚਿੱਤ ਬੰਦਗੀ ਕਰਕੇ ਰੱਬ ਦੇ ਮਿਲਾਪ ਹੋਣ ਪ੍ਰਤੀ ਸੰਦੇਸ਼ ਦਿੰਦਾ ਹੈ।

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥81॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੈਂ ਦੁਨਿਆਵੀ ਊਚ-ਨੀਚ ਤੋਂ ਪੈਦਾ ਹੋਏ ਦੁੱਖ ਨੂੰ ਜਾਣਿਆ ਕਿ ਇਹ ਕੇਵਲ ਮੈਨੂੰ ਹੀ ਹੈ। ਭਾਵ ਮੈਂ ਹੀ ਦੁਖੀ ਹਾਂ। ਅਸਲ ਵਿਚ ਜਾਨਣ ਤੋਂ ਬਾਅਦ ਵਿਚ ਪਤਾ ਚੱਲਿਆ ਕਿ ਇਹ ਦੁੱਖ ਤਾਂ ਸਾਰੇ ਸੰਸਾਰ ਵਿਚ ਹੀ ਵਾਪਰ ਰਿਹਾ ਹੈ। ਜਦੋਂ ਮੈਂ ਆਪਣੇ ਦੁੱਖ ਤੋਂ ਉਚੇਰਾ ਹੋ ਕੇ ਧਿਆਨ ਮਾਰਿਆ ਤਾਂ ਮੈਂ ਵੇਖਿਆ ਕਿ ਹਰੇਕ ਘਰ ਵਿਚ ਇਹੀ ਅੱਗ ਬਲ ਰਹੀ ਹੈ। ਭਾਵ ਹਰੇਕ ਜੀਵ ਦੁਨਿਆਵੀ ਵਿਕਾਰਾਂ ਕਰਕੇ ਦੁਖੀ ਹੈ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਪਦਾਰਥਾਂ ਦੇ ਮੋਹ ਦੇ ਦੁੱਖ ਤੋਂ ਬਚਣ ਦਾ ਸੰਦੇਸ਼ ਦਿੰਦਾ ਹੈ।

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥**
**ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥84॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਦੁਨੀਆਵੀ ਪਦਾਰਥਾਂ ਦੇ ਦੁੱਖ ਵਿਚ ਘਿਰਿਆ ਜੀਵ ਆਖਦਾ ਹੈ ਕਿ ਹੇ ਦੁੱਖਾਂ ਦੇ ਵਹਿਣ! ਮੈਨੂੰ ਕੋਈ ਕਿਨਾਰਾ ਪ੍ਰਾਪਤ ਹੋਵੇ। ਉਸ ਦੇ ਕਿਨਾਰੇ ਨੂੰ ਨਾ ਢਾਹ। ਭਾਵ ਉਸ ਨੂੰ ਹੋਰ ਦੁੱਖ ਨਾ ਪ੍ਰਾਪਤ ਹੋਣ। ਤੈਨੂੰ ਵੀ ਆਪਣੇ ਕੀਤੇ ਦਾ ਲੇਖਾ ਦੇਣਾ ਪਵੇਗਾ। ਦੁਖੀ ਜੀਵ ਨੂੰ ਇਹ ਸਮਝ ਨਹੀਂ ਰਹਿੰਦੀ ਕਿ ਦੁੱਖਾਂ ਦਾਹੜ੍ਹ ਉਸ ਪਾਸੇ ਹੀ ਢਾਲ ਲਗਾਉਂਦਾ ਹੈ, ਜਿਸ ਪਾਸੇ ਰੱਬ ਦੀ ਮਰਜ਼ੀ ਹੁੰਦੀ ਹੈ। ਇਸ ਤਰ੍ਹਾਂ ਰੱਬ ਦੀ ਰਜ਼ਾ ਅਨੁਸਾਰ ਰੱਬ ਤੋਂ ਵਿਛੜੇ ਹੋਏ ਜੀਵ ਦੇ ਆਪਣੇ ਕੀਤੇ ਬੁਰੇ ਕਰਮਾਂ ਦੇ ਅਧੀਨ ਦੁੱਖਾਂ ਦਾ ਹੜ੍ਹ ਉਸ ਨੂੰ ਆ ਰੋੜਦਾ ਹੈ। ਅਰਥਾਤ ਕਵੀ ਜੀਵ ਨੂੰ ਆਪਣੀ ਸੰਸਾਰਕ ਹੋਣੀ ਪ੍ਰਤੀ ਰੱਬੀ ਰਜ਼ਾ ਨੂੰ ਜਾਨਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਡੁਖਾ ਸੇਤੀ ਦਿਹੁ ਗਇਆ ਸੂਲਾਂ ਸੇਤੀ ਰਾਤਿ॥**
**ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥85॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਦੁਨਿਆਵੀ ਊਚ-ਨੀਚ ਕਾਰਨ

ਦੁੱਖਾਂ ਦੀ ਨਦੀ ਵਿਚ ਰੁੜ੍ਹੇ ਜਾਂਦੇ ਜੀਵਾਂ ਦਾ ਦਿਨ ਦੁੱਖਾਂ ਵਿਚ ਬਤੀਤ ਹੁੰਦਾ ਹੈ ਅਤੇ ਰਾਤ ਵੀ ਚਿੰਤਾ ਦੀਆਂ ਚੋਭਾਂ ਵਿਚ ਬਤੀਤ ਹੁੰਦੀ ਹੈ। ਉਨ੍ਹਾਂ ਨੂੰ ਦਿਨ-ਰਾਤ ਪੀੜਤ ਸਥਿਤੀ ਵਿਚ ਗੁਜ਼ਾਰਨਾ ਪੈਂਦਾ ਹੈ। ਇਨ੍ਹਾਂ ਤੋਂ ਮੁਕਤੀ ਦਿਵਾਉਣ ਵਾਲਾ ਗੁਰੂ ਮਲਾਹ, ਨਦੀ ਦੇ ਕੰਢੇ 'ਤੇ ਖਲੋਤਾ ਹੋਇਆ ਹੈ। ਉਹ ਉਨ੍ਹਾਂ ਨੂੰ ਉੱਚੀ-ਉੱਚੀ ਬੋਲ ਕੇ ਸੁਚੇਤ ਕਰਦਾ ਹੈ ਕਿ ਉਨ੍ਹਾਂ ਦੀ ਕਿਸ਼ਤੀ ਦੁੱਖਾਂ ਦੀਆਂ ਠਾਠਾਂ ਦੇ ਮੂੰਹ ਵਿਚ ਆ ਡਿੱਗੀ ਹੈ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਦੁੱਖਾਂ ਦੀ ਅਵਸਥਾ ਅਤੇ ਇਨ੍ਹਾਂ ਤੋਂ ਮੁਕਤੀ ਲਈ ਗੁਰੂ ਦੀ ਭੂਮਿਕਾ ਪ੍ਰਤੀ ਸੰਦੇਸ਼ ਦਿੰਦਾ ਹੈ।

**ਲੰਮੀ ਲੰਮੀ ਨਦੀ ਵਹੈ ਕੰਧੀ ਕੇਰੈ ਹੇਤਿ॥**
**ਬੇੜੇ ਨੋ ਕਪਰੁ ਕਿਆ ਕਰੇ ਜੇ ਪਾਤਣ ਰਹੈ ਸੁਚੇਤਿ॥86॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਦੁਨਿਆਵੀ ਜੀਵਾਂ ਰੂਪ ਕਿਨਾਰਿਆਂ ਨੂੰ ਢਾਹੁਣ ਲਈ ਦੁੱਖਾਂ ਦੀ ਬਹੁਤ ਲੰਮੀ ਨਦੀ ਵਗ ਰਹੀ ਹੈ। ਇਸ ਨਦੀ ਵਿਚਲੇ ਬੇੜੇ ਦਾ ਪਦਾਰਥਾਂ ਦੇ ਦੁੱਖ ਰੂਪ ਵਿਕਾਰ ਕੁੱਝ ਵੀ ਨਹੀਂ ਕਰ ਸਕਦੇ, ਜੇਕਰ ਮਲਾਹ ਨੂੰ ਪਰਮਾਤਮਾ ਦਾ ਚੇਤਾ ਰਹੇ। ਭਾਵ ਪਰਮਾਤਮਾ ਨੂੰ ਯਾਦ ਰੱਖਦਿਆਂ ਜੀਵ ਨੂੰ ਦੁੱਖਾਂ ਦੀ ਅੱਗ ਕੁੱਝ ਵੀ ਨਹੀਂ ਕਰ ਸਕਦੀ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਦੁੱਖਾਂ/ਔਕੜਾਂ ਤੋਂ ਬਚਣ ਲਈ ਪਰਮਾਤਮਾ ਦਾ ਸਹਾਰਾ ਲੈਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਗਲੀਂ ਸੁ ਸਜਣ ਵੀਹ ਇਕੁ ਢੂੰਢੇਦੀ ਨ ਲਹਾਂ॥**
**ਧੁਖਾਂ ਜਿਉ ਮਾਂਲੀਹ ਕਾਰਣਿ ਤਿੰਨ੍ਹਾ ਮਾ ਪਿਰੀ॥87॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਗੱਲਾਂ ਨਾਲ ਭਰਮਾਉਣ ਵਾਲੇ ਵੀਹ ਮਿੱਤਰ ਮਿਲ ਜਾਂਦੇ ਹਨ, ਪਰ ਅਸਲ ਗੱਲਾਂ ਕਰਨ ਵਾਲਾ ਇਕ ਮਿੱਤਰ ਵੀ ਨਹੀਂ ਮਿਲਦਾ, ਜਿਹੜਾ ਉਸ ਦੀ ਜ਼ਿੰਦਗੀ ਦੀ ਕਿਸ਼ਤੀ ਨੂੰ ਦੁੱਖਾਂ ਦੀ ਨਦੀ ਤੋਂ ਪਾਰ ਲਗਾਵੇ। ਉਹ ਤਾਂ ਅਸਲ ਗੱਲਾਂ ਕਰਨ ਵਾਲੇ ਸਤ-ਸੰਗੀ ਮਿੱਤਰਾਂ ਦੇ ਨਾ ਮਿਲਣ ਕਰਕੇ ਸੁੱਕੇ ਗੋਹੇ ਵਾਂਗ ਧੁਖਦੀ ਹੋਏ ਅੰਦਰੋ-ਅੰਦਰ ਦੁਖੀ ਹੋ ਰਿਹਾ ਹੈ। ਅਰਥਾਤ ਕਵੀ ਜੀਵ ਨੂੰ ਰੱਬੀ ਗਿਆਨ ਦੇਣ ਵਾਲੇ ਮਿੱਤਰਾਂ ਦੇ ਸਾਥ ਵਿਚ ਰਹਿ ਕੇ ਸੁਖ ਦੀ ਪ੍ਰਾਪਤੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਇਹੁ ਤਨੁ ਭਉਕਣਾ ਨਿਤ ਨਿਤ ਦੁਖੀਐ ਕਉਣੁ॥**
**ਕੰਨੀ ਬੁਜੇ ਦੇ ਰਹਾਂ ਕਿਤੀ ਵਗੈ ਪਉਣੁ॥88॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੇਰਾ ਸਰੀਰ ਤਾਂ ਭੌਂਕਾ ਹੋ ਗਿਆ ਹੈ। ਇਹ ਹਰ ਵੇਲੇ ਨਵੇਂ-ਨਵੇਂ ਪਦਾਰਥਾਂ ਦੀ ਮੰਗ ਕਰਦਾ ਹੈ। ਇਨ੍ਹਾਂ ਪਦਾਰਥਾਂ ਦੀਆਂ ਮੰਗਾਂ ਦੀ ਪੂਰਤੀ ਲਈ ਹਰ ਰੋਜ਼ ਕੌਣ ਔਖਾ ਹੋਵੇ। ਉਹ ਤਾਂ ਇਨ੍ਹਾਂ ਤੋਂ ਕਿਨਾਰਾ ਕਰਨ ਲਈ ਕੰਨਾਂ ਵਿਚ ਬੁੱਜੇ ਦੇਈ ਰੱਖੇਗਾ ਕਿ ਜਿੰਨੀ ਮਰਜੀ ਹਵਾ ਚੱਲੀ ਜਾਵੇ, ਉਸ ਦੀ ਪਰਵਾਹ ਨਹੀਂ ਕਰੇਗਾ। ਇਸ ਪ੍ਰਕਾਰ ਉਹ ਸਰੀਰਕ ਮੰਗਾਂ ਦੀ ਪੂਰਤੀ ਲਈ ਉੱਚੀ-ਉੱਚੀ ਬੋਲਣ ਨੂੰ ਸੁਣਨ ਲਈ ਆਪਣੇ ਕੰਨਾਂ ਨੂੰ ਬੰਦ ਕਰਕੇ ਵਿਕਾਰਾਂ ਵਿਚ ਫਸਣ ਤੋਂ ਕਿਨਾਰਾ ਕਰੇਗਾ। ਅਰਥਾਤ

ਕਵੀ ਜੀਵ ਨੂੰ ਦੁਨਿਆਵੀ ਮਨਮੋਹਣੇ ਪਦਾਰਥਾਂ ਤੋਂ ਬਚਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਰਬ ਖਜੂਰੀ ਪਕੀਆਂ ਮਾਖਿਅ ਨਈ ਵਹੰਨ੍ਹਿ॥**
**ਜੋ ਜੋ ਵੰਞੈਂ ਡੀਹੜਾ ਸੋ ਉਮਰ ਹਥ ਪਵੰਨਿ॥89॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੈਨੂੰ ਰੱਬ ਦੀਆਂ ਪੱਕੀਆਂ ਹੋਈਆਂ ਖਜੂਰਾਂ ਦਿਸ ਰਹੀਆਂ ਹਨ ਅਤੇ ਸ਼ਹਿਦ ਦੀਆਂ ਨਦੀਆਂ ਵਗਦੀਆਂ ਵੀ ਦਿਸਦੀਆਂ ਹਨ। ਇਹ ਖਜੂਰਾਂ ਤੇ ਸ਼ਹਿਦ ਦੀਆਂ ਨਦੀਆਂ ਸੁਹਣੇ, ਸੁਆਦਲੇ ਤੇ ਮਨਮੋਹਣੇ ਪਦਾਰਥ ਹਨ, ਜੋ ਜੀਵ ਨੂੰ ਭਰਮਾਉਂਦੇ ਹਨ। ਇਨ੍ਹਾਂ ਪਦਾਰਥਾਂ ਦੇ ਮਾਨਣ ਵਿਚ ਜੀਵ ਦਾ ਜਿਹੜਾ ਦਿਨ ਬੀਤਦਾ ਹੈ, ਉਹ ਉਸ ਦੀ ਉਮਰ ਦਾ ਦਿਨ ਅਜਾਈ ਜਾਂਦਾ ਹੈ। ਅਰਥਾਤ ਕਵੀ ਜੀਵ ਨੂੰ ਸੰਸਾਰਕ ਪਦਾਰਥਾਂ ਦੇ ਲੁਭਾਉਣੇ ਪੱਖ ਤੋਂ ਮੁਕਤ ਹੋਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥**
**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥90॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਦੁਨਿਆਵੀ ਪਦਾਰਥਾਂ ਦੇ ਮੋਹ ਵਿਚ ਜੀਵਨ ਬਤੀਤ ਕਰਦਾ ਜੀਵ ਦਾ ਸਰੀਰ ਬਹੁਤ ਮਾੜਾ ਹੋ ਗਿਆ ਹੈ। ਉਸ ਦਾ ਪਿੰਜਰ ਸੁੱਕ ਕੇ ਹੱਡੀਆਂ ਦੀ ਮੁੱਠ ਬਣ ਗਿਆ ਹੈ। ਇਸ ਸਥਿਤੀ ਵਿਚ ਪਹੁੰਚ ਕੇ ਵੀ ਉਹ ਤਲੀਆਂ ਨੂੰ ਠੁੱਡੇ ਮਾਰ-ਮਾਰ ਕੇ ਦੁਨਿਆਵੀ ਪਦਾਰਥਾਂ ਦੇ ਚਸਕੇ ਲੈ ਰਿਹਾ ਹੈ। ਦੁਨਿਆਵੀ ਵਿਕਾਰਾਂ ਵਿਚ ਫਸੇ ਜੀਵ ਦੀ ਹੋਣੀ ਇਹ ਹੈ ਕਿ ਪਦਾਰਥਾਂ ਨੂੰ ਭੋਗਦਿਆਂ ਉਸ ਨੇ ਸਰੀਰ ਵੀ ਗਵਾ ਲਿਆ ਹੈ ਅਤੇ ਰੱਬ ਦੀ ਉਸ ਉੱਪਰ ਕੋਈ ਮਿਹਰ ਵੀ ਨਹੀਂ ਹੋਈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਦੁਨੀਆਵੀ ਪਦਾਰਥਾਂ ਨੂੰ ਭੋਗਦੇ ਤਨ ਬਿਰਧ ਹੋ ਜਾਂਦਾ ਹੈ। ਜੇਕਰ ਇਨ੍ਹਾਂ ਪਦਾਰਥਾਂ ਤੋਂ ਬਚ ਕੇ ਰੱਬੀ ਬੰਦਗੀ ਕੀਤੀ ਜਾਵੇ ਤਾਂ ਹੀ ਪਰਮਾਤਮਾ ਦੀ ਮਿਹਰ ਉਸ ਉੱਪਰ ਹੋ ਸਕਦੀ ਹੈ।

### 3.4 Summary (ਨਿਸ਼ਕਰਸ਼)

ਇਨ੍ਹਾਂ ਸਲੋਕਾਂ ਦੀ ਵਿਆਖਿਆ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਬਾ ਫ਼ਰੀਦ ਮਨੁੱਖ ਨੂੰ ਬਾਹਰੀ ਦਿਖਾਵਿਆਂ ਵਾਲਾ ਜੀਵਨ ਛੱਡਣ ਲਈ ਕਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮਨੁੱਖ ਨੂੰ ਹਰ ਰੋਜ਼ ਪਰਮਾਤਮਾਂ ਦਾ ਨਾਮ ਜਪਣਾ ਚਾਹੀਦਾ ਹੈ। ਬਾਬਾ ਫ਼ਰੀਦ ਅਨੁਸਾਰ ਮਨੁੱਖ ਦੀ ਦੁਨਿਆਵੀ ਸੁੰਦਰਤਾ ਦਾ ਕੋਈ ਮੁੱਲ ਨਹੀਂ ਪੈਂਦਾ। ਅਸਲੀ ਸੁੰਦਰਤਾ ਦਾ ਨਿਤਾਰਾ ਤਾਂ ਪਰਲੋਕ ਵਿੱਚ ਹੀ ਹੁੰਦਾ ਹੈ। ਪਰਲੋਕ ਵਿੱਚ ਪਰਮਾਤਮਾ ਦੇ ਨਾਮ ਸਿਮਰਨ ਤੋਂ ਇਲਾਵਾ ਕੁਝ ਵੀ ਸਾਥ ਨਹੀਂ ਜਾਂਦਾ। ਇਸ ਲਈ ਮਨੁੱਖ ਨੂੰ ਇਕ ਸਰਬ ਸ਼ਕਤੀਮਾਨ ਪਰਮਾਤਮਾ ਭਾਵ ਉਸ ਅਕਾਲ ਪੁਰਖ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ ਜਿਹੜਾ ਕੁੱਲ ਦੁਨੀਆ ਦਾ ਮਾਲਕ ਹੈ। ਜਿਸ ਦੀ ਰਜ਼ਾ ਵਿੱਚ ਪੂਰਾ ਸੰਸਾਰ ਚੱਲਦਾ ਹੈ।

### 3.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਤਤੀ-ਗਰਮ ਹੋਈ, ਮਾਮਲੇ-ਕਜ਼ੀਏ, ਜੰਜਾਲ, ਹੰਝ-ਹੰਸ, ਕ੍ਰੋਧੈ-ਕੋਧਰੇ ਦਾ ਖੇਤ, ਵਿਡਾਰਣਿ-ਉਡਾਣ ਲਈ, ਗਹਲਾ-ਕਮਲਾ, ਮੂਰਖ, ਤਲ-ਤਲਾਬ, ਥਕੇ-ਕੁਮਲਾ ਗਏ, ਇਕਲ-ਪਿੱਛੇ ਇਕੱਲਾ ਰਹਿ ਗਿਆ, ਭੁਇ-ਧਰਤੀ, ਸਵੰਨਵੀ-ਸੋਹਣੇ ਰੰਗ ਵਾਲੀ, ਨਾਗਰ-ਸੁੰਦਰ, ਰੀਤਿ-ਤਰੀਕਾ, ਬੇਨਿਵਾਜਾ-ਜੋ ਨਿਮਾਜ਼ ਨਹੀਂ ਪੜਦਾ, ਉਜੂ-ਵਜੂ ਕਰਨਾ, ਕੀਜੈ ਕਾਇ-ਕੀ ਕਰੀਏ, ਕੁੰਨਾ-ਤੌੜੀ, ਪਤੀਣੋਹਿ-ਯਕੀਨ ਆਇਆ, ਭਾਹਿ-ਅੱਗ, ਆਵਸੀ-ਆਵੇਗੀ, ਨਾਲਾ-ਨਾੜੂਆ, ਕਪਹਿ-ਕੱਟ ਦੇਣਾ, ਚੁਖ-ਜਰਾ ਕੁ, ਚਬਣ-ਦੰਦ, ਚਲਣ-ਲੱਤਾ, ਸੁਣੀਅਰ-ਕੰਨ, ਧਾਹ ਮੁਤੀ-ਢਾਹ ਮਾਰੀ, ਸੇ ਜਾਨੀ- ਉਹ ਮਿੱਤਰ, ਪਲੈ ਪਾਈ-ਪੱਲੇ ਪਈ ਰਹਿੰਦੀ ਹੈ, ਪੰਖ-ਪੰਛੀਆਂ ਦੀ ਡਾਰ,ਨਉਬਤਿ-ਨੌਬਤ, ਸਾਜੁ-ਸਮਾਨ, ਭਾਉ-ਹਿੱਸਾ, ਕੁਆਉ-ਕਿੱਥੋ, ਕਿਵੇਂ, ਸਬਾਇਐ-ਸਾਰੇ, ਕੰਧੀ-ਦਰਿਆ ਦਾ ਕਿਨਾਰਾ, ਤਿਦਾਊ-ਉਸੇ ਪਾਸੇ, ਰਾਉ ਕਰੇ-ਰਸਤਾ ਬਣਾਉਂਦਾ ਹੈ, ਡੁਖਾ ਸੇਤੀ-ਦੁੱਖ ਵਿਚ, ਪਾਤਣੀ-ਮਲਾਹ, ਕਪਰ-ਲਹਿਰਾਂ, ਵਾਤਿ-ਮੂੰਹ ਵਿਚ, ਕੇਰੈ ਹੇਤਿ-ਢਾਹੁਣ ਵਾਸਤੇ, ਚੇਤਿ-ਚੇਤੇ ਵਿਚ, ਨਾ ਲਹਾਂ-ਮੈਨੂੰ ਨਹੀਂ ਲੱਭਦਾ, ਮਾਲੀਹਪ-ਸੁੱਕੇ ਗੋਹੇ ਦਾ ਚੂਰਾ, ਤਿੰਨਾ-ਉਨ੍ਹਾਂ, ਕਿਤੀ-ਕਿਤਨੀ ਹੀ, ਵੰਞੈ-ਗੁਜ਼ਰਦਾ ਹੈ, ਥੀਆ-ਹੋ ਗਿਆ ਹੈ, ਖੂੰਡਹਿ-ਠੂੰਗ ਰਹੇ ਹਨ, ਨਾ ਬਾਹੁੜਿਓ-ਤਰਸ ਨਹੀਂ ਕੀਤਾ।

### 3.6 Self-Assesment Questions (SAQ)

1. ਬਾਬਾ ਫ਼ਰੀਦ ਜੀ ਸਲੋਕ 61 ਵਿੱਚ ਕਿਸ ਦਿਖਾਵੇ ਨੂੰ ਤਿਆਗਣ ਲਈ ਕਹਿੰਦੇ ਹਨ?
2. ਬਾਬਾ ਫ਼ਰੀਦ ਜੀ ਨੇ ਸਲੋਕ 87 ਵਿੱਚ ਕਿਸ ਤਰ੍ਹਾਂ ਦੇ ਮਿੱਤਰ ਬਣਾਉਣ ਦਾ ਸੰਦੇਸ਼ ਦਿੱਤਾ ਗਿਆ ਹੈ?
3. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿੱਚ ਵਰਤੇ ਗਏ ਸ਼ਬਦ 'ਪਾਤਣੀ' ਦਾ ਕੀ ਅਰਥ ਹੈ ?
4. ਬਾਬਾ ਫ਼ਰੀਦ ਜੀ ਸਲੋਕ 63 ਵਿੱਚ ਕਿਸ ਦੀ ਬੰਦਗੀ ਕਰਨ ਲਈ ਪ੍ਰੇਰਦੇ ਹਨ?
5. ਬਾਬਾ ਫ਼ਰੀਦ ਜੀ ਸੂਫ਼ੀਆਂ ਦੇ ਕਿਸ ਸਿਲਸਿਲੇ ਨਾਲ ਸੰਬੰਧ ਰੱਖਦੇ ਸਨ?

### 3.7 Referenses


1. ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ।
2. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।
3. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ, 2005
4. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 2009

# (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 91-130 ਅਤੇ 4 ਸ਼ਬਦ)

**Structure :**

4.1 Objective (ਉਦੇਸ਼)

4.2 Inroduction (ਜਾਣ-ਪਛਾਣ)

4.3 Headings
(ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 91-130 ਅਤੇ 4 ਸ਼ਬਦ)

4.4 Summary (ਨਿਸ਼ਕਰਸ਼)

4.5 Glossory/Keywords (ਔਖੇ ਸ਼ਬਦਾਂ ਦੇ ਅਰਥ)

4.6 Self-Assesment Questions (SAQ)

4.7 References

## 4.1 Objective (ਉਦੇਸ਼)

ਇਨ੍ਹਾਂ ਸਲੋਕਾਂ ਵਿੱਚ ਬਾਬਾ ਫ਼ਰੀਦ ਮਨੁੱਖ ਨੂੰ ਸਭ ਪ੍ਰਕਾਰ ਦੇ ਪਦਾਰਥਾਂ ਦਾ ਮੋਹ ਤਿਆਗ ਕੇ ਪਰਮਾਤਮਾ ਦੀ ਭਗਤੀ ਕਰਨ ਦਾ ਸੁਨੇਹਾ ਦਿੰਦੇ ਹਨ । ਅਸੀਂ ਇਨ੍ਹਾਂ ਸਲੋਕਾਂ ਅਤੇ ਸ਼ਬਦਾਂ ਦੀ ਵਿਆਖਿਆ ਕਰਦਿਆਂ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਬਾਬਾ ਫ਼ਰੀਦ ਮਨੁੱਖ ਨੂੰ ਕਹਿੰਦੇ ਹਨ ਕਿ ਜਦੋਂ ਇਸ ਤਨ ਭਾਵ ਸਰੀਰ ਵਿੱਚ ਪਰਮਾਤਮਾ ਦਾ ਵਾਸਾ ਹੋ ਗਿਆ ਤਾਂ ਉਸ ਨੂੰ ਸਭ ਪਦਾਰਥਾਂ ਮੋਹ ਭੁੱਲ ਜਾਵੇਗਾ। ਇਸ ਤਰ੍ਹਾਂ ਉਸ ਦਾ ਜਨਮ-ਮਰਨ ਕੱਟਿਆ ਜਾਵੇਗਾ। ਉਸ ਦਾ ਇਸ ਧਰਤੀ 'ਤੇ ਆਉਣਾ ਸਫ਼ਲ ਹੋ ਜਾਵੇਗਾ। ਅਜਿਹੇ ਅਧਿਆਤਮਕ ਅਤੇ ਰਹੱਸਵਾਦੀ ਵਿਚਾਰਾਂ ਨੂੰ ਸਮਝਣਾ ਹੀ ਇਨ੍ਹਾਂ ਸਲੋਕਾਂ ਅਤੇ ਸ਼ਬਦਾਂ ਦੀ ਵਿਆਖਿਆ ਦਾ ਮੁੱਖ ਮੰਤਵ ਹੈ, ਜਿਸ ਨੂੰ ਸਮਝ ਕੇ ਵਿਦਿਆਰਥੀ ਪ੍ਰੀਖਿਆ ਵਿੱਚ ਆਏ ਪ੍ਰਸ਼ਨਾਂ ਨੂੰ ਸਪਸ਼ਟਤਾ ਸਹਿਤ ਉੱਤਰ ਦੇ ਸਕਦਾ ਹੈ।

## 4.2 Inroduction (ਜਾਣ-ਪਛਾਣ)

ਬਾਬਾ ਫ਼ਰੀਦ ਜੀ ਨੇ 112 ਸਲੋਕ ਅਤੇ 4 ਸ਼ਬਦਾਂ ਦੀ ਰਚਨਾ ਕੀਤੀ ਹੈ। ਉਨ੍ਹਾਂ ਦੇ 4 ਸ਼ਬਦ ਦੋ ਰਾਗ ਆਸਾ ਅਤੇ ਦੋ ਰਾਗ ਸੂਹੀ ਵਿੱਚ ਪ੍ਰਾਪਤ ਹੁੰਦੇ ਹਨ। ਉਨ੍ਹਾਂ ਦੀ ਸਮੁੱਚੀ ਬਾਣੀ ਪ੍ਰਭੂ ਪ੍ਰਾਪਤੀ ਅਤੇ ਮਨੁੱਖ ਦੁਸ਼ਵਾਰੀਆਂ ਭਰੇ ਜੀਵਨ ਤੋਂ ਮੁਕਤ ਹੋਣ ਦੀ ਪ੍ਰੇਰਣਾ ਦਿੰਦੀ ਹੈ। ਉਨ੍ਹਾਂ ਦੀ ਬਾਣੀ ਵਿਚ ਮਨੁੱਖੀ ਜੀਵਨ ਦੇ ਹਰੇਕ ਪੱਖ ਨੂੰ ਚਿਤਰਿਆ ਗਿਆ ਜਿਸ ਦਾ ਸੰਬੰਧ ਸਾਡੇ ਸਭਿਆਚਾਰਕ ਸਮਾਜ ਨਾਲ ਹੈ। ਉਹ ਬੰਦਗੀ ਕਰਨ ਵਾਲੇ ਮਨੁੱਖ ਨੂੰ ਪਤਨੀ ਅਤੇ ਪਰਮਾਤਮਾ ਨੂੰ ਪਤੀ ਰੂਪ ਵਿੱਚ ਰੱਖ ਕੇ ਬਾਣੀ ਦੀ ਸਿਰਜਣਾ ਕਰਦੇ ਹਨ। ਉਨ੍ਹਾਂ ਦੀ ਰਚਨਾ ਮਨੁੱਖੀ ਜੀਵਨ ਦੇ ਹਰੇਕ ਪੜਾਅ ਅਤੇ ਦੁੱਖ-ਸੱਖ ਦੀ ਪ੍ਰੀਖਿਆ ਵਿਚੋਂ ਗੁਜ਼ਰਦੀ ਹੋਈ ਮਨੁੱਖ ਜੀਵਨ ਦੀ ਅਸਲੀਅਤ ਅਤੇ ਸੱਚਾਈ ਨੂੰ ਸਾਹਮਣੇ ਲਿਆਉਣ ਦਾ ਉਪਰਾਲਾ ਕਰਦੀ ਹੈ।ਇਸ ਭਾਗ ਵਿੱਚ ਅਜਿਹੇ ਅਨੇਕ ਵਿਚਾਰਾਂ ਨੂੰ ਸਮਝਾਉਣ ਲਈ ਸਲੋਕਾਂ ਅਤੇ ਸ਼ਬਦਾਂ ਦੀ ਪ੍ਰਸੰਗ ਸਹਿਤ ਵਿਆਖਿਆ ਕੀਤੀ ਗਈ ਹੈ। ਪਾਠ ਦੇ ਅੰਤ ਵਿੱਚ ਨਿਸ਼ਕਰਸ਼ ਅਤੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਅਰਥਾਂ ਤੱਕ ਅਸਾਨੀ ਨਾਲ ਪਹੁੰਚ ਜਾਣ।

## 4.3 (ਬਾਬਾ ਫ਼ਰੀਦ ਦੇ ਸਲੋਕਾਂ ਦੀ ਪ੍ਰਸੰਗ ਸਹਿਤ ਵਿਆਖਿਆ 91-130 ਅਤੇ 4 ਸ਼ਬਦ)

**ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ ॥**
**ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥91॥**

**ਪ੍ਰਸੰਗ :** ਇਹ ਸਲੋਕ ਬਾਬਾ ਫਰੀਦ ਜੀ ਦੀ ਰਚਨਾ ਹੈ। ਇਸ ਸਲੋਕ ਵਿਚ ਕਵੀ ਨੇ ਦੁਨਿਆਵੀ ਪਦਾਰਥਾਂ ਦੇ ਮੋਹ ਤੋਂ ਮੁਕਤ ਰਹਿ ਕੇ ਬੰਦਗੀ ਕਰਨ ਦਾ ਸੰਦੇਸ਼ ਦਿੱਤਾ ਹੈ।

**ਵਿਆਖਿਆ :** ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਕਾਵਾਂ ਨੇ ਪਿੰਜਰ ਵੀ ਫੋਲ ਮਾਰਿਆ ਹੈ ਅਤੇ ਪਿੰਜਰ ਉਪਰਲਾ ਮਾਸ ਵੀ ਖਾ ਲਿਆ ਹੈ। ਭਾਵ ਦੁਨਿਆਵੀ ਪਦਾਰਥਾਂ ਦੇ ਚਸਕੇ ਅਤਿ ਕਮਜ਼ੋਰ ਸਰੀਰ ਨੂੰ ਵੀ ਚੋਭਾਂ ਲਗਾਈ ਜਾ ਰਹੇ ਹਨ। ਇਸ ਸਰੀਰ ਦੀ ਸੱਤਿਆ ਇਨ੍ਹਾਂ ਨੇ ਖਿੱਚ ਲਈ ਹੈ। ਜੀਵ ਕਹਿੰਦਾ ਹੈ ਕਿ ਰੱਬ ਕਰਕੇ ਕੋਈ ਦੁਨਿਆਵੀ ਪਦਾਰਥਾਂ ਦੇ ਮੋਹ ਦਾ ਤਿਆਗ ਕਰਕੇ ਪਰਮਾਤਮਾ ਦੇ ਮਿਲਾਪ ਦੀ ਤਾਂਘ ਕਰਨ ਦਾ ਸੰਦੇਸ਼ ਦਿੰਦਾ ਹੈ।

**ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ ॥**
**ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ ॥92॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਦੁਨਿਆਵੀ ਪਦਾਰਥਾਂ ਦੇ ਵਿਕਾਰਾਂ ਦੇ ਸਭ ਚਸਕੇ ਰੂਪੀ ਕਾਂ! ਮੇਰਾ ਪਿੰਜਰ ਨਾ ਠੂੰਗ। ਉਹ ਉਸ 'ਤੇ ਤਰਸ ਕਰਕੇ ਉਸ ਨੂੰ ਛੱਡ ਦੇਵੇ। ਉਸ ਨੂੰ ਛੱਡਣਾ ਉਸ ਦੇ ਵਸ ਵਿਚ ਹੈ। ਉਹ ਅਜਿਹਾ ਇਸ ਕਰਕੇ ਚਾਹੁੰਦਾ ਹੈ ਕਿ ਉਸ ਦੇ ਸਰੀਰ ਵਿਚ ਤਾਂ ਹੁਣ ਪਰਮਾਤਮਾ-ਪਤੀ ਦਾ ਵਾਸਾ ਹੋ ਗਿਆ ਹੈ। ਇਸ ਲਈ ਉਹ ਉਸ ਨੂੰ ਪਦਾਰਥਾਂ ਦੇ ਚਸਕੇ ਵੱਲ ਖਿੱਚਣ ਦਾ ਯਤਨ ਨਾ ਕਰੇ। ਅਰਥਾਤ ਕਵੀ ਜੀਵ ਨੂੰ ਸੰਸਾਰ ਮੋਹ-ਮੋਇਆ ਤੋਂ ਬਚਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ॥**
**ਸਰਪਰ ਮੈਥੈ ਆਵਣਾ ਮਰਣਹੁ ਨ ਡਰਿਆਹੁ ॥93॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਕਬਰ ਵਿਚਾਰੀ ਤੈਨੂੰ ਅਵਾਜ਼ਾਂ ਮਾਰਦੀ ਆਪਣੇ ਵੱਲ ਸੱਦ ਰਹੀ ਹੈ। ਉਹ ਕਹਿੰਦੀ ਹੈ ਕਿ ਹੇ ਬੇਘਰੇ ਜੀਵ ਤੂੰ ਆਪਣੇ ਘਰ ਕਬਰ ਵਿਚ ਆ ਜਾ। ਤੂੰ ਆਖਰ ਮੇਰੇ ਪਾਸ ਹੀ ਜ਼ਰੂਰ ਆਉਣਾ ਹੈ। ਇਸ ਲਈ ਮੌਤ ਤੋਂ ਇਤਨਾ ਨਾ ਡਰ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਪ੍ਰਤੀ ਸੰਦੇਸ਼ ਦਿੰਦਾ ਹੈ।

**ਏਨੀ ਲੋਇਣੀ ਦੇਖਦਿਆ ਕੇਤੀ ਚਲਿ ਗਈ॥**
**ਫਰੀਦਾ ਲੋਕਾਂ ਆਪੋ ਆਪਣੀ ਮੈ ਆਪਣੀ ਪਈ॥94॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਮੇਰੀਆਂ ਅੱਖਾਂ ਦੇ ਦੇਖਦਿਆਂ-ਦੇਖਦਿਆਂ ਕਿੰਨੇ ਹੀ ਲੋਕ ਇਸ ਦੁਨੀਆਂ ਤੋਂ ਚਲੇ ਗਏ ਹਨ। ਭਾਵ ਮੌਤ ਦੇ ਸ਼ਿਕਾਰ ਹੋ ਗਏ ਹਨ। ਹੇ ਜੀਵ! ਮੌਤ ਦਾ ਸ਼ਿਕਾਰ ਹੋ ਰਹੀ ਦੁਨੀਆਂ ਨੂੰ ਦੇਖਦੇ ਸਭਨਾਂ ਨੂੰ ਆਪੋ-ਆਪਣੀ ਪਈ ਹੈ। ਇਸ ਤਰ੍ਹਾਂ ਦੇ ਵਰਤਾਰੇ ਵਿਚ ਮੈਨੂੰ ਵੀ ਆਪਣੇ ਆਪ ਦਾ ਫਿਕਰ ਪਿਆ ਹੋਇਆ ਹੈ। ਅਰਥਾਤ ਕਵੀ ਜੀਵ ਨੂੰ ਇਸ ਲੋਕ ਵਿਚ ਹੀ ਪਰਲੋਕ ਦੀ ਤਿਆਰੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਆਪੁ ਸਵਾਰਹਿ ਮੈ ਮਿਲਹਿ ਮੈ ਮਿਲਿਆ ਸੁਖੁ ਹੋਇ ॥**
**ਫਰੀਦਾ ਜੇ ਤੂ ਮੇਰਾ ਹੋਇ ਰਹਹਿ ਸਭੁ ਜਗੁ ਤੇਰਾ ਹੋਇ ॥95॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਤੂੰ ਆਪਣੇ ਆਪ ਨੂੰ ਠੀਕ ਕਰ ਲਵੇ ਤਾਂ ਤੂੰ ਮੈਨੂੰ ਮਿਲ ਪਵੇਗਾ। ਮੇਰੇ ਮਿਲਣ ਨਾਲ ਹੀ ਤੈਨੂੰ ਸੁੱਖ ਪ੍ਰਾਪਤ ਹੋਵੇਗਾ। ਭਾਵ ਆਪਣੇ ਨੂੰ ਠੀਕ ਕਰਨਾ ਦੁਨਿਆਵੀ ਪਦਾਰਥਾਂ ਦੇ ਚਸਕੇ ਦਾ ਤਿਆਗ ਕਰਨਾ ਹੈ ਅਤੇ ਇਹ ਤਿਆਗ ਹੀ ਪਰਮਾਤਮਾ ਦੀ ਪ੍ਰਾਪਤੀ ਹੈ। ਇਹ ਸੁੱਖ ਦੁਨਿਆਵੀ ਨਹੀਂ, ਆਤਮਕ ਹੈ। ਹੇ ਜੀਵ! ਜੇਕਰ ਤੂੰ ਦੁਨੀਆਂ ਵਾਲਾ ਪਿਆਰ ਛੱਡ ਕੇ ਮੇਰਾ ਬਣ ਜਾਵੇਗਾ ਤਾਂ ਸਾਰਾ ਸੰਸਾਰ ਤੇਰਾ ਬਣ ਜਾਵੇਗਾ ਤੇ ਸੰਸਾਰਕ ਮਾਇਆ ਤੇਰੇ ਪਿੱਛੇ-ਪਿੱਛੇ ਦੌੜੇਗੀ। ਅਰਥਾਤ ਕਵੀ ਜੀਵ ਨੂੰ ਦੁਨਿਆਵੀ ਪਦਾਰਥਾਂ ਦਾ ਤਿਆਗ ਕਰਕੇ ਪਰਮਾਤਮਾ ਪ੍ਰਾਪਤੀ ਦਾ ਸੰਦੇਸ਼ ਦਿੰਦਾ ਹੈ।

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥**
**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥96॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਮਨੁੱਖ! ਦਰਿਆ ਦੇ ਕਿਨਾਰੇ ਉੱਪਰ ਖੜਾ ਦਰਖਤ ਕਿੰਨੀ ਦੇਰ ਧਰਵਾਸ ਬਣਾਈ ਰੱਖੇਗਾ ਕਿ ਦਰਿਆਈ ਪਾਣੀ ਉਸ ਨੂੰ ਗਿਰਾ ਨਹੀਂ ਦੇਵੇਗਾ। ਇਸੇ ਤਰ੍ਹਾਂ ਕੱਚੇ ਭਾਂਡੇ ਵਿਚ ਕਿੰਨੀ ਕੁ ਦੇਰ ਪਾਣੀ ਰੱਖਿਆ ਜਾ ਸਕਦਾ ਹੈ। ਹੇ ਜੀਵ ਤੂੰ ਮੌਤ ਰੂਪੀ ਦਰਿਆ ਦੇ ਕੰਢੇ 'ਤੇ ਖੜਾ ਹੈ। ਇਸ ਸਰੀਰ ਵਿਚੋਂ ਸਾਹ ਲਗਾਤਾਰ ਮੁੱਕਦੇ ਜਾ ਰਹੇ ਹਨ। ਤੂੰ ਕਿੰਨਾ ਕੁ ਚਿਰ ਧਰਵਾਸ ਬੰਨ ਸਕਦਾ ਹੈ ਕਿ ਇਹ ਸਰੀਰ ਕਾਇਮ ਰਹੇਗਾ ਤੇ ਮੌਤ ਨਹੀਂ ਆਵੇਗੀ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਪ੍ਰਤੀ ਸੰਦੇਸ਼ ਦਿੰਦਾ ਹੈ।

ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ॥
ਗੋਰਾਂ ਸੇ ਨਿਮਾਣੀਆ ਬਹਸਨਿ ਰੂਹਾਂ ਮਲਿ॥
ਆਖੀਂ ਸੇਖਾ ਬੰਦਗੀ ਚਲਣੁ ਅਜੁ ਕਿ ਕਲਿ ॥97॥

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੌਤ ਆਉਣ 'ਤੇ ਮਹੱਲ-ਮਾੜੀਆਂ ਸੁੰਨੀਆਂ ਹੋ ਜਾਣੀਆ ਹਨ। ਤੂੰ ਧਰਤੀ ਦੇ ਹੇਠਾਂ ਕਬਰ ਵਿਚ ਨਿਵਾਸ ਕਰਨਾ ਹੈ। ਉਸ ਕਬਰ ਵਿਚ, ਜਿਨ੍ਹਾਂ ਤੋਂ ਨਫ਼ਰਤ ਕਰੀਦੀ ਹੈ, ਉਸ ਵਿਚ ਰੂਹ ਹਮੇਸ਼ਾਂ ਲਈ ਜਾ ਬੈਠੇਗੀ। ਹੇ ਸ਼ੇਖ! ਤੂੰ ਵੀ ਰੱਬ ਦੀ ਬੰਦਗੀ ਕਰ ਲੈ, ਕਿਉਂਕਿ ਤੂੰ ਵੀ ਇਨ੍ਹਾਂ ਮਹੱਲਾਂ-ਮਾੜੀਆਂ ਤੋਂ ਅੱਜ ਜਾਂ ਕੱਲ ਕਬਰ ਵਿਚ ਚਲੇ ਜਾਣਾ ਹੈ। ਅਰਥਾਤ ਕਵੀ ਜੀਵ ਨੂੰ ਇਸ ਲੋਕ ਵਿਚ ਪਰਲੋਕ ਦੀ ਤਿਆਰੀ ਕਰਨ ਲਈ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥
ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥
ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥
ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹ ਓਗਾਹਾ॥98॥

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਸ ਪ੍ਰਕਾਰ ਦਰਿਆ ਕਿਨਾਰਾ ਪਾਣੀ ਦੇ ਵੇਗ ਨਾਲ ਖੁਰ ਰਿਹਾ ਹੈ, ਉਸੇ ਪ੍ਰਕਾਰ ਮੌਤ ਰੂਪੀ ਨਦੀ ਦਾ ਕਿਨਾਰਾ ਹੈ, ਜਿਸ ਵਿਚ ਅਣਗਿਣਤ ਜੀਵ ਆਪਣੀ ਉਮਰ ਭੋਗ ਕੇ ਡਿਗਦੇ ਜਾ ਰਹੇ ਹਨ। ਜਿਹੜੇ ਲੋਕ ਦੁਨਿਆਵੀ ਪਦਾਰਥਾਂ ਦੇ ਵਿਕਾਰਾਂ ਵਿਚ ਘਿਰੇ ਰਹਿੰਦੇ ਹਨ, ਉਨ੍ਹਾਂ ਲਈ ਮੌਤ ਮਗਰੋਂ ਅੱਗ ਨਾਲ ਤਪੇ ਹੋਏ ਨਰਕਾਂ ਬਾਰੇ ਵੀ ਸੁਣਾਇਆ ਜਾਂਦਾ ਹੈ। ਵਿਕਾਰੀ ਨਰਕ ਵਿਚ ਹਾਹਾਕਾਰ ਪਾ ਰਹੇ ਹਨ ਤੇ ਰੌਲਾ ਪਿਆ ਹੋਇਆ ਹੈ। ਇਸ ਤਰ੍ਹਾਂ ਹੈ ਕਿ ਇਥੇ ਕਿਸ ਪ੍ਰਕਾਰ ਦੀ ਜ਼ਿੰਦਗੀ ਗੁਜ਼ਾਰਨੀ ਹੈ। ਕਈ ਬੇਪਰਵਾਹ ਹਾਲੇ ਵੀ ਬੇਸੋਝੀ ਵਿਚ ਫਿਰ ਰਹੇ ਹਨ। ਜਿਹੜੇ ਅਮਲ ਜੀਵ ਦੁਨੀਆਂ ਵਿਚ ਕਰਦਾ ਹੈ, ਉਹ ਰੱਬ ਦੀ ਦਰਗਾਹ ਵਿਚ ਜੀਵ ਦੇ ਕਰਮਾਂ ਦੇ ਗਵਾਹ ਬਣਦੇ ਹਨ। ਅਰਥਾਤ ਕਵੀ ਜੀਵ ਨੂੰ ਨਰਕ ਦੀ ਅੱਗ ਤੋਂ ਬਚਣ ਲਈ ਚੰਗੇ ਅਮਲ ਕਰਨ ਦਾ ਸੰਦੇਸ਼ ਦਿੰਦਾ ਹੈ।

ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥
ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥
ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆਂ ॥99॥

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਿਸ ਪ੍ਰਕਾਰ ਬਗਲਾ ਦਰਿਆ ਦੇ ਕੰਢੇ ਤੇ ਬੈਠਾ ਕਲੋਲਾਂ ਕਰਦਾ ਹੈ, ਉਸੇ ਤਰ੍ਹਾਂ ਜੀਵ ਵੀ ਸੰਸਾਰ ਦੇ ਰੰਗ ਤਮਾਸ਼ਿਆਂ ਵਿਚ ਮਸਤ ਹੈ। ਜਿਵੇਂ ਕਲੋਲਾਂ ਕਰਦੇ ਹੰਸ / ਬਗਲੇ ਨੂੰ ਅਚਾਨਕ ਬਾਜ਼ ਆ ਪੈਂਦੇ ਹਨ, ਤਿਵੇਂ ਹੀ ਜੀਵ ਨੂੰ ਮੌਤ ਦੇ ਫਰਿਸ਼ਤੇ ਆ ਫੜਦੇ ਹਨ। ਇਸ ਤਰ੍ਹਾਂ ਦੀ ਸਥਿਤੀ ਹੋਣ'ਤੇ ਹੰਸ ਨੂੰ ਸਾਰੇ ਕਲੋਲ ਭੁੱਲ ਜਾਂਦੇ ਹਨ। ਉਸ ਨੂੰ ਆਪਣੀ ਜਾਨ ਬਚਾਉਣ ਦੀ ਪੈ ਜਾਂਦੀ ਹੈ। ਇਹੀ ਹਾਲ ਮੌਤ ਆਉਣ ਵਾਲੇ ਜੀਵ

ਦਾ ਹੁੰਦਾ ਹੈ। ਮੌਤ ਆ ਜਾਣ ਵਾਲੀ ਗੱਲ ਜੀਵ ਨੂੰ ਚੇਤੇ ਨਹੀਂ ਹੁੰਦੀ। ਰੱਬ ਇਸ ਪ੍ਰਕਾਰ ਦੀ ਗੱਲ ਅਚਨਚੇਤ ਕਰ ਦਿੰਦਾ ਹੈ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਦਾ ਸੰਦੇਸ਼ ਦਿੰਦਾ ਹੈ।

**ਸਾਢੇ ਤ੍ਰੈ ਮਣ ਦੇਹੁਰੀ ਚਲੈ ਪਾਣੀ ਅੰਨਿ॥**
**ਆਇਓ ਬੰਦਾ ਦੁਨੀ ਵਿਚਿ ਵਤਿ ਆਸੂਣੀ ਬੰਨ੍ਹਿ॥**
**ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ॥**
**ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ॥**
**ਵੇਖਹੁ ਬੰਦਾ ਚਲਿਆ ਚਹੁ ਜਣਿਆ ਦੈ ਕੰਨ੍ਹਿ॥**
**ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਹ ਆਏ ਕੰਮਿ ॥100॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਮਨੁੱਖ ਦਾ ਸਾਢੇ ਤਿੰਨ ਮਣ ਦਾ ਪਲਿਆ ਹੋਇਆ ਸਰੀਰ ਉਸ ਨੂੰ ਪਾਣੀ ਤੇ ਅੰਨ ਦੀ ਤਾਕਤ ਆਸਰੇ ਕੰਮ ਦਿੰਦਾ ਹੈ, ਵਿਅਕਤੀ ਸੰਸਾਰ ਵਿਚ ਕੋਈ ਸੁਹਣੀ ਆਸ ਬੰਨ ਕੇ ਆਇਆ ਹੈ ਪਰ ਇਹ ਆਸ ਪੂਰੀ ਨਹੀਂ ਹੁੰਦੀ। ਜਦੋਂ ਮੌਤ ਦਾ ਫਰਿਸ਼ਤਾ ਮਲਕੁਲ ਸਰੀਰ ਦੇ ਸਾਰੇ ਦਰਵਾਜੇ ਭੰਨ ਕੇ ਭਾਵ ਸਰੀਰਕ ਇੰਦਰੀਆਂ ਨੂੰ ਨਕਾਰ ਕੇ ਆ ਜਾਂਦਾ ਹੈ ਤਾਂ ਮਨੁੱਖ ਦੇ ਭਾਈ ਮੌਤ ਦੇ ਫਰਿਸ਼ਤੇ ਅੱਗੇ ਬੰਨ ਕੇ ਉਸ ਨੂੰ ਤੋਰ ਦਿੰਦੇ ਹਨ। ਇਸਤਰ੍ਹਾਂ ਚਾਰੇ/ਭਾਈ ਮਨੁੱਖ ਨੂੰ ਮੋਢਿਆਂ 'ਤੇ ਚੁੱਕ ਕੇ ਤੁਰ ਪੈਂਦੇ ਹਨ। ਹੇ ਜੀਵ! ਪਰਮਾਤਮਾ ਦੀ ਦਰਗਾਹ ਵਿਚ ਭਲੇ ਕੰਮ ਕੀਤੇ ਹੀ ਕੰਮ ਆਉਂਦੇ ਹਨ। ਅਰਥਾਤ ਕਵੀ ਜੀਵ ਨੂੰ ਇਸ ਲੋਕ ਵਿਚ ਹੀ ਭਲੇ ਕੰਮ ਕਰਕੇ ਪਰਲੋਕ ਦੀ ਤਿਆਰੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਹਉ ਬਲਿਹਾਰੀ ਤਿਨ੍ਹ ਪੰਖੀਆ ਜੰਗਲਿ ਜਿੰਨ੍ਹਾ ਵਾਸੁ॥**
**ਕਕਰੁ ਚੁਗਨਿ ਥਲਿ ਵਸਨਿ ਰਬ ਨ ਛੋਡਨਿ ਪਾਸੁ ॥101॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਮੈਂ ਉਨ੍ਹਾਂ ਪੰਛੀਆਂ ਤੋਂ ਸਦਕੇ ਜਾਂਦਾ ਹਾਂ, ਜਿਨ੍ਹਾਂ ਦਾ ਜੰਗਲ ਵਿਚ ਵਾਸਾ ਹੈ, ਉਹ ਧਰਤੀ 'ਤੇ ਵਸਦੇ ਹਨ, ਰੋੜ ਚੁਗ ਕੇ ਖਾ ਕੇ ਗੁਜ਼ਾਰਾ ਕਰਦੇ ਹਨ ਅਤੇ ਉਨ੍ਹਾਂ ਨੇ ਰੱਬ ਦਾ ਆਸਰਾ ਨਹੀਂ ਛੱਡਿਆ।ਅਰਥਾਤ ਕਵੀ ਜੀਵ ਨੂੰ ਸਬਰ, ਸੰਤੋਖ ਤੇ ਸਾਦਗੀ ਵਾਲਾ ਜੀਵਨ ਜਿਉਣ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥**
**ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥102॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਰੁੱਤ ਬਦਲ ਗਈ ਹੈ। ਜੰਗਲ ਦੇ ਦਰੱਖਤ ਹਿੱਲ ਗਏ ਹਨ। ਉਨ੍ਹਾਂ ਦੇ ਪੱਤੇ ਝੜ ਰਹੇ ਹਨ। ਸੰਸਾਰ ਦੇ ਚਾਰੇ ਪਾਸੇ ਢੂੰਢ ਦਿਖਾਈ ਦੇਂਦੇ ਹਨ। ਰੁੱਤ ਇਕੋ ਜਿਹੀ ਨਹੀਂ ਰਹਿੰਦੀ । ਪਹਿਲੀ ਰੁੱਤ ਵਿਚ ਦਰੱਖਤ 'ਤੇ ਪੱਤੇ ਸਨ ਭਾਵ ਸਰੀਰ 'ਤੇ ਜਵਾਨੀ ਸੀ। ਪਤਝੜ ਰੁੱਤ ਵਿਚ ਪੱਤੇ ਝੜਣ ਕਾਰਨ ਰੁੱਖ ਢੂੰਢ ਹੋ ਗਏ ਹਨ। ਭਾਵ ਬੁਢਾਪੇ ਵਿਚ ਸਰੀਰ ਦੇ ਸਾਰੇ ਅੰਗ ਕਮਜ਼ੋਰ ਹੋ ਗਏ ਹਨ। ਬੁਢੇਪੇ ਮਗਰੋਂ ਸਰੀਰ ਖਤਮ ਹੋ ਜਾਵੇਗਾ। ਅਰਥਾਤ ਕਵੀ ਜੀਵ ਨੂੰ ਮੌਤ ਦੀ ਅਟੱਲਤਾ ਦਾ ਸੰਦੇਸ਼ ਦੇ ਰਿਹਾ ਹੈ।

**ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ ॥**
**ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥103॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ!ਰੇਸ਼ਮ ਦਾ ਕੱਪੜਾ ਪਾੜ ਕੇ ਮੈਂ ਲੀਰਾਂ-ਲੀਰਾਂ ਕਰ ਦਿਆਂ ਅਤੇ ਮਾੜੀ ਜਿਹੀ/ਜਿਹੇ ਕੰਬਲੀ ਪਾਲਵਾਂ। ਮੈਂ ਉਹੀ ਵੇਸ ਧਾਰਨ ਕਰ ਲਵਾਂ, ਜਿਸ ਵੇਸ ਨਾਲ ਉਸ ਨੂੰ ਉਸ ਦਾ ਪਤੀ ਪਰਮਾਤਮਾ ਮਿਲ ਜਾਵੇ। ਅਰਥਾਤ ਕਵੀ ਜੀਵ ਨੂੰ ਆਪਣੇ ਪਤੀ-ਪਰਮਾਤਮਾ ਦੀ ਇੱਛਾ ਅਨੁਸਾਰ ਆਪਣੇ ਆਪ ਨੂੰ ਤਿਆਰ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਤਿਨਾ ਮੁਖ ਡਰਾਵਣੇ ਜਿਨਾ ਵਿਸਾਰਿਓਨੁ ਨਾਉ ॥**
**ਐਥੈ ਦੁਖ ਘਣੇਰਿਆ ਅਗੈ ਠਉਰ ਨ ਠਾਉ ॥106॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜਿਨ੍ਹਾਂ ਜੀਵਾਂ ਨੇ ਪਰਮਾਤਮਾ ਦਾ ਨਾਮ ਭੁਲਾਇਆ ਹੈ, ਉਨ੍ਹਾਂ ਦੇ ਮੂੰਹ ਡਰਾਵਣੇ ਜਾਪਦੇ ਹਨ। ਉਨ੍ਹਾਂ ਨੂੰ ਦੇਖਿਆਂ ਡਰ ਆਉਂਦਾ ਹੈ। ਭਾਵੇਂ ਕਿ ਉਨ੍ਹਾਂ ਨੇ ਸੁੰਦਰ ਰੇਸ਼ਮ ਪਹਿਨਿਆ ਹੋਵੇ। ਉਨ੍ਹਾਂ ਕੋਲ ਧਨ ਹੋਵੇ, ਜਵਾਨੀ ਦੀ ਉਮਰ ਹੋਵੇ ਮਾਣ-ਸਤਿਕਾਰ ਮਿਲਦਾ ਹੋਵੇ। ਉਹ ਜਿੰਨਾ ਚਿਰ ਧਰਤੀ 'ਤੇ ਜੀਵਦੇ ਹਨ, ਉਨ੍ਹਾਂ ਚਿਰ ਉਨ੍ਹਾਂ ਨੂੰ ਦੁੱਖ ਹੀ ਮਿਲਦੇ ਹਨ। ਪਰਲੋਕ ਵਿਚ ਵੀ ਉਨ੍ਹਾਂ ਨੂੰ ਕੋਈ ਥਾਂ ਨਹੀਂ ਮਿਲਦੀ ਤੇ ਧੱਕੇ ਹੀ ਪੈਂਦੇ ਹਨ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੀ ਬੰਦਗੀ ਕਰਕੇ ਲੋਕ ਅਤੇ ਪਰਲੋਕ ਸੰਵਾਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਪਿਛਲ ਰਾਤਿ ਨ ਜਾਗਿਓਹਿ ਜੀਵਦੜੋ ਮੁਇਓਹਿ ॥**
**ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ ॥107॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਜੇਕਰ ਤੂੰ ਅੰਮ੍ਰਿਤ ਵੇਲੇ ਨਹੀਂ ਜਾਗਿਆ ਤਾਂ ਇਹ ਬੇਕਾਰ ਜੀਵਨ ਜਿਉਂਦਾ ਤੂੰ ਮਰਿਆਂ ਬਰਾਬਰ ਹੈ। ਤੂੰ ਤਾਂ ਰੱਬ ਨੂੰ ਭੁਲਾ ਦਿੱਤਾ ਹੈ ਪਰ ਰੱਬ ਨੇ ਤੈਨੂੰ ਨਹੀਂ ਭੁਲਾਇਆ। ਰੱਬ ਜੀਵ ਦੇ ਹਰ ਵੇ ਅਮਲਾਂ ਨੂੰ ਵੇਖ ਰਿਹਾ ਹੈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਪਹਿਲੈ ਪਹਰੈ ਫੁਲੜਾ ਫਲੁ ਭੀ ਪਛਾ ਰਾਤਿ ॥**
**ਜੋ ਜਾਗੰਨ੍ਹਿ ਲਹੰਨਿ ਸੇ ਸਾਈ ਕੰਨੋ ਦਾਤਿ ॥112॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਰਾਤ ਦੇ ਪਹਿਲੇ ਪਹਿਰ ਦੀ ਬੰਦਗੀ ਇਕ ਸੁਹਣੇ ਜਿਹੇ ਫੁੱਲ ਦੀ ਤਰ੍ਹਾਂ ਹੁੰਦੀ ਹੈ।ਇਸ ਦੇ ਮੁਕਾਬਲੇ ਫਲ ਅੰਮ੍ਰਿਤ ਵੇਲੇ ਦੀ ਬੰਦਗੀ ਹੀ ਹੋ ਸਕਦੀ ਹੈ। ਜਿਹੜੇ ਬੰਦੇ ਅੰਮ੍ਰਿਤ ਵੇਲੇ ਜਾਗਦੇ ਹਨ, ਉਹ ਪਰਮਾਤਮਾ ਪਾਸੋਂ ਬਖਸ਼ਿਸ਼ ਪ੍ਰਾਪਤ ਕਰ ਲੈਂਦੇ ਹਨ। ਅਰਥਾਤ ਕਵੀ ਜੀਵ ਨੂੰ ਰਾਤ ਸਮੇਂ ਇਕਾਂਤ ਹਾਲਤ ਵਿਚ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥**
**ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ ॥114॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਆਪਣੇ ਸੁਹਾਗ-ਪਤੀ ਨੂੰ ਪ੍ਰਾਪਤ ਕਰਨ ਵਾਲੀ ਹੇ ਜੀਵ ਇਸਤਰੀ ਤੂੰ ਅੰਮ੍ਰਿਤ ਵੇਲੇ ਉਠ ਕੇ ਪਤੀ-ਪਰਮਾਤਮਾ ਦੀ ਤਾਂਘ ਵਿਚ ਬੰਦਗੀ ਕਰਦੀ ਹੈ। ਉਹ ਬੰਦਗੀ ਦੇ ਬਾਵਜੂਦ ਤੈਨੂੰ ਹਾਲੇ ਤੱਕ ਵੀ ਨਹੀਂ ਮਿਲਿਆ। ਪਤੀ ਦੇ ਨਾ ਮਿਲਣ ਦਾ ਕਾਰਨ ਵੀ ਉਸ ਦਾ ਹੀ ਕੋਈ ਕਸੂਰ ਹੈ। ਜਿਹੜੀ ਔਰਤ ਸੁਹਾਗਣ ਹੁੰਦੀ ਹੈ, ਉਸ ਦੇ ਮਨ ਵਿਚ ਕਿਸੇ ਹੋਰ ਪ੍ਰਤੀ ਝਾਕ ਨਹੀਂ ਹੁੰਦੀ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ॥**
**ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ॥115॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਦੇ ਮਨ ਵਿਚ ਜੇਕਰ ਸਬਰ ਹੀ ਕਮਾਨ ਹੋਵੇ ਤੇ ਸਬਰ ਹੀ ਕਮਾਨ ਦਾ ਚਿੱਲਾ ਹੋਵੇ ਤੇ ਸਬਰ ਦਾ ਹੀ ਤੀਰ ਹੋਵੇ ਤਾਂ ਪਰਮਾਤਮਾ ਇਸ ਦਾ ਨਿਸ਼ਾਨਾ ਕਦੇ ਖੁੰਝਣ ਨਹੀਂ ਦਿੰਦਾ। ਅਰਥਾਤ ਕਵੀ ਜੀਵ ਨੂੰ ਸਬਰ ਭਰੀ ਜ਼ਿੰਦਗੀ ਜਿਉਣ ਦਾ ਸੰਦੇਸ਼ ਦੇ ਰਿਹਾ ਹੈ।

**ਸਬਰ ਅੰਦਰਿ ਸਾਬਰੀ ਤਨੁ ਏਵੈ ਜਾਲੇਨਿ੍॥**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ॥116॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਸਬਰ ਵਾਲੇ ਮਨੁੱਖ ਸਬਰ ਵਿਚ ਰਹਿ ਕੇ ਬੰਦਗੀ ਕਰਦੇ ਹਨ। ਉਹ ਇੰਝ ਲਗਦੇ ਹਨ ਕਿ ਸਬਰ ਵਿਚ ਬੰਦਗੀ ਕਰਦੇ ਜਿਵੇਂ ਆਪਣੇ ਸਰੀਰ ਨੂੰ ਜਾਲ ਰਹੇ ਹੁੰਦੇ ਹੋਣ। ਉਹ ਸਬਰ ਵਿਚ ਹੀ ਬੰਦਗੀ ਕਰਦੇ ਰੱਬ ਦੇ ਨੇੜੇ ਰਹਿੰਦੇ ਹਨ। ਉਹ ਕਿਸੇ ਨੂੰ ਆਪਣੇ ਦਿਲ ਦਾ ਭੇਤ ਨਹੀਂ ਦਿੰਦੇ। ਅਰਥਾਤ ਕਵੀ ਜੀਵ ਨੂੰ ਸਬਰ ਨਾਲ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਸਬਰੁ ਏਹੁ ਸੁਆਉ ਜੇ ਤੂੰ ਬੰਦਾ ਦਿੜੁ ਕਰਹਿ ॥**
**ਥੀਵਹਿ ਵਾਹੜਾ ॥117॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਇਹ ਸਬਰ ਹੀ ਜ਼ਿੰਦਗੀ ਦਾ ਅਸਲ ਨਿਸ਼ਾਨਾ ਹੈ। ਜੇਕਰ ਤੂੰ ਸਬਰ ਨੂੰ ਮਨ ਵਿਚ ਪੱਕਾ ਕਰ ਲਵੇਗਾ ਤਾਂ ਤੂੰ ਵਧ ਕੇ ਦਰਿਆ ਵਰਗਾ ਹੋ ਜਾਵੇਗਾ। ਤੂੰ ਘਟ ਕੇ ਨਿੱਕਾ ਜਿਹਾ ਵਹਿਣ ਨਹੀਂ ਬਣੇਗਾ। ਸਬਰ ਵਾਲਾ ਜੀਵਨ ਬਤੀਤ ਕਰਨ ਨਾਲ ਜੀਵ ਦਾ ਮਨ ਦਰਿਆ ਵਾਂਗ ਵਿਸ਼ਾਲ ਹੋ ਜਾਵੇਗਾ। ਉਸ ਦੇ ਮਨ ਵਿਚ ਸਾਰੇ ਸੰਸਾਰ ਲਈ ਪਿਆਰ ਬਣਿਆ ਰਹੇਗਾ। ਉਸ ਦੇ ਮਨ ਅੰਦਰ ਤੰਗ ਦਿਲੀ ਨਹੀਂ ਰਹੇਗੀ। ਅਰਥਾਤ ਕਵੀ ਜੀਵ ਨੂੰ ਸਬਰ ਆਸਰੇ ਜੀਵਨ ਬਤੀਤ ਕਰਨ ਦਾ ਸੰਦੇਸ਼ ਦਿੰਦਾ ਹੈ।

**ਫਰੀਦਾ ਦਰਵੇਸੀ ਗਾਖੜੀ ਚੋਪੜੀ ਪਰੀਤਿ॥**
**ਇਕਨਿ ਕਿਨੈ ਚਾਲੀਐ ਦਰਵੇਸਾਵੀ ਰੀਤਿ ॥118॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਸਬਰ ਵਾਲਾ ਜੀਵਨ ਹੀ ਅਸਲ ਫ਼ਕੀਰੀ ਹੈ। ਇਹ ਔਖਾ ਕੰਮ ਹੈ। ਤੇਰੀ ਰੱਬ ਨਾਲ ਪ੍ਰੀਤ ਉਪਰੋਂ-ਉਪਰੋਂ ਹੀ ਹੈ। ਫਕੀਰਾਂ ਦੀ ਸਬਰ ਵਾਲੀ ਬਿਰਤੀ ਕਿਸੇ ਵਿਰਲੇ ਜੀਵ ਨੇ ਕਮਾਈ ਹੈ। ਅਰਥਾਤ ਕਵੀ ਜੀਵ ਨੂੰ ਸਬਰ ਦੀ ਔਖੀ ਵਿਰਤੀ ਰਾਹੀਂ ਰੱਬ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍॥**
**ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥119॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਮੇਰਾ ਸਰੀਰ ਭਾਵੇਂ ਤੰਦੂਰ ਦੀ ਤਰ੍ਹਾਂ ਤਪਣ ਲੱਗ ਪਵੇ ਮੇਰੀਆਂ ਹੱਡੀਆਂ ਬਾਲਣ ਵਾਂਗ ਬਲ ਜਾਣ ਪਿਆਰੇ ਨੂੰ ਮਿਲਣ ਲਈ ਰਾਹ 'ਤੇ ਚੱਲਦੇ ਜੇ ਪੈਰ ਥੱਕ ਜਾਣ ਤਾਂ ਸਿਰ ਭਾਰ ਤੁਰਨ ਲੱਗ ਪਵਾਂ ਪਰ ਪਿਆਰਾ ਰੱਬ ਮੈਨੂੰ ਜ਼ਰੂਰ ਮਿਲ ਪਵੇ। ਜੀਵ ਰੱਬ ਦੀ ਪ੍ਰਾਪਤੀ ਲਈ ਔਖੇ ਤੋਂ ਔਖਾ ਕਸ਼ਟ ਸਹਿਣ ਲਈ ਤਿਆਰ ਹੈ। ਅਰਥਾਤ ਕਵੀ ਜੀਵ ਨੂੰ ਪਰਮਾਤਮਾ ਦੀ ਪ੍ਰਾਪਤੀ ਲਈ ਕਠਿਨ ਮਾਰਗ 'ਤੇ ਚੱਲਣ ਦਾ ਸੰਦੇਸ਼ ਦਿੰਦਾ ਹੈ।

**ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥**
**ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥125॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਸੰਸਾਰ ਰੂਪੀ ਸਰੋਵਰ ਵਿਚ ਪੰਛੀ ਰੂਪ ਜੀਵ ਇਕੱਲਾ ਹੈ। ਉਸ ਨੂੰ ਫ਼ਸਾਉਣ ਵਾਲੇ ਪੰਜਾਹ ਹਨ। ਮੇਰਾ ਇਹ ਸਰੀਰ ਸੰਸਾਰਕ ਸਰੋਵਰ ਦੀਆਂ ਵਿਕਾਰ ਰੂਪ ਲਹਿਰਾਂ ਵਿਚ ਫਸ ਗਿਆ ਹੈ। ਹੇ ਸੱਚੇ ਪਰਮਾਤਮਾ ਇਨ੍ਹਾਂ ਤੋਂ ਬਚਣ ਲਈ ਇਕ ਤੇਰੀ ਸਹਾਇਤਾ ਦੀ ਆਸ ਹੈ। ਇਸ ਲਈ ਤੈਨੂੰ ਮਿਲਣ ਲਈ ਜੇਕਰ ਤਪ ਕਰਨੇ ਪੈਣ ਤਾਂ ਵੀ ਕੋਈ ਔਖ ਨਹੀਂ। ਅਰਥਾਤ ਕਵੀ ਜੀਵ ਨੂੰ ਸਰੀਰ ਨੂੰ ਸਾਧਦਿਆਂ ਰੱਬ ਦੀ ਬੰਦਗੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ ॥126॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਭੈਣ! ਉਹ ਕਿਹੜਾ ਅੱਖਰ ਹੈ? ਉਹ ਕਿਹੜਾ ਗੁਣ ਹੈ? ਉਹ ਕਿਹੜਾ ਸ਼ਿਰੋਮਣੀ ਮੰਤਰ ਹੈ? ਉਹ ਕਿਹੜਾ ਪਹਿਰਾਵਾ ਹੈ? ਜਿਸ ਨਾਲ ਉਸ ਦਾ ਪਤੀ-ਪਰਮਾਤਮਾ ਉਸ ਦੇ ਵਸ ਵਿਚ ਆ ਜਾਵੇ। ਪਰਮਾਤਮਾ ਨੂੰ ਪਾਉਣ ਲਈ ਜੀਵ-ਇਸਤਰੀ ਅਕਲ ਦੀ ਮੰਗ ਕਰਦੀ ਹੈ। ਅਰਥਾਤ ਕਵੀ ਜੀਵ ਨੂੰ ਆਪਣੇ ਪਰਮਾਤਮਾ ਨੂੰ ਪ੍ਰਾਪਤ ਕਰਨ ਲਈ ਆਪਣੇ ਵਿਚ ਲੋੜੀਂਦੇ ਗੁਣ ਪੈਦਾ ਕਰਨ ਦਾ ਸੰਦੇਸ਼ ਦਿੰਦਾ ਹੈ।

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥127॥**

ਇਸ ਸਲੋਕ ਵਿਚ ਪਹਿਲੇ ਸਲੋਕ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਬਾਬਾ ਫ਼ਰੀਦ ਲਿਖਦੇ ਹਨ ਕਿ ਭੈਣ! ਨਿਊਣਾ/ਨਿਵ ਕੇ ਚੱਲਣਾ ਅੱਖਰ ਹੈ; ਸਹਾਰਨਾ ਗੁਣ ਹੈ ਅਤੇ ਮਿੱਠਾ ਬੋਲਣਾ ਸ਼ਿਰੋਮਣੀ ਮੰਤਰ ਹੈ। ਜੇਕਰ ਇਹ ਤਿੰਨੇ ਪਹਿਰਾਵਾ ਰੂਪ ਆਪਣਾ ਲਏ ਜਾਣ ਤਾਂ ਪਤੀ-ਪਰਮਾਤਮਾ ਵੱਸ ਵਿਚ ਆ ਜਾਵੇਗਾ। ਨਿਮਰਤਾ, ਸਹਾਰਨਾ ਤੇ ਮਿੱਠਾ ਬੋਲਣਾ ਜੀਵ ਇਸਤਰੀ ਦੇ ਗੁਣ ਹਨ। ਅਰਥਾਤ ਕਵੀ ਜੀਵ ਨੂੰ ਨਿਮਰਤਾ, ਸਹਾਰਨਾ ਤੇ ਮਿੱਠਾ ਬੋਲਣ ਦੇ ਗੁਣਾਂ ਨਾਲ ਪਰਮਾਤਮਾ ਦੀ ਪ੍ਰਾਪਤੀ ਕਰਨ ਦਾ ਸੰਦੇਸ਼ ਦਿੰਦਾ ਹੈ।

**ਮਤਿ ਹੋਦੀ ਹੋਇ ਇਆਣਾ ॥**
**ਤਾਣ ਹੋਦੇ ਹੋਇ ਨਿਤਾਣਾ ॥**
**ਅਣਹੋਦੇ ਆਪੁ ਵੰਡਾਏ ॥**
**ਕੋ ਐਸਾ ਭਗਤੁ ਸਦਾਏ ॥128॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਿਹੜਾ ਮਨੁੱਖ ਅਕਲ ਹੁੰਦਿਆਂ ਵੀ ਨਿਤਾਣਾ ਬਣੇ, ਤਾਕਤ ਹੁੰਦਿਆਂ ਵੀ ਕਮਜ਼ੋਰਾਂ ਵਾਂਗ ਜੀਵੇ, ਜਦੋਂ ਕੁੱਝ ਵੀ ਵੰਡਣ ਜੋਗਾ ਨਾ ਹੋਵੇ ਤਾਂ ਆਪਣਾ ਆਪ ਵੰਡ ਦੇਵੇ ਤਾਂ ਉਸ ਨੂੰ ਭਗਤ ਆਖਣਾ ਚਾਹੀਦਾ ਹੈ। ਜੀਵ ਆਪਣੀ ਅਕਲ ਆਸਰੇ ਦੂਜਿਆਂ ਨੂੰ ਦਵਾਵੇ ਨਾ, ਤਾਕਤ ਨਾਲ ਧੱਕਾ ਨਾ ਕਰੇ ਤੇ ਆਪਣਾ ਹਿੱਸਾ ਵੰਡ ਦੇਣ ਦੇ ਸਮਰੱਥ ਹੋਵੇ, ਉਹ ਵਿਅਕਤੀ ਦੇ ਭਗਤਾਂ ਵਾਲੇ ਗੁਣ ਹੁੰਦੇ ਹਨ। ਅਰਥਾਤ ਕਵੀ ਜੀਵ ਨੂੰ ਨਿਮਰਤਾ, ਸਾਊ ਤੇ ਆਪਾ ਵਾਰ ਨੈਤਿਕ ਗੁਣਾਂ ਨਾਲ ਜੀਵਨ ਜਿਉਣ ਦਾ ਸੰਦੇਸ਼ ਦਿੰਦਾ ਹੈ।

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥129॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ! ਤੂੰ ਇਕ ਵੀ ਫਿੱਕਾ ਬੋਲ ਨਾ ਬੋਲ, ਕਿਉਂਕਿ ਤੂੰ ਜਿਨ੍ਹਾਂ ਨਾਲ ਬੋਲ ਰਿਹਾ ਹੈ, ਉਸ ਵਿਚ ਵੀ ਰੱਬ ਵਸਦਾ ਹੈ। ਉਹ ਕਿਸੇ ਦਾ ਵੀ ਦਿਲ ਨਾ ਦੁਖਾਵੇ ਕਿਉਂਕਿ ਇਹ ਸਾਰੇ ਜੀਵ ਅਮੋਲ ਹਨ। ਅਰਥਾਤ ਕਵੀ ਜੀਵ ਨੂੰ ਫਿੱਕਾ ਨਾ ਬੋਲਣ ਅਤੇ ਕਿਸੇ ਨੂੰ ਠੇਸ ਨਾ ਪਹੁੰਚਾਉਣ ਦੀ ਨੈਤਿਕ ਸਿੱਖਿਆ ਪ੍ਰਦਾਨ ਕਰਨ ਦਾ ਸੰਦੇਸ਼ ਦਿੰਦਾ ਹੈ।

**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥130॥**

ਇਸ ਸਲੋਕ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਸਾਰੇ ਜੀਵਾਂ ਦੇ ਮਨ ਮੋਤੀ ਵਾਂਗ ਹਨ।ਇਸ ਲਈ ਕਿਸੇ ਦੇ ਮਨ ਨੂੰ ਠੇਸ ਨਾ ਪਹੁੰਚਾ।ਇਕ ਜੀਵ ਵੱਲੋਂ ਦੂਸਰੇ ਜੀਵਾਂ ਦੇ ਮਨ ਨੂੰ ਠੇਸ ਪਹੁੰਚਾਉਣੀ ਪਰਮਾਤਮਾ ਦੀ ਨਜ਼ਰ ਵਿਚ ਬੁਰਾਈ ਹੁੰਦੀ ਹੈ।ਅਰਥਾਤ ਕਵੀ ਜੀਵ ਨੂੰ

ਕਿਸੇ ਦੇ ਮਨ ਨੂੰ ਠੇਸ ਨਾ ਪਹੁੰਚਾਉਣ ਦੇ ਨੈਤਿਕ ਗੁਣ ਨੂੰ ਧਾਰਨ ਕਰਨ ਦਾ ਸੰਦੇਸ਼ ਦਿੰਦਾ ਹੈ।

**ਆਸਾ ਸੇਖ ਫਰੀਦ ਜੀਉ ਕੀ ਬਾਣੀ**
**ੴ ਸਤਿਗੁਰ ਪ੍ਰਸਾਦਿ ॥**
**ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥**
**ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥1॥**

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥**
**ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥1॥ ਰਹਾਉ ॥**
**ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥**
**ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥2॥**

**ਪਰਵਦਗਾਰ ਅਪਾਰ ਅਗਮ ਬੇਅੰਤ ਤੂ॥**
**ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥3॥**

**ਤੇਰੀ ਪਨਹ ਖੁਦਾਇ ਤੂ ਬਖਸੰਦਗੀ॥**
**ਸੇਖ ਫਰੀਦੈ ਖੈਰੁ ਦੀਜੈ ਬੰਦਗੀ॥4॥1॥**

**ਪ੍ਰਸੰਗ :** ਇਹ ਸ਼ਬਦ ਬਾਬਾ ਫ਼ਰੀਦ ਦੀ ਰਚਨਾ ਹੈ। ਇਹ ਸ਼ਬਦ ਪਾਠ ਪੁਸਤਕ 'ਸਲੋਕ ਫਰੀਦ ਜੀ ਸਟੀਕ' ਵਿਚ ਦਰਜ਼ ਹੈ। ਇਸ ਸਲੋਕ ਵਿਚ ਬਾਬਾ ਫਰੀਦ ਪਰਮਾਤਮਾ ਦੇ ਵਿਸ਼ਾਲ ਸਰੂਪ ਨੂੰ ਦਰਸਾਉਂਦਿਆਂ ਜੀਵ ਨੂੰ ਉਸ ਦੀ ਬੰਦਗੀ ਕਰਨ ਦੀ ਪ੍ਰੇਰਨਾ ਦਿੰਦਾ ਹੈ।

**ਵਿਆਖਿਆ :** ਇਸ ਸ਼ਬਦ ਵਿਚ ਬਾਬਾ ਫ਼ਰੀਦ ਲਿਖਦੇ ਹਨ ਕਿ ਜਿਹੜੇ ਜੀਵ ਰੱਬ ਦੇ ਪਿਆਰ ਵਿਚ ਰੰਗੇ ਹੁੰਦੇ ਹਨ ਤੇ ਜਿਹੜੇ ਰੱਬ ਦੇ ਮਿਲਾਪ ਦੀ ਤਾਂਘ ਵਿਚ ਰਹਿੰਦੇ ਹਨ, ਉਹ ਹੀ ਅਸਲ ਮਨੁੱਖ ਹੁੰਦੇ ਹਨ। ਇਨ੍ਹਾਂ ਦੇ ਉਲਟ ਜਿਹੜੇ ਰੱਬੀ ਨਾਮ ਨੂੰ ਵਿਸਾਰ ਦਿੰਦੇ ਹਨ, ਉਹ ਜੀਵ ਧਰਤੀ ਉੱਪਰ ਨਿਰਾ ਭਾਰ ਹੀ ਹੁੰਦੇ ਹਨ। ਜਿਹੜੇ ਜੀਵਾਂ ਦਾ ਰੱਬ ਨਾਲ ਦਿਲੋਂ ਪਿਆਰ ਹੁੰਦਾ ਹੈ, ਉਹ ਸੱਚੇ ਆਸ਼ਕ /ਭਗਤ ਹੁੰਦੇ ਹਨ। ਇਨ੍ਹਾਂ ਦੇ ਮੁਕਾਬਲੇ ਜਿਨ੍ਹਾਂ ਦੇ ਮਨ ਵਿਚ ਕੁੱਝ ਹੁੰਦਾ ਹੈ ਅਤੇ ਮੂਹੋਂ ਕੁੱਝ ਹੋਰ ਬੋਲਦੇ ਹਨ, ਉਹ ਕੱਚੇ ਆਸ਼ਕ/ਭਗਤ ਹੁੰਦੇ ਹਨ। ਜਿਹੜੇ ਜੀਵਾਂ ਨੂੰ ਰੱਬ ਨੇ ਆਪਣੇ ਲੜ ਲਾਇਆ ਹੋਇਆ ਹੈ, ਉਹ ਹੀ ਜੀਵ ਰੱਬ ਦੇ ਦਰਵਾਜ਼ੇ ਦੇ ਦਰਵੇਸ਼ ਹੁੰਦੇ ਹਨ। ਉਨ੍ਹਾਂ ਦੀ ਜੰਮਣ ਵਾਲੀ ਮਾਂ ਭਾਗਾਂ ਵਾਲੀ ਹੈ। ਉਨ੍ਹਾਂ ਦਾ ਸੰਸਾਰ ਵਿੱਚ ਆਉਣਾ ਚੰਗਾ ਹੈ। ਜਿਹੜੇ ਜੀਵਾਂ ਨੇ ਰੱਬ ਦੇ ਬੇਅੰਤ ਪਾਲਣਹਾਰ ਤੇ ਅਪਹੁੰਚ ਸਰੂਪ ਨੂੰ ਸਮਝ ਲਿਆ ਹੈ, ਉਹ ਉਨ੍ਹਾਂ ਦੇ ਪੈਰ ਚੁੰਮ ਕੇ ਉਨ੍ਹਾਂ ਦਾ ਸਤਿਕਾਰ ਕਰਦਾ ਹੈ। ਹੇ ਮੇਰੇ ਖੁਦਾ! ਮੈਨੂੰ ਕੇਵਲ ਤੇਰਾ ਸਹਾਰਾ ਹੈ। ਤੂੰ ਮੇਰੀਆਂ ਗਲਤੀਆਂ ਨੂੰ ਬਖਸ਼ਣ ਵਾਲਾ ਹੈ। ਮੈਨੂੰ ਤੂੰ ਆਪਣੀ ਬੰਦਗੀ ਦੀ ਖੈਰ ਪਾ ਦੇ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਪਰਮਾਤਮਾ ਇਸ ਸੰਸਾਰ ਦਾ ਪਾਲਣਹਾਰ ਹੈ। ਇਸ ਲਈ ਜੀਵ ਨੂੰ ਉਸ ਦੀ ਬੰਦਗੀ ਕਰਨੀ ਚਾਹੀਦੀ ਹੈ। ਜੀਵ ਨੂੰ ਪਰਮਾਤਮਾ ਦੀ ਬੰਦਗੀ ਕਰਨ ਵਾਲੇ ਹੋਰਨਾਂ ਜੀਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਰੱਬੀ ਪਿਆਰ ਵਿਚ ਰੰਗੇ

ਜੀਵ ਹੀ ਅਸਲ ਜੀਵ ਹਨ ਤੇ ਰੱਬ ਨੂੰ ਭੁਲਾਉਣ ਵਾਲੇ ਧਰਤੀ ਉਪਰ ਨਿਰਾ ਭਾਰ ਹੀ ਹੁੰਦੇ ਹਨ।

**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥1॥**
**ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ ॥1॥ ਰਹਾਉ॥**

**ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ ॥**
**ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥2॥**

**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥**
**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥3॥**

**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ ॥**
**ਕੰਚਨ ਵੰਨੇ ਪਾਸੇ ਕਲਵਤਿ ਚੀਰਿਆ ॥4॥**

**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ ॥5॥**

**ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ ॥**
**ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ ॥6॥**

**ਚਲੇ ਚਲਣਹਾਰ ਵਿਚਾਰਾ ਲੇਇ ਮਨੋ ॥**
**ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥7॥**

**ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥**
**ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥8॥2॥**

**ਪ੍ਰਸੰਗ :** ਓਪਰੋਕਤ ਸ਼ਬਦ ਬਾਬਾ ਫ਼ਰੀਦ ਦੀ ਰਚਨਾ ਹੈ। ਇਹ ਸਲੋਕ ਪਾਠ ਪੁਸਤਕ 'ਸਲੋਕ ਫ਼ਰੀਦ ਜੀ ਸਟੀਕ' ਵਿਚ ਦਰਜ਼ ਹੈ। ਇਸ ਸਲੋਕ ਵਿਚ ਬਾਬਾ ਫਰੀਦ ਮਨੁੱਖ ਨੂੰ ਸੰਸਾਰਕ ਪਦਾਰਥਾਂ ਦੇ ਵਿਕਾਰਾਂ ਵਿਚ ਫਸਣ ਦੀ ਬਜਾਏ ਰੱਬੀ ਬੰਦਗੀ ਕਰਨ ਦੀ ਪ੍ਰੇਰਨਾ ਦਿੰਦੇ ਹਨ ਕਿ ਸਾਰੇ ਜੀਵੰਤ ਜੀਵਾਂ ਨੇ ਇਸ ਲੋਕ ਤੋਂ ਪਰਲੋਕ ਵਿਚ ਜਾਣਾ ਹੈ।

**ਵਿਆਖਿਆ :** ਬਾਬਾ ਫ਼ਰੀਦ ਲਿਖਦੇ ਹਨ ਕਿ ਹੇ ਜੀਵ ਇਸ ਮਨੁੱਖਾ ਜਨਮ ਵਿਚ ਹੀ ਰੱਬ ਨਾਲ ਮਿਲਾਪ ਹੋ ਸਕਦਾ ਹੈ। ਇਸ ਲਈ ਉਸ ਨੂੰ ਮਨ ਨੂੰ ਮਚਾਉਣ ਵਾਲੀਆਂ ਇੰਦਰੀਆਂ ਉੱਪਰ ਕਾਬੂ ਪਾਉਣਾ ਚਾਹੀਦਾ ਹੈ। ਸ਼ੇਖ ਫ਼ਰੀਦ ਆਖਦਾ ਹੈ ਕਿ ਹੇ ਪਿਆਰੇ ਜੀਵ! ਰੱਬ ਦੇ ਚਰਨਾਂ ਵਿਚ ਪੈ ਕੇ ਤੇਰਾ ਸਰੀਰ ਡੂੰਘੀ ਕਬਰ ਰੂਪੀ ਘਰ ਵਿਚ ਪੈ ਕੇ ਮਿੱਟੀ ਹੋ ਜਾਵੇਗਾ। ਹੇ ਜੀਵ! ਤੈਨੂੰ ਇਹ ਪਤਾ ਹੀ ਹੈ ਕਿ ਤੂੰ ਅਖੀਰ ਮਰਨਾ ਹੈ ਅਤੇ ਵਾਪਸ ਇੱਥੇ ਜਨਮ ਨਹੀਂ ਲੈਣਾ। ਇਸ ਲਈ ਤੈਨੂੰ ਨਾਸ਼ਵਾਨ ਪਦਾਰਥਾਂ ਵਾਲੀ ਦੁਨੀਆਂ ਨਾਲ ਮੋਹ ਨਹੀਂ ਲਗਾਉਣਾ ਚਾਹੀਦਾ।

ਉਸ ਨੂੰ ਸੱਚ ਅਤੇ ਧਰਮ ਅਨੁਸਾਰ ਨੈਤਿਕਤਾ ਰੱਖਦੇ ਬੋਲਣਾ ਚਾਹੀਦਾ ਹੈ। ਉਸ ਨੂੰ ਜਿਹੜਾ ਗੁਰੂ ਪਰਮਾਤਮਾ ਦੀ ਬੰਦਗੀ ਦਾ ਰਸਤਾ ਦੱਸੇ, ਉਸ ਉੱਪਰ ਚੱਲਣਾ ਚਾਹੀਦਾ ਹੈ। ਉਸ ਨੂੰ ਆਪਣੇ ਮਨ ਅੰਦਰ ਇਸ ਤਰ੍ਹਾਂ ਹੌਸਲਾ ਬਣਾਉਣਾ ਚਾਹੀਦਾ ਹੈ ਕਿ ਨੌਜਵਾਨ ਜਿਵੇਂ ਦਰਿਆ ਪਾਰ ਕਰਦੇ ਹਨ ਤੇ ਉਨ੍ਹਾਂ ਨੂੰ ਦੇਖ ਕੇ ਤਿਵੇਂ ਹੀ ਕਮਜ਼ੋਰ ਔਰਤ ਵੀ ਦਰਿਆ ਪਾਰ ਕਰ ਜਾਂਦੀ ਹੈ। ਇਸ ਤਰ੍ਹਾਂ ਫ਼ਕੀਰ/ਸੰਤ ਬੰਦਗੀ ਕਰਦੇ ਹਨ, ਉਨ੍ਹਾਂ ਨੂੰ ਦੇਖ ਕੇ ਉਸ ਨੂੰ ਵੀ ਬੰਦਗੀ ਦਾ ਰਸਤਾ ਅਪਣਾ ਲੈਣਾ ਚਾਹੀਦਾ ਹੈ। ਹੇ ਮਨ ਤੂੰ ਹਮੇਸ਼ਾਂ ਸੰਤਾਂ/ਫ਼ਕੀਰਾਂ ਦੀ ਸੰਗਤ ਕਰ। ਜਿਹੜੇ ਜੀਵ ਮਾਇਆ ਜੋੜਨ ਵਜੋਂ ਸੋਨੇ ਵਾਲੇ ਪਾਸੇ ਜਾਂਦੇ ਹਨ, ਉਹ ਆਰੇ ਨਾਲ ਚੀਰੇ ਜਾਂਦੇ ਹਨ। ਹੇ ਜੀਵ! ਇਸ ਸੰਸਾਰ ਵਿਚ ਸਦਾ ਲਈ ਕੋਈ ਵੀ ਬੈਠਾ ਨਹੀਂ ਰਹਿਆ। ਜਿਸ ਆਸਣ ਉਪਰ ਉਹ ਬੈਠਾ ਹੈ, ਉਸ ਉੱਪਰ ਕਈ ਬੈਠ ਕੇ ਚਲੇ ਗਏ ਹਨ। ਕੱਤਕ ਦੇ ਮਹੀਨੇ ਵਿਚ ਕੂੰਜਾਂ ਆਉਂਦੀਆਂ ਹਨ। ਚੇਤ ਮਹੀਨੇ ਵਿਚ ਜੰਗਲ ਨੂੰ ਅੱਗ ਲੱਗ ਪੈਂਦੀ ਹੈ। ਸਾਵਣ ਮਹੀਨੇ ਵਿਚ ਅਸਮਾਨੀ ਬਿਜਲੀਆਂ ਚਮਕਦੀਆਂ ਹਨ। ਸਿਆਲ ਵਿਚ ਇਸਤਰੀਆਂ ਦੀਆਂ ਸੁਹਣੀਆਂ ਬਾਹਾਂ ਆਪਣੇ ਪਤੀਆਂ ਦੇ ਗਲ ਵਿਚ ਸੋਭਦੀਆਂ ਹਨ। ਇਸ ਤਰ੍ਹਾਂ ਇਸ ਸੰਸਾਰ ਦੇ ਜੀਵ ਆਪੋ-ਆਪਣਾ ਸਮਾਂ ਲੰਘਾ ਕੇ ਤੁਰੀ ਜਾ ਰਹੇ ਹਨ। ਹੇ ਮਨ ਜਰਾ ਸੋਚ ਕਿ ਜਿਸ ਸਰੀਰ ਨੂੰ ਬਣਦਿਆਂ ਮਾਂ ਦੇ ਪੇਟ ਵਿਚ ਛੇ ਮਹੀਨੇ ਲੱਗਦੇ ਹਨ ਉਸ ਦੇ ਖਤਮ ਹੋਣ ਨੂੰ ਇਕ ਪਲ ਹੀ ਲੱਗਦਾ ਹੈ। ਹੇ ਜੀਵ! ਇਸ ਗੱਲ ਦੀ ਜ਼ਮੀਨ ਤੇ ਅਸਮਾਨ ਗਵਾਹੀ ਭਰਦਾ ਹੈ ਕਿ ਇਸ ਸੰਸਾਰ ਤੋਂ ਬੇਅੰਤ ਜੀਵ ਜਾ ਚੁੱਕੇ ਹਨ। ਇਥੋਂ ਉਹ ਵੀ ਚਲੇ ਗਏ ਹਨ, ਜਿਹੜੇ ਆਪਣੇ ਆਪ ਨੂੰ ਵੱਡੇ/ਅਮੀਰ ਕਹਾਉਂਦੇ ਸਨ। ਉਨ੍ਹਾਂ ਦੇ ਸਰੀਰ ਤਾਂ ਕਬਰਾਂ ਵਿਚ ਗਲ ਜਾਂਦੇ ਹਨ ਪਰ ਕੀਤੇ ਕਰਮਾਂ ਦੇ ਔਖ-ਸੌਖ ਜਿੰਦ ਸਹਾਰਦੀ ਹੈ।

ੴ ਸਤਿਗੁਰ ਪ੍ਰਸਾਦਿ ॥
ਰਾਗੁ ਸੂਹੀ ਬਾਣੀ ਸੇਖ ਫਰੀਦ ਜੀ ਕੀ ॥
ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ॥
ਬਾਵਲਿ ਹੋਈ ਸੋ ਸਹੁ ਲੋਰਉ॥
ਤੈ ਸਹਿ ਮਨ ਮਹਿ ਕੀਆ ਰੋਸੁ ॥
ਮੁਝੁ ਅਵਗਨ ਸਹ ਨਾਹੀ ਦੋਸੁ ॥1॥

ਤੈ ਸਾਹਿਬ ਕੀ ਮੈ ਸਾਰ ਨ ਜਾਨੀ॥
ਜੋਬਨੁ ਖੋਇ ਪਾਛੈ ਪਛੁਤਾਨੀ ॥1॥ ਰਹਾਉ ॥

ਕਾਲੀ ਕੋਇਲ ਤੂ ਕਿਤ ਗੁਨ ਕਾਲੀ॥
ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥
ਪਿਰਹਿ ਬਿਹੂਨ ਕਤਹਿ ਸੁਖੁ ਪਾਏ ॥
ਜਾ ਹੋਇ ਕ੍ਰਿਪਾਲੁ ਤਾ ਪ੍ਰਭੂ ਮਿਲਾਏ ॥2॥

ਵਿਧਣ ਖੂਹੀ ਮੁੰਧ ਇਕੇਲੀ ॥

ਨਾ ਕੋ ਸਾਥੀ ਨਾ ਕੋ ਬੇਲੀ॥
ਕਰਿ ਕਿਰਪਾ ਪ੍ਰਭਿ ਸਾਧਸੰਗਿ ਮੇਲੀ॥
ਜਾ ਫਿਰਿ ਦੇਖਾ ਤਾ ਮੇਰਾ ਅਲਹੁ ਬੇਲੀ॥3॥

ਵਾਟ ਹਮਾਰੀ ਖਰੀ ਉਡੀਣੀ॥
ਖੰਨਿਅਹੁ ਤਿਖੀ ਬਹੁਤੁ ਪਿਈਣੀ॥
ਉਸੁ ਊਪਰਿ ਹੈ ਮਾਰਗੁ ਮੇਰਾ॥
ਸੇਖ ਫਰੀਦਾ ਪੰਥੁ ਸਮ੍ਾਰਿ ਸਵੇਰਾ॥4॥1॥

**ਪ੍ਰਸੰਗ :-** ਇਹ ਸ਼ਬਦ ਬਾਬਾ ਫ਼ਰੀਦ ਦੀ ਰਚਨਾ ਹੈ। ਇਹ ਸਲੋਕ ਪਾਠ ਪੁਸਤਕ 'ਸਲੋਕ ਫ਼ਰੀਦ ਜੀ ਸਟੀਕ' ਵਿਚ ਦਰਜ਼ ਹੈ। ਇਸ ਸਲੋਕ ਵਿਚ ਕਵੀ ਨੇ ਆਤਮਾ ਤੇ ਪਰਮਾਤਮਾ ਦੇ ਸਬੰਧਾਂ ਪ੍ਰਤੀ ਰਹੱਸਵਾਦੀ ਵਿਚਾਰ ਪ੍ਰਗਟਾਏ ਹਨ।

**ਵਿਆਖਿਆ:-** ਕਵੀ ਲਿਖਦਾ ਹੈ ਕਿ ਹੇ ਮੇਰੇ ਮਾਲਕ! ਮੈਂ ਜਵਾਨੀ ਵੇਲੇ ਤੇਰੀ ਕਦਰ ਨਾ ਜਾਣੀ। ਹੁਣ ਵਕਤ ਬੀਤ ਜਾਣ ਪਿਛੋਂ ਪਛਤਾਵਾ ਕਰ ਰਹੀਂ ਹਾਂ। ਜੀਵ ਇਸਤਰੀ ਆਖਦੀ ਹੈ ਕਿ ਦੁਖੀ ਹੋ ਕੇ ਤੜਫਦੀ ਹੋਈ ਉਹ ਝੱਲੀ ਬਣ ਕੇ ਪਤੀ ਨੂੰ ਲੱਭਦੀ ਫਿਰਦੀ ਹੈ। ਹੇ ਮੇਰੇ ਪਤੀ ਤੇਰੇ ਵਿਚ ਤਾਂ ਕੋਈ ਦੋਸ਼ ਨਹੀਂ ਸਨ। ਮੇਰੇ ਵਿਚ ਹੀ ਔਗੁਣ ਸਨ। ਤਾਹੀਏ ਤੂੰ ਮੇਰੇ ਨਾਲ ਰੋਸ ਕੀਤਾ। ਜੀਵ ਇਸਤਰੀ ਕੋਇਲ ਨੂੰ ਪ੍ਰਸ਼ਨ ਕਰਦੀ ਹੈ ਕਿ ਉਹ ਕਾਲੀ ਕਿਉਂ ਹੋ ਗਈ ਹੈ? ਇਸ ਦੇ ਉੱਤਰ ਵਿਚ ਕੋਇਲ ਦੱਸਦੀ ਹੈ ਕਿ ਉਹ ਆਪਣੇ ਪ੍ਰੀਤਮ ਦੇ ਵਿਛੋੜੇ ਦੀ ਸਾੜ ਕਾਰਨ ਕਾਲੀ ਹੋ ਗਈ ਹੈ। ਉਹ ਆਪਣੇ ਪਤੀ ਤੋਂ ਵਿਛੜ ਕੇ ਸੁਖ ਨਹੀਂ ਪਾ ਸਕਦੀ। ਕੋਇਲ ਵਾਂਗ ਇਹ ਸਥਿਤੀ ਜੀਵ ਇਸਤਰੀ ਦੇ ਵਸ ਦੀ ਨਹੀਂ ਹੈ। ਜਦੋਂ ਪ੍ਰਭੂ-ਪਤੀ ਆਪ ਇਸਤਰੀ ਉੱਪਰ ਮਿਹਰਬਾਨ ਹੁੰਦਾ ਹੈ ਤਾਂ ਆਪ ਹੀ ਉਸ ਨਾਲ ਸੰਜੋਗ ਹੋ ਸਕਦਾ ਹੈ। ਇਸ ਸੰਸਾਰ ਰੂਪੀ ਡੂੰਘੀ ਖੂਹੀ ਵਿਚ ਜੀਵ ਇਸਤਰੀ ਡਿੱਗੀ ਪਈ ਹੈ। ਇੱਥੇ ਉਸ ਦੇ ਦੁੱਖਾਂ ਨੂੰ ਕੱਟਣ ਲਈ ਸਹਾਇਤਾ ਕਰਨ ਵਾਲਾ ਵੀ ਕੋਈ ਨਹੀਂ।ਹੁਣ ਜਦੋਂ ਪ੍ਰਭੂ-ਪਤੀ ਨੇ ਮਿਹਰ ਕਰਕੇ ਆਪਣੇ ਸਤਸੰਗ ਵਿਚ ਮਿਲਾਇਆ ਹੈ ਤਾਂ ਉਹ ਸਤਸੰਗ ਵਿਚ ਆ ਕੇ ਆਪਣੇ ਬੇਲੀ ਰੱਬ ਨੂੰ ਦੇਖ ਰਹੀ ਹੈ। ਇਸ ਤਰ੍ਹਾਂ ਜੀਵ ਇਸਤਰੀ ਦਾ ਰਸਤਾ ਬੜਾ ਔਖਾ ਹੈ। ਇਹ ਰਸਤਾ ਖੰਡੇ ਨਾਲੋਂ ਵੀ ਤਿੱਖੀ ਧਾਰ ਵਾਲਾ ਹੈ। ਇਸ ਦੇ ਉਤੋਂ ਦੀ ਜੀਵ ਇਸਤਰੀ ਨੇ ਲੰਘ ਕੇ ਜਾਣਾ ਹੈ। ਇਸ ਵਾਸਤੇ ਹੇ ਜੀਵ! ਤੂੰ ਸਵੇਰੇ-ਸਵੇਰੇ ਆਪਣਾ ਰਸਤਾ ਸੰਭਾਲ ਲੈ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਜੀਵ ਇਸਤਰੀ ਵਿਚ ਔਗੁਣਾਂ ਕਾਰਨ ਉਸ ਦਾ ਪਤੀ ਉਸ ਦੀ ਪਰਵਾਹ ਨਹੀਂ ਕਰਦਾ। ਉਸ ਦਾ ਸੰਸਾਰ ਤੇ ਪਰਲੋਕ ਵਿਚ ਸਹਾਰਾ ਕੇਵਲ ਪਤੀ-ਪਰਮਾਤਮਾ ਹੈ। ਇਸ ਲਈ ਉਸ ਦੇ ਸਤਿਸੰਗ ਵਿਚ ਪੈ ਕੇ ਦੋਨੋਂ ਜਹਾਨਾਂ ਵਿਚ ਸੁੱਖ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰਲੋਕ ਜਾਣ ਲਈ ਤੇਜ਼ ਤੇ ਤਿੱਖੇ ਮਾਰਗ ਦੀ ਪ੍ਰੀਖਿਆ ਅਤਿ ਕਠਨ ਹੈ।

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥1॥

ਹਥੁ ਨ ਲਾਇ ਕਸੁੰਭੜੈ ਜਲਿਜਾਸੀ ਢੋਲਾ॥1॥ ਰਹਾਉ ॥

ਇਕ ਆਪੀਨੑੈ ਪਤਲੀ ਸਹ ਕੇਰੇ ਬੋਲਾ ॥
ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ ॥2॥

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ ॥
ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ ॥3॥2॥

**ਪ੍ਰਸੰਗ :-** ਇਹ ਸ਼ਬਦ ਬਾਬਾ ਫ਼ਰੀਦ ਦੀ ਰਚਨਾ ਹੈ। ਇਹ ਸ਼ਬਦ ਪਾਠ ਪੁਸਤਕ 'ਸਲੋਕ ਫ਼ਰੀਦ ਜੀ ਸਟੀਕ' ਵਿਚ ਦਰਜ਼ ਹੈ। ਇਸ ਵਿਚ ਕਵੀ ਵਕਤ ਸਿਰ ਪਰਮਾਤਮਾ ਦੀ ਬੰਦਗੀ ਕਰਕੇ ਅੱਗਾ ਸੰਵਾਰਨ ਦੀ ਪ੍ਰੇਰਨਾ ਦਿੰਦਾ ਹੈ।

**ਵਿਆਖਿਆ :-** ਕਵੀ ਲਿਖਦਾ ਹੈ ਕਿ ਹੇ ਸੱਜਣ! ਦੁਨਿਆਵੀ ਪਦਾਰਥਾਂ ਦੇ ਵਿਕਾਰਾਂ ਰੂਪ ਮਾਇਆ ਨਾਲ ਆਪਣੇ ਮਨ ਨੂੰ ਨਾ ਜੋੜੀ ਰੱਖ। ਇਹ ਮਾਇਆ ਜਲਦੀ ਖਤਮ ਹੋਣ ਵਾਲੀ ਹੈ। ਜਿਹੜਾ ਮਨੁੱਖ ਮਾਇਆ ਵਿਚ ਮਸਤ ਰਿਹਾ ਉਹ ਜਵਾਨੀ ਵਾਲੇ ਵਕਤ ਵਿਚ ਸਮੇਂ ਸਿਰ ਆਪਣਾ ਬੇੜਾ ਨਾ ਤਿਆਰ ਕਰ ਸਕਿਆ। ਜਦੋਂ ਸਰੋਵਰ ਨੱਕੋ-ਨੱਕ ਭਰ ਕੇ ਬਾਹਰ ਉਛਲਣ ਲੱਗ ਪੈਂਦਾ ਹੈ ਤਾਂ ਇਸ ਵਿਚ ਤਰਨਾ ਔਖਾ ਹੋ ਜਾਂਦਾ ਹੈ। ਇਸ ਤਰ੍ਹਾਂ ਵਿਕਾਰਾਂ ਦਾ ਆਦੀ ਹੋਇਆ ਮਨੁੱਖ ਇਨ੍ਹਾਂ ਦੇ ਚਸਕੇ ਵਿਚੋਂ ਨਿਕਲ ਨਹੀਂ ਸਕਦਾ। ਜਿਹੜੀਆਂ ਜੀਵ-ਇਸਤਰੀਆਂ ਦੁਨਿਆਵੀ ਮਾਇਆ ਨਾਲ ਮੋਹ ਕਰਦੀਆਂ ਆਪਣੇ ਆਪ ਵਿਚ ਹੰਕਾਰੀ ਹੋ ਜਾਂਦੀਆਂ ਹਨ, ਉਨ੍ਹਾਂ ਨੂੰ ਪਤੀ-ਪਰਮਾਤਮਾ ਦੇ ਦਰ ਤੋਂ ਮਾੜੇ ਬੋਲ ਹੀ ਪ੍ਰਾਪਤ ਹੁੰਦੇ ਹਨ। ਇਸ ਤਰ੍ਹਾਂ ਜਦੋਂ ਉਨ੍ਹਾਂ ਦਾ ਪਤੀ ਨਾਲ ਮਿਲਾਪ ਹੋਣਾ ਸੀ ਤਾਂ ਉਨ੍ਹਾਂ ਦਾ ਮਿਲਾਪ ਨਹੀਂ ਹੁੰਦਾ। ਇਸ ਤਰ੍ਹਾਂ ਮਨੁੱਖੀ ਜੀਵਨ ਦਾ ਜਵਾਨੀ ਵਾਲਾ ਸਮਾਂ ਬੀਤ ਜਾਣ 'ਤੇ ਉਨ੍ਹਾਂ ਦਾ ਪਤੀ ਨਾਲ ਮੁੜ ਮਿਲਾਪ ਨਹੀਂ ਹੁੰਦਾ। ਇਸ ਤਰ੍ਹਾਂ ਫਰੀਦ ਆਖਦਾ ਹੈ ਕਿ ਹੇ ਸਹੇਲੀਓ! ਜਦੋਂ ਪਤੀ-ਪਰਮਾਤਮਾ ਦਾ ਉਨ੍ਹਾਂ ਨੂੰ ਸੰਸਾਰ ਵਿਚੋਂ ਚੱਲਣ ਦਾ ਸੱਦਾ ਆਵੇਗਾ ਤਾਂ ਮਾਇਆ ਵਿਚ ਫਸੀ ਜੀਵ-ਇਸਤਰੀ ਜੱਕੋ-ਤੱਕੀ ਕਰਦੀ ਹੋਵੇਗੀ। ਉਸ ਦਾ ਮਨ ਮਾਇਆ ਤੋਂ ਵਿਛੜਨ ਨੂੰ ਨਹੀਂ ਕਰੇਗਾ ਅਤੇ ਸਰੀਰ ਮਿੱਟੀ ਦੀ ਢੇਰੀ ਹੋ ਜਾਵੇਗਾ। ਅਰਥਾਤ ਕਵੀ ਜੀਵ ਨੂੰ ਸੰਦੇਸ਼ ਦਿੰਦਾ ਹੈ ਕਿ ਵਕਤ ਸਿਰ ਹੀ ਬੰਦਗੀ ਕਰਕੇ ਅੱਗਾ ਸਵਾਰਿਆ ਜਾ ਸਕਦਾ ਹੈ। ਜਦੋਂ ਜੀਵ-ਇਸਤਰੀ ਵਿਕਾਰਾਂ ਵਿਚ ਫਸੀ ਰਹਿੰਦੀ ਤੇ ਹੰਕਾਰੀ ਦੀ ਸਥਿਤੀ ਵਿਚ ਹੁੰਦੀ ਹੈ ਤਾਂ ਉਸ ਦਾ ਪ੍ਰਭੂ-ਪਤੀ ਨਾਲ ਮਿਲਾਪ ਦਾ ਵਕਤ ਹੋਣ ਦੇ ਬਾਵਜੂਦ ਮਿਲਾਪ ਨਹੀਂ ਹੁੰਦਾ। ਇਸ ਦੀ ਵਿਜੋਗ ਵਾਲੀ ਸਥਿਤੀ ਵਿਚ ਹੀ ਸਰੀਰ ਢਹਿ-ਢੇਰੀ ਹੋ ਜਾਂਦਾ ਹੈ।

### 4.4 Summary (ਨਿਸ਼ਕਰਸ਼)

ਇਨ੍ਹਾਂ ਸਲੋਕਾਂ ਅਤੇ ਸ਼ਬਦਾਂ ਦੀ ਵਿਆਖਿਆ ਕਰਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਬਾਬਾ ਫ਼ਰੀਦ ਮਨੁੱਖ ਨੂੰ ਸੱਚਾ ਅਤੇ ਸੁੱਚਾ ਜੀਵਨ ਬਤੀਤ ਕਰਨ ਲਈ ਕਹਿੰਦੇ ਹਨ। ਉਨ੍ਹਾਂ ਅਨੁਸਾਰ ਮਨੁੱਖ ਦਾ ਜੀਵਨ ਨਾਸ਼ਮਾਨ ਹੈ। ਇਸ ਨੇ ਇਕ ਦਿਨ ਖ਼ਤਮ ਹੋ ਜਾਣਾ ਹੈ। ਇਸ

ਲਈ ਮਨੁੱਖ ਨੂੰ ਬੁਰੇ ਕੰਮਾਂ ਦਾ ਤਿਆਗ ਕਰਨਾ ਚਾਹੀਦਾ ਹੈ ਅਤੇ ਚੰਗੇ ਅਮਲਾਂ ਵਾਲੇ ਕਾਰਜ ਕਰਨੇ ਚਾਹੀਦੇ ਹਨ। ਉਨਾਂ ਦਾ ਕਹਿਣਾ ਹੈ ਕਿ ਮਨੁੱਖ ਅੰਦਰੋਂ ਭਾਵ ਮਨ ਅਤੇ ਸਰੀਰ ਭਾਵ ਤਨ ਦੇ ਬਾਹਰੀ ਸਰੂਪ ਵਿੱਚ ਇਕੋ ਜਿਹਾ ਹੀ ਹੋਣਾ ਚਾਹੀਦਾ ਹੈ। ਅਜਿਹੇ ਮਨੁੱਖ ਨੂੰ ਪਰਮਾਤਮਾ ਦੀ ਪ੍ਰਾਪਤੀ ਹੁੰਦੀ ਹੈ। ਦੁਨਿਆਵੀ ਸੁੱਖਾਂ ਦੀ ਉਮਰ ਬਹੁਤ ਥੋੜ੍ਹੀ ਹੁੰਦੀ ਹੈ। ਅਧਿਆਤਮਕ ਅਵਸਥਾ ਵਿਚ ਪਹੁੰਚੇ ਹੋਏ ਮਨੁੱਖ ਲਈ ਇਹ ਸਭ ਕੁਝ ਬੇਕਾਰ ਦੀਆਂ ਵਸਤਾਂ ਹਨ। ਉਸ ਦਾ ਆਨੰਦ ਅਤੇ ਸੁੱਖ ਸਿਰਫ਼ ਪਰਮਾਤਮਾ ਨੂੰ ਪ੍ਰਾਪਤ ਕਰਨ ਵਿਚ ਹੁੰਦਾ ਹੈ ਜਿਸ ਨੇ ਮਨੁੱਖ ਦਾ ਅਗਲਾ ਜਨਮ ਸੰਵਾਰਨਾ ਹੈ। ਇਹ ਅਗਲਾ ਜਨਮ ਸੰਵਾਰਨ ਲਈ ਮਨੁੱਖ ਨੂੰ ਪਰਮਾਤਮਾ ਦੀ ਸ਼ਰਣ ਵਿੱਚ ਜਾਣਾ ਹੀ ਪੈਣਾ ਹੈ।

## 4.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਕਾਗਾ-ਕਾਂ, ਸਗਲਾ-ਸਾਰਾ, ਸਡੁ-ਅਵਾਜ ਦੇਣੀ, ਸਰਪਰ-ਜਰੂਰ, ਕੇਤੀ-ਕਿਤਨੀ ਹੀ, ਨਿਸਖਣ-ਬਿਲਕੁਲ ਖਾਲੀ, ਸੁੰਨਾ, ਬਹਿਸਨਿ-ਬੈਠਣਗੀਆਂ, ਢਾਹਾ-ਕਿਨਾਰਾ, ਕੰਢਾ, ਹੂਲ-ਰੌਲਾ, ਕਾਹਾਰਾ-ਹਾਹਾਕਾਰ, ਓਗਾਹਾ-ਗਵਾਹ, ਦੇਹੁਰੀ-ਪਲਿਆ ਹੋਇਆ ਸਰੀਰ, ਵਤਿ-ਮੁੜ-ਮੁੜ ਕੇ, ਅਲ-ਦਾ, ਹਉ-ਮੈ, ਬਲਿਹਾਰੀ-ਸਦਕੇ, ਕੁਰਬਾਨ, ਫਿਰੀ-ਬਦਲਣਾ, ਕਿਥਾਊ-ਕਿਤੇ ਵੀ, ਧਜ-ਲੀਰਾਂ, ਪਟੋਲਾ-ਔਰਤਾਂ ਦੇ ਸਿਰ ਉੱਪਰ ਲੈਣ ਵਾਲਾ ਪੱਟ(ਰੇਸ਼ਮ) ਦਾ ਕੱਪੜਾ, ਪਹਿਰੇਇ-ਪਹਿਨਦੀ ਹੈ, ਰਾਸਿ-ਚੰਗੀ ਸਫ, ਜਾਗਿਓਹ-ਤੂੰ ਨਾ ਜਾਗਿਆ, ਮੁਇਓਹ-ਤੂੰ ਮਰਿਆ, ਫੁਲੜਾ-ਸੁਹਣਾ ਫੁੱਲ, ਸੰਦੀਆ-ਦੀਆਂ, ਲਹਨਿ-ਪ੍ਰਾਪਤ ਕਰਦੇ ਹਨ, ਕੂ-ਨੂੰ, ਕਾਈ-ਕੋਈ, ਕੋਰ-ਕਸਰ, ਘਾਟਾ, ਮੰਝਿ-ਮਨ, ਨੀਹਣੋ-ਚਿੱਲਾ, ਨਜੀਕਿ-ਨਜ਼ਦੀਕ, ਹੋਨਿ-ਹੰਦੇ ਹਨ, ਸੁਆਉ-ਸਵਾਰਥ, ਥੀਵਹਿ-ਹੋ ਜਾਵੇਗਾ, ਵਾਹੜਾ-ਨਿੱਕਾ ਜਿਹਾ ਵਹਿਣ,ਜੁਲਾਂ-ਮੈਂ ਤੁਰਾਂ, ਨ ਭੇੜੀ-ਨਾ ਛੂਹਦੀ, ਹੇਕੜੋ-ਇਕੱਲਾ, ਮਣੀਆ-ਸ਼ਿਰੋਮਣੀ,ਖਵਣੁ-ਸਹਾਰਨਾ, ਜਿਹਬਾ-ਮਿੱਠੀ ਜੀਭ, ਤਾਣ-ਤਾਕਤ, ਸਦਾਏ-ਅਖਵਾਏ, ਗਾਲਾਇ-ਬੋਲ, ਧਣੀ-ਮਾਲਕ, ਪਤੀ, ਹਿਆਉ-ਹਿਰਦਾ, ਠਾਹੁਣੁ-ਢਾਹਣਾ, ਮਚਾਂਗਵਾ-ਚੰਗਾ ਨਹੀਂ, ਸੇਈ-ਉਹ ਬੰਦੇ, ਧੰਨੁ-ਭਾਗਾਂ ਵਾਲੀ, ਟਾਕਿਮ-ਕਾਬੂ ਵਿਚ, ਕੂੰਜੜੀਆਂ-ਇੰਦਰੀਆਂ, ਨਾ ਵਵਾਈਐ-ਖੁਆਰ ਨਹੀਂ ਕਰਨਾ ਚਾਹੀਦਾ, ਜੋਲੀਐ-ਤੁਰਨਾ ਚਾਹੀਦਾ ਹੈ, ਕਲਵਤਿ-ਆਰਾ, ਡਉ-ਜੰਗਲ ਦੀ ਅੱਗ, ਬਾਹੜੀਆਂ-ਸੁਹਣੀਆਂ ਬਾਹਾਂ, ਹਿਕੁ ਖਿਨੋ-ਇਕ ਪਲ, ਖੇਵਟ-ਮਲਾਹ, ਤਪਿ ਤਪਿ-ਖਪ-ਖਪ ਕੇ, ਲਅੁਹਿ-ਲੁਹਿ-ਲੁੱਛ-ਲੁਛ ਕੇ, ਬਾਵਲਿ-ਕਮਲੀ, ਸਹਿ-ਪਤੀ, ਵਿਧਣ-ਭਿਆਨਕ, ਮੁੰਧ-ਇਸਤਰੀ, ਖੰਨਿਅਹਿ-ਖੰਡੇ ਨਾਲੋਂ, ਦੁਹੇਲਾ-ਔਖਾ, ਪਤਲੀ-ਹੰਕਾਰੀ, ਅਲਾਏਸੀ-ਬੁਲਾਵੇਗਾ, ਡੁੰਮਣਾ-ਦੁਚਿੱਤਾ।

## 4.6 Self-Assesment Questions (SAQ)

1. ਬਾਬਾ ਫ਼ਰੀਦ ਜੀ ਨੇ ਕਿੰਨੇ ਸ਼ਬਦਾਂ ਦੀ ਰਚਨਾ ਕੀਤੀ ਹੈ ?
2. ਬਾਬਾ ਫ਼ਰੀਦ ਜੀ ਨੇ ਕਿਹੜੇ-ਕਿਹੜੇ ਰਾਗਾਂ ਵਿੱਚ ਸ਼ਬਦਾਂ ਦੀ ਰਚਨਾ ਕੀਤੀ ?
3. ਬਾਬਾ ਫ਼ਰੀਦ ਜੀ ਦੇ ਸਲੋਕਾਂ ਵਿੱਚ ਵਰਤੇ ਗਏ ਸ਼ਬਦ 'ਪਟੋਲਾ' ਦਾ ਕੀ ਅਰਥ ਹੈ ?

4. ਬਾਬਾ ਫ਼ਰੀਦ ਜੀ ਦਾ ਕੋਈ ਨਾਸ਼ਮਾਨਤਾ ਨਾਲ ਸੰਬੰਧਤ ਸਲੋਕ ਦੱਸੋ।

5. 'ਦਿਲਹੁ ਮੁਹਬਤਿ ਜਿੰਨ ਸੇਈ ਸਚਿਆ॥' ਇਹ ਸਤਰਾਂ ਸਲੋਕ ਦੀਆਂ ਹਨ ਜਾਂ ਸ਼ਬਦ ਦੀਆਂ ?

## 4.7 Referenses

1. ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

2. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।

# (ਬਾਬਾ ਫ਼ਰੀਦ ਜੀ ਬਾਣੀ ਦਾ ਅਧਿਅਆਤਮਕ/ਰਹੱਸਵਾਦੀ ਪੱਖ)

**Structure :**


1.1 Objective (ਉਦੇਸ਼)

1.2 Inroduction (ਜਾਣ-ਪਛਾਣ)

5.3 ਬਾਬਾ ਫ਼ਰੀਦ ਜੀ ਬਾਣੀ ਦਾ ਅਧਿਅਆਤਮਕ/ਰਹੱਸਵਾਦੀ ਪੱਖ

1.4 Summary (ਨਿਸ਼ਕਰਸ਼)

1.5 Glossory/Keywords (ਔਖੇ ਸ਼ਬਦਾਂ ਦੇ ਅਰਥ)

1.6 Self-Assesment Questions (SAQ)

1.7 References


## 5.1 Objective (ਉਦੇਸ਼)

ਬਾਬਾ ਫ਼ਰੀਦ ਪੰਜਾਬੀ ਸੂਫੀ ਕਵਿਤਾ ਦਾ ਪਿਤਾਮਾ ਹੈ। ਉਸ ਨੇ ਆਪਣੇ ਸ਼ਬਦਾਂ ਅਤੇ ਸਲੋਕਾਂ ਵਿਚ ਰਹੱਸਵਾਦੀ/ਅਤਿਆਤਮਕ ਵੰਨਗੀ ਦੇ ਵਿਚਾਰ ਪੇਸ਼ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਬਾਬਾ ਫ਼ਰੀਦ ਦੀਆਂ ਅਜਿਹੀਆਂ ਰਚਨਾਵਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਉਨ੍ਹਾਂ ਦੇ ਰਹੱਸਵਾਦੀ ਵਿਚਾਰ ਦਰਜ਼ ਹਨ। ਬਾਬਾ ਫ਼ਰੀਦ ਇਸਲਾਮ ਧਰਮ ਪ੍ਰਚਾਰ ਲਈ ਆਏ ਸੂਫੀ ਟੋਲਿਆਂ ਵਿਚੋਂ 'ਚਿਸਤੀ ਸੰਪਰਦਾਏ' ਨਾਲ ਸੰਬੰਧ ਰੱਖਦਾ ਹੈ। ਉਹਨਾਂ ਨੇ ਭਾਰਤ ਦੇ ਵੱਖੋ ਵੱਖਰੇ ਖੇਤਰਾਂ ਵਿਚ ਜਾ ਕੇ ਇਸਲਾਮ ਦਾ ਪ੍ਰਚਾਰ ਵੀ ਕੀਤਾ ਅਤੇ ਇਸ ਪ੍ਰਚਾਰ ਅਧੀਨ ਆਪਣੀ ਰਚਨਾ ਕੀਤੀ।ਅਜਿਹੇ ਅਧਿਆਤਮਕ ਅਤੇ ਰਹੱਸਵਾਦੀ ਵਿਚਾਰਾਂ ਨੂੰ ਸਮਝਣਾ ਹੀ ਪਾਠ ਦਾ ਮੁੱਖ ਮੰਤਵ ਹੈ। ਇੰਝ, ਵਿਦਿਆਰਥੀ ਬਾਬਾ ਫ਼ਰੀਦ ਦੀ ਬਾਣੀ ਦੇ ਅਧਿਆਤਮਕ ਸਰੋਕਾਰਾਂ ਨੂੰ ਸਮਝ ਕੇ ਪ੍ਰੀਖਿਆ ਵਿੱਚ ਆਏ ਪ੍ਰਸ਼ਨਾਂ ਨੂੰ ਹੱਲ ਕਰ ਸਕਦਾ ਹੈ।

## 5.2 Inroduction (ਜਾਣ-ਪਛਾਣ)

'ਰਹੱਸਵਾਦ' ਇਕ ਪ੍ਰਕਾਰ ਦੀ ਮਨੋ-ਸਥਿਤੀ ਹੈ, ਜਿਹੜੀ ਆਤਮਾ ਤੇ ਪਰਮਾਤਮਾ ਦੇ

ਆਪਸੀ ਸੰਬੰਧਾਂ ਨੂੰ ਪੇਸ਼ ਕਰਦੀ ਹੈ। ਇਸ ਤਰ੍ਹਾਂ ਕਿਸੇ ਰਹੱਸਵਾਦੀ ਰਚਨਾ ਵਿਚ ਦਿਸਦੇ ਸੰਸਾਰ ਪਿੱਛੇ ਮਹਾਂ ਸੱਤਾ ਦੇ ਰਹੱਸ (ਗੁਪਤ ਭੇਦ) ਨੂੰ ਪੇਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ, ਉਹ ਮਹਾਂ ਸੱਤਾ ਕਿਸ ਪ੍ਰਕਾਰ ਦੀ ਹੈ ? ਉਹ ਸੰਸਾਰ ਦਾ ਕਾਰਜ ਕਿਵੇਂ ਕਰਦੀ ਹੈ? ਉਸ ਦੀ ਨਿਯਮਵਲੀ ਕਿਹੋ-ਜਿਹੀ ਹੋ ਸਕਦੀ ਹੈ? ਆਦਿ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਜਦੋਂ ਸਾਹਿਤਕਾਰ ਰਹੱਸ ਨੂੰ ਪ੍ਰਗਟਾਉਂਦਾ ਹੈ ਤਾਂ ਉਹ ਰਚਨਾ ਰਹੱਸਵਾਦੀ ਵਿਚਾਰਾਂ ਵਾਲੀ ਹੋ ਨਿਬੜਦੀ ਹੈ। ਇਸ ਭਾਗ ਵਿੱਚ ਅਜਿਹੇ ਅਨੇਕ ਵਿਚਾਰਾਂ ਨੂੰ ਸਮਝਾਉਣ ਲਈ ਸਲੋਕਾਂ ਅਤੇ ਸ਼ਬਦਾਂ ਵਿਚੋਂ ਉਦਾਹਰਣਾਂ ਲਈਆਂ ਗਈਆਂ ਹਨ। ਪਾਠ ਦੇ ਅੰਤ ਵਿੱਚ ਨਿਸ਼ਕਰਸ਼ ਅਤੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਅਰਥਾਂ ਤੱਕ ਅਸਾਨੀ ਨਾਲ ਪਹੁੰਚ ਜਾਣ।

### 5.3 ਬਾਬਾ ਫ਼ਰੀਦ ਜੀ ਬਾਣੀ ਦਾ ਅਧਿਆਤਮਕ/ਰਹੱਸਵਾਦੀ ਪੱਖ

ਬਾਬਾ ਫ਼ਰੀਦ ਇਕ ਰਹੱਸਵਾਦੀ ਸੂਫ਼ੀ ਕਵੀ ਸੀ। ਉਸ ਨੂੰ ਇਸਲਾਮ ਧਰਮ ਦੇ ਪਿਛੋਕੜ ਵਿਚ ਪਰਮਾਤਮਾ ਵਿਚ ਪੂਰਾ ਵਿਸ਼ਵਾਸ਼ ਸੀ। ਉਹ ਇਹ ਸਮਝਦੇ ਸਨ ਕਿ ਰੱਬ ਨੂੰ ਦੂਰ-ਦੁਰਾਡੇ ਕਿਸੇ ਥਾਂ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਬਾਬਾ ਫਰੀਦ ਰੱਬ ਨੂੰ ਆਪਣੇ ਮਨ ਅੰਦਰੋਂ ਹੀ ਪ੍ਰਾਪਤ ਕਰਨ ਦਾ ਰਹੱਸ ਪੇਸ਼ ਕਰਦਾ ਹੈ। ਉਹ ਲਿਖਦਾ ਹੈ:

**ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ॥**
**ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥**

ਬਾਬਾ ਫ਼ਰੀਦ ਆਪਣੇ ਸੰਸਾਰਕ ਜੀਵਨ ਵਿਚ ਰੱਬੀ ਪ੍ਰੇਮ ਵਿਚ ਰੰਗਿਆ ਰਹਿੰਦਾ ਸੀ। ਉਸ ਨੇ ਪਰਮਾਤਮਾ ਦੀ ਯਾਦ ਵਿਚ ਤੜਫਦੇ ਜੀਵ ਦੀ ਸਥਿਤੀ ਨੂੰ ਪੇਸ਼ ਕੀਤਾ ਹੈ। ਜੀਵ-ਇਸਤਰੀ ਪਤੀ-ਪਰਮਾਤਮਾ ਨੂੰ ਮਿਲਣ ਲਈ ਸਦਾ ਹੀ ਉਤਾਵਲੀ ਰਹਿੰਦੀ ਹੈ। ਜੀਵ-ਇਸਤਰੀ ਦੀ ਇਹੋ-ਜਿਹੀ ਉਤੇਜਨਾ ਫਰੀਦ ਦੇ ਕਈ ਸਲੋਕਾਂ ਵਿਚ ਮਿਲਦੀ ਹੈ। ਜਿਵੇ:

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥**

**ਜਾਂ**

**ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥**

**ਜਾਂ**

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ ॥**

**ਜਾਂ**

**ਜਿੰਦੁ ਵਹੁਟੀ ਮਰਣੁ ਵਰੁ ਲੈ ਜਾਸੀ ਪਰਣਾਇ ॥**

ਇਕ ਰਹੱਸਵਾਦੀ ਜੀਵ ਆਪਣੇ ਪਤੀ-ਪਰਮਾਤਮਾ ਨਾਲ ਪ੍ਰੇਮ ਕਰਦਾ ਹੈ। ਬਾਬਾ ਫ਼ਰੀਦ ਆਪਣੀਆਂ ਰਚਨਾਵਾਂ ਵਿਚ ਪਤੀ ਦੇ ਪ੍ਰੇਮ ਵਿਚ ਮਗਨ ਇਸਤਰੀ ਦਾ ਸਰੂਪ ਪੇਸ਼ ਕਰਦਾ ਹੈ। ਉਹ ਵਿਅਕਤੀ ਨੂੰ ਉਪਦੇਸ਼ ਦਿੰਦਾ ਹੈ ਕਿ ਆਪਣੇ ਜੀਵਨ ਦਾ ਕੀਮਤੀ ਸਮਾਂ ਇੱਧਰ-ਉਧਰ ਜਾਇਆ ਨਾ ਕੀਤਾ ਜਾਵੇ। ਉਹ ਵੱਧ ਤੋਂ ਵੱਧ ਸਮਾਂ ਪਰਮਾਤਮਾ ਦੀ ਬੰਦਗੀ ਵਿਚ ਲਗਾਵੇ। ਬੰਦਗੀ ਲਈ ਅੰਮ੍ਰਿਤ ਵੇਲਾ ਉਚਿਤ ਹੁੰਦਾ ਹੈ। ਬੰਦਗੀ ਲਈ ਸਹੀ ਉਮਰ ਜਵਾਨੀ ਦੀ ਹੁੰਦੀ ਹੈ। ਬੁਢਾਪੇ ਵਿਚ ਇੰਦਰੀਆਂ ਦੇ ਸਾਥ ਨਾ ਦੇਣ ਕਾਰਨ ਬੰਦਗੀ ਸਹੀ ਢੰਗ ਨਾਲ ਨਹੀਂ ਹੋ ਸਕਦੀ। ਜੀਵ ਕੇਵਲ ਪਰਮਾਤਮਾ ਦੀ ਬੰਦਗੀ ਲਈ ਹੀ ਇਸ ਸੰਸਾਰ ਵਿਚ ਆਇਆ ਹੈ। ਇਸ ਲਈ ਉਹ ਆਪਣਾ ਧਿਆਨ ਪਰਮਾਤਮਾ ਦੀ ਬੰਦਗੀ ਵਿਚ ਹੀ ਲਗਾਵੇ। ਉਸ ਕੋਲੋਂ ਪਰਮਾਤਮਾ ਦੀ ਦਰਗਾਹ ਵਿਚ ਲੇਖਾ ਮੰਗਿਆ ਜਾਵੇਗਾ। ਬਾਬਾ ਫ਼ਰੀਦ ਲਿਖਦਾ ਹੈ:

**ਫਰੀਦਾ ਚਾਰਿ ਗਵਾਇਆ ਹੰਢਿ ਕੈ ਚਾਰਿ ਗਵਾਇਆ ਸੰਮਿ॥**
**ਲੇਖਾ ਰਬੁ ਮੰਗੇਸੀਆ ਤੂ ਆਂਹੋ ਕੇਰ੍ਹੇ ਕੰਮਿ॥**

ਬਾਬਾ ਫ਼ਰੀਦ ਨੇ ਰੱਬੀ ਪ੍ਰੇਮ 'ਤੇ ਬਹੁਤ ਜ਼ੋਰ ਦਿੱਤਾ ਹੈ। ਬਿਰਹਾ ਤੇ ਪ੍ਰੇਮ ਰਹੱਸਵਾਦ ਦੇ ਪੱਖ ਹਨ। ਪ੍ਰੇਮ ਤੋਂ ਬਿਨਾਂ ਬਿਰਹਾ ਦਾ ਅਨੁਭਵ ਨਹੀਂ ਹੋ ਸਕਦਾ। ਪ੍ਰੇਮ ਦੀ ਉੱਚਤਾ ਦਾ ਪ੍ਰਗਟਾਵਾ ਵੀ ਬਿਰਹਾ ਕਰਕੇ ਹੀ ਹੋਂਦ ਵਿਚ ਆਉਂਦਾ ਹੈ। ਫ਼ਰੀਦ ਨੇ ਬਿਰਹਾ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਹੈ। ਫ਼ਰੀਦ ਤਾਂ ਇਥੋਂ ਤੱਕ ਵੀ ਸਵੀਕਾਰਦਾ ਹੈ ਕਿ ਜਿਸ ਜੀਵ ਦੇ ਸਰੀਰ ਵਿਚ ਬਿਰਹਾ ਦਾ ਭਾਵ ਉਤਪਨ ਨਹੀਂ ਹੁੰਦਾ, ਉਸ ਨੂੰ ਸਮਸ਼ਾਨ ਘਾਟ ਦੀ ਜ਼ਮੀਨ ਵਰਗਾ ਹੀ ਸਮਝਣਾ ਚਾਹੀਦਾ ਹੈ। ਉਸ ਨੇ ਲਿਖਿਆ ਹੈ:

**ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ॥**
**ਫਰੀਦਾ ਜਿਤੁ ਤਨਿ ਬਿਰਹੁ ਨ ਉਪਜੈ ਸੋ ਤਨੁ ਜਾਣੁ ਮਸਾਨੁ॥**

ਬਾਬਾ ਫਰੀਦ ਅਨੁਸਾਰ ਜੇਕਰ ਮਨੁੱਖ ਨੇ ਪਰਮਾਤਮਾ ਨੂੰ ਪ੍ਰਾਪਤ ਕਰਨਾ ਹੈ ਤਾਂ ਉਸ ਨੂੰ ਆਪਣੇ ਤਨ ਤੇ ਮਨ ਦੇ ਵਿਕਾਰਾਂ 'ਤੇ ਕਾਬੂ ਪਾਉਣਾ ਪਵੇਗਾ। ਆਪਣੇ ਅੰਦਰ ਅਜਿਹੇ ਗੁਣ ਪੈਦਾ ਕਰਨੇ ਹੋਣਗੇ ਜਿਹੜੇ ਪਤੀ-ਪਰਮਾਤਮਾ ਵੱਲ ਲੈ ਕੇ ਜਾਣ। ਬਾਬਾ ਫ਼ਰੀਦ ਬਾਣੀ ਵਿਚਲੇ ਸਲੋਕਾਂ ਵਿਚ 125 ਵੇਂ ਸਲੋਕ ਵਿਚ ਇਕ ਜੀਵ-ਇਸਤਰੀ ਕਿਸੇ ਹੋਰ ਨੂੰ ਪ੍ਰਸ਼ਨ ਕਰਦੀ ਹੈ ਕਿ ਪਤੀ ਨੂੰ ਮੋਹਿਤ ਕਰਨ ਲਈ ਕਿਹੜੇ-ਕਿਹੜੇ ਗੁਣ ਉਸ ਵਿਚ ਹੋਣੇ ਚਾਹੀਦੇ ਹਨ। ਇਸ ਦੇ ਉੱਤਰ ਵਿਚ ਉਹ ਜੀਵ ਇਸਤਰੀ ਨਿਮਨ ਲਿਖਤ ਰਹੱਸਾਂ ਨੂੰ ਪ੍ਰਗਟਾਉਂਦੀ ਹੈ:

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥**
**ਮਤਿ ਹੋਦੀ ਹੋਇ ਇਆਣਾ ॥**
**ਤਾਣ ਹੋਦੇ ਹੋਇ ਨਿਤਾਣਾ ॥**
**ਅਣਹੋਦੇ ਆਪੁ ਵੰਡਾਏ ॥**
**ਕੋ ਐਸਾ ਭਗਤੁ ਸਦਾਏ ॥** (55)

**ਇਕੁ ਫਿਕਾ ਨ ਗਾਲਾਇ ਸਭਨਾ ਮੈ ਸਚਾ ਧਣੀ ॥**
**ਹਿਆਉ ਨ ਕੈਹੀ ਠਾਹਿ ਮਾਣਕ ਸਭ ਅਮੋਲਵੇ ॥**
**ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ ॥**
**ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ ॥**

ਇਨ੍ਹਾਂ ਸਲੋਕਾਂ ਵਿਚ ਜਵਾਬੀ ਰੂਪ ਵਿਚ ਇਸਤਰੀ ਕਹਿੰਦੀ ਹੈ ਕਿ ਜੀਵ ਇਸਤਰੀ ਲਈ ਨਿਵ ਕੇ ਰਹਿਣਾ, ਕੋਈ ਗੱਲ ਸਹਾਰਨੀ ਤੇ ਮਿੱਠਾ ਬੋਲਣਾ, ਅਕਲ ਨਾਲ ਦੂਜਿਆਂ ਉੱਪਰ ਦਬਾਉ ਨਾ ਪਾਉਣਾ, ਧੱਕੇਸ਼ਾਹੀ ਨਾ ਕਰਨੀ, ਆਪਾ ਵਾਰ ਰੁਚੀ, ਫਿੱਕਾ ਨਾ ਬੋਲਣਾ ਤੇ, ਕਿਸੇ ਦੂਸਰੇ ਜੀਵ ਦੇ ਦਿਲ ਨੂੰ ਠੇਸ ਨਾ ਪਹੁੰਚਾਉਣਾ ਨੈਤਿਕ ਗੁਣ ਪਤੀ ਨੂੰ ਪ੍ਰਾਪਤ ਕਰਨ ਲਈ ਉਤਮ ਹੁੰਦੇ ਹਨ।

ਬਾਬਾ ਫ਼ਰੀਦ ਸਬਰ ਤੇ ਸੰਤੋਖ ਨੂੰ ਵੀ ਅਹਿਮ ਗੁਣ ਪ੍ਰਵਾਨ ਕਰਦਾ ਹੈ। ਉਸ ਅਨੁਸਾਰ ਜੇਕਰ ਜੀਵ ਨੇ ਪਰਮਾਤਮਾ ਦੀ ਪ੍ਰਾਪਤੀ ਕਰਨੀ ਹੈ ਤਾਂ ਜੀਵ ਅੰਦਰ ਸਬਰ ਤੇ ਸੰਤੋਖ ਹੋਣਾ ਜਰੂਰੀ ਹੈ। ਸਬਰ ਤੇ ਸੰਤੋਖ ਵਾਲਾ ਜੀਵ ਹੀ ਆਪਣੇ ਪਤੀ-ਪਰਮਾਤਮਾ ਦੇ ਨੇੜੇ ਰਹਿ ਸਕਦਾ ਹੈ। ਇਸ ਤਰ੍ਹਾਂ ਉਨ੍ਹਾਂ ਵਿਚ ਸੰਯੋਗ ਬਣਿਆ ਰਹਿ ਸਕਦਾ ਹੈ। ਇਸ ਪ੍ਰਤੀ ਬਾਬਾ ਫ਼ਰੀਦ ਲਿਖਦਾ ਹੈ:

**ਸਬਰ ਅੰਦਰਿ ਸਾਬਰੀ ਤਨ ਏਵੈ ਜਾਲੇਨਿ॥**
**ਹੋਨਿ ਨਜੀਕਿ ਖੁਦਾਇ ਦੈ ਭੇਤੁ ਨਾ ਕਿਸੈ ਦੇਨਿ॥**

ਇਸ ਸਲੋਕ ਵਿਚੋਂ ਪ੍ਰਾਪਤ ਹੁੰਦਾ ਹੈ ਕਿ ਸਾਬਰੀ ਤਾਂ ਸਬਰ ਵਿਚ ਹੀ ਮਸਤ ਹੁੰਦੇ ਹਨ। ਕੁੱਝ ਜੀਵ ਐਵੇਂ ਹੀ ਆਪਣਾ ਮਨ ਸਾੜਦੇ ਰਹਿੰਦੇ ਹਨ। ਜਿਹੜੇ ਜੀਵ ਸਬਰ ਨਾਲ ਪਰਮਾਤਮਾ ਦੇ ਨੇੜੇ ਹੁੰਦੇ ਹਨ, ਉਹ ਆਪਣੇ ਦਿਲ ਦਾ ਭੇਤ ਕਿਸੇ ਨੂੰ ਨਹੀਂ ਦਿੰਦੇ।

ਰਹੱਸਵਾਦੀ ਵਿਅਕਤੀ ਹਮੇਸ਼ਾ ਆਪਣੇ ਆਲੇ-ਦੁਆਲੇ ਸਬਰ ਨਾਲ ਜੀਵਨ ਬਤੀਤ ਕਰਦਾ ਹੈ। ਉਹ ਤਾਂ ਹਰ ਜੀਵ ਵਿਚ ਪਰਮਾਤਮਾ ਨੂੰ ਵੇਖਦਾ ਹੈ। ਜੇਕਰ ਕਿਸੇ ਦੂਸਰੇ ਜੀਵ ਕੋਲੋਂ ਕੋਈ ਗਲਤ ਕੰਮ ਹੁੰਦਾ ਹੈ ਤਾਂ ਵੀ ਪਰਮਾਤਮਾ ਹੀ ਕਰਵਾ ਰਿਹਾ ਹੁੰਦਾ ਹੈ। ਇਸ ਲਈ ਆਪਣੀ ਦੇਹ ਨੂੰ ਨਿਰੋਗ ਰੱਖਣ ਲਈ ਸਬਰ ਤੇ ਸੰਤੋਖ ਹੀ ਉਤਮ ਗੁਣ ਹੁੰਦਾ ਹੈ। ਬਾਬਾ ਫ਼ਰੀਦ ਦੇ ਕਥਨ ਅਨੁਸਾਰ:

**ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ॥**
**ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ॥॥**

ਬਾਬਾ ਫ਼ਰੀਦ ਬਾਣੀ ਵਿਚਲਾ ਫ਼ਕੀਰੀ ਵਾਲਾ ਜੀਵ ਕਿਸੇ ਪ੍ਰਕਾਰ ਦਾ ਛਲ ਕਪਟ ਆਪਣੇ ਮਨ ਵਿਚ ਨਹੀਂ ਰੱਖਦਾ। ਇਸ ਲਈ ਫ਼ਰੀਦ ਆਪਣੇ ਮਨ ਅੰਦਰ ਟੋਏ-ਟਿੱਬਿਆਂ ਨੂੰ ਢਾਹ ਕੇ ਦੁਨਿਆਵੀ ਪੱਧਰ ਦੇ ਉਚ-ਨੀਚ ਵਾਲੇ ਵਿਕਾਰ ਖਤਮ ਕਰਨ ਦਾ ਸੰਦੇਸ਼ ਦਿੰਦਾ ਹੈ। ਜੀਵ ਨੂੰ ਸੰਸਾਰਕ ਮਾਇਆ ਦੇ ਮੋਹ, ਵਿਕਾਰ ਆਦਿ ਤਿਆਗ ਕੇ ਜੀਵਨ ਬਸਰ ਕਰਨ ਨਾਲ ਸੁੱਖ ਰੂਪ

ਸਵਰਗ ਦੀ ਪ੍ਰਾਪਤੀ ਹੁੰਦੀ ਹੈ। ਜੇਕਰ ਉਹ ਵਿਕਾਰਾਂ ਨੂੰ ਅਪਣਾਈ ਰੱਖੇਗਾ ਤਾਂ ਨਰਕ ਦੀ ਅੱਗ ਵਿਚ ਸੜਨਾ ਪਵੇਗਾ। ਉਸ ਨੂੰ ਨਰਕਾਂ ਦੀ ਸਜ਼ਾ ਜ਼ਰੂਰ ਮਿਲੇਗੀ। ਬਾਣੀ ਅਨੁਸਾਰ:

**ਫਰੀਦਾ ਮਨੁ ਮੈਦਾਨੁ ਕਰਿ ਟੋਏ ਟਿਬੇ ਲਾਹਿ ॥**
**ਅਗੈ ਮੂਲਿ ਨ ਆਵਸੀ ਦੋਜਕ ਸੰਦੀ ਭਾਹਿ ॥**

ਬਾਬਾ ਫ਼ਰੀਦ ਬਾਣੀ ਅਨੁਸਾਰ ਰੱਬੀ ਮਾਰਗ ਬਹੁਤ ਹੀ ਔਖਾ ਹੈ। ਜੀਵ ਨੇ ਜਦੋਂ ਪਰਮਾਤਮਾ ਦੇ ਦਰਬਾਰ ਪਹੁੰਚਣਾ ਹੈ ਤਾਂ ਉਸ ਦੀਆਂ ਕਈ ਪ੍ਰੀਖਿਆਵਾਂ ਹੋਣਗੀਆਂ। ਉਸ ਦਾ ਮਾਰਗ ਤਾਂ ਖੰਡੇ ਤੋਂ ਵੀ ਤਿੱਖਾ ਤੇ ਤੇਜ਼ ਹੋਵੇਗਾ। ਇਸ ਲਈ ਜੀਵ ਇਸਤਰੀ ਨੂੰ ਸੰਭਲ-ਸੰਭਲ ਕੇ ਕਠਿਨਾਈਆਂ ਤਹਿ ਕਰਕੇ ਜਾਣਾ ਪਵੇਗਾ। ਬਾਣੀ ਅਨੁਸਾਰ:

**ਵਾਟ ਹਮਾਰੀ ਖਰੀ ਉਡੀਣੀ॥**
**ਖੰਨਿਅਹੁ ਤਿਖੀ ਬਹੁਤੁ ਪਿਈਣੀ॥**
**ਉਸੁ ਊਪਰਿ ਹੈ ਮਾਰਗੁਮੇਰਾ॥**
**ਸੇਖ ਫਰੀਦਾ ਪੰਥੁ ਸਮ੍ਹਾਰਿ ਸਵੇਰਾ॥**

ਫ਼ਰੀਦ ਬਾਣੀ ਵਿਚ ਗੁਰੂ ਨੂੰ ਉਤਿਮ ਦਰਜਾ ਪ੍ਰਦਾਨ ਕੀਤਾ ਗਿਆ ਹੈ। ਕੇਵਲ ਗੁਰੂ ਹੀ ਹੈ ਜਿਹੜਾ ਸੰਸਾਰਕ ਪਦਾਰਥਾਂ ਦੇ ਵਿਕਾਰਾਂ ਵਿਚ ਖੋਈ ਹੋਈ ਜੀਵ-ਇਸਤਰੀ ਨੂੰ ਸਹੀ ਮਾਰਗ ਬਾਰੇ ਦੱਸ ਸਕਦਾ ਹੈ। ਗੁਰੂ ਹੀ ਦੱਸ ਸਕਦਾ ਹੈ ਕਿ ਸੰਸਾਰਕ ਪੱਧਰ ਦੇ ਕਿਹੜੇ-ਕਿਹੜੇ ਵਿਕਾਰ ਹਨ, ਜਿਨ੍ਹਾਂ ਨੂੰ ਵੇਖ ਕੇ ਪਰਮਾਤਮਾ ਜੀਵ ਨੂੰ ਦੰਡਿਤ ਕਰਦਾ ਹੈ। ਵਿਕਾਰਾਂ ਤੋਂ ਬਚਣ ਲਈ ਜੀਵ ਲਈ ਕਿਹੋ-ਜਿਹੇ ਪਰਹੇਜ ਕਰਨੇ ਚਾਹੀਦੇ ਹਨ। ਬੰਦਗੀ ਕਦੋਂ ਤੇ ਕਿਸ ਪ੍ਰਕਾਰ ਦੀ ਹੋਣੀ ਚਾਹੀਦੀ ਹੈ। ਉਸ ਲਈ ਕਿਹੋ-ਜਿਹੀਆਂ ਸਥਿਤੀਆਂ ਉਚਿਤ ਹੁੰਦੀਆਂ ਹਨ। ਇਸ ਲਈ ਗੁਰੂ ਦੀ ਮਹੱਤਤਾ ਬਹੁਤ ਜ਼ਿਆਦਾ ਹੈ। ਇਕ ਸ਼ਬਦ ਅਨੁਸਾਰ :

**ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ॥**
**ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥**
**ਬੋਲੀ ਐ ਸਚੁ ਧਰਮੁ ਝੂਠ ਨ ਬੋਲੀਐ॥**
**ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥**

ਫਰੀਦ ਬਾਣੀ ਵਿਚ ਸਰੀਰ ਦੀ ਨਾਸ਼ਮਾਨਤਾ ਦਾ ਵੱਡਾ ਜ਼ਿਕਰ ਹੈ। ਮਨੁੱਖੀ ਸਰੀਰ ਨੂੰ ਬਣਦਿਆਂ ਤਾਂ ਛੇ ਮਹੀਨੇ ਲੱਗਦੇ ਹਨ ਪਰ ਇਕ ਪਲ ਵਿਚ ਹੀ ਇਹ ਖਤਮ ਹੋ ਜਾਂਦਾ ਹੈ। ਭਾਵੇਂ ਵਿਅਕਤੀ ਸੌ ਵਰਿਆਂ ਤੱਕ ਜੀਵੇ, ਪਰ ਉਸ ਨੇ ਇਕ ਦਿਨ ਮਰਨਾ ਹੈ। ਜੀਵ ਦੇ ਸਰੀਰ ਨੂੰ ਕਬਰ ਵਿਚ ਦਫ਼ਨਾਇਆ ਜਾਵੇਗਾ, ਜਿਥੇ ਉਸ ਉੱਪਰ ਅਤੋਲਵੀਂ ਮਿੱਟੀ ਹੋਵੇਗੀ। ਉਸ ਦਾ ਕੋਈ ਵੀ ਸਾਥੀ ਉਸ ਕੋਲ ਨਹੀਂ ਹੋਵੇਗਾ ਤੇ ਉਸ ਦੇ ਸਰੀਰ ਵਿਚ ਕੀੜੇ ਚੱਲਣਗੇ। ਉਨ੍ਹਾਂ ਦੇ ਸਰੀਰ ਤਾਂ ਕਬਰਾਂ ਵਿਚ ਗਲ ਜਾਂਦੇ ਹਨ ਤੇ ਰੂਹ ਕੀਤੇ ਕਰਮਾਂ ਦੀ ਔਖ-ਸੌਖ ਨੂੰ ਸਹਾਰਦੀ ਹੈ। ਬਾਣੀ ਅਨੁਸਾਰ:

ਚਿਲੇ ਚਲਣਹਾਰ ਵਿਚਾਰਾ ਲੇਇ ਮਨੋ ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ ॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥

ਬਾਬਾ ਫ਼ਰੀਦ ਮੂਲ ਰੂਪ ਵਿਚ ਸੂਫ਼ੀ ਦੇ ਚਤਰਾਂਗ ਮਾਰਗ ਸ਼ਰੀਅਤ, ਤਰੀਕਤ, ਮਾਰਫ਼ਤ ਤੇ ਹਕੀਕਤ ਦੇ ਪਹਿਲੇ ਪੜਾਅ ਸ਼ਰੀਅਤ ਦਾ ਕਵੀ ਸੀ। ਇਸ ਲਈ ਫਰੀਦ ਬਾਣੀ ਵਿਚ ਨਮਾਜ਼ ਦੀ ਪਾਬੰਦੀ ਉੱਪਰ ਪੂਰਨ ਜ਼ੋਰ ਦਿੱਤਾ ਗਿਆ ਹੈ। ਫ਼ਰੀਦ ਦਾ ਜੀਵਨ ਅਨੁਭਵ ਇਸ ਪ੍ਰਕਾਰ ਦਾ ਹੈ ਕਿ ਸੰਸਾਰ ਦੀ ਗਤੀਸ਼ੀਲਤਾ ਦਾ ਕਾਰਨ ਪਰਮਾਤਮਾ ਹੈ। ਫ਼ਰੀਦ ਬਾਣੀ ਅਨੁਸਾਰ ਪਰਮਾਤਮਾ ਅਪਾਰ, ਅਗਮ, ਬੇਅੰਤ, ਪਾਲਣਹਾਰ ਤੇ ਬਖਸ਼ਣਹਾਰ ਹੈ। ਕਿਸੇ ਜੀਵ ਦਾ ਦੂਸਰੇ ਜੀ ਨੂੰ ਪਿਆਰ ਕਰਨਾ ਰੱਬ ਨੂੰ ਪਿਆਰ ਕਰਨਾ ਹੁੰਦਾ ਹੈ। ਜਿਹੜੇ ਮਨੁੱਖ ਪਰਮਾਤਮਾ ਦੀ ਬੰਦਗੀ ਕਰਨ ਦੀ ਬਜਾਏ ਦੁਨਿਆਵੀ ਪਦਾਰਥਾਂ ਵਿਚ ਵਿਲੀਨ ਹੋ ਕੇ ਜੀਵਨ ਬਸਰ ਕਰਦੇ ਹਨ, ਫ਼ਰੀਦ ਤਾਂ ਉਨ੍ਹਾਂ ਨੂੰ ਕੇਵਲ ਕੁੱਤਿਆਂ ਸਮਾਨ ਹੀ ਸਮਝਦਾ ਹੈ ਅਤੇ ਉਨ੍ਹਾਂ ਨੂੰ ਜਿਉਂਦੇ ਰਹਿਣ ਦਾ ਵੀ ਕੋਈ ਹੱਕ ਨਹੀਂ। ਉਹ ਤਾਂ ਜ਼ਮੀਨ ਉਤੇ ਭਾਰ ਹੀ ਹੁੰਦੇ ਹਨ। ਫ਼ਰੀਦ ਸ਼ਰੀਅਤ ਦੇ ਅਜਿਹੇ ਸੰਕਲਪਾਂ ਨੂੰ ਨਮਾਜ਼ ਨਾਲ ਜੋੜ ਕੇ ਇਸ ਤਰ੍ਹਾਂ ਦਰਸਾਉਂਦਾ ਹੈ:

ਫਰੀਦਾ ਬੇ ਨਿਵਾਜਾ ਕੁਤਿਆ ਏਹ ਨ ਭਲੀ ਰੀਤਿ ॥
ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ ॥

ਜਾਂ

ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ ॥

ਬਾਬਾ ਫਰੀਦ ਨੇ ਮਨੁੱਖ ਨੂੰ ਨੈਤਿਕ ਗੁਣਾਂ ਨੂੰ ਧਾਰਨ ਕਰਨ ਦੀ ਪ੍ਰੇਰਨਾ ਵੀ ਦਿੱਤੀ ਹੈ। ਬਾਣੀ ਅਨੁਸਾਰ ਇਹ ਵੇਰਵਾ ਮਿਲਦਾ ਹੈ ਕਿ ਚੰਗੇ ਤੇ ਮੰਦੇ ਗੁਣ ਜੀਵ ਅੰਦਰ ਕੇਵਲ ਪਰਮਾਤਮਾ ਹੀ ਭਰਦਾ ਹੈ। ਇਸ ਦੇ ਬਾਵਜੂਦ ਫ਼ਰੀਦ ਜੀਵ ਨੂੰ ਕਾਲੇ ਲੇਖ ਨਾ ਲਿਖਣ, ਮਨ ਨੂੰ ਮੈਦਾਨ ਕਰਨ, ਬੁਰੇ ਦਾ ਭਲਾ ਕਰਨ ਦੀ ਸਿੱਖਿਆ ਦਿੰਦਾ ਹੈ। ਉਸ ਨੇ ਮੌਤ ਦੇ ਸੰਕਲਪ ਅਨੁਸਾਰ ਨੈਤਿਕਤਾ ਦੀ ਕਾਫੀ ਚਰਚਾ ਕੀਤੀ ਹੈ। ਉਸ ਅਨੁਸਾਰ ਮੌਤ ਤਾਂ ਸਰਵ-ਵਿਆਪਕ ਹੈ ਤੇ ਸਰਵ-ਸ਼ਕਤੀਮਾਨ ਹੈ। ਮੌਤ ਤੋਂ ਕੋਈ ਵੀ ਬਚ ਨਹੀਂ ਸਕਿਆ। ਇਸਲਾਮਕ ਫ਼ਿਲਾਸਫ਼ੀ ਅਨੁਸਾਰ ਮਲਕੁਲ ਮੌਤ ਦਾ ਫਰਿਸ਼ਤਾ ਹੈ ਅਤੇ ਉਹ ਸਰੀਰ ਨੂੰ ਬੇਬਸ ਕਰਕੇ ਰੂਹ ਨੂੰ ਸਰੀਰ ਵਿਚੋਂ ਕੱਢ ਕੇ ਲੈ ਜਾਂਦਾ ਹੈ। ਇਸ ਸਲੋਕ ਅਨੁਸਾਰ:

ਮਲਕਲ ਮਉਤ ਜਾਂ ਆਵਸੀ ਸਭ ਦਰਵਾਜੇ ਭੰਨਿ ॥
ਤਿਨ੍ਹਾ ਪਿਆਰਿਆ ਭਾਈਆਂ ਅਗੈ ਦਿਤਾ ਬੰਨ੍ਹਿ ॥

ਬਾਬਾ ਫਰੀਦ ਨੇ ਮੌਤ ਤੋਂ ਮਗਰੋਂ ਕਰਮਾਂ ਦੀ ਫ਼ਿਲਾਸਫ਼ੀ ਪ੍ਰਤੀ ਵੀ ਕਾਫੀ ਉਲੇਖ ਕੀਤਾ

ਹੈ। ਜੀਵ ਆਤਮਾ ਲਈ ਇਹ ਸੰਸਾਰ ਪੇਕਾ ਘਰ ਹੈ। ਉਸ ਦਾ ਵਿਆਹ ਜ਼ਰੂਰ ਮੌਤ ਨਾਲ ਹੋਣਾ ਹੈ। ਇਸ ਤਰ੍ਹਾਂ ਉਹ ਸਹੁਰੇ ਘਰ ਪਰਲੋਕ ਵਿਚ ਪਹੁੰਚ ਜਾਵੇਗੀ। ਇਸ ਤਰ੍ਹਾਂ ਮੌਤ ਨਾਲ ਜੀਵਨ ਖਤਮ ਨਹੀਂ ਹੁੰਦਾ, ਇਹ ਪਰਲੋਕ ਵਿਚ ਬਦਲ ਜਾਂਦਾ ਹੈ। ਇਸੇ ਕਰਕੇ ਫ਼ਰੀਦ ਚੰਗੇ ਅਮਲ ਕਰਨ 'ਤੇ ਜ਼ੋਰ ਦਿੰਦਾ ਹੈ ਤਾਂ ਜੋ ਸਾਈਂ ਦੇ ਦਰਬਾਰ ਵਿਚ ਜੀਵ ਨੂੰ ਸ਼ਰਮਿੰਦਾ ਨਾ ਹੋਣਾ ਪਵੇ। ਇਕ ਸਲੋਕ ਅਨੁਸਾਰ:

**ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥**
**ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥**
**ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ ਜਿਉ ਦਰੀਆਵੈ ਢਾਹਾ॥**
**ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ॥**
**ਇਕਨਾ ਨੋ ਸਭ ਸੋਝੀ ਆਈ ਇਕਿ ਫਿਰਦੇ ਵੇਪਰਵਾਹਾ॥**
**ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਹਓਗਾਹਾ॥**

ਫ਼ਰੀਦ ਬਾਣੀ ਵਿਚ ਦੁਨੀਆਵੀ ਪਦਾਰਥਾਂ ਦੇ ਵਿਕਾਰਾਂ ਤੋਂ ਮੁਕਤ ਰਹਿਣ ਦੀ ਸਾਦਗੀ ਭਰਪੂਰਤਾ ਨਾਲ ਪੇਸ਼ ਹੋਈ ਹੈ। ਫ਼ਰੀਦ ਕਈ ਸਲੋਕਾਂ ਵਿਚ ਰੁੱਖੀ ਮਿੱਸੀ ਖਾ ਕੇ ਜੀਵਨ ਬਤੀਤ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਹ ਅਮੀਰਾਂ/ਸ਼ੇਖਾਂ ਦੀ ਜ਼ਿੰਦਗੀ ਵਿਚ ਦੁਨਿਆਵੀ ਪਦਾਰਥਾਂ ਦਾ ਲਾਲਚ ਦਰਸ਼ਾਉਂਦਾ ਹੈ। ਇਸੇ ਲਾਲਚ ਵਸ ਜੀਵ ਨੂੰ ਨਰਕ ਵਿਚ ਸਜ਼ਾਵਾਂ ਮਿਲਦੀਆਂ ਹਨ। ਰੱਬ ਜੀਵ ਨੂੰ ਸਾਦਗੀ ਤੇ ਸਬਰ ਦੀ ਬਿਰਤੀ ਕਾਰਨ ਮਿਲਦਾ ਹੈ। ਫ਼ਰੀਦ ਤਾਂ ਇਸ ਤਰ੍ਹਾਂ ਦੀ ਸਾਦਗੀ ਲਈ ਪਾਟੇ ਵਸਤਰ ਪਹਿਨਣ ਵਾਲੇ ਜੀਵ ਦੀ ਗੱਲ ਵੀ ਕਰਦਾ ਹੈ। ਉਹ ਜੀਵ ਨੂੰ ਸੰਦੇਸ਼ ਵੀ ਸਿਰਜਦਾ ਹੈ ਕਿ ਦੁਨੀਆਵੀ ਪਦਾਰਥਾਂ ਦੇ ਵਿਕਾਰਾਂ ਵਿਚ ਜੀਵ ਦੀ ਬੁੱਧੀ ਭਰਿਸ਼ਟ ਹੋ ਜਾਂਦੀ ਹੈ। ਇਹ ਦੋਨੋਂ ਸਥਿਤੀਆਂ ਵੇਖਣਯੋਗ ਹਨ:

**ਫਰੀਦਾ ਪਾੜਿ ਪਟੋਲਾ ਧਜ ਕਰੀ ਕੰਬਲੜੀ ਪਹਿਰੇਉ॥**
**ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ॥**
**ਜਾਂ**
**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥**
**ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ॥**
**ਜਾਂ**
**ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥**
**ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥**

ਫ਼ਰੀਦ ਬਾਣੀ ਅਨੁਸਾਰ ਹਰ ਵਿਅਕਤੀ ਫਕੀਰ/ਸਾਧ ਨਹੀਂ ਹੋ ਸਕਦਾ। ਫ਼ਕੀਰ ਅਰਥਾਤ ਰੱਬ ਦਾ ਗਿਆਨ ਰੱਖਣ ਵਾਲੀ ਸ਼ਖਸ਼ੀਅਤ ਵਿਲੱਖਣ ਹੁੰਦੀ ਹੈ। ਫ਼ਕੀਰਾਂ ਵਿਚ ਰੁੱਖਾਂ ਵਰਗੀ ਸਹਿਣਸ਼ੀਲਤਾ ਤੇ ਸਬਰ ਦੀ ਸਥਿਤੀ ਹੁੰਦੀ ਹੈ। ਜਿਵੇਂ:

**ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥**
**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥**

ਫ਼ਰੀਦ ਬਾਣੀ ਵਿਚ ਫਕੀਰ ਦੀ ਇਸ ਸਥਿਤੀ ਨਾਲ ਵਿਖਾਵੇ ਦੀ ਫ਼ਕੀਰ ਪ੍ਰਤੀ ਵਰਜਣਾ ਵੀ ਹੈ। ਫ਼ਕੀਰ ਨੂੰ ਬਾਹਰੀ ਵੇਸ ਤੋਂ ਨਹੀਂ ਪਰਖਣਾ ਚਾਹੀਦਾ, ਉਸ ਦੇ ਮਨ ਅੰਦਰ ਫਕੀਰੀ ਹੋਣੀ ਚਾਹੀਦੀ ਹੈ। ਕਈ ਵਾਰ ਲੋਕ ਬਾਹਰੀ ਵੇਸ ਤੋਂ ਫ਼ਕੀਰ ਨੂੰ ਦੇਖ ਕੇ ਧੋਖਾ ਵੀ ਖਾਂਦੇ ਹਨ। ਕਥਨੀ ਤੇ ਕਰਨੀ ਵਿਚ ਏਕਤਾ ਵਾਲਾ ਵਿਅਕਤੀ ਹੀ ਫ਼ਕੀਰ ਹੋ ਸਕਦਾ ਹੈ। ਬਾਹਰੀ ਵੇਸ ਦੇ ਵਿਖਾਵੇ ਪ੍ਰਤੀ ਫ਼ਰੀਦ ਲਿਖਦਾ ਹੈ:

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥**
**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥**

ਫ਼ਰੀਦ ਬਾਣੀ ਵਿਚ ਅਜਿਹੇ ਜੀਵ ਦੀ ਕਲਪਨਾ ਕੀਤੀ ਗਈ ਹੈ ਕਿ ਜੀਵ ਪੂਰਨ ਰੂਪ ਵਿਚ ਰੱਬ ਦੀ ਰਜ਼ਾ ਵਿਚ ਰਹੇ। ਜੇਕਰ ਇਸਤਰੀ ਆਪਣੇ ਪਤੀ ਦੀ ਰਜ਼ਾ ਵਿਚ ਨਹੀਂ ਰਹਿੰਦੀ ਤਾਂ ਉਸ ਦਾ ਪਤੀ ਸੇਜ ਮਾਨਣ ਦੀ ਉਮਰ ਵਿਚ ਉਸ ਨੂੰ ਨਹੀਂ ਮਾਣੇਗਾ। ਇਸ ਸਥਿਤੀ ਵਿਚ ਜਵਾਨੀ ਲੰਘ ਜਾਵੇਗੀ ਅਤੇ ਬੁਢਾਪੇ ਵਿਚ ਪਤੀ-ਪਰਮਾਤਮਾ ਨਾਲ ਮਿਲਾਪ-ਨਹੀਂ ਹੋ ਸਕਦਾ। ਇਸ ਲਈ ਜੀਵ-ਇਸਤਰੀ ਪਤੀ-ਪਰਮਾਤਮਾ ਦੀ ਰਜ਼ਾ ਵਿਚ ਹੀ ਰਹੇ, ਉਹ ਹੀ ਚੰਗਾ ਤੇ ਸਹੀ ਦਰਸਾਇਆ ਗਿਆ ਹੈ। ਜਿਵੇਂ:

**ਕੰਧੀ ਵਹਣ ਨ ਢਾਹਿ ਤਉ ਭੀ ਲੇਖਾ ਦੇਵਣਾ॥**
**ਜਿਧਰਿ ਰਬ ਰਜਾਇ ਵਹਣੁ ਤਿਦਾਊ ਗੰਉ ਕਰੇ॥**

ਰੱਬ ਦੀ ਰਜ਼ਾ ਦਾ ਅਗਲਾ ਪਸਾਰ ਇਹ ਹੈ ਕਿ ਜੀਵ ਪ੍ਰਭੂ ਨੂੰ ਸੱਚਾ-ਸੁੱਚਾ ਪਿਆਰ ਕਰੇ। ਜੀਵ ਵੱਲੋਂ ਜੇਕਰ ਕਿਸੇ ਤਰ੍ਹਾਂ ਦੇ ਲਾਲਚ ਲਈ, ਰੱਬੀ ਸ਼ਰਨ ਲਈ ਗਈ ਹੈ ਤਾਂ ਵੀ ਉਹ ਗਲਤ ਹੋਵੇਗੀ। ਲੋਭ ਭਾਵਨਾ ਅਧੀਨ ਕੀਤਾ ਪਿਆਰ ਉਸ ਅਵਸਥਾ ਜਿਹਾ ਹੋਵੇਗਾ ਕਿ ਮੀਂਹ ਤੋਂ ਬਚਣ ਲਈ ਕੋਈ ਮਨੁੱਖ ਟੁੱਟੇ ਹੋਏ ਛੱਪਰ ਦਾ ਸਹਾਰਾ ਲਵੇ ਅਤੇ ਭਿੱਜਣ ਤੋਂ ਬਚਣ ਦਾ ਲਾਲਚ ਪੂਰਾ ਨਾ ਹੋਣ ਕਰਕੇ ਉਸ ਨੂੰ ਛੱਡ ਦੇਵੇ। ਇਸ ਸਲੋਕ ਅਨੁਸਾਰ:

**ਫਰੀਦਾ ਜਾ ਲਬੁ ਤਾ ਨੇਹੁ ਕਿਆ ਲਬੁ ਤ ਕੂੜਾ ਨੇਹੁ॥**
**ਕਿਚਰੁ ਝਤਿ ਲਘਾਈਐ ਛਪਰਿ ਤੁਟੈ ਮੇਹੁ॥**

ਬਾਬਾ ਫਰੀਦ ਦੀ ਜੂਨੀਆਂ ਪ੍ਰਤੀ ਰਹੱਸਾਤਮਕ ਫ਼ਿਲਾਸਫ਼ੀ ਨਿਰੋਲ ਇਸਲਾਮ ਅਧਾਰਿਤ ਹੈ। ਇਸਲਾਮ ਅਨੁਸਾਰ ਵਿਅਕਤੀ ਇਕ ਵਾਰੀ ਜਨਮ ਲੈ ਕੇ ਇਸ ਸੰਸਾਰ ਉਪਰ ਆਉਂਦਾ ਹੈ। ਇਸ ਜੀਵਨ-ਯਾਤਰਾ ਨੂੰ ਪੂਰੀ ਕਰਕੇ ਉਸ ਦਾ ਸਰੀਰ ਕਬਰ ਵਿਚ ਚਲਾ ਜਾਂਦਾ ਹੈ। ਰੂਹ ਨੂੰ ਉਥੇ ਹੀ ਨਰਕ ਤੇ ਸਵਰਗ ਪ੍ਰਾਪਤ ਹੁੰਦੇ ਹਨ। ਕਿਆਮਤ ਦੇ ਦਿਨ ਤੱਕ ਜੀਵ ਦੀ ਰੂਹ ਕਬਰ ਵਿਚ ਰਹੇਗੀ। ਇਸ ਰਹੱਸ ਨੂੰ ਫਰੀਦ ਨੇ ਆਪਣੀ ਬਾਣੀ ਵਿਚ ਬਖੂਬੀ ਪੇਸ਼ ਇਸ ਪ੍ਰਕਾਰ ਕੀਤਾ ਹੈ:

**ਜੇ ਜਾਣਾ ਮਰਿਜਾਈਐ ਘੁਮਿ ਨ ਆਈਐ॥**
**ਝੂਠੀ ਦੁਨੀਆ ਲਗਿ ਨ ਆਪੁ ਵਵਾਈਐ॥**

## 5.4 Summary (ਨਿਸ਼ਕਰਸ਼)

ਉਪਰੋਕਤ ਚਰਚਾ ਉਪਰੰਤ ਇਹ ਲਿਖਿਆ ਜਾ ਸਕਦਾ ਹੈ ਕਿ ਫ਼ਰੀਦ ਬਾਣੀ ਵਿਚ ਸੂਫ਼ੀ ਰਹੱਸਵਾਦੀ ਵਿਚਾਰ ਮਿਲਦੇ ਹਨ। ਉਨ੍ਹਾਂ ਵਿਚ ਨਮਾਜ਼ ਰੂਪ ਵਿਚ ਬੰਦਗੀ ਕਰਨ, ਸੰਸਾਰਕ ਨਾਸ਼ਮਾਨਤਾ, ਗੁਰੂ ਦੀ ਸ਼ਰਨ, ਆਪੇ ਦੀ ਪਛਾਣ, ਪਰਮਾਤਮ ਦਾ ਪਿਆਰ, ਰੱਬੀ ਰਜ਼ਾ, ਸਬਰ, ਸੰਤੋਖ, ਨਿਮਰਤਾ, ਹੰਕਾਰ ਦਾ ਤਿਆਗ, ਸੰਸਾਰਕ ਵਿਕਾਰਾਂ ਦਾ ਤਿਆਗ, ਕਬਰ ਵਿਚ ਜੀਵ ਦੀ ਅਵਸਥਾ, ਰੱਬ ਦੀ ਦਰਗਾਹ ਦੇ ਨਿਯਮ ਆਦਿ ਪ੍ਰਮੁੱਖ ਵਿਸ਼ੇ ਮਿਲਦੇ ਹਨ।

## 5.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਹਿਆਲੀਐ-ਹਿਰਦੇ ਵਿਚ, ਢੂਢੇਹਿ-ਲੱਭਣਾ ਦਾ ਕੀ ਫਾਇਦਾ,ਕੰਤ-ਪਤੀ, ਧਨ-ਇਸਤਰੀ, ਬਿਰਹਾ-ਦੁੱਖ, ਮਸਾਨੁ-ਕਬਰਾਂ, ਮੜ੍ਹੀਆਂ, ਇਆਣਾ-ਬੱਚਾ, ਦੇਹੀ-ਸਰੀਰ, ਦੋਜਕ-ਨਰਕ, ਖੰਨਿਅਹੁ ਤਿਖੀ-ਬਰੀਕ, ਮੁਰੀਦਾ-ਸੇਵਕ, ਉਪਾਸਕ, ਗੋਰ-ਕਬਰ, ਮਲਕੁਲ-ਮੌਤ ਦਾ ਫ਼ਰਿਸ਼ਤਾ, ਪਟੋਲਾ-ਔਰਤਾਂ ਦੇ ਸਿਰ ਉੱਤੇ ਲੈਣ ਵਾਲਾ ਰੇਸ਼ਮ ਦਾ ਕੱਪੜਾ, ਚੋਪੜੀ-ਘਿਉ ਵਾਲੀ, ਚਾਕਰੀ-ਨੌਕਰੀ।

## 1.6 Self-Assesement Questions (SAQ)

1. 'ਰਹੱਸਵਾਦ' ਕਿਸ ਪ੍ਰਕਾਰ ਦੀ ਸਥਿਤੀ ਹੈ ?
2. ਬਾਬਾ ਫ਼ਰੀਦ ਜੀ ਨੂੰ ਸੂਫ਼ੀ ਕਵਿਤਾ ਦਾ ਕੀ ਮੰਨਿਆ ਜਾਂਦਾ ਹੈ ?
3. ਬਾਬਾ ਫ਼ਰੀਦ ਜੀ ਆਪਣੀ ਬਾਣੀ ਵਿੱਚ 'ਬਿਰਹਾ' ਨੂੰ ਕੀ ਮਹੱਤਵ ਦਿੰਦੇ ਹਨ ?
4. ਬਾਬਾ ਫ਼ਰੀਦ ਜੀ ਅਨੁਸਾਰ ਮਨੁੱਖ ਨੂੰ ਸਬਰ-ਸੰਤੋਖ ਨਾਲ ਕੀ ਪ੍ਰਾਪਤ ਹੁੰਦਾ ਹੈ ?
5. ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਕਿਹੜੇ ਦੋ ਸੰਸਾਰਾਂ ਦਾ ਜ਼ਿਕਰ ਆਉਂਦਾ ਹੈ ?

## 5.7 Referenses

1. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।
2. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ, 2005
3. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 2009

4. ਕੋਹਲੀ, ਸੁਰਿੰਦਰ ਸਿੰਘ(ਸੰਪਾ), ਬਾਬਾ ਫ਼ਰੀਦ: ਜੀਵਨ ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ 1988
5. ਗੁਰਮੁੱਖ ਸਿੰਘ(ਡਾ.)ਸ਼ੇਖ ਫ਼ਰੀਦ:ਬਹੁਪੱਖੀ ਅਧਿਐਨ, ਭਾਸ਼ਾ ਵਿਭਾਗ, ਪਟਿਆਲਾ, 1997
6. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ ,2005
7. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2009

# ਬਾਬਾ ਫ਼ਰੀਦ ਜੀ ਦੀ ਬਾਣੀ ਦੀਆਂ ਕਾਵਿਕ-ਵਿਸ਼ੇਸ਼ਤਾਵਾਂ ਜਾਂ ਕਾਵਿ-ਕਲਾ

**Structure :**


6.1 Objective (ਉਦੇਸ਼)

6.2 Inroduction (ਜਾਣ-ਪਛਾਣ)

6.3 ਬਾਬਾ ਫ਼ਰੀਦ ਜੀ ਦੀ ਬਾਣੀ ਦੀਆਂ ਕਾਵਿਕ-ਵਿਸ਼ੇਸ਼ਤਾਵਾਂ ਜਾਂ ਕਾਵਿ-ਕਲਾ

- 6.3.1 ਪ੍ਰਤੀਕ
- 6.3.2 ਛੰਦ
- 6.3.3 ਅਲੰਕਾਰ
- 6.3.4 ਬਿੰਬ
- 6.3.5 ਰਸ
- 6.3.6 ਭਾਸ਼ਾ
- 6.3.7 ਸ਼ੈਲੀ

6.4 Summary (ਨਿਸ਼ਕਰਸ਼)

6.5 Glossory/Keywords (ਔਖੇ ਸ਼ਬਦਾਂ ਦੇ ਅਰਥ)

6.6 Self-Assesment Questions (SAQ)

6.7 References

## 6.1 Objective (ਉਦੇਸ਼)

ਪੰਜਾਬੀ ਸਾਹਿਤ ਵਿਚ ਬਾਬਾ ਫ਼ਰੀਦ ਦਾ ਸਥਾਨ ਬਹੁਤ ਉੱਚਾ ਹੈ। ਉਹ ਇਕ ਮਹਾਨ ਸੂਫ਼ੀ ਕਵੀ ਹਨ। ਪੰਜਾਬੀ ਵਿਚ ਸਭ ਤੋਂ ਪਹਿਲਾਂ ਸੂਫ਼ੀ ਬਾਣੀ ਵੀ ਉਨ੍ਹਾਂ ਹੀ ਲਿਖੀ। ਬਾਬਾ ਫ਼ਰੀਦ ਸੂਫ਼ੀਆਂ ਦੇ ਚਤਰਾਂਗ ਮਾਰਗ ਵਿਚੋਂ ਸ਼ਰੀਅਤ ਦੇ ਪਹਿਲੇ ਪੜਾਅ ਦੇ ਕਵੀ ਹਨ। ਉਸ ਨੇ ਦਰਵੇਸ਼ੀ, ਮਨ ਦੀ ਸ਼ੁੱਧਤਾ, ਰੱਬੀ-ਪ੍ਰੇਮ, ਰੱਬੀ ਮਿਹਰ, ਦੈਨਿਕ ਖ਼ੁਰਾਕ, ਸਬਰ, ਸੰਤੋਖ, ਨਿਮਰਤਾ, ਰੱਬ ਦੀ ਬੰਦਗੀ, ਮੁਰਸ਼ਦ ਦੀ ਵਫਾਦਾਰੀ ਆਦਿ ਵਿਸ਼ਿਆਂ ਵਾਲੀ ਬਾਣੀ ਲਿਖੀ। ਇਸ ਪਾਠ ਦਾ ਮੁੱਖ ਮੰਤਵ ਬਾਬਾ ਫ਼ਰੀਦ ਜੀ ਦੀ ਬਾਣੀ ਦੀਆਂ ਅਨੇਕ ਕਾਵਿਕ-ਵਿਸ਼ੇਸ਼ਤਾਵਾਂ ਨੂੰ ਉਘਾੜਨਾ ਹੈ। ਇੰਝ, ਵਿਦਿਆਰਥੀ ਬਾਬਾ ਫ਼ਰੀਦ ਦੀ ਬਾਣੀ ਦੇ ਕਾਵਿਕ-ਵਿਸੇਸ਼ਤਾਵਾਂ ਨੂੰ ਸਮਝ ਕੇ ਪ੍ਰੀਖਿਆ ਵਿੱਚ ਆਏ ਪ੍ਰਸ਼ਨਾਂ ਨੂੰ ਹੱਲ ਕਰ ਸਕਦਾ ਹੈ।

## 6.2 Inroduction (ਜਾਣ-ਪਛਾਣ)

ਬਾਬਾ ਫ਼ਰੀਦ ਜੀ ਦੀ ਬਾਣੀ ਕਾਵਿਕ ਗੁਣਾਂ ਨਾਲ ਭਰਪੂਰ ਹੈ। ਉਨ੍ਹਾਂ ਆਪਣੀ ਬਾਣੀ ਵਿੱਚ ਪ੍ਰਤੀਕ, ਛੰਦ, ਅਲੰਕਾਰ, ਬਿੰਬ, ਰਸ, ਭਾਸ਼ਾ ਅਤੇ ਸ਼ੈਲੀ ਨੂੰ ਵੱਖਰੇ ਅੰਦਾਜ਼ ਵਿੱਚ ਗੁੰਦਿਆ ਹੈ। ਉਨ੍ਹਾਂ ਦੀ ਭਾਸ਼ਾ ਅਤੇ ਸ਼ੈਲੀ ਦੀ ਇਕ ਮੁੱਖ ਖ਼ਾਸੀਅਤ ਇਹ ਹੈ ਕਿ ਉਨ੍ਹਾਂ ਦੀ ਰਚਨਾ ਪਾਕਿਸਤਾਨੀ ਪੰਜਾਬ ਦੀ ਯਾਦ ਤਾਜ਼ਾ ਕਰਵਾ ਦਿੰਦੀਂ ਹੈ। ਇਸ ਭਾਗ ਵਿੱਚ ਅਜਿਹੀਆਂ ਅਨੇਕ ਵਿਸ਼ੇਸ਼ਤਾਵਾਂ ਨੂੰ ਸਮਝਾਉਣ ਲਈ ਸਲੋਕਾਂ ਅਤੇ ਸ਼ਬਦਾਂ ਵਿਚੋਂ ਉਦਾਹਰਣਾਂ ਲਈਆਂ ਗਈਆਂ ਹਨ। ਪਾਠ ਦੇ ਅੰਤ ਵਿੱਚ ਨਿਸ਼ਕਰਸ਼ ਅਤੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਅਰਥਾਂ ਤੱਕ ਅਸਾਨੀ ਨਾਲ ਪਹੁੰਚ ਸਕਣ।

## 6.3 ਫ਼ਰੀਦ ਬਾਣੀ ਦੀਆਂ ਕਾਵਿਕ ਵਿਸ਼ੇਸ਼ਤਾਵਾਂ/ਕਾਵਿ-ਕਲਾ

ਬਾਬਾ ਫ਼ਰੀਦ ਦੀ ਰਚਨਾ ਵਿਸ਼ੇ ਪੱਖੋਂ ਹੀ ਨਹੀਂ, ਸਗੋਂ ਰੂਪ ਪੱਖ ਤੋਂ ਵੀ ਮਹਾਨ ਹੈ। ਉਨ੍ਹਾਂ ਨੇ ਸ਼ਬਦਾਂ ਅਤੇ ਸਲੋਕਾਂ ਵਿਚ ਰਚਨਾ ਕੀਤੀ। ਇਹ ਦੋਨੋਂ ਕਾਵਿ-ਰੂਪ ਉਸ ਸਮੇਂ ਦੇ ਲੋਕ-ਕਾਵਿ ਦੇ ਰੂਪ ਸਨ। ਉਸ ਦੀ ਰਚਨਾ ਦੀਆਂ ਕਾਵਿਕ ਵਿਸ਼ੇਸ਼ਤਾਈਆਂ ਇਸ ਪ੍ਰਕਾਰ ਹਨ:-

**6.3.1 ਪ੍ਰਤੀਕ :** ਬਾਬਾ ਫ਼ਰੀਦ ਦੀ ਰਚਨਾ ਦਾ ਮੁੱਖ ਵਿਸ਼ਾ ਅਧਿਆਤਮਕ ਵਿਚਾਰ ਅਤੇ ਰਹੱਸਵਾਦੀ ਭਾਵ ਹਨ। ਰੱਬ, ਰੂਹ, ਫਰਿਸ਼ਤੇ, ਮੌਤ ਤੋਂ ਬਾਅਦ ਦੇ ਦੁੱਖ, ਕਿਆਮਤ ਆਦਿ ਅਜਿਹੇ ਵਿਸ਼ੇ ਹਨ, ਜਿਨ੍ਹਾਂ ਨੂੰ ਪ੍ਰਗਟਾਉਣਾ ਰਹੱਸਮਈ ਹੈ। ਫ਼ਰੀਦ ਨੇ ਅਜਿਹੇ ਕਠਿਨ ਵਿਚਾਰਾਂ ਨੂੰ ਪ੍ਰਗਟਾਉਣ ਲਈ ਪ੍ਰਤੀਕਾਂ ਦਾ ਸਹਾਰਾ ਲਿਆ ਹੈ। ਉਸ ਨੇ ਪ੍ਰਕਿਰਤਕ ਤੇ ਸਮਾਜਕ ਖੇਤਰ ਵਿਚੋਂ ਪ੍ਰਤੀਕਾਂ ਦੀ ਚੋਣ ਕੀਤੀ ਹੈ। ਸਮਾਜਕ ਖੇਤਰ ਵਿਚੋਂ ਲਏ ਪ੍ਰਤੀਕਾਂ ਵਿਚ ਵਧੇਰੇ ਘਰੇਲੂ ਜੀਵਨ ਵਿਚ ਪਤੀ-ਪਤਨੀ ਦੇ ਸੰਬੰਧਾਂ ਵਾਲੇ ਹਨ। ਜੀਵ ਆਤਮਾ ਲਈ ਪਰਮਾਤਮਾ ਇਕ ਅਲਬੇਲਾ ਪਤੀ ਹੈ। ਮਨੁੱਖੀ ਰੂਹ ਜੀਵ ਇਸਤਰੀ ਰੂਪ ਜਗਤ ਵਿਚ ਵਿਚਰਦੀ ਹੈ। ਜਿਵੇ:

**ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥**
**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥**

ਇਨ੍ਹਾਂ ਦੋਨੋਂ ਸਲੋਕਾਂ ਵਿਚ ਰੂਹ ਲਈ ਔਰਤ ਦੇ ਪ੍ਰਤੀਕ ਦੀ ਵਰਤੋਂ ਕੀਤੀ ਗਈ ਹੈ ਅਤੇ ਪਰਮਾਤਮਾ ਨੂੰ ਪਤੀ ਰੂਪ ਵਿਚ ਦਰਸਾਇਆ ਗਿਆ ਹੈ। ਪਤੀ ਦੀ ਮਿਹਰ ਜਾਂ ਵਿਧਵਾ ਹੋਣ ਦੀ ਹਾਲਤ ਦੋਨੋਂ ਸਥਿਤੀਆਂ ਪਤੀ ਆਸਰੇ ਦਰਸਾਈਆਂ ਗਈਆਂ ਹਨ। ਇਸ ਤਰ੍ਹਾਂ ਦੇ ਸਮਾਜਕ ਖੇਤਰ ਦੇ ਘਰੇਲੂ ਪ੍ਰਤੀਕਾਂ ਦੇ ਨਾਲ-ਨਾਲ ਪ੍ਰਕਿਰਤਕ ਖੇਤਰ ਦੇ ਪ੍ਰਤੀਕਾਂ ਵਿਚ ਕਾਂ, ਹੰਸ, ਬਗਲਾ, ਬਾਜ, ਕੋਇਲ, ਕੂੰਜ ਆਦਿ ਦੇ ਪ੍ਰਤੀਕ ਵੀ ਵਰਤੇ ਮਿਲਦੇ ਹਨ। ਜਿਵੇਂ:

**ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥**
**ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥**

ਇਸ ਸਲੋਕ ਵਿਚ ਫ਼ਰੀਦ ਜੀ ਨੇ ਰੂਹ ਨੂੰ ਦਰਿਆ ਕਿਨਾਰੇ ਕਲੋਲਾਂ ਕਰਦੇ ਬਗਲੇ ਵਜੋਂ ਦਿਖਾਇਆ ਹੈ। ਉਸ ਨੂੰ ਮੌਤ ਦੇ ਫਰਿਸ਼ਤੇ ਰੂਪ ਬਾਜ ਅਚਨਚੇਤ ਹੀ ਪੈਣ ਅਤੇ ਪਕੜਣ ਦਾ ਪ੍ਰਤੀਕ ਪੇਸ਼ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਪ੍ਰਤੀਕਾਂ ਦੀਆਂ ਕੁੱਝ ਹੋਰ ਉਦਾਹਰਨਾਂ ਵੀ ਦੇਖੀਆਂ ਜਾ ਸਕਦੀਆਂ ਹਨ:

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥**
**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ ॥**
**ਜਾਂ**
**ਚਲਿ ਚਲਿਗਈਆਂਪੰਖੀਆਂਜਿਨ੍ਹੀਵਸਾਏਤਲ॥**
**ਫਰੀਦ ਸਰੁਭਰਿਆ ਭੀ ਚਲਸੀ ਥਕੇ ਕਵਲ ਇਕਲ॥**
**ਜਾਂ**
**ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥**
**ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥**
**ਜਾਂ**
**ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ॥**
**ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ॥**

**6.3.2 ਛੰਦ :** ਬਾਬਾ ਫ਼ਰੀਦ ਨੇ ਸਲੋਕਾਂ ਵਿਚ ਦੋਹਰਾ ਛੰਦ ਦੀ ਵਰਤੋਂ ਕੀਤੀ ਹੈ। ਮਾਤਰਾਵਾਂ ਆਮ ਤੌਰ 'ਤੇ 13+11 ਵਰਤੀਆਂ ਹਨ। ਕਿਸੇ-ਕਿਸੇ ਸਲੋਕ ਵਿਚ ਵਾਧੂ ਸ਼ਬਦ ਲਗਾਉਣ ਕਾਰਨ ਛੰਦ ਦੀ ਪ੍ਰਚਲਿਤ ਮਰਿਆਦਾ ਤੋਂ ਮਾਤਰਾਵਾਂ ਦੀ ਗਿਣਤੀ ਵਧ ਵੀ ਜਾਂਦੀ ਹੈ। ਕਿਸੇ-ਕਿਸੇ ਸਲੋਕ ਵਿਚ ਫ਼ਰੀਦ ਸ਼ਬਦ ਦੀ ਵਰਤੋਂ ਨਾ ਕਰਨ ਕਰਕੇ ਮਾਤਰਾਵਾਂ ਦੀ ਗਿਣਤੀ ਘੱਟ ਵੀ ਹੋ ਜਾਂਦੀ ਹੈ। ਇਸ ਪ੍ਰਕਾਰ ਇਹ ਜਾਪਦਾ ਹੈ ਕਿ ਬਾਬਾ ਫ਼ਰੀਦ ਛੰਦ ਦੀ ਮਰਿਆਦਾ ਨੂੰ ਨਿਭਾਉਣ ਦੀ ਬਜਾਏ ਆਪਣੇ ਭਾਵਾਂ ਨੂੰ ਪ੍ਰਗਟਾਉਣ ਨੂੰ ਵਧੇਰੇ ਮਹੱਤਤਾ ਦਿੰਦਾ ਹੈ। ਇਸ ਕਰਕੇ ਉਸ ਦੇ ਸਲੋਕਾਂ ਵਿਚ ਭਾਵ ਪ੍ਰਗਟਾ ਲਈ ਸੁਰ, ਤਾਲ ਤੇ ਲੈ ਵਿਚ ਕਿਧਰੇ ਵੀ ਅੰਤਰ ਨਹੀਂ ਆਉਂਦਾ। ਤੁਕਾਂਤ ਮੇਲ ਦੇ ਪੱਖ ਤੋਂ ਸਾਰੇ ਸਲੋਕ ਪੂਰੀ ਤਰ੍ਹਾਂ ਸਫਲ ਹਨ:

**ਫਰੀਦਾ ਰੋਟੀ ਮੇਰੀ ਕਾਠ ਕੀ**

**122 22 22 21 2 = 18 ਮਾਤਰਾਵਾਂ**

**ਲਾਵਣੁ ਮੇਰੀ ਭੁਖ ॥**

**211 22 11 = 10 ਮਾਤਰਾਵਾਂ**

**ਜਿਨਾ ਖਾਧੀ ਚੋਪੜੀ**

**211 22 11 = 10 ਮਾਤਰਾਵਾਂ**

**ਘਣੇ ਸਹਨਿਗੇ ਦੁਖ ॥**

**12 1112 11 = 10 ਮਾਤਰਾਵਾਂ**

ਇਸ ਸਲੋਕ ਵਿਚ ਦੇਖਿਆ ਜਾ ਸਕਦਾ ਹੈ ਕਿ ਪਹਿਲੀ ਸਤਰ ਵਿਚ 13+11 ਦੀ ਥਾਂ 18+10 ਮਾਤਰਾਵਾਂ ਹਨ ਅਤੇ ਦੂਸਰੀ ਵਿਚ 12+10 ਮਾਤਰਾਵਾਂ ਹਨ। ਤੁਕਾਂਤ ਮੇਲ ਭੁਖ ਤੇ ਦੁਖ ਸ਼ਬਦ ਨਾਲ ਹੁੰਦਾ ਹੈ। ਸੁਰ, ਤਾਲ ਤੇ ਲੈਅ ਪੂਰਨ ਹੈ। ਜੇਕਰ ਪਹਿਲੀ ਸਤਰ ਵਿਚ 'ਫਰੀਦ' ਸ਼ਬਦ ਨਾ ਹੁੰਦਾ ਤਾਂ ਸਤਰ ਦੇ ਪਹਿਲੇ ਅੱਧ ਵਿਚ 13 ਮਾਤਰਾਵਾਂ ਹੋਣੀਆਂ ਸਨ। ਕਵੀ ਛੰਦ ਦੀ ਮਰਿਆਦਾ ਦੀ ਥਾਂ ਆਪਣੇ ਭਾਵ ਦੇ ਪ੍ਰਗਟਾ ਨੂੰ ਮਹੱਤਤਾ ਦਿੰਦਾ ਹੈ। ਇਸੇ ਤਰ੍ਹਾਂ ਦੀ ਇਕ ਹੋਰ ਉਦਾਹਰਨ ਦੇਖੀ ਜਾ ਸਕਦੀ ਹੈ:

**ਅਜੁ ਨ ਸੁਤੀ ਕੰਤ ਸਿਉ**

**11 1 12 11 11 = 10 ਮਾਤਰਾਵਾਂ**

**ਅੰਗੁ ਮੁੜੇ ਮੁੜਿ ਜਾਇ ॥**

**11 1 12 11 11 = 10 ਮਾਤਰਾਵਾਂ**

**ਜਾਇ ਪੁਛਹੁ ਡੋਹਾਗਣੀ**

**21 111 2212 = 13 ਮਾਤਰਾਵਾਂ**

**ਤੁਮ ਕਿਉ ਰੈਣਿ ਵਿਹਾਇ ॥**

**11 11 21 121 = 11 ਮਾਤਰਾਵਾਂ**

ਇਸ ਸਲੋਕ ਦੀ ਪਹਿਲੀ ਸਤਰ ਵਿਚ 10+11 ਮਾਤਰਾਵਾਂ ਹਨ ਤੇ ਦੂਜੀ ਵਿਚ 13+11 ਮਾਤਰਾਵਾਂ ਹਨ। ਪਹਿਲੀ ਸਤਰ ਦੇ ਪਹਿਲੇ ਅੱਧ ਵਿਚ ਤਿੰਨ ਮਾਤਰਾਵਾਂ ਘੱਟ ਹਨ ਤੇ ਬਾਕੀ ਹਿੱਸਿਆਂ ਦੀਆਂ ਮਾਤਰਾਵਾਂ ਸਹੀ ਹਨ। ਪੂਰਨ ਸਹੀ ਮਾਤਰਾਵਾਂ ਵਾਲਾ ਸਲੋਕ ਵੀ ਦੇਖਿਆ ਜਾ ਸਕਦਾ ਹੈ:

**ਢੂਢੇਦੀਏ ਸੁਹਾਗਣ॥**

**2222 1211 = 13 ਮਾਤਰਾਵਾਂ**

ਤਉ ਤਨਿ ਕਾਈ ਕੋਰ॥

11 11 22 21 = 11 ਮਾਤਰਾਵਾਂ

ਜਿਨ੍ਾ ਨਾਉ ਸੁਹਾਗਣੀ

12 12 12 12 = 13 ਮਾਤਰਾਵਾਂ

ਤਿਨ੍ਾ ਝਾਕ ਨ ਹੋਰ ॥

12 21 2 21 =11 ਮਾਤਰਾਵਾਂ

ਇਸ ਸਲੋਕ ਵਿਚ ਪਹਿਲੀ ਤੇ ਦੂਸਰੀ ਸਤਰ ਵਿਚ 13+11 ਮਾਤਰਾਵਾਂ ਹਨ। ਇਸ ਪ੍ਰਕਾਰ ਬਾਬਾ ਫਰੀਦ ਨੇ ਵਿਸ਼ੇ ਦੇ ਪ੍ਰਗਟਾ ਲਈ ਦੋਹਰਾ ਛੰਦ ਦੀ ਮਾਤਰਾਵਾਂ ਵਿਚ ਖੁੱਲ ਲੈ ਕੇ ਵਰਤੋਂ ਕੀਤੀ ਹੈ।

ਸਲੋਕਾਂ ਦੇ ਮੁਕਾਬਲੇ ਦੋ ਸ਼ਬਦਾਂ ਦੀ ਰਚਨਾ ਆਸਾ ਰਾਗ ਅਤੇ ਦੋ ਸ਼ਬਦਾਂ ਦੀ ਸੂਹੀ ਰਾਗ ਵਿਚ ਕੀਤੀ ਗਈ ਹੈ। ਇਨ੍ਹਾਂ ਦੀ ਬਣਤਰ ਰਾਗ ਅਨੁਕੂਲ ਹੈ। 'ਰਹਾਉ' ਵਾਲੀ ਤੁਕ ਦੀ ਵਰਤੋਂ ਵੀ ਕੀਤੀ ਗਈ ਹੈ।

**6.3.3 ਅਲੰਕਾਰ :** ਬਾਬਾ ਫ਼ਰੀਦ ਦੀ ਰਚਨਾ ਵਿਚ ਰੂਪਕ, ਦ੍ਰਿਸ਼ਟਾਂਤ, ਉਪਮਾ ਆਦਿ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ। ਅਲੰਕਾਰ ਨੂੰ ਕਵਿਤਾ ਦਾ ਗਹਿਣਾ ਸਵੀਕਾਰ ਕੀਤਾ ਗਿਆ ਹੈ। ਬਾਬਾ ਫਰੀਦ ਨੇ ਆਪਣੀ ਰਚਨਾ ਵਿਚ ਅਲੰਕਾਰਾਂ ਦੀ ਵਰਤੋਂ ਨਾਲ ਆਪਣੇ ਰਹੱਸਮਈ ਭਾਵਾਂ ਨੂੰ ਸ਼ਿੰਗਾਰਿਆ ਹੈ। ਕਵੀ ਜੀਵ-ਆਤਮਾ ਅਤੇ ਇਸਤਰੀ ਨੂੰ ਇਕ ਰੂਪ ਮੰਨਦੇ ਹੋਏ ਰੂਪਕ ਅਲੰਕਾਰ ਦੀ ਬਖੂਬੀ ਵਰਤੋਂ ਇਸ ਪ੍ਰਕਾਰ ਕਰਦਾ ਹੈ:

**ਜਿਤੁ ਦਿਹਾੜੈ ਧਨ ਵਰੀ ਸਾਹੇ ਲਏ ਲਿਖਾਇ॥**
**ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ॥**

ਇਸ ਸਲੋਕ ਵਿਚ ਰੂਹ ਵਹੁਟੀ ਅਰਥਾਤ ਇਸਤਰੀ ਹੈ, ਜਿਸ ਨੂੰ ਮੌਤ ਦੇ ਫਰਿਸ਼ਤੇ ਮਲਕੁਲ ਨੇ ਵਿਆਹ ਕੇ ਲੈ ਜਾਣਾ ਹੈ।

ਬਾਬਾ ਫ਼ਰੀਦ ਨੇ ਦ੍ਰਿਸ਼ਟਾਂਤ ਅਲੰਕਾਰ ਦੀ ਵਰਤੋਂ ਵੀ ਚੰਗੀ ਤਰ੍ਹਾਂ ਕੀਤੀ ਹੈ। ਇਸ ਅਲੰਕਾਰ ਦੀ ਵਰਤੋਂ ਨਾਲ ਸਲੋਕ ਦੇ ਅਰਥ ਪੂਰਨ ਰੂਪ ਵਿਚ ਸਪੱਸ਼ਟ ਹੋ ਜਾਂਦੇ ਹਨ। ਜਿਵੇਂ:

**ਫਰੀਦਾ ਵੇਖੁ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਾਹ॥**
**ਕਮਾਦੈ ਅਰੁ ਕਾਗਦੈ ਕੁੰਨੇ ਕੋਇਲਿਆਹ॥**
**ਮੰਦੇ ਅਮਲ ਕਰੇਦਿਆ ਏਹ ਸਜਾਇ ਤਿਨਾਹ॥**

ਦ੍ਰਿਸ਼ਟਾਂਤ ਅਲੰਕਾਰ ਦੇ ਨਾਲ-ਨਾਲ ਉਪਮਾ ਅਲੰਕਾਰ ਦੀ ਵਰਤੋਂ ਵੀ ਦੇਖਣ ਯੋਗ ਹੈ:

**ਫਰੀਦਾ ਜੇ ਮੈ ਹੋਦਾ ਵਾਰਿਆ ਮਿਤਾ ਆਇੜਿਆਂ॥**
**ਹੇੜਾ ਜਲੈ ਮਜੀਠ ਜਿਉ ਉਪਰਿ ਅੰਗਾਰਾ॥**

ਇਸ ਸਲੋਕ ਵਿਚ ਉਪਮਾ ਅਲੰਕਾਰ ਦੀ ਵਰਤੋਂ ਕੀਤੀ ਗਈ ਹੈ। ਇਸ ਤਰ੍ਹਾਂ ਸਪੱਸ਼ਟ ਹੈ ਕਿ ਬਾਬਾ ਫ਼ਰੀਦ ਨੇ ਆਪਣੀ ਰਚਨਾ ਵਿਚ ਢੁਕਵੇਂ ਅਲੰਕਾਰਾਂ ਦੀ ਵਰਤੋਂ ਕਰਕੇ ਆਪਣੀ ਕਾਵਿ-ਕਲਾ ਦਾ ਪ੍ਰਗਟਾਵਾ ਕੀਤਾ।

**6.3.4 ਬਿੰਬ:** ਬਾਬਾ ਫ਼ਰੀਦ ਨੇ ਆਪਣੇ ਆਲੇ-ਦੁਆਲੇ ਵਿਚੋਂ ਉਚਿਤ ਬਿੰਬਾਂ ਦੀ ਵਰਤੋਂ ਕੀਤੀ ਹੈ। ਬਿੰਬ ਤੋਂ ਭਾਵ ਤਸਵੀਰ ਹੁੰਦਾ ਹੈ। ਅਰਥਾਤ ਬਾਬਾ ਫ਼ਰੀਦ ਨੇ ਸ਼ਬਦਾਂ ਰਾਹੀਂ ਚਿਤਰ ਪ੍ਰਸਤੁਤ ਕੀਤੇ ਹਨ। ਬਾਬਾ ਫ਼ਰੀਦ ਨੇ ਆਪਣੇ ਸਲੋਕਾਂ ਨੂੰ ਇਸ ਪ੍ਰਕਾਰ ਪੇਸ਼ ਕੀਤਾ ਹੈ ਕਿ ਜਦੋਂ ਪਾਠਕ ਸਲੋਕ ਨੂੰ ਪੜ੍ਹਦਾ ਹੈ ਤਾਂ ਉਸ ਦੇ ਸਾਹਮਣੇ ਪੂਰਾ ਚਿਤਰ ਸਾਕਾਰ ਹੋ ਜਾਂਦਾ ਹੈ। ਬਾਬਾ ਫ਼ਰੀਦ ਜਵਾਨੀ ਤੇ ਬੁਢਾਪੇ ਪ੍ਰਤੀ ਲਿਖਦਾ ਹੈ:

**ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ॥**
**ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ॥**
**ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ॥**
**ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ॥**

ਇਨ੍ਹਾਂ ਦੋਨਾਂ ਸਲੋਕਾਂ ਵਿਚ ਜਵਾਨੀ ਸਮੇਂ ਥਲ ਪਰਬਤ ਘੁੰਮਣ ਦੀ ਤਸਵੀਰ ਹੈ ਅਤੇ ਬੁਢਾਪੇ ਸਮੇਂ ਨੇੜੇ ਪਏ ਕੁੱਜੇ ਨੂੰ ਨਾ ਚੁੱਕ ਸਕਣ ਤੇ ਦੇਹ ਦਾ ਕੰਬਣ ਵਾਲੇ ਦ੍ਰਿਸ਼ ਹਨ। ਇਸੇ ਤਰ੍ਹਾਂ ਬਰਸਾਤ ਵਿਚ ਇਕ ਨਿਮਾਣੇ ਵਿਅਕਤੀ ਦਾ ਬਿੰਬ ਪ੍ਰਕਾਰ ਪ੍ਰਸਤੁਤ ਕੀਤਾ ਮਿਲਦਾ ਹੈ:

**ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥**
**ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥**

ਸੂਫੀ ਫਕੀਰਾਂ ਦਾ ਬਿੰਬ ਫ਼ਰੀਦ ਰਚਨਾ ਵਿਚ ਇਸ ਪ੍ਰਕਾਰ ਦੇਖਣ ਨੂੰ ਮਿਲਦਾ ਹੈ:

**ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ॥**
**ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ॥**

ਇਸ ਸਲੋਕ ਵਿਚ ਸੂਫੀ ਲੋਕਾਂ ਵੱਲੋਂ ਕਾਲੇ ਕਪੜੇ ਪਹਿਨਣ ਵਾਲਾ ਪਹਿਰਾਵੇ ਦਾ ਬਿੰਬ ਸਾਕਾਰ ਕੀਤਾ ਗਿਆ ਜਿਸ ਨੂੰ ਦੇਖ ਕੇ ਲੋਕ ਉਸ ਵਿਅਕਤੀ ਨੂੰ ਦਰਵੇਸ਼ ਆਖਦੇ ਹਨ।

ਬਾਬਾ ਫ਼ਰੀਦ ਨੇ ਪ੍ਰਕਿਰਤਕ ਬਿੰਬਾਂ ਨਾਲ ਆਪਣੇ ਰਹੱਸਮਈ ਭਾਵਾਂ ਨੂੰ ਪੇਸ਼ ਕੀਤਾ ਹੈ। ਪੰਜਾਬ ਵਿਚ ਦਰਿਆ ਵਾਲੇ ਦ੍ਰਿਸ਼ ਲੋਕਾਂ ਸਾਹਮਣੇ ਆਮ ਮਿਲਦੇ ਹਨ। ਫ਼ਰੀਦ ਦਰਿਆ ਦੇ ਬਿੰਬ ਰਾਹੀਂ ਆਪਣੇ ਵਿਚਾਰ ਇਸ ਪ੍ਰਕਾਰ ਪੇਸ਼ ਕਰਦਾ ਹੈ:

**ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰੁ॥**
**ਫਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਈ ਨੀਰੁ॥**

ਇਸ ਸਲੋਕ ਵਿਚ ਦਰਿਆ ਕੰਡੇ ਖੜੇ ਰੁੱਖ ਦਾ ਦ੍ਰਿਸ਼ ਹੈ ਕਿ ਉਹ ਕਿੰਨਾ ਕੁ ਚਿਰ ਖੜਾ ਰਹਿ ਸਕਦਾ ਹੈ। ਇਸੇ ਤਰ੍ਹਾਂ ਦੂਜਾ ਦ੍ਰਿਸ਼ ਕੱਚੇ ਭਾਂਡੇ ਵਿਚ ਪਾਣੀ ਰੱਖਣ ਦਾ ਹੈ ਕਿ ਕਿੰਨਾ ਕੁ ਚਿਰ ਕੱਚੇ ਭਾਂਡੇ ਵਿਚ ਪਾਣੀ ਰੱਖਿਆ ਜਾ ਸਕਦਾ ਹੈ। ਫ਼ਰੀਦ ਕਬਰ ਅੰਦਰਲੇ ਰਹੱਸ ਨੂੰ ਇਸ ਪ੍ਰਕਾਰ ਦੇ ਬਿੰਦ ਰਾਹੀਂ ਪੇਸ਼ ਕਰਦਾ ਹੈ:

**ਫਰੀਦਾ ਇਟ ਸਿਰਾਣੇ ਭੁਇ ਸਵਣੁ ਕੀੜਾ ਲੜਿਓ ਮਾਸਿ॥**
**ਕੇਤੜਿਆ ਜੁਗ ਵਾਪਰੇ ਇਕਤੁ ਪਇਆ ਪਾਸਿ॥**

ਇਸ ਸਲੋਕ ਵਿਚ ਕਬਰ ਅੰਦਰਲੇ ਰਹੱਸ ਨੂੰ ਦ੍ਰਿਸ਼ ਬਿੰਬ ਰਾਹੀਂ ਸਾਕਾਰ ਕੀਤਾ ਗਿਆ ਹੈ।

ਬਾਬਾ ਫ਼ਰੀਦ ਦੀ ਪ੍ਰਾਪਤੀ ਇਸ ਗਲ ਵਿਚ ਹੈ ਕਿ ਉਸ ਨੇ ਮੌਲਿਕ ਬਿੰਬ ਸਿਰਜ ਕੇ ਪੰਜਾਬੀ ਬਿੰਬਾਵਲੀ ਨੂੰ ਅਮੀਰ ਕੀਤਾ ਹੈ। ਜਦੋਂ ਵੀ ਸਰੋਤਾ 'ਹੰਸ' ਸ਼ਬਦ ਨੂੰ ਸੁਣਦਾ ਹੈ ਤਾਂ ਉਸ ਦੇ ਸਾਹਮਣੇ ਇਕ ਸਾਊ ਤੇ ਚੰਗੇ ਪੰਛੀ ਦੀ ਤਸਵੀਰ ਆ ਜਾਂਦੀ ਹੈ। ਇਸ ਦੀ ਤੁਲਨਾ ਵਿਚ ਜਦੋਂ 'ਬਗਲਾ' ਸ਼ਬਦ ਸਰੋਤਾ ਸੁਣੇਗਾ ਤਾਂ ਇਕ ਮਾੜੇ ਤੇ ਔਗੁਣ ਭਰਪੂਰ ਪੰਛੀ ਦੀ ਤਸਵੀਰ ਉਸ ਸਾਹਮਣੇ ਹੋਵੇਗੀ। ਇਸੇ ਤਰ੍ਹਾਂ ਪਤੀ ਪਤਨੀ ਸੰਬੰਧ, ਸੁਹਾਗਣ ਤੇ ਵਿਧਵਾ ਦੀ ਸਥਿਤੀ, ਕਸੁੰਭਾ ਤੇ ਨਿਮਰਤਾ ਦੱਸਣ ਲਈ ਮਿੱਟੀ ਤੇ ਦੱਭ ਆਦਿ ਬਿੰਬ ਪੰਜਾਬੀ ਜਨ-ਜੀਵਨ ਨੂੰ ਦਰਸਾਉਣ ਵਾਲੇ ਹਨ।

**6.3.5 ਰਸ :** ਭਾਰਤੀ ਕਾਵਿ-ਸ਼ਾਸ਼ਤਰੀਆਂ ਨੇ ਰਸ ਨੂੰ ਕਵਿਤਾ ਦੀ ਆਤਮਾ ਦੱਸਿਆ ਹੈ। ਬਾਬਾ ਫ਼ਰੀਦ ਨੇ ਆਪਣੇ ਸਲੋਕਾਂ ਤੇ ਸ਼ਬਦਾਂ ਵਿਚ ਰਸਾਂ ਦੀ ਭਰਪੂਰ ਵਰਤੋਂ ਕੀਤੀ ਹੈ। ਆਤਮਾ ਤੇ ਪਰਮਾਤਮਾ ਦੇ ਵਿਯੋਗ ਅਤੇ ਸੰਯੋਗ ਵਜੋਂ ਸ੍ਰਿੰਗਾਰ ਰਸ ਅਨੇਕਾਂ ਥਾਵਾਂ 'ਤੇ ਦੇਖਣ ਨੂੰ ਮਿਲਦਾ ਹੈ ਜਿਵੇ:

**ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥**
**ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥**
**ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥**
**ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥**
**ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥**
**ਹੰਸੁ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥**

ਇਸ ਇਕ ਸਲੋਕ ਅਤੇ ਸ਼ਬਦ ਵਿਚ ਸ਼ਿੰਗਾਰ ਰਸ ਦੀ ਵਰਤੋਂ ਨਾਲ ਕਵੀ ਨੇ ਆਪਣੇ ਭਾਵਾਂ ਨੂੰ ਪ੍ਰਗਟਾਇਆ ਹੈ।

ਅਧਿਆਤਮਕ ਕਾਵਿ ਵਿਚ ਸਾਂਤ ਰਸ ਦੀ ਪ੍ਰਧਾਨਤਾ ਮਿਲਦੀ ਹੈ। ਬਾਬਾ ਫ਼ਰੀਦ ਵੀ ਮਨੁੱਖ ਨੂੰ ਨਿਮਰਤਾ ਅਪਨਾਉਣ ਦਾ ਸੰਦੇਸ਼ ਕਈ ਥਾਵਾਂ 'ਤੇ ਦਿੰਦੇ ਹਨ। ਇਸ ਤਰ੍ਹਾਂ ਦੇ 'ਸ਼ਾਂਤ ਰਸ' ਵਾਲੇ ਸਲੋਕ ਦੀ ਉਦਾਹਰਨ ਦੇਖਣਯੋਗ ਹੈ:

**ਫਰੀਦਾ ਜੋ ਤੈ ਮਾਰਨਿ ਮੁਕੀਆਂ ਤਿਨ੍ਹਾ ਨ ਮਾਰੇ ਘੁੰਮਿ॥**
**ਆਪਨੜੈ ਘਰਿ ਜਾਈਐ ਪੈਰ ਤਿਨ੍ਹਾ ਦੇ ਚੁੰਮਿ॥**

ਬਾਬਾ ਫ਼ਰੀਦ ਨੇ ਮਨੁੱਖ ਨੂੰ ਰੱਬੀ ਬੰਦਗੀ ਦਾ ਸੰਦੇਸ਼ ਦਿੱਤਾ ਹੈ। ਜੀਵ ਲੰਮਾ ਸਮਾਂ ਬੰਦਗੀ ਕਰਦਾ ਹੈ ਅਤੇ ਪਰਮਾਤਮਾ ਉਸ ਨੂੰ ਪ੍ਰਾਪਤ ਨਹੀਂ ਹੁੰਦਾ। ਇਸ ਪ੍ਰਕਾਰ ਦੇ ਕਰੁਣਾ ਭਾਵ ਨੂੰ ਪ੍ਰਗਟਾਉਣ ਲਈ ਕਵੀ ਨੇ ਕਰੁਣਾ ਰਸ ਦੀ ਵਰਤੋਂ ਬਖੂਬੀ ਕੀਤੀ ਹੈ। ਜਿਵੇ:

**ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ॥**
**ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ॥**

ਬਾਬਾ ਫ਼ਰੀਦ ਨੇ ਜੀਵ ਨੂੰ ਸਿੱਖਿਆ ਦਿੰਦੇ ਇੰਨਾ ਕੁ ਸੁਚੇਤ ਹੋਣਾ ਦੱਸਿਆ ਹੈ ਕਿ ਅਤਿਕਥਨੀ ਅਲੰਕਾਰ ਹੋਂਦ ਵਿਚ ਆ ਗਿਆ ਹੈ। ਜੀਵ ਆਤਮਾ ਨੂੰ ਰੱਬੀ ਦਰਗਾਹ ਵਿਚ ਜਾਣ ਲਈ ਵਾਲ ਤੋਂ ਵੀ ਬਰੀਕ ਪੁਲ ਸਿਰਾਤ ਉੱਪਰੋਂ ਗੁਜ਼ਰਨਾ ਪਵੇਗਾ। ਇਸ ਅਤਿਕਥਨੀ ਅਲੰਕਾਰ ਦੀ ਉਦਾਹਰਨ:

**ਵਾਲਹੁ ਨਿਕੀ ਪੁਰਸਲਾਤ ਕੰਨੀ ਨ ਸੁਣੀਆਇ॥**
**ਫਰੀਦਾ ਕਿੜੀ ਪਵੰਦੀਈ ਖੜਾ ਨ ਆਪੁ ਮੁਹਾਇ॥**

ਇਸ ਪ੍ਰਕਾਰ ਸਪਸ਼ਟ ਹੈ ਕਿ ਬਾਬਾ ਫ਼ਰੀਦ ਨੇ ਆਪਣੇ ਰਹੱਸਮਈ ਭਾਵਾਂ ਦੇ ਪ੍ਰਗਟਾ ਲਈ ਢੁਕਵੇਂ ਅਲੰਕਾਰਾਂ ਦੀ ਵਰਤੋਂ ਕੀਤੀ ਹੈ।

**6.3.6 ਭਾਸ਼ਾ :** ਬਾਬਾ ਫਰੀਦ ਦੀ ਬਾਣੀ ਦੀ ਭਾਸ਼ਾ ਮਧੁਰਤਾ, ਸੰਗੀਤਮਕਤਾ, ਸਰਲਤਾ, ਗੰਭੀਰਤਾ, ਸਾਦਗੀ, ਸਪਸ਼ਟਤਾ, ਘਰੋਗੀ, ਸਥਾਨਕ ਰੰਗਣ, ਜੀਵਨ ਅਨੁਭਵ ਦੀ ਵਿਸ਼ਾਲਤਾ ਆਦਿ ਗੁਣਾਂ ਨਾਲ ਭਰਪੂਰ ਹੈ। ਇਨ੍ਹਾਂ ਗੁਣਾਂ ਨੂੰ ਬਾਬਾ ਫ਼ਰੀਦ ਦੇ ਨਿਮਨ ਲਿਖਤ ਸ਼ਬਦ ਵਿਚ ਦੇਖਿਆ ਜਾ ਸਕਦਾ ਹੈ:

**ਬੋਲੈ ਸੇਖ ਫਰੀਦੁ ਪਿਆਰੇ ਅਲਹ ਲਗੇ॥**
**ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥**
**ਆਜੁ ਮਿਲਾਵਾ ਸੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ॥ ਰਹਾਉ॥**
**ਜੇ ਜਾਣਾ ਮਰਿ ਜਾਈਐ ਘੁਮਿ ਨ ਆਈਐ॥**
**ਝੂਠੀ ਦੁਨੀਆ ਲਗਿ ਨ ਆਪੁ ਵਞਾਈਐ॥**
**ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥**
**ਜੋਗੁਰੁ ਦਸੈ ਵਾਟ ਮੁਰੀਦਾ ਜੋਲੀਐ॥**
**ਛੈਲ ਲੰਘੰਦੇ ਪਾਰਿ ਗੋਰੀ ਮਨੁ ਧੀਰਿਆ॥**
**ਕੰਚਨ ਵੰਨੇ ਪਾਸੇ ਕਲਵਤਿ ਚੀਰਿਆ॥**
**ਸੇਖ ਹੈਯਾਤੀ ਜਗਿ ਨ ਕੋਈ ਥਿਰੁ ਰਹਿਆ॥**
**ਜਿਸੁ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥**

ਕਤਿਕ ਕੂੰਜਾਂ ਚੇਤਿ ਡਉ ਸਾਵਣਿ ਬਿਜੁਲੀਆਂ॥
ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ॥
ਚਲੇ ਚਲਣਹਾਰ ਵਿਚਾਰਾ ਲੇਇ ਮਨੋ॥
ਗੰਢੇਦਿਆਂ ਛਿਅ ਮਾਹ ਤੁੜੰਦਿਆ ਹਿਕੁ ਖਿਨੋ॥
ਜਿਮੀ ਪੁਛੈਅਸਮਾਨ ਫਰੀਦਾ ਖੇਵਟ ਕਿੰਨਿ ਗਏ॥
ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥

ਇਸ ਸ਼ਬਦ ਵਿਚ ਮਧੁਰਤਾ ਵੀ ਹੈ; ਸਰਲ ਸਾਦੇ ਸੁ਼ਬਦਾਂ ਦੀ ਵਰਤੋਂ ਵੀ ਹੈ; ਲਹਿੰਦੀ ਉਪ-ਭਾਸ਼ਾ ਦੀ ਸ਼ਬਦਾਵਲੀ ਵੀ ਹੈ; ਕਵੀ ਦੇ ਨਿੱਜੀ ਜੀਵਨ ਅਨੁਭਵ ਵੀ ਝਲਕਦਾ ਹੈ; ਗੰਭੀਰ ਪੱਧਰ ਦੇ ਰਹੱਸਮਈ ਭਾਵ ਵੀ ਹਨ ਅਤੇ ਕਾਵਿਕ ਲੈਅ ਦੀ ਰਵਾਨੀ ਨਾਲ ਸੰਗੀਤਮਕਤਾ ਵੀ ਪ੍ਰਾਪਤ ਹੁੰਦੀ ਹੈ। ਬਾਬਾ ਫ਼ਰੀਦ ਨੇ ਲਹਿੰਦੀ ਸ਼ਬਦਾਵਲੀ ਦੇ ਨਾਲ-ਨਾਲ ਲਹਿੰਦੀ ਦੇ ਹੀ ਕਾਰਕ ਵਰਤੇ ਹਨ। ਬਾਬਾ ਫ਼ਰੀਦ ਨੇ ਇਸਲਾਮਕ ਸ਼ਬਦਾਵਲੀ ਦੀ ਵੀ ਭਰਪੂਰ ਵਰਤੋਂ ਕੀਤੀ ਹੈ। ਫ਼ਾਰਸੀ ਭਾਸ਼ਾਂ ਦੇ ਸ਼ਬਦਾਂ ਦੀ ਵਰਤੋਂ ਵੀ ਕੀਤੀ ਗਈ ਹੈ। ਫ਼ਾਰਸੀ ਦੇ ਤਤਸਮ ਤੇ ਤਤਭਵ ਰੂਪ ਵਿਚ ਸ਼ਬਦ ਵਰਤੇ ਗਏ ਹਨ। ਤਤਸਮ ਸ਼ਬਦਾਂ ਵਜੋਂ ਲਤੀਫ਼, ਸੁਲਤਾਨ, ਖ਼ਾਕ, ਗੋਰ, ਅਜ਼ਰਾਇਲ ਫਰਿਸ਼ਤਾ, ਮਲਕੁਲ, ਦਰਗਾਹ, ਫ਼ਕੀਰ, ਦਰਵੇਸ਼ ਆਦਿ ਵੇਖੇ ਜਾ ਸਕਦੇ ਹਨ। ਤਦਭਵ ਸ਼ਬਦਾਂ ਵਜੋਂ ਨਜੀਕ, ਨਿਵਾਦ ਆਦਿ ਪ੍ਰਮੁੱਖ ਹਨ, ਜਿਨ੍ਹਾਂ ਦੇ ਮੂਲ ਸ਼ਬਦ ਕ੍ਰਮਵਾਰ ਨਜ਼ਦੀਕ, ਨਿਵਾਜ਼ ਹਨ। ਇਨ੍ਹਾਂ ਸ਼ਬਦਾਂ ਨੂੰ ਲਹਿੰਦੀ ਉਚਾਰਨ ਦੇ ਢੰਗ ਅਨੁਸਾਰ ਢਾਲਿਆ ਗਿਆ ਹੈ।

**6.3.7 ਸ਼ੈਲੀ :** ਬਾਬਾ ਫ਼ਰੀਦ ਨੇ ਆਪਣੇ ਸਲੋਕਾਂ ਤੇ ਸ਼ਬਦਾਂ ਵਿਚ ਕਈ ਪ੍ਰਕਾਰ ਦੀ ਸ਼ੈਲੀ ਦੀ ਵਰਤੋਂ ਕੀਤੀ ਹੈ। ਇਨ੍ਹਾਂ ਵਿਚ ਵਿਰੋਧਾਭਾਸ਼ੀ, ਉੱਤਮ ਪੁਰਖ, ਪ੍ਰਤੀਕਾਤਮਕ, ਵਾਰਤਾਲਾਪੀ ਤੇ ਸੰਬੋਧਨੀ ਸ਼ੈਲੀ ਪ੍ਰਮੁੱਖ ਹਨ। ਫ਼ਰੀਦ ਨੇ ਆਪਣੀ ਰਚਨਾ ਵਿਚ ਚੰਗੇ ਤੇ ਮੰਦੇ ਅਮਲਾਂ ਵਿਚ ਵਿਰੋਧੀ ਸਥਿਤੀ ਨੂੰ ਬਖੂਬੀ ਪ੍ਰਗਟਾਇਆ ਹੈ। ਇਸ ਤਰਾਂ ਦੀ ਵਿਰੋਧਾਭਾਸ਼ੀ ਸ਼ੈਲੀ ਦੀ ਉਦਾਹਰਨ ਵੇਖਣਯੋਗ ਹੈ।

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥
ਹੰਢੈ ਉੰਨ ਕਤਾਇਦਾ ਪੈਧਾ ਲੋੜੈ ਪਟੁ॥

ਇਸ ਸਲੋਕ ਦੀ ਵਿਰੋਧਾਭਾਸ਼ੀ ਸ਼ੈਲੀ ਦੀ ਵਰਤੋਂ ਕਰਦਿਆਂ ਕਵੀ ਨੇ ਇਕ ਜੱਟ-ਕਿਸਾਨ ਦੀ ਸਥਿਤੀ ਦੱਸੀ ਹੈ ਕਿ ਉਸ ਨੇ ਕਿੱਕਰਾਂ ਬੀਜੀਆਂ ਹੋਈਆਂ ਹਨ ਤੇ ਇਨ੍ਹਾਂ ਤੋਂ ਬਿਜੌਰ ਦੇ ਖੇਤਰ ਦੀਆਂ ਦਾਖਾਂ ਭਾਲਦਾ ਹੈ। ਉਹ ਉਨ ਕਤਾਉਂਦਾ ਹੈ ਤੇ ਲੋੜੀਂਦਾ ਰੇਸ਼ਮ ਹੈ। ਇਸ ਤਰ੍ਹਾਂ ਦੇ ਵਿਰੋਧੀ ਭਾਵਾਂ ਨਾਲ ਵਿਰੋਧਾਭਾਸ਼ੀ ਸ਼ੈਲੀ ਦੀ ਵਰਤੋਂ ਅਨੇਕਾਂ ਹੋਰ ਸਲੋਕਾਂ ਵਿਚ ਵੀ ਕੀਤੀ ਮਿਲਦੀ ਹੈ।

ਬਾਬਾ ਫ਼ਰੀਦ ਨੇ ਉੱਤਮ ਪੁਰਖ ਸ਼ੈਲੀ ਦੀ ਵੀ ਬਖੂਬੀ ਵਰਤੋਂ ਕੀਤੀ ਹੈ। ਇਸ ਸ਼ੈਲੀ ਅਨੁਸਾਰ ਕਵੀ ਖੁਦ ਨੂੰ ਰਚਨਾ ਵਿਚ ਰੱਖ ਕੇ ਆਪਣੇ ਭਾਵ ਪ੍ਰਗਟ ਕਰਦਾ ਹੈ। ਉਹ ਘਟਨਾ ਬਾਰੇ ਸਾਰਾ ਕੁਝ ਜਾਣਦਾ ਹੁੰਦਾ ਹੈ ਤੇ ਆਪਣੇ ਅਨੁਭਵ ਅਨੁਸਾਰ ਬਿਆਨ ਕਰਦਾ ਹੈ। ਇਸ

ਤਰ੍ਹਾਂ ਦੀ ਸ਼ੈਲੀ ਦੀ ਇਕ ਉਦਾਹਰਨ ਦੇਖਣਯੋਗ ਹੈ:

**ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ**
**ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥**

ਬਾਬਾ ਫ਼ਰੀਦ ਨੇ ਪ੍ਰਤੀਕਾਤਮਕ ਸ਼ੈਲੀ ਦੀ ਵੀ ਬਖੂਬੀ ਵਰਤੋਂ ਕੀਤੀ ਹੈ। ਉਸ ਨੇ ਰਹੱਸਮਈ ਭਾਵਾਂ ਲਈ ਮੌਲਿਕ ਪ੍ਰਤੀਕ ਸਿਰਜੇ ਹਨ। ਉਦਾਹਰਨ ਵਜੋਂ ਪਰਮਾਤਮਾ ਲਈ ਪਿਰ, ਮਾਲਕ, ਰੂਹ ਲਈ ਹੰਸੁ, ਜੀਵ ਇਸਤਰੀ, ਮੌਤ ਲਈ ਬਾਜ਼, ਸੰਸਾਰ ਲਈ ਪੇਕਾ ਘਰ, ਪਰਲੋਕ ਲਈ ਸਹੁਰਾ ਘਰ ਆਦਿ।

ਬਾਬਾ ਫ਼ਰੀਦ ਨੇ ਵਾਰਤਾਲਾਪੀ ਸ਼ੈਲੀ ਦੀ ਵੀ ਬਖੂਬੀ ਵਰਤੋਂ ਕੀਤੀ ਹੈ। ਜਿਸ ਪ੍ਰਕਾਰ ਨਾਟਕ ਦੇ ਦੋ ਪਾਤਰ ਆਪਸ ਵਿਚ ਵਾਰਤਾਲਾਪ ਕਰਦੇ ਹਨ, ਉਸੇ ਪ੍ਰਕਾਰ ਇਕ ਵਿਚਾਰ ਦਾ ਜ਼ਿਕਰ ਕਰਕੇ ਦੂਸਰੇ ਦਾ ਵਖਿਆਨ ਕੀਤਾ ਗਿਆ ਹੈ। ਉਦਾਹਰਨ ਵਜੋਂ ਨਿਮਨਲਿਖਤ ਸਲੋਕ ਵਿਚ ਪਹਿਲਾ ਜ਼ਿਕਰਯੋਗ ਹੈ:

**ਕਵਣੁ ਸੁ ਅਖਰੁ ਕਵਣੁ ਗੁਣੁ ਕਵਣੁ ਸੁ ਮਣੀਆ ਮੰਤੁ॥**
**ਕਵਣੁ ਸੁ ਵੇਸੋ ਹਉ ਕਰੀ ਜਿਤੁ ਵਸਿ ਆਵੈ ਕੰਤੁ॥**

ਇਸ ਸ਼ਲੋਕ ਵਿਚ ਪਤੀ ਨੂੰ ਵਸ ਵਿਚ ਕਰਨ ਲਈ ਅੱਖਰ, ਗੁਣ, ਸ਼ਿਰੋਮਣੀ ਮੰਤਰ ਅਤੇ ਵੇਸ ਧਾਰਨ ਕਰਨ ਦਾ ਜ਼ਿਕਰ ਪ੍ਰਾਪਤ ਹੁੰਦਾ ਹੈ। ਇਸ ਦੇ ਉੱਤਰ ਵਜੋਂ ਦੂਸਰੀ ਇਸਤਰੀ ਜਵਾਬ ਦਿੰਦੀ ਹੈ। ਉਸ ਦੀ ਉਦਾਹਰਨ ਵੇਖੋ:

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ॥**

ਇਸ ਸਲੋਕ ਵਿਚ ਪਹਿਲੇ ਦੇ ਜਵਾਬ ਵਿਚ ਦੂਸਰੀ ਔਰਤ ਆਪਣਾ ਕਥਨ ਕਹਿੰਦੀ ਹੈ।

ਬਾਬਾ ਫ਼ਰੀਦ ਨੇ ਕਈ ਸਲੋਕਾਂ ਵਿਚ ਸੰਬੋਧਨੀ ਸ਼ੈਲੀ ਦੀ ਵੀ ਉਚਿਤ ਵਰਤੋਂ ਕੀਤੀ ਹੈ। ਸਲੋਕ ਵਿਚ ਵਿਅਕਤੀ ਖੁਦ ਬਿਆਨ ਕਰਦਾ ਨਜ਼ਰੀ ਪੈਂਦਾ ਹੈ। ਉਦਾਹਰਨ ਵਜੋਂ:

**ਫਰੀਦਾ ਥੀਉ ਪਵਾ ਹੀ ਦਭੁ॥**
**ਜੇ ਸਾਂਈ ਲੋੜਹਿ ਸਭੁ॥**
**ਇਕੁ ਛਿਜਹਿ ਬਿਆ ਲਤਾੜੀਅਹਿ॥**
**ਤਾਂ ਸਾਈ ਦੈ ਦਰਿ ਵਾੜੀਅਹਿ॥**

ਬਾਬਾ ਫ਼ਰੀਦ ਦੀ ਸ਼ੈਲੀ ਦੀ ਇਕ ਖਾਸੀਅਤ ਇਹ ਵੀ ਹੈ ਕਿ ਬਾਬਾ ਫ਼ਰੀਦ ਦੀਆਂ ਕਿੰਨੀਆਂ ਹੀ ਸਤਰਾਂ ਵਿਚ ਸਚਾਈ ਇਸ ਕਦਰ ਸਮਾਈ ਹੈ ਕਿ ਉਹ ਸਤਰਾਂ ਅਖਾਣਾਂ ਦਾ ਰੂਪ ਧਾਰਨ ਕਰ ਗਈਆਂ ਹਨ। ਇਸ ਤਰ੍ਹਾਂ ਦੀਆਂ ਕੁਝ ਉਦਾਹਰਨਾਂ ਵੇਖਣਯੋਗ ਹਨ:

1. ਫਰੀਦਾ  ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥

2. ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ ॥

3. ਬਿਰਹਾ ਤੂ ਸੁਲਤਾਨੁ ॥

4. ਜਿਨ੍ਹੀ ਵੇਸੀ ਸਹੁ ਮਿਲੈ ਸੇਈ ਵੇਸ ਕਰੇਉ ॥

5. ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ ॥

## 6.4 Summary (ਨਿਸ਼ਕਰਸ਼)

ਓਪਰੋਕਤ ਚਰਚਾ ਉਪਰੰਤ ਲਿਖਿਆ ਜਾ ਸਕਦਾ ਹੈ ਕਿ ਬਾਬਾ ਫ਼ਰੀਦ ਦੀ ਰਚਨਾ ਸਾਰੇ ਕਾਵਿਕ ਗੁਣਾਂ ਨਾਲ ਭਰਪੂਰ ਹੈ। ਉਸ ਦੀ ਰਚਨਾ ਵਿਚ ਢੁਕਵੇਂ ਪ੍ਰਤੀਕ, ਦੋਹਰਾ ਛੰਦ, ਉਚਿਤ ਰਸ, ਅਲੰਕਾਰ, ਬਿੰਬ ਭਾਸ਼ਾਂ ਤੇ ਸ਼ੈਲੀ ਆਦਿ ਗੁਣ ਸਮਾਏ ਹਨ। ਉਸ ਦੀ ਰਚਨਾ ਵਿਚ ਸੰਗੀਤਮਕਤਾ ਅਤੇ ਮਿਠਾਸ ਦਾ ਮੀਰੀ ਗੁਣ ਵੀ ਸਮਾਇਆ ਹੈ।

## 6.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਧਨ-ਇਸਤਰੀ, ਮਲਕੁ-ਮੌਤ ਦਾ ਫਰਿਸ਼ਤਾ ਮਲਕੁਲ, ਨੰਢੜਾ-ਨਿੱਕਾ ਜਿਹਾ ਬਾਲ, ਡੂਗਰ-ਪਰਬਤ, ਥੀਓਮ-ਨੂੰ ਹੋ ਗਿਆ, ਹੇੜਾ-ਸਰੀਰ ਦਾ ਮਾਸ, ਕਾਠ ਕੀ ਰੋਟੀ-ਕਾਠ ਵਾਂਗ ਸੁੱਕੀ ਹੋਈ ਰੋਟੀ, ਲਾਵਣੁ-ਨਮਕੀਨ, ਚੋਪੜੀ-ਚੰਗੀ ਸੁਆਦਲੀ ਰੋਟੀ, ਕੰਤ-ਪਤੀ, ਡੋਹਾਗਣੀ-ਛੁੱਟੜ, ਵਿਧਵਾ, ਗੋਰ-ਕਬਰਕੰਧੀ-ਦਰਿਆ ਦਾ ਕਿਨਾਰਾ, ਕਪਰ-ਲਹਿਰਾਂ,ਖੂੰਡਹਿ-ਠੂੰਗ ਰਹੇ ਹਨ, ਨਾ ਬਾਹੁੜਿਓ-ਤਰਸ ਨਹੀਂ ਕੀਤਾ, ਕਾਗਾ-ਕਾਂ, ਸਗਲਾ-ਸਾਰਾ, ਪੱਟ-ਰੇਸ਼ਮ ਦਾ ਕੱਪੜਾ।

## 6.6 Self-Assesement Questions (SAQ)

1. ਬਾਬਾ ਫ਼ਰੀਦ ਜੀ ਨੇ ਆਪਣੇ ਸਲੋਕਾਂ ਵਿੱਚ ਕਿਸ ਛੰਦ ਦੀ ਵਰਤੋਂ ਕੀਤੀ ਹੈ।
2. ਬਾਬਾ ਫ਼ਰੀਦ ਜੀ ਆਪਣੀ ਬਾਣੀ ਵਿੱਚ ਕਿਸ ਪ੍ਰਕਾਰ ਦੇ ਪ੍ਰਤੀਕਾਂ ਦੀ ਵਰਤੋਂ ਕਰਦੇ ਹਨ ?
3. ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ  ਆਏ ਰੂਪਕ ਅਲੰਕਾਰ ਦੀ ਉਦਾਹਰਣ ਦਿਉ।
4. ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਆਏ ਕਿਸੇ ਇਕ ਪ੍ਰਕਿਰਤਕ ਬਿੰਬ ਦੀ ਉਦਾਹਰਣ ਦਿਉ।
5. ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਵਰਤੀ ਗਈ ਭਾਸ਼ਾ ਕਿਹੜੇ ਗੁਣਾਂ ਨਾਲ ਭਰਪੂਰ ਹੈ ?

## 6.7 Referenses


1. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।
2. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ, 2005
3. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ 2009
4. ਕੋਹਲੀ, ਸੁਰਿੰਦਰ ਸਿੰਘ(ਸੰਪਾ), ਬਾਬਾ ਫ਼ਰੀਦ: ਜੀਵਨ ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ 1988
5. ਗੁਰਮੁੱਖ ਸਿੰਘ(ਡਾ.) ਸ਼ੇਖ ਫ਼ਰੀਦ:ਬਹੁਪੱਖੀ ਅਧਿਐਨ, ਭਾਸ਼ਾ ਵਿਭਾਗ, ਪਟਿਆਲਾ, 1997

# ਬਾਬਾ ਫ਼ਰੀਦ ਜੀ ਦਾ ਸੂਫ਼ੀ ਸਾਹਿਤ ਵਿੱਚ ਸਥਾਨ ਤੇ ਦੇਣ

**Structure :**

7.1 Objective (ਉਦੇਸ਼)

7.2 Inroduction (ਜਾਣ-ਪਛਾਣ)

7.3 ਬਾਬਾ ਫ਼ਰੀਦ ਜੀ ਦਾ ਸੂਫ਼ੀ ਸਾਹਿਤ ਵਿੱਚ ਸਥਾਨ ਤੇ ਦੇਣ

7.3.1 ਜੀਵਨ

7.3.2 ਰਚਨਾ

7.4 Summary (ਨਿਸ਼ਕਰਸ਼)

7.5 Glossory/Keywords (ਔਖੇ ਸ਼ਬਦਾਂ ਦੇ ਅਰਥ)

7.6 Self-Assesment Questions (SAQ)

7.7 References

## 7.1 Objective (ਉਦੇਸ਼)

ਬਾਬਾ ਫ਼ਰੀਦ ਪੰਜਾਬੀ ਸੂਫ਼ੀ ਕਵਿਤਾ ਦੇ ਪਿਤਾਮਾ ਹਨ। ਫਰੀਦ ਰਚਨਾ ਕਵਿਤਾ ਅਤੇ ਵਾਰਤਕ ਦੋਨੋਂ ਵੰਨਗੀਆਂ ਵਿਚ ਪ੍ਰਾਪਤ ਹੁੰਦੀ ਹੈ। ਫ਼ਰੀਦ ਕਾਵਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਹੈ ਅਤੇ ਇਹ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਪ੍ਰਾਪਤ ਹੁੰਦਾ ਹੈ। ਪੰਜਾਬੀ ਦੇ ਵਿਆਖਿਆਕਾਰਾਂ ਨੇ ਇਸ ਰਚਨਾ ਨੂੰ ਕ੍ਰਮਵਾਰ 'ਸੱਚੀ ਬਾਣੀ' ਅਤੇ 'ਕੱਚੀ ਬਾਣੀ' ਦੇ ਵਰਗਾਂ ਵਿਚ ਵੰਡਿਆ ਹੈ।

## 7.2 Inroduction (ਜਾਣ-ਪਛਾਣ)

ਬਾਬਾ ਫ਼ਰੀਦ ਪੰਜਾਬੀ ਕਵਿਤਾ ਦੇ ਮੋਢੀ ਕਵੀਆਂ ਵਿਚਲਾ ਉਹ ਸ਼ਾਇਰ ਹੈ, ਜਿਸ ਦੇ ਜੀਵਨ, ਰਚਨਾ ਅਤੇ ਰਚਨਾ ਦ੍ਰਿਸ਼ਟੀ ਬਾਰੇ ਬਹੁ-ਭਾਂਤੀ ਰਾਵਾਂ ਪ੍ਰਾਪਤ ਹੁੰਦੀਆਂ ਹਨ।ਇਨ੍ਹਾਂ ਰਾਵਾਂ

ਨੂੰ ਸਮਝਣ ਲਈ ਉਨ੍ਹਾਂ ਦੇ ਜੀਵਨ ਨਾਲ ਸੰਬੰਧਤ ਤੱਥਾਂ ਨੂੰ ਇਸ ਭਾਗ ਵਿੱਚ ਵਿਚਾਰਿਆ ਗਿਆ ਹੈ। ਪਾਠ ਦੇ ਅੰਤ ਵਿੱਚ ਨਿਸ਼ਕਰਸ਼ ਅਤੇ ਔਖੇ ਸ਼ਬਦਾਂ ਦੇ ਅਰਥ ਦਿੱਤੇ ਗਏ ਹਨ, ਤਾਂ ਜੋ ਵਿਦਿਆਰਥੀ ਉਨ੍ਹਾਂ ਦੇ ਅਰਥਾਂ ਤੱਕ ਅਸਾਨੀ ਨਾਲ ਪਹੁੰਚ ਸਕਣ।

## 7.3 ਬਾਬਾ ਫ਼ਰੀਦ ਦਾ ਸੂਫ਼ਫੀ ਸਾਹਿਤ ਵਿਚ ਸਥਾਨ ਤੇ ਦੇਣ

**7.3.1 ਜੀਵਨ :** ਬਾਬਾ ਫ਼ਰੀਦ ਦਾ ਪੂਰਾ ਨਾਂ ਫਰੀਦੁਦੀਨ ਮਸਉਦ ਗੰਜ-ਏ-ਸ਼ਕਰ ਹੈ। ਉਸ ਦੇ ਜਨਮ ਬਾਰੇ 569 ਹਿਜਰੀ ਅਰਥਾਤ 1173 ਈਸਵੀ ਦਾ ਪਹਿਲਾ ਜ਼ਿਕਰ ਮਿਲਦਾ ਹੈ। ਦੂਜਾ ਜ਼ਿਕਰ 571 ਹਿਜਰੀ ਅਰਥਾਤ 1175 ਈਸਵੀ ਨੂੰ ਬਾਬਾ ਫ਼ਰੀਦ ਦਾ ਜਨਮ ਹੋਇਆ ਮੰਨਦਾ ਹੈ। ਉਸ ਦੇ ਪਿਤਾ ਦਾ ਨਾਂ ਜਮਾਲੁਦੀਨ ਸੁਲੇਮਾਨ ਸੀ ਅਤੇ ਮਾਤਾ ਦਾ ਨਾਂ ਮਰੀਅਮ ਸੀ। ਬਾਬਾ ਫ਼ਰੀਦ ਦਾ ਪਿਤਾ ਸ਼ੇਖ ਜਮਾਲ-ਉਦ-ਦੀਨ ਗਜ਼ਨੀ ਦੇ ਬਾਦਸ਼ਾਹ ਦਾ ਭਾਣਜਾ ਸੀ। ਬਾਬਾ ਫ਼ਰੀਦ ਦੇ ਪੂਰਵਜ ਉਸ ਸਮੇਂ ਦੇ ਸੰਘਰਸ਼ਾਂ ਕਾਰਨ ਕਾਬਲ ਛੱਡ ਕੇ 1125 ਈਸਵੀ ਵਿਚ ਪੰਜਾਬ ਅੰਦਰ ਮੁਲਤਾਨ ਵਿਚ ਆ ਵਸੇ। ਬਾਬਾ ਫ਼ਰੀਦ ਦਾ ਜਨਮ ਕੋਠੇਵਾਲ, ਜਿਲ੍ਹਾ ਮੁਲਤਾਨ ਵਿਚ ਹੋਇਆ। ਬਾਬਾ ਫ਼ਰੀਦ ਦਾ ਜਨਮ ਜਿਸ ਪਰਿਵਾਰ ਵਿਚ ਹੋਇਆ, ਉਹ ਸੂਫ਼ੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸੀ। ਬਾਬਾ ਫ਼ਰੀਦ ਉੱਪਰ ਉਨ੍ਹਾਂ ਦੀ ਮਾਤਾ ਦਾ ਵਿਸ਼ੇਸ਼ ਪ੍ਰਭਾਵ ਸੀ। ਉਨ੍ਹਾ ਨੂੰ ਧਾਰਮਕ ਗੁੜਤੀ ਆਪਣੀ ਮਾਤਾ ਤੋਂ ਹੀ ਮਿਲੀ। ਅੱਠ ਸਾਲ ਦੀ ਉਮਰ ਵਿਚ ਹੀ ਉਸ ਨੂੰ ਕੁਰਾਨ ਜ਼ੁਬਾਨੀ ਯਾਦ ਹੋ ਗਿਆ ਸੀ।

ਬਾਬਾ ਫ਼ਰੀਦ ਗ੍ਰਹਿਸਥੀ ਅਤੇ ਪ੍ਰਤਿਭਾਵਾਨ ਪ੍ਰਾਣੀ ਸੀ। ਉਸ ਦੇ ਜੀਵਨ ਕਾਲ ਵਿਚ ਦਿੱਲੀ ਦਾ ਬਾਦਸ਼ਾਹ ਨਸੀਰ-ਉਲ-ਦੀਨ ਸੀ। ਉਸ ਦੀ ਰਾਜਕੁਮਾਰੀ ਹਜਬਰਾ ਨਾਲ ਫ਼ਰੀਦ ਨੇ ਨਿਕਾਹ ਕੀਤਾ। ਇਸ ਰਾਜਕੁਮਾਰੀ ਦੀ ਕੁੱਖੋਂ ਪੰਜ ਪੁੱਤਰਾਂ ਬਦਰ-ਉਲ-ਦੀਨ, ਸਰਬ-ਉਲ-ਦੀਨ, ਨਿਜ਼ਾਮ-ਉਲ-ਦੀਨ, ਯਾਕੂਬ, ਅਬਦੁੱਲਾ ਸ਼ਾਹ ਅਤੇ ਤਿੰਨ ਪੁਤਰੀਆਂ ਫਾਤਿਮਾ, ਮਸਤੂਰਾ ਅਤੇ ਸਰੀਫਾ ਨੇ ਜਨਮ ਲਿਆ। ਫ਼ਰੀਦ ਦੀਆਂ ਚਾਰ ਸ਼ਾਦੀਆਂ ਬਾਰੇ ਵੀ ਜ਼ਿਕਰ ਮਿਲਦਾ ਹੈ। ਉਸ ਦੀ ਇਕ ਪਤਨੀ ਦਿੱਲੀ ਦੇ ਸੁਲਤਾਨ ਬਲਵਨ ਦੀ ਧੀ ਸੀ।

ਬਾਬਾ ਫ਼ਰੀਦ ਨੇ ਇਸਲਾਮੀ ਚਿੰਤਨ ਨੂੰ ਜਵਾਨੀ ਵੇਲੇ ਹੀ ਆਪਣੇ ਮਨ ਮਸਤਕ ਵਿਚ ਰਚਾ ਲਿਆ ਸੀ। ਉਸ ਨੇ ਜਵਾਨੀ ਵੇਲੇ ਕੁਤਬੁ-ਉਦ-ਦੀਨ ਨੂੰ ਆਪਣਾ ਗੁਰੂ ਬਣਾਇਆ। ਕੁਤਬੁ-ਉਦ-ਦੀਨ ਪੰਜਾਬ ਵਿਚਲੇ ਸੂਫ਼ੀ ਟੋਲਿਆਂ ਵਿਚਲੇ ਚਿਸ਼ਤੀ ਟੋਲੇ ਦਾ ਸੰਚਾਲਕ ਸੀ। ਉਹ ਉੱਤਰੀ ਭਾਰਤ ਵਿਚ ਇਸਲਾਮ ਦਾ ਪ੍ਰਚਾਰ-ਕਰਤਾ ਸੀ। ਬਾਬਾ ਫ਼ਰੀਦ ਨੂੰ ਮੁਰਸ਼ਦ ਦੇ ਨਕਸ਼-ਏ-ਕਦਮ 'ਤੇ ਚੱਲਣ ਦਾ ਮਾਣ ਹਾਸਿਲ ਹੋਇਆ। ਫ਼ਰੀਦ ਦੇ ਸ਼ਿਸ਼ ਬਣਨ ਮਗਰੋਂ ਦਿੱਲੀ ਵਿਚ ਉਸ ਦੀ ਉਘਤਾ ਹੋਈ ਤੇ ਉਸ ਨੇ ਇਸਲਾਮ ਦਾ ਪ੍ਰਚਾਰ ਕੀਤਾ। ਉਹ ਆਪਣੀ ਉਘਤਾ ਤੋਂ ਜਲਦੀ ਹੀ ਉਪਰਾਮ ਹੋ ਗਿਆ। ਉਸ ਨੇ ਉਪਰਾਮਤਾ ਤੋਂ ਛੁਟਕਾਰਾ ਪਾਉਣ ਲਈ ਮੁਰਸ਼ਦ ਤੋਂ ਆਗਿਆ ਲੈ ਕੇ ਕਿਸੇ ਸ਼ਾਂਤ ਥਾਂ ਸਾਧਨਾ ਕਰਨ ਲਈ ਆਗਿਆ ਮੰਗੀ ਅਤੇ ਹਾਂਸੀ ਵਿਚ ਜਾ ਡੇਰੇ ਲਾਏ। ਖਵਾਜਾ ਕੁਤਬ-ਉਦ-ਦੀਨ ਦੇ ਦਿਹਾਂਤ ਮਗਰੋਂ 1235 ਈ: ਵਿਚ ਉਹ ਆਪਣੇ ਮੁਰਸ਼ਦ ਦੀ ਗੱਦੀ ਦੇ ਚਿੰਨਾਂ ਲੈ ਕੇ ਚਿਸ਼ਤੀ ਟੋਲੇ ਦੇ ਪੀਰ ਵਜੋਂ ਆਯੋਧਨ (ਪਾਕਪਟਨ) ਜਾ ਵਸੇ। ਇੱਥੇ ਉਸ

ਨੇ ਇਕ ਪ੍ਰਚਾਰਕ ਵਜੋਂ ਇਸਲਾਮ ਦੇ ਨੁਕਤਿਆਂ ਉੱਪਰ ਜ਼ੋਰ ਹੀ ਨਹੀਂ ਦਿੱਤਾ, ਸਗੋਂ ਸਾਦਗੀ ਭਰਪੂਰ ਜੀਵਨ ਜਿਉਂ ਕੇ ਲੋਕਾਂ ਲਈ ਮਾਡਲ ਵੀ ਪ੍ਰਸਤੁਤ ਕੀਤਾ।

ਬਾਬਾ ਫਰੀਦ ਦੇ ਦੇਹਾਂਤ ਸੰਬੰਧੀ 664 ਹਿਜਰੀ ਅਰਥਾਤ 1266 ਈਸਵੀ ਅਤੇ 669 ਹਿਜਰੀ 1271 ਈਸਵੀ ਦੋ ਰਾਵਾਂ ਮਿਲਦੀਆਂ ਹਨ।

**7.3.2 ਰਚਨਾ :** ਬਾਬਾ ਫ਼ਰੀਦ ਦੀ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕੀਤਾ ਮਿਲਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ 'ਸਲੋਕ ਸ਼ੇਖ ਫਰੀਦ ਜੀ ਕੇ' ਸਿਰਲੇਖ ਅਧੀਨ 130 ਸਲੋਕ ਦਰਜ਼ ਹਨ। ਇਨ੍ਹਾਂ ਵਿਚ 112 ਸਲੋਕ ਬਾਬਾ ਫ਼ਰੀਦ ਦੇ ਹਨ ਅਤੇ 18 ਸਲੋਕ ਗੁਰੂ ਸਾਹਿਬਾਨ ਦੇ ਹਨ, ਜਿਹੜੇ ਫ਼ਰੀਦ ਦੇ ਸਲੋਕਾਂ ਦੀ ਵਿਆਖਿਆ ਕਰਨ ਜਾਂ ਟਿੱਪਣੀ ਕਰਨ ਲਈ ਲਿਖੇ ਗਏ ਹਨ। ਇਸ ਦੇ ਨਾਲ ਹੀ ਬਾਬਾ ਫ਼ਰੀਦ ਦੇ ਚਾਰ ਸ਼ਬਦ ਦੋ ਰਾਗ ਆਸਾ ਅਤੇ ਦੋ ਸੂਹੀ ਰਾਗ ਵਿਚ ਵੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਮਿਲਦੇ ਹਨ। ਇਸ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਤੋਂ ਬਾਹਰ ਵੀ ਕਾਫੀ ਰਚਨਾ ਮਿਲਦੀ ਹੈ। ਇਹ ਰਚਨਾ ਸ਼ਬਦਾਂ ਤੇ ਸਲੋਕਾਂ ਰੂਪ ਵਿਚ ਪ੍ਰਾਪਤ ਹੁੰਦੀ ਹੈ। ਬਾਹਰਲੀ ਰਚਨਾ ਦਾ ਵਿਸ਼ਾ ਵੀ ਗੁਰੂ ਗ੍ਰੰਥ ਸਾਹਿਬ ਅੰਦਰਲੀ ਰਚਨਾ ਵਾਲਾ ਹੀ ਹੈ। ਇਨ੍ਹਾਂ ਦੀ ਸ਼ੈਲੀ ਵਿਚ ਵੀ ਸਮਾਨਤਾ ਹੈ। ਫਰਕ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਅੰਦਰਲੇ ਸ਼ਬਦਾਂ ਵਿਚ 'ਰਹਾਉ' ਵਾਲੀ ਸਤਰ ਮਿਲਦੀ ਹੈ ਅਤੇ ਬਾਹਰਲੀ ਰਚਨਾ ਵਿਚ ਇਹ ਸਤਰ ਪ੍ਰਾਪਤ ਨਹੀਂ ਹੁੰਦੀ।

ਗੁਰੂ ਗ੍ਰੰਥ ਸਾਹਿਬ ਅੰਦਰਲੀ ਰਚਨਾ ਬਾਰੇ ਮੈਕਾਲਿਫ ਨੇ ਇਹ ਸਵਾਲ ਉਠਾਇਆ ਕਿ ਇਹ ਰਚਨਾ ਬਾਬਾ ਫ਼ਰੀਦ ਦੀ ਥਾਂ ਉਨ੍ਹਾਂ ਦੀ ਗੱਦੀ ਦੇ ਬਾਰਵੇਂ ਗੱਦੀ ਨਸ਼ੀਨ ਸ਼ੇਖ ਇਬਰਾਹੀਮ ਦੀ ਹੈ। ਡਾ: ਲਾਜਵੰਤੀ ਰਾਮ ਕ੍ਰਿਸ਼ਨ ਨੇ ਬਾਬਾ ਫ਼ਰੀਦ ਦੇ ਸ਼ਬਦ (ਸੇਖ ਹਯਾਤ ਜਗਿ ਨਾ ਕੋਈ ਥਿਰ ਰਹਿਆ॥ ਜਿਸ ਆਸਣਿ ਹਮ ਬੈਠੇ ਕੇਤੇ ਬੈਸਿ ਗਇਆ॥) ਨੂੰ ਅਧਾਰ ਬਣਾ ਕੇ ਫ਼ਰੀਦ ਰਚਨਾ ਨੂੰ ਸ਼ੇਖ ਇਬਰਾਹੀਮ ਦੀ ਰਚਨਾ ਹੋਣ ਦਾ ਦਾਵਾ ਕੀਤਾ। ਇਸ ਮਗਰੋਂ ਕਿੰਨੇ ਹੀ ਵਿਦਵਾਨਾਂ ਵੱਲੋਂ ਆਪਣੇ-ਆਪਣੇ ਮਤ ਦਿੱਤੇ ਗਏ। ਪ੍ਰੋ: ਪ੍ਰੀਤਮ ਸਿੰਘ ਨੇ ਆਪਣੀ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲੇ ਸ਼ੇਖ ਫ਼ਰੀਦ ਦੀ ਭਾਲ' ਵਿਚ ਕਈ ਤੱਥਾਂ ਸਮੇਤ ਇਹ ਸਾਬਤ ਕੀਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਰਚਨਾ ਬਾਬਾ ਫ਼ਰੀਦ ਦੀ ਹੀ ਹੈ।

ਬਾਬਾ ਫ਼ਰੀਦ ਦੀ ਰਚਨਾ ਬਾਰਵੀਂ ਸਦੀ ਦੇ ਇਸਲਾਮੀ ਚਿੰਤਨ ਅਤੇ ਸੂਫ਼ੀ ਵਿਚਾਰਧਾਰਾ ਨੂੰ ਪ੍ਰਗਟਾਉਂਦੀ ਹੈ। ਉਸ ਦਾ ਸੰਬੰਧ ਪੰਜਾਬ ਅੰਦਰਲੀ ਚਿਸ਼ਤੀ ਸੰਪਰਦਾਏ ਨਾਲ ਹੈ। ਇਸ ਸੰਪਰਦਾਏ ਦੇ ਆਸ਼ਿਆਂ ਅਨੁਕੂਲ ਉਹ ਇਸਲਾਮ ਧਰਮ ਦਾ ਪ੍ਰਚਾਰ ਕਰਦਾ ਰਿਹਾ ਹੈ। ਉਹ ਸੂਫ਼ੀਆਂ ਦੇ ਚਤਰਾਂਗ ਮਾਰਗ ਵਿਚੋਂ ਪਹਿਲੇ ਪੜਾਅ ਸ਼ਰੀਅਤ ਦਾ ਕਵੀ ਹੈ। ਬਾਬਾ ਫ਼ਰੀਦ ਨੇ ਇਸਲਾਮਕ ਕਰਮਕਾਂਡਾਂ ਤੋਂ ਅੱਗੇ ਮਾਨਸਿਕ ਪੱਧਰ ਉੱਪਰ ਪਰਮਾਤਮਾ ਨੂੰ ਪ੍ਰਾਪਤ ਕਰਨ ਦਾ ਸੰਦੇਸ਼ ਦਿੱਤਾ। ਬਾਬਾ ਫ਼ਰੀਦ ਸਮੇਂ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਕਰਨ ਵਾਲੇ ਸੂਫ਼ੀ-ਫਿਰਕਿਆਂ ਦਾ ਪ੍ਰਮੁੱਖ ਉਦੇਸ਼ ਸ਼ਰੀਅਤ ਦੀ ਪਾਲਣਾ ਕਰਨ ਦਾ ਸੰਦੇਸ਼ ਦੇਣਾ ਸੀ। ਇਸ ਸੰਦੇਸ਼ ਅਧੀਨ ਬਾਬਾ ਫ਼ਰੀਦ ਨੇ ਮੌਤ ਅਤੇ ਸਰੀਰ ਦੀ ਨਾਸ਼ਮਾਨਤਾ ਦਾ ਜ਼ਿਕਰ ਹੀ ਨਹੀਂ ਕੀਤਾ, ਸਗੋਂ

ਮੌਤ ਮਗਰੋਂ ਮਨੁੱਖੀ ਦੇਹ ਨੂੰ ਮਿਲਣ ਵਾਲੇ ਦੁੱਖਾਂ ਦਾ ਜ਼ਿਕਰ ਵੀ ਕੀਤਾ ਹੈ। ਇਹ ਪ੍ਰਸੰਗ ਇਸਲਾਮ ਵਿਚ ਕਬਰ ਦੇ ਅਜ਼ਾਬ ਵਜੋਂ ਸੁਝਾਏ ਜਾਂਦੇ ਹਨ। ਇਸ ਪ੍ਰਕਾਰ ਬਾਬਾ ਫ਼ਰੀਦ ਦਾ ਸੂਫ਼ੀਵਾਦ ਉਸ ਸਮੇਂ ਦੀ ਭਗਤੀ ਲਹਿਰ ਦਾ ਇਸਲਾਮੀ ਰੂਪ ਸੀ। ਉਹ ਇਸਲਾਮ ਪ੍ਰਤੀ ਨਾ ਚੁੱਪ ਹੈ ਅਤੇ ਨਾ ਹੀ ਵਿਰੋਧੀ ਹੈ। ਉਸ ਨੇ ਇਕ ਸੂਫ਼ੀ ਹੋਣ ਦੇ ਨਾਤੇ ਪ੍ਰੇਮ ਭਗਤੀ ਦਾ ਮਾਰਗ ਅਪਣਾਉਣ ਦਾ ਸੰਦੇਸ਼ ਦਿੱਤਾ।

ਪੰਜਾਬੀ ਸਾਹਿਤ ਵਿਚ ਸੂਫ਼ੀ ਕਾਵਿ-ਧਾਰਾ ਦਾ ਸਥਾਨ ਬਹੁਤ ਹੀ ਮਹੱਤਵਪੂਰਨ ਹੈ। ਇਹ ਕਾਵਿ-ਧਾਰਾ ਬਾਬਾ ਫ਼ਰੀਦ ਤੋਂ ਆਰੰਭ ਹੁੰਦੀ ਹੈ। ਇਸ ਕਾਵਿ-ਧਾਰਾ ਵਿਚ ਬਾਬਾ ਫ਼ਰੀਦ ਤੋਂ ਮਗਰੋਂ ਸ਼ਾਹ ਹੁਸੈਨ, ਸੁਲਤਾਨ ਬਾਹੂ, ਸ਼ਾਹ ਸ਼ਰਫ, ਬੁੱਲੇ ਸ਼ਾਹ, ਅਲੀ ਹੈਦਰ ਆਦਿ ਨੇ ਆਪੋ-ਆਪਣੇ ਸਮੇਂ ਦੀਆਂ ਇਤਿਹਾਸਕ ਪਰਸਥਿਤੀਆਂ ਦੇ ਅਨੁਕੂਲ ਰਚਨਾ ਕੀਤੀ।ਪੰਜਾਬੀ ਸੂਫ਼ੀ ਕਾਵਿ-ਧਾਰਾ ਵਿਚ ਇਕ ਸੂਫ਼ੀ ਦੀ ਰਚਨਾ ਨੂੰ ਸ਼ਰੀਅਤ, ਤਰੀਕਤ, ਮਾਰਫ਼ਤ, ਹਕੀਕਤ ਅਤੇ ਫ਼ਨਾ-ਫਿਲ੍ਹਾ ਦੇ ਪੜਾਅ ਵਿਚੋਂ ਗੁਜ਼ਰਦੀ ਖਿਆਲ ਕੀਤਾ ਜਾਂਦਾ ਹੈ। ਪੰਜਾਬੀ ਸੂਫ਼ੀ ਕਵੀ ਚਿਸ਼ਤੀ, ਕਾਦਰੀ, ਮਦਾਰੀ, ਨਕਸ਼ਬੰਦੀ, ਸੁਹਰਾਵਰਦੀ, ਮਲਾਮਤੀ ਆਦਿ ਸੰਪਰਦਾਵਾਂ ਨਾਲ ਸੰਬੰਧਤ ਰਹੇ ਹਨ। ਇਨ੍ਹਾਂ ਸੰਪਰਦਾਵਾਂ ਦਾ ਸਰੂਪ ਇਕ ਦੂਜੇ ਨਾਲੋਂ ਨਿਵੇਕਲਾ ਰਿਹਾ ਹੈ। ਬਾਬਾ ਫ਼ਰੀਦ ਚਿਸ਼ਤੀ ਸੰਪਰਦਾਏ ਦਾ ਸੂਫ਼ੀ ਸੀ। ਚਿਸ਼ਤੀ ਸੰਪਰਦਾਏ ਨਾਲ ਸੰਬੰਧਤ ਰਚਨਾ ਸਮੂਹਕਤਾ ਨੂੰ ਸੰਬੋਧਤ ਵੰਨਗੀ ਦੀ ਹੈ। ਇਸ ਦੇ ਮੁਕਾਬਲੇ ਮਲਾਮਤੀ ਸੰਪਰਦਾਏ ਦਾ ਸੂਫ਼ੀ ਸ਼ਾਹ ਹੁਸੈਨ ਸਵੈ ਨੂੰ ਸੰਬੋਧਤ ਹੋ ਕੇ ਰਹੱਸਮਈ ਭਾਵਾਂ ਨੂੰ ਪ੍ਰਗਟਾਉਂਦਾ ਹੈ। ਇਸ ਦੇ ਨਾਲ ਹੀ ਬੁਲੇਸ਼ਾਹ ਦੀ ਜਿਆਦਾ ਰਚਨਾ ਸਵੈ-ਸੰਬੋਧਨੀ ਪ੍ਰਗੀਤਕਤਾ ਵਾਲੀ ਹੈ।

ਬਾਬਾ ਫ਼ਰੀਦ ਤੋਂ ਮਗਰੋਂ ਪੰਜਾਬੀ ਸੂਫ਼ੀ ਕਵੀਆਂ ਵਿਚ ਸਭ ਤੋਂ ਪ੍ਰਸਿੱਧ ਤੇ ਮਹਾਨ ਸੂਫ਼ੀ ਸ਼ਾਹ ਹੁਸੈਨ ਹੈ। ਸ਼ਾਹ ਹੁਸੈਨ ਨੇ ਮਨੁੱਖੀ ਸਰੀਰ ਦੀ ਨਾਸ਼ਮਾਨਤਾ, ਰੱਬ ਦੀ ਹੋਂਦ, ਰਜ਼ਾ ਵਿਚ ਰਹਿਣਾ, ਮਨੁੱਖ ਵਿਚ ਪ੍ਰਮਾਤਮਾ ਦੀ ਜੋਤ, ਗੁਰੂ ਦੀ ਸੰਗਤ, ਨੇਕ ਅਮਲਾਂ 'ਤੇ ਜ਼ੋਰ ਆਦਿ ਵਿਸ਼ਿਆਂ ਵਾਲੀ ਰਚਨਾ ਕੀਤੀ। ਉਸ ਨੇ ਬਾਬਾ ਫ਼ਰੀਦ ਦੇ ਸ਼ਬਦਾਂ ਤੇ ਸਲੋਕਾਂ ਦੇ ਮੁਕਾਬਲੇ ਕਾਫ਼ੀਆਂ ਵਿਚ ਰਚਨਾ ਕੀਤੀ। ਸ਼ਾਹ ਹੁਸੈਨ ਜੁਲਾਹਾ ਜਾਤੀ ਨਾਲ ਸੰਬੰਧਤ ਸੀ। ਇਸ ਲਈ ਕੱਤਣ, ਬੁਣਨ ਦੇ ਪ੍ਰਤੀਕ ਉਸ ਦੀ ਰਚਨਾ ਵਿਚ ਆਮ ਵਰਤੇ ਮਿਲਦੇ ਹਨ।ਉਹ ਪਰਮਾਤਮਾ ਨੂੰ ਦੁਨੀਆਂ ਦੇ ਕਣ-ਕਣ ਵਿਚ ਸਮਾਇਆ ਹੋਇਆ ਇਸੇ ਅੰਦਾਜ ਵਿਚ ਲਿਖਦਾ ਹੈ:

**ਅੰਦਰ ਤੂੰ ਹੈ ਬਾਹਰ ਤੂੰ ਹੈ ਰੋਮ ਰੋਮ ਵਿਚ ਤੂੰ।**
**ਤੂੰ ਹੈ ਤਾਣਾ ਤੂੰ ਹੈ ਬਾਣਾ ਸਭ ਕੁਝ ਮੇਰਾ ਤੂੰ।**

ਸ਼ਾਹ ਹੁਸੈਨ ਨੇ ਰੱਬੀ-ਇਸ਼ਕ 'ਤੇ ਬਹੁਤ ਜ਼ੋਰ ਦਿੱਤਾ ਹੈ। ਉਸ ਅਨੁਸਾਰ ਅਸਲ ਰਸਤਾ ਇਸ਼ਕ ਦਾ ਰਾਹ ਹੈ, ਜਿਸ ਨੂੰ ਕਦੀ ਵੀ ਜੀਵ ਨੂੰ ਛੱਡਣਾ ਨਹੀਂ ਚਾਹੀਦਾ। ਇਸ ਪ੍ਰਸੰਗ ਵਿਚ ਸ਼ਾਹ ਹੁਸੈਨ ਸੂਫ਼ੀਆਂ ਦੇ ਚਤਰਾਂਗ ਮਾਰਗ ਵਿਚੋਂ ਦੂਜੇ ਸਥਾਨ ਤਰੀਕਤ 'ਤੇ ਪਹੁੰਚ ਜਾਂਦਾ ਹੈ। ਉਹ ਕਾਜ਼ੀਆਂ-ਮੁੱਲਾਂ ਦੇ ਸੰਦੇਸ਼ਾਂ ਤੋਂ ਅੱਗੇ ਇਸ਼ਕ ਦੇ ਮਾਰਗ ਨੂੰ ਅਪਣਾਉਣ 'ਤੇ ਜ਼ੋਰ ਦਿੰਦਾ ਲਿਖਦਾ ਹੈ:

**ਮਨ ਅਟਕਿਆ ਬੇਪਰਵਾਹ ਦੇ ਨਾਲ।**
**ਕਿਸੇ ਦੀਨ ਦੁਨੀ ਦੇ ਸ਼ਾਹ ਦੇ ਨਾਲ।**
**ਕਾਜ਼ੀ ਮੁਲਾਂ ਮੱਤੀ ਦੇਂਦੇ।**
**ਖਰੇ ਸਿਆਣੇ ਰਾਹ ਦਿਸੇਂਦੇ।**
**ਇਸ਼ਕ ਨੂੰ ਕੀ ਲੱਗੇ ਰਾਹ ਦੇ ਨਾਲ।**

ਸ਼ਾਹ ਹੁਸੈਨ ਨੇ ਆਪਣੀ ਰਚਨਾ ਵਿਚ ਜੀਵ ਦੇ ਪ੍ਰਤੀਕ ਲਈ ਹੀਰ ਅਤੇ ਪ੍ਰਮਾਤਮਾ ਲਈ ਰਾਂਝੇ ਦੇ ਪ੍ਰਤੀਕ ਦੀ ਵਰਤੋਂ ਕੀਤੀ ਹੈ। ਇਸ ਦੇ ਮੁਕਾਬਲੇ ਬਾਬਾ ਫ਼ਰੀਦ ਪਤਨੀ ਤੇ ਪਤੀ ਦੇ ਪ੍ਰਤੀਕਾਂ ਦੀ ਵਰਤੋਂ ਕਰਦਾ ਹੈ। ਸ਼ਾਹ ਹੁਸੈਨ ਇਹੋ-ਜਿਹੇ ਪ੍ਰਤੀਕਾਂ ਦੀ ਵਰਤੋਂ ਕਰਦਾ ਲਿਖਦਾ ਹੈ।

**ਮਾਹੀ ਮਾਹੀ ਕੂਕਦੀ ਮੈਂ ਆਪੇ ਰਾਂਝਣ ਹੋਈ।**
**ਸ਼ਾਹ ਹੁਸੈਨ ਨੇ ਬਾਬਾ ਫਰੀਦ ਵਾਂਗ ਸਲੋਕ ਵੀ ਲਿਖੇ ਹਨ।**

**ਉਦਾਹਰਨ ਵਜੋਂ:**

**ਜਹਾਂ ਦੇਖੂੰ ਤਹਾਂ ਕਪਟ ਹੈ, ਕਹੂੰ ਨਾ ਪਿਛੇ ਚੈਨ।**
**ਦਗਾਬਾਜ਼ ਸੰਸਾਰ ਤੇ ਗੋਸ਼ਾ ਪਕੜ ਹੁਸੈਨ।**

ਬਾਬਾ ਫਰੀਦ ਦੀ ਭਾਸ਼ਾ ਵਿਚ ਲਹਿੰਦੀ/ਮੁਲਤਾਨੀ ਉਪ-ਭਾਸ਼ਾ ਦਾ ਹੈ ਅਤੇ ਸ਼ਾਹ ਹੁਸੈਨ ਨੇ ਮਾਝੀ ਉਪਭਾਸ਼ਾ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ। ਸ਼ਾਹ ਹੁਸੈਨ ਦੀ ਕਵਿਤਾ ਵਿਚ ਸਹਿਜ ਸੁਭਾਵਕਤਾ, ਤਿੱਖਾ ਵਲਵਲਾ ਅਤੇ ਰਾਗ ਅਨੁਕੂਲ ਸ਼ਬਦਾਵਲੀ ਆਦਿ ਮੀਰੀ-ਗੁਣ ਮਿਲਦੇ ਹਨ।

ਸ਼ਾਹ ਹੁਸੈਨ ਤੋਂ ਮਗਰੋਂ ਸੁਲਤਾਨ ਬਾਹੂ ਇਕ ਪ੍ਰਸਿੱਧ ਸੂਫ਼ੀ ਹੋਇਆ ਹੈ। ਉਸ ਦੀਆਂ ਅਰਬੀ ਤੇ ਫਾਰਸੀ ਵਿਚ ਇਕ ਸੌ ਚਾਲੀ ਦੇ ਕਰੀਬ ਰਚਨਾਵਾਂ ਮਿਲਦੀਆਂ ਹਨ। ਪੰਜਾਬੀ ਵਿਚ ਉਸ ਦੀਆਂ ਸੀਹਰਫੀਆਂ ਮਿਲਦੀਆਂ ਹਨ। ਉਹ ਹਰ ਸਤਰ ਦੇ ਅੰਤ ਉਪਰ 'ਹੂ' ਸ਼ਬਦ ਦੀ ਵਰਤੋਂ ਕਰਦਾ ਹੈ। ਬਾਹੂ ਦੀ ਰਚਨਾ ਵਿਚ ਧਾਰਮਕ ਭਰਮ ਭੇਦਾਂ ਤੋਂ ਮੁਕਤ ਹੋਣ ਦਾ ਸੰਦੇਸ਼ ਮਿਲਦਾ ਹੈ। ਉਹ ਤਾਂ ਇਹ ਵੀ ਲਿਖਦਾ ਹੈ ਕਿ ਜਿਸ ਜੀਵ ਨੂੰ ਰੱਬ ਦੀ ਪਛਾਣ ਹੋ ਗਈ ਉਸ ਲਈ ਧਾਰਮਕ ਪੁਸਤਕਾਂ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਉਸ ਦੀ ਰਚਨਾ ਅਨੁਸਾਰ:

**ਜੀਮ ਜਿਨ੍ਹਾਂ ਸ਼ਹੁ ਅਲਫ ਥੀਂ ਪਾਇਆ ਉਹ ਫਿਰ ਕੁਰਾਨ ਨਾ ਪੜਦੇ ਹੂ।**

ਸੁਲਤਾਨ ਬਾਹੂ ਤੋਂ ਮਗਰੋਂ ਸ਼ਾਹ ਸ਼ਰਫ ਪ੍ਰਮੁੱਖ ਸੂਫ਼ੀ ਕਵੀ ਹੋਇਆ ਹੈ। ਉਹ ਕਾਦਰੀ ਸੰਪਰਦਾਏ ਦਾ ਸੂਫ਼ੀ ਸੀ। ਉਸ ਨੇ ਮਨੁੱਖ ਨੂੰ ਆਪਾ ਕੁਰਬਾਨ ਕਰਨ, ਸਜ਼ਾਵਾਂ ਸਹਿ ਕੇ ਵੀ ਰੱਬੀ ਪ੍ਰੇਮ ਕਰਨ ਦਾ ਸੰਦੇਸ਼ ਦਿੱਤਾ ਹੈ। ਉਸ ਦੀ ਰਚਨਾ ਵਿਚ ਬ੍ਰਿਜੀ ਤੇ ਬਾਬਾ ਫ਼ਰੀਦ ਦੀ ਰਚਨਾ ਵਿਚਲੀ ਲਹਿੰਦੀ ਉਪਭਾਸ਼ਾ ਦੀ ਵਰਤੋਂ ਕੀਤੀ ਮਿਲਦੀ ਹੈ।

ਸ਼ਾਹ ਸ਼ਰਫ ਮਗਰੋਂ ਬੁਲੇ ਸ਼ਾਹ ਦਾ ਪੰਜਾਬੀ ਸੂਫ਼ੀ ਕਵਿਤਾ ਵਿਚ ਵਿਸ਼ੇਸ਼ ਯੋਗਦਾਨ ਹੈ।

ਬੁੱਲੇ ਸ਼ਾਹ ਨੇ ਕਾਫ਼ੀਆਂ, ਬਾਰਾਂ ਮਾਹ, ਅਠਵਾਰੇ, ਗੰਢਾਂ, ਦੋਹੜੇ, ਸੀਹਰਫੀਆਂ ਆਦਿ ਰੂਪਾਂ ਵਿਚ ਰਚਨਾ ਕੀਤੀ ਹੈ। ਸ਼ਾਹ ਹੁਸੈਨ ਵਾਂਗ ਉਸ ਦੀਆਂ ਕਾਫ਼ੀਆਂ ਨੂੰ ਬਹੁਤ ਮਕਬੂਲੀਅਤ ਮਿਲੀ ਹੈ।

ਬਾਬਾ ਫ਼ਰੀਦ ਵਾਂਗ ਬੁਲੇ ਸ਼ਾਹ ਨੇ ਸ਼ਰੀਅਤ ਅਧੀਨ ਸੁਰਾਂ ਦੀ ਪਾਬੰਦੀ ਦਾ ਜ਼ਿਕਰ ਕੀਤਾ ਹੈ। ਇਸ ਨੂੰ ਬੁਲੇ ਸ਼ਾਹ ਦੀ ਮੁੱਢਲੇ ਪੜ੍ਹਾਅ ਦੀ ਰਚਨਾ ਸਵੀਕਾਰਿਆ ਗਿਆ ਹੈ। ਉਸ ਨੇ ਨਰਕ, ਸਵਰਗ ਅਤੇ ਮੌਤ ਦੇ ਡਰ ਦਾ ਆਮ ਜ਼ਿਕਰ ਕੀਤਾ ਹੈ ਤੇ ਕਬਰ ਦੇ ਅਜ਼ਾਬ ਤੇ ਸਰੀਰ ਦੀ ਨਾਸ਼ਮਾਨਤਾ ਦਾ ਵੀ ਜ਼ਿਕਰ ਕੀਤਾ ਹੈ। ਉਦਾਹਰਨ ਵਜੋਂ:

**ਇਕ ਰੋਜ਼ ਜਹਾਨੋਂ ਜਾਣਾ ਹੈ।**
**ਜਾ ਕਬਰੇ ਵਿਚ ਸਮਾਣਾ ਹੈ।**
**ਤੇਰਾ ਗੋਸ਼ਤ ਕੀੜਿਆਂ ਖਾਣਾ ਹੈ।**
**ਕਰ ਚੇਤਾ ਮਨੋਂ ਵਿਸਾਰ ਨਹੀਂ।**
**ਉਠ ਜਾਗ ਘੁਰਾੜੇ ਮਾਰ ਨਹੀਂ।**

ਦੂਜੇ ਦੌਰ ਵਿਚ ਬੁਲੇ ਸ਼ਾਹ ਨੇ ਭਾਰਤੀ ਵੈਸ਼ਨੂੰ ਮਤ ਅਤੇ ਵੇਦਾਂਤ ਤੋਂ ਪ੍ਰਭਾਵ ਗ੍ਰਹਿਣ ਕੀਤਾ। ਇਸ ਦੌਰ ਵਿਚ ਉਸ ਦੇ ਅਨੁਭਵ ਵਿਚ ਵਿਸ਼ਾਲਤਾ ਆਈ। ਉਸ ਨੂੰ ਰੱਬੀ ਹੋਂਦ ਦਾ ਅਨੁਭਵ ਹੋਇਆ। ਉਸ ਅਨੁਸਾਰ:

**ਨਾ ਰੱਬ, ਰਸੂਲ ਨਾ ਅੱਲ੍ਹਾ ਸੀ, ਨਾ ਜਾਬਰ ਕਹਾਰ।**
**ਪਿਆਰਾ ਪਹਿਨ ਪੁਸ਼ਾਕਾਂ ਆਇਆ, ਆਦਮ ਆਪਣਾ ਨਾਮ ਧਰਾਇਆ।**
**ਅਹਿਦ ਤੋਂ ਬਣ ਅਹਿਮਦ ਆਇਆ, ਨਬੀਆਂ ਦਾ ਸਰਦਾਰ।**

ਤੀਜੇ ਦੌਰ ਵਿਚ ਬੁਲੇ ਸ਼ਾਹ ਦਾ ਅਨੁਭਵ ਰੱਬ ਨਾਲ ਜੀਵ ਦੀ ਇਕਮਿਕਤਾ ਹੈ। ਉਹ ਇਸ ਦੌਰ ਵਿਚ ਆ ਕੇ ਧਾਰਮਕ ਕਰਮਕਾਂਢਾਂ ਤੋਂ ਪਰੇ ਰੱਬੀ ਪ੍ਰੇਮ ਦੀ ਗੱਲ ਕਰਦਾ ਹੈ। ਉਸ ਦੀ ਰਚਨਾ ਵਿਚੋਂ ਉਦਾਹਰਨ ਦੇਖੋ:

**ਫੂਕ ਮੁਸੱਲਾ ਭੰਨ ਸੁਟ ਸੋਟਾ।**
**ਨਾ ਫੜ ਤਸਬੀ ਕਾਸਾ ਸੋਟਾ।**
**ਆਸ਼ਕ ਕਹਿੰਦਾ ਦੇ ਦੇ ਹੋਕਾ।**
**ਤਰਕ ਹਲਾਲੋਂ ਖਾਹ ਮੁਰਦਾਰ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ।**
**ਵੇਦ ਪੁਰਾਣ ਪੜ੍ਹ ਪੜ੍ਹ ਥੱਕੇ।**
**ਸਿਜਦੇ ਕਰਦਿਆਂ ਘਸ ਗਏ ਮੱਥੇ।**
**ਨਾ ਰੱਬ ਤੀਰਥ ਨਾ ਰੱਬ ਮੱਕੇ।**
**ਜਿਸ ਪਾਇਆ ਤਿਸ ਨੂਰ ਜਮਾਲ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ।**

ਉਸ ਬੁੱਲੇ ਸ਼ਾਹ ਬੇਬਾਕੀ ਨਾਲ ਆਪਣੀ ਰਚਨਾ ਵਿਚ ਧਾਰਮਿਕ ਲੋਕਾਂ ਦਾ ਵਿਖਾਵੇ ਵਾਲਾ ਸਰੂਪ ਪੇਸ਼ ਕਰਦਾ ਹੈ। ਉਹ ਹਿੰਦੂ ਤੇ ਇਸਲਾਮ ਧਰਮ ਦੇ ਸੰਚਾਲਕਾਂ ਦੇ ਧੋਖੇਬਾਜ਼ੀ ਵਾਲੇ ਸਰੂਪ ਅਪਣਾਉਣ ਨਾਲੋਂ ਰੱਬੀ ਪ੍ਰੇਮ ਦੇ ਮਾਰਗ ਦਾ ਸੰਦੇਸ਼ ਦਿੰਦਾ ਹੈ। ਉਸ ਅਨੁਸਾਰ:

**ਠਾਕਰ ਦਵਾਰੇ, ਧੜਵਾਈ ਵਸਦੇ, ਵਿਚ ਮਸੀਤੀ ਠੱਗ।**
**ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ।**

ਬੁੱਲੇ ਸ਼ਾਹ ਨੇ ਬਾਬਾ ਫ਼ਰੀਦ ਵਾਂਗ ਪਰਮਾਤਮਾ ਨੂੰ ਪਾਉਣ ਲਈ ਦੀ ਲੋੜ 'ਤੇ ਬਹੁਤ ਜ਼ੋਰ ਦਿੱਤਾ। ਗੁਰੂ ਦੀ ਸੰਗਤ ਪ੍ਰਾਪਤ ਕਰਨ ਲਈ ਗੁਨਾਹਾਂ ਤੋਂ ਤੌਬਾ ਕਰਨ ਦੀ ਲੋੜ ਹੈ। ਬੁੱਲੇ ਸ਼ਾਹ ਦੀ ਕਵਿਤਾ ਵਿਚ ਆਖ਼ਰੀ ਮੰਜ਼ਿਲ ਪਰਮਾਤਮਾ ਦੀ ਪ੍ਰਾਪਤੀ ਹੈ। ਉਹ ਰੱਬ ਅਤੇ ਜੀਵ ਦੀ ਸੰਜੋਗ ਦੀ ਅਵਸਥਾ ਨੂੰ ਇਸ ਪ੍ਰਕਾਰ ਪੇਸ਼ ਕਰਦਾ ਹੈ।

**ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ।**
**ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੇ ਕੋਈ।**

ਬੁੱਲੇ ਸ਼ਾਹ ਦੀ ਰਚਨਾ ਵਿਚ ਕੇਂਦਰੀ ਪੰਜਾਬੀ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਮਿਲਦੀ ਹੈ। ਉਸ ਨੇ ਪੰਜਾਬੀ ਜਨ-ਜੀਵਨ ਦੇ ਨੇੜੇ ਦੇ ਬਿੰਬਾਂ ਨੂੰ ਲੋਕ-ਪੱਧਰ ਦੇ ਪ੍ਰਤੀਕਾਂ ਨਾਲ ਸੁੰਦਰ ਅਲੰਕਾਰਾਂ ਸਹਿਤ ਆਪਣੀ ਰਚਨਾ ਕੀਤੀ ਹੈ।

ਬੁੱਲੇ ਸ਼ਾਹ ਮਗਰੋਂ ਅਲੀ ਹੈਦਰ ਇਕ ਪ੍ਰਮੁੱਖ ਸੂਫੀ ਹੈ। ਉਸ ਨੇ ਪੰਜ ਸੀਹਰਫ਼ੀਆਂ ਅਤੇ ਰਦੀਫ਼ਾਂ ਵਿਚ ਇਕ ਦੀਵਾਨ ਦੀ ਰਚਨਾ ਕੀਤੀ। ਉਸ ਦੀਆਂ ਅਰਬੀ ਤੇ ਫ਼ਾਰਸੀ ਵਿਚ ਵੀ ਰਚਨਾ ਮਿਲਦੀ ਹੈ। ਉਸ ਦੀ ਕਵਿਤਾ ਵਿਚ ਰੱਬੀ ਇਸ਼ਕ 'ਤੇ ਜ਼ੋਰ ਦਿੱਤਾ ਗਿਆ ਹੈ। ਉਸ ਦੀ ਰਚਨਾ ਵਿਚ ਭਾਵੇਂ ਕਾਫੀ ਖ਼ੂਬੀਆਂ ਹਨ, ਪਰ ਉਸ ਦੀ ਰਚਨਾ ਬਾਬਾ ਫ਼ਰੀਦ ਤੇ ਬੁੱਲੇ ਸ਼ਾਹ ਦੇ ਕਲਾਮ ਦੇ ਬਰਾਬਰ ਦੀ ਨਹੀਂ ਹੋ ਸਕੀ। ਉਸ ਦੀ ਰਚਨਾ ਵਿਚ ਇਸ਼ਕ-ਹਕੀਕੀ ਤੇ ਇਸ਼ਕ ਮਜਾਜ਼ੀ ਦੋਵੇਂ ਰੰਗ ਮਿਲਦੇ ਹਨ। ਉਸ ਨੇ ਆਪਣੀਆਂ ਸੀਹਰਫ਼ੀਆਂ ਵਿਚ ਹੀਰ ਰਾਂਝੇ ਦੀ ਪ੍ਰੇਮ ਕਥਾ ਦੇ ਚਿੰਨਾਂ ਨੂੰ ਸੂਫ਼ੀ ਰੰਗ ਵਿਚ ਰੰਗ ਕੇ ਪੇਸ਼ ਕੀਤਾ। ਉਦਾਹਰਨ ਵਜੋਂ:

**ਵੱਡੇ ਹੋਵੇ ਮੈਨੂੰ ਹੱਥ ਨਾ ਲਾਈਂ ਇਹ ਮਾਨ ਸੁਖਨ ਜੱਟੀ ਚੂਚਕਾਨੀ ਦੇ ਨੀਂ।**
**ਛੱਡ ਵੇ ਨੀਂਗਰ ਬਾਂਹ ਮੈਂਡੀ ਵਲ ਦਾਦ ਅਦਲ ਪਠਾਨੀ ਦੇ ਨੀਂ।**
**ਛਨ ਛਨ ਚੂੜਾ ਤੇ ਘੁਮ ਘੁਮ ਚਾਟੀ ਇਹ ਘੁਮਕਾਰ ਮਧਾਣੀ ਦੇ ਨੀਂ।**
**ਅਲੀ ਹੈਦਰ ਜੇ ਮੱਖਣ ਆਵੇ ਤਾਂ ਮਤਲਬ ਏਸ ਨਿਮਾਣੀ ਦੇ ਨੀਂ।**

ਬਾਬਾ ਫ਼ਰੀਦ ਵਾਂਗ ਅਲੀ ਹੈਦਰ ਨੇ ਵੀ ਲਹਿੰਦੀ ਉਪ ਭਾਸ਼ਾ ਦੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਅਲੀ ਹੈਦਰ ਮਗਰੋਂ ਫ਼ਰਦ ਫ਼ਕੀਰ ਵੀ ਪ੍ਰਮੁੱਖ ਸੂਫ਼ੀ ਕਵੀ ਹੋਇਆ ਹੈ। ਉਸ ਨੇ ਬਾਰਾਂਮਾਹ ਸੀਹਰਫ਼ੀ, ਕਸਬਨਾਮਾ ਬਾਫਿੰਦਗਾ ਅਤੇ ਰੋਸ਼ਨ ਦਿਲ ਆਦਿ ਰੂਪਾਂ ਵਿਚ ਰਚਨਾ

ਕੀਤੀ। ਫ਼ਰਦਫ਼ਕੀਰ ਨੇ ਬਾਬਾ ਫ਼ਰੀਦ ਦੇ ਸਲੋਕ 'ਕਾਲੇ ਮੈਂਡੇ ਕੱਪੜੇ' ਵਾਂਗ ਭੀਖ ਫ਼ਕੀਰਾਂ 'ਤੇ ਚਾਨਣ ਪਾਇਆ ਹੈ। ਫਰਦ ਫ਼ਕੀਰ ਅਨੁਸਾਰ:

**ਬਾਹਰ ਬਾਣਾ ਸੂਫ਼ੀਆਂ, ਅੰਦਰ ਦਗਾ ਕਮਾਏ।**

ਬਾਬਾ ਫ਼ਰੀਦ ਵਾਂਗ ਹੀ ਫ਼ਰਦ ਫ਼ਕੀਰ ਦੀ ਰਚਨਾ ਵਿਚ ਸੁਘੜ-ਸਿਆਣਪਾਂ ਨਜ਼ਰੀ ਪੈਂਦੀਆਂ ਹਨ। ਉਹ ਸ਼ਰੀਅਤ ਦੇ ਅਮਲਾਂ 'ਤੇ ਜ਼ੋਰ ਦਿੰਦਾ ਹੈ। ਉਹ ਬਾਬਾ ਫ਼ਰੀਦ ਵਾਂਗ ਹੀ ਵੈਰਾਗਮਈ, ਇਕ ਪਕੇਰੇ ਜੀਵਨ ਅਨੁਭਵ ਦੀ ਪ੍ਰਸਤੁਤੀ ਕਰਦਾ ਹੈ। ਉਦਾਹਰਨ ਵਜੋ:

**ਜ਼ਿਕਰ ਖੁਦਾਏ ਦਾ ਨਾ ਕਰ, ਜ਼ਾਹਿਰ ਖਲਕ ਖੁਦਾਇ।**
**ਅੰਦਰ ਕਰ ਤੂੰ ਬੰਦਗੀ, ਬਹਿਰ ਪਰਦਾ ਪਾਏ।**
**ਮੂਲ ਨਾ ਵੇਖੀਂ ਇਲਮ ਨੂੰ, ਨਾ ਕਰ ਕਿਸੇ ਸਵਾਲੇ।**
**ਫਰਦਾ ਲੇਖਾ ਲੈਸੀਆ, ਰੱਬ ਕਾਦਰ ਜੁਲ ਜਲਾਲ।**
**ਜੀਮ ਜੁਆਨੀ ਚਾਰ ਦਿਨ, ਮੱਤ ਹੋਵੇ ਮਗਰੂਰ।**
**ਪੀਰ ਪੈਗੰਬਰ ਔਲੀਆ, ਸਭ ਮੌਤ ਲੰਘਾਏ ਪੂਰ।**
**ਭੱਠ ਉਨ੍ਹਾਂ ਦਾ ਜੀਵਣਾ ਅੱਠੇ ਪਹਿਰ ਜੰਜਾਲ।**
**ਫਰਦਾ ਲੇਖਾ ਕੱਸੀਆ ਰੱਬ, ਕਾਦਰ ਜ਼ੁਲ ਜਲਾਲ।**

ਫ਼ਰਦ ਫ਼ਕੀਰ ਤੋਂ ਮਗਰੋਂ ਵਜ਼ੀਦ ਵੀ ਪ੍ਰਮੁੱਖ ਸੂਫ਼ੀ ਕਵੀ ਹੈ। ਵਜ਼ੀਦ ਨੇ ਰੱਬੀ ਭਾਵੇਂ ਅਨੁਸਾਰ ਸੰਸਾਰ ਦੀ ਅਸਮਾਨਤਾ ਨੂੰ ਦਰਸਾਇਆ ਹੈ। ਉਸ ਨੇ ਇਸ ਅਸਮਾਨਤਾ ਨੂੰ ਵਿਅੰਗ ਭਰੇ ਅੰਦਾਜ਼ ਵਿਚ ਪੇਸ਼ ਕੀਤਾ ਹੈ। ਉਸ ਦੇ ਹਰ ਬੰਦ ਦੇ ਅੰਤ ਉੱਪਰ 'ਵਜ਼ੀਦਾ ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ' ਦਾ ਉਲਾਂਭਾ ਮਿਲਦਾ ਹੈ। ਵਜ਼ੀਦ ਦੀ ਰਚਨਾ ਦੀ ਉਦਾਹਰਨ ਦੇਖੋ:

**ਇਕਨਾਂ ਨੂੰ ਘਿਉ ਖੰਡ ਨਾ ਮੈਦਾ ਭਾਵਈ।**
**ਬਹੁਤੀ ਬਹੁਤੀ ਮਾਇਆ ਚਲੀ ਆਵਈ।**
**ਇਕਨਾਂ ਨਾਹੀਂ ਸਾਗ ਅਲੂਣਾ ਪੇਟ ਭਰ।**
**ਵਜੀਦਾ ਕੌਣ ਸਾਹਿਬ ਨੂੰ ਆਖੇ ਇੰਜ ਨਹੀਂ ਇੰਜ ਕਰ।**

ਵਜ਼ੀਦ ਦੇ ਸਲੋਕਾਂ ਤੋਂ ਇਲਾਵਾ ਦੋਹਰੇ ਆਦਿ ਰਚਨਾਵਾਂ ਵੀ ਪ੍ਰਾਪਤ ਹੁੰਦੀਆਂ ਹਨ। ਵਜ਼ੀਦ ਨੇ ਕੇਂਦਰੀ ਸ਼ਬਦਾਵਲੀ ਦੀ ਵਰਤੋਂ ਕੀਤੀ ਹੈ।

ਓਪਰੋਕਤ ਸੂਫ਼ੀ ਕਵੀਆਂ ਦੇ ਪ੍ਰਸੰਗ ਵਿਚ ਇਹ ਧਾਰਨਾ ਬਣਾਈ ਜਾ ਸਕਦੀ ਹੈ ਕਿ ਸੂਫ਼ੀ ਮਾਰਗ ਉਪਰ ਚੱਲ ਕੇ ਪਰਮਾਤਮਾ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਮਨੁੱਖ ਨੂੰ ਆਪਣੇ ਮਨ ਨੂੰ ਸਦਾਚਾਰਕ ਤੌਰ 'ਤੇ ਸਾਫ ਰੱਖਣਾ ਚਾਹੀਦਾ ਹੈ। ਮਨੁੱਖ ਨੂੰ ਲੋਭ, ਕ੍ਰੋਧ, ਹੰਕਾਰ, ਕਾਮ ਤੇ ਮੋਹ ਵਰਗੇ ਵਿਕਾਰਾਂ ਤੋਂ ਪੱਲਾ ਛੁਡਵਾਉਣਾ ਚਾਹੀਦਾ ਹੈ। ਉਸ ਦਾ ਆਪਣਾ ਮਨ ਸਾਫ਼, ਸਬਰ ਤੇ ਸੰਤੋਖ ਵਾਲਾ ਰੱਖਣਾ ਚਾਹੀਦਾ ਹੈ। ਮਨੁੱਖ ਦਾ ਰੱਬ ਨੂੰ ਮਿਲਣਾ ਜ਼ਰੂਰੀ ਹੈ। ਰੱਬ ਪ੍ਰੀਤਮ

ਜਾਂ ਪਿਆਰਾ ਹੈ। ਉਹ ਰੱਬ ਡਾਢਾ ਹੈ। ਮਨੁੱਖ ਰੱਬ ਨੂੰ ਇਸ਼ਕ ਕਰਕੇ ਪ੍ਰਾਪਤ ਕਰ ਸਕਦਾ ਹੈ। ਇਹ ਕੰਮ ਮਨੁੱਖੀ ਜੀਵਨ ਜਿਉਂਦੇ ਹੀ ਹੋ ਸਕਦਾ ਹੈ। ਰੱਬ ਸੰਸਾਰ ਦੀ ਹਰ ਥਾਂ 'ਤੇ ਵਸਦਾ ਹੈ। ਉਸ ਦਾ ਮਨੁੱਖੀ ਹਿਰਦੇ ਵਿਚ ਵਾਧਾ ਹੁੰਦਾ ਹੈ। ਮਨੁੱਖ ਰੱਬ ਨੂੰ ਆਪਣੇ ਅੰਦਰੋਂ ਹੀ ਲੱਭ ਸਕਦਾ ਹੈ।ਮਨੁੱਖ ਨੂੰ ਮੌਤ ਤੋਂ ਡਰਨਾ ਨਹੀਂ ਚਾਹੀਦਾ। ਮੌਤ ਹਰ ਜੀਵਤ ਜੀਵ ਨੂੰ ਲਾਜ਼ਮੀ ਆਉਣੀ ਹੈ। ਮਨੁੱਖ ਲਈ ਬੰਦਗੀ ਕਰਨਾ ਹੀ ਪਰਮਾਤਮਾ ਨਾਲ ਇਸ਼ਕ ਕਰਨਾ ਚਾਹੀਦਾ ਹੈ। ਮਨੁੱਖ ਲਈ ਗੁਰੂ ਦਾ ਸੰਦੇਸ਼ ਅਤਿ ਜ਼ਰੂਰੀ ਹੈ। ਇਸ ਲਈ ਮਨੁੱਖ ਨੂੰ ਗੁਰੂ ਦੀ ਸੰਗਤ ਕਰਨੀ ਚਾਹੀਦੀ ਹੈ। ਇਕ ਸਾਧਕ ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ ਦੇ ਚਾਰੇ ਅਵਸਥਾ ਵਿਚੋਂ ਵਿਚਰਦਾ ਫ਼ਨਾ-ਫਿਲਾ (ਰੱਬ ਨਾਲ ਇਕ ਮਿਕਤਾ) ਦੇ ਪੜਾਅ 'ਤੇ ਪਹੁੰਚਦਾ ਹੈ। ਇਸ ਤਰ੍ਹਾਂ ਮਨੁੱਖ ਦੀ ਹਸਤੀ ਪਰਮਾਤਮਾ ਦੀ ਮਹਾਨ ਹਸਤੀ ਵਿਚ ਸਮਾ ਜਾਂਦੀ ਹੈ।

### 7.4 Summary (ਨਿਸ਼ਕਰਸ਼)

ਓਪਰੋਕਤ ਚਰਚਾ ਉਪਰੰਤ ਲਿਖਿਆ ਜਾ ਸਕਦਾ ਹੈ ਕਿ ਬਾਬਾ ਫ਼ਰੀਦ ਪੰਜਾਬੀ ਸੂਫ਼ੀ ਕਵਿਤਾ ਦਾ ਮੋਢੀ ਕਵੀ ਹੈ। ਉਸ ਨੇ ਜਿਹੜੇ ਨਕਸ਼ ਇਸਲਾਮ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੇਸ਼ ਕੀਤੇ, ਉਨ੍ਹਾਂ ਦੇ ਅਨੁਸਾਰੀ ਅਤੇ ਸੂਫ਼ੀ ਸਾਧਕਾਂ ਦੀਆਂ ਅਗਲੀਆਂ ਅਵਸਥਾਵਾਂ ਮੁਤਾਬਕ ਅਗਲੇ ਸੂਫ਼ੀਆਂ ਨੇ ਆਪਣੇ-ਆਪਣੇ ਰਹੱਸਮਈ ਭਾਵ ਪ੍ਰਗਟ ਕੀਤੇ। ਵਿਸ਼ੇ ਪੱਖੋਂ ਹੀ ਨਹੀਂ, ਸਗੋਂ ਰੂਪਕ ਪੱਖੋਂ ਵੀ ਸੂਫ਼ੀਆਂ ਦੇ ਕਲਾਮ ਨਾਲ ਪੰਜਾਬੀ ਕਵਿਤਾ ਵਿਚ ਨਵੀਨਤਾ ਆਈ।

### 7.5 Glossory/Keywords (ਔਖੇ ਸ਼ਬਦਾਂ ਦੇ ਅਰਥ)

ਬਾਬਾ ਫ਼ਰੀਦ ਦੀ ਰਚਨਾ ਵਿਚਲੇ ਔਖੇ ਸ਼ਬਦਾ ਦੇ ਅਰਥ

ਧਨ-ਇਸਤਰੀ, ਮਲਕੁ-ਮੌਤ ਦਾ ਫਰਿਸ਼ਤਾ ਮਲਕੁਲ, ਗਾਖੜੀ-ਔਖੀ, ਭਾਹਿ-ਅੱਗ, ਸਹੁ-ਪਤੀ, ਨੰਢੜਾ-ਨਿੱਕਾ ਜਿਹਾ ਬਾਲ, ਅਕਲਿ ਲਤੀਫੁ-ਬਰੀਕ ਸਮਝ ਵਾਲਾ, ਗਿਰੀਵਾਨ-ਬੁੱਕਲ, ਖਟਣ ਵੇਲ-ਖੱਟੀ ਦਾ ਵੇਲਾ, ਮਰਗ-ਮੌਤ, ਥੀਆ-ਹੋ ਗਿਆ, ਭੂਰ-ਚਿੱਟੀ, ਵੇਦਣ-ਦੁੱਖ, ਪਤੀਣੀਆਂ-ਪਤਲੀਆਂ ਪੈ ਗਈਆਂ, ਰੀਣੇ-ਬੋਲੇ, ਪਿਰਹੜੀ-ਪਿਆਰ, ਲੋਇਣ-ਅੱਖਾਂ, ਸੁਇ-ਬੱਚੇ, ਸੈ਼ਤਾਨਿ-ਬਦੀ ਦਾ ਪ੍ਰਤੀਕ ਸ਼ੈਤਾਨ, ਵੰਞਾਇਆ-ਵਿਗਾੜਿਆ, ਥੀਉ-ਬਣ ਜਾ, ਪਵਾਹੀ-ਰਸਤੇ ਦੀ, ਛਿਜਹਿ-ਲੋਕ ਤੋੜਦੇ ਕਿੰਨਾ ਚਿਰ, ਛਪਰਿ ਤੁਟੈ-ਟੁੱਟੇ ਹੋਏ ਛੱਪਰ ਉਤੇ, ਹਿਆਲੀਐ-ਹਿਰਦੇ ਵਿਚ, ਢੂਢੇਹਿ-ਲੱਭਦਾ ਦਾ ਕੀ ਫਾਇਦਾ, ਜੰਘੀਐ-ਲੱਤਾਂ, ਡੂਗਰ-ਪਰਬਤ, ਥੀਓਮ-ਨੂੰ ਹੋ ਗਿਆ, ਕੂਜੜਾ-ਨਿੱਕਾ ਲੋਟਾ, ਵਿਡਾਣੀ-ਬਿਗਾਨੀ, ਧ੍ਰਿਗ-ਫਿਟਕਾਰਯੋਗ, ਵਾਰਿਆ ਹੋਦਾ-ਲੁਕਾਇਆ ਹੁੰਦਾ, ਹੇੜਾ-ਸਰੀਰ ਦਾ ਮਾਸ, ਬਿਜਉਰੀਆ-ਬਿਜੌਰ ਦੇ ਇਲਾਕੇ ਦੀ (ਇਹ ਇਲਾਕਾ ਪਠਾਣੀ ਦੇਸ ਮਾਲਾਕੰਦ ਸਵਾਤ ਤੋਂ ਅੱਗੇ ਹੈ), ਹੰਢੈ-ਫਿਰਦਾ ਹੈ, ਤੁਟੈ-ਟੁੱਟਦਾ ਹੈ, ਗਹਿਲਾ-ਬੇਪਰਵਾਹ, ਨਿਵਾਤ-ਮਿਸ਼ਰੀ, ਮਾਖਿਉ-ਸ਼ਹਿਦ, ਕਾਠ ਕੀ ਰੋਟੀ-ਕਾਠ ਵਾਂਗ ਸੁੱਕੀ ਹੋਈ ਰੋਟੀ, ਲਾਵਣੁ-ਨਮਕੀਨ, ਚੋਪੜੀ-ਚੰਗੀ ਸੁਆਦਲੀ ਰੋਟੀ, ਕੰਤ-ਪਤੀ, ਡੋਹਾਗਣੀ-ਛੁੱਟੜ, ਵਿਧਵਾ, ਪਿਰੁ-ਪਤੀ, ਸੰਬਹੀ-ਸਜੀ ਹੋਈ, ਨਚਿੰਦੁ-ਬੇ-ਫਿਕਰ, ਕਧੂਰੀ-ਕਸਤੂਰੀ, ਗੰਧੁ-ਸੁਗੰਧੀ, ਖੁਸ਼ਬੋ, ਕਿਤੀ-ਕਿੰਨੇ ਹੀ, ਖਟੋਲਾ-ਨਿੱਕੀ ਜਿਹੜੀ ਮੰਜੀ, ਵਿਛਾਵਣੁ-ਵਿਛੌਣਾ, ਸੁਲਤਾਨੁ-ਰਾਜਾ,

ਬਾਦਸ਼ਾਹ, ਮਸਾਣੁ-ਮੁਰਦੇ ਸੜਨ ਦੀ ਥਾਂ, ਸਮਸ਼ਾਨ, ਰਾਧੀ-ਬੀਜੀ ਹੋਈ, ਸੰਮਿ-ਸੌਂ ਕੇ, ਮੰਗੇਸੀਆ-ਮੰਗੇਗਾ, ਆਹੋਂ-ਆਇਆ ਸੀ, ਪਹਰੀ-ਹਰੇਕ ਪਹਿਰ ਮਗਰੋਂ, ਸਜਾਇ-ਸਜ਼ਾ, ਦੰਡ, ਹੇੜਾ-ਸਰੀਰ, ਵਿਹਾਇ-ਬੀਤਦੀ ਹੈ, ਖੇਹ-ਸੁਆਹ, ਮਿੱਟੀ, ਹੋਸੀ-ਹੋ ਜਾਏਗਾ, ਬੈਸਣਾ-ਬੈਠਣਾ, ਏਵੈ-ਇਸੇ ਤਰ੍ਹਾਂ, ਕੰਧਿ-ਮੋਢੇ ਤੇ, ਵਣਿ-ਜੰਗਲ, ਕੈਸਰੁ-ਬਾਦਸ਼ਾਹ, ਅੰਗਿਆਰ-ਅੱਗ ਦੇ ਕੋਲੇ, ਲੋਣੁ-ਨਮਕ, ਅਗੈ-ਪਰਲੋਕ, ਸਿੰਞਾਪਸਨਿ-ਪਛਾਣੇ ਜਾਣਗੇ, ਖਾਸੀ-ਖਾਏਗਾ, ਛੱਤੁ-ਛਤਰ, ਜੀਰਾਣੁ-ਮਸਾਣ, ਅਤੀਮਾ-ਯਤੀਮ, ਗਡ ਥੀਏ-ਰਲ ਗਏ, ਮੰਡਪ-ਸ਼ਮਿਆਨੇ, ਮਾੜੀਆਂ-ਚੁਬਾਰਿਆਂ ਵਾਲੇ ਮਹਿਲ, ਗੋਰੀ-ਕਬਰਾਂ ਵਿਚ, ਖਿੰਥੜਿ-ਗੋਦੜੀ, ਮਸਾਇਕ-ਕਈ ਸ਼ੇਖ ਆਦਮੀ, ਗੜ੍ਹ-ਕਿਲਾ, ਘਟੁ-ਹਿਰਦਾ, ਮਨ, ਥੀਆ-ਵਾਪਰਿਆ, ਕੁੰਨੇ-ਮਿੱਟੀ ਦੀ ਤੌੜੀ (ਭਾਂਡਾ), ਸੂਫੁ-ਕਾਲੀ ਉੱਨ, ਰਤੀ-ਥੋੜੀ ਜਿੰਨੀ ਕੁ, ਰਤੁ-ਲਹੂ, ਰਤੇ-ਰੰਗੇ ਹੋਏ, ਸਰਵਰੁ-ਸੋਹਣਾ ਤਲਾਬ, ਸਰੋਵਰ, ਵਥ-ਦੀਨ, ਨੰਢੀ-ਜਵਾਨ ਔਰਤ, ਮੁਟਿਆਰ, ਮੁਈਆਸੁ-ਉਹ ਮਰ ਗਈ, ਨਾ ਮਿਲੀਆਸੁ-ਉਹ ਨਾ ਮਿਲੀ, ਰਲੀਆਂ-ਮੌਜਾਂ, ਧੁਕਣੁ-ਦੌੜਨਾ, ਵਿਲਾੜਿ-ਛਾਲਾਂ ਮਾਰ ਕੇ, ਛੇਤੀ-ਛੇਤੀ, ਮੰਡਪ-ਮਹਿਲ, ਥੀਵਹੀ-ਹੋਵੇਂ, ਭਰਾਂਦਿ-ਭਰਮ, ਚਾਕਰੀ-ਨੌਕਰੀ, ਜੀਰਾਂਦਿ-ਧੀਰਜ, ਸਬਰ, ਤਤੀ-ਗਰਮ ਹੋਈ, ਮਾਮਲੇ-ਕਜ਼ੀਏ, ਜੰਜਾਲ, ਹੰਝ-ਹੰਸ, ਕ੍ਰੋਧੈ-ਕੋਧਰੇ ਦਾ ਖੇਤ, ਵਿਡਾਰਣਿ-ਉਡਾਣ ਲਈ, ਗਹਲਾ-ਕਮਲਾ, ਮੂਰਖ, ਤਲ-ਤਲਾਬ, ਥਕੇ-ਕੁਮਲਾ ਗਏ, ਇਕਲ-ਪਿੱਛੇ ਇਕੱਲਾ ਰਹਿ ਗਿਆ, ਭੁਇ-ਧਰਤੀ, ਸਵੰਨਵੀ-ਸੋਹਣੇ ਰੰਗ ਵਾਲੀ, ਨਾਗਰ-ਸੁੰਦਰ, ਰੀਤਿ-ਤਰੀਕਾ, ਬੇਨਿਵਾਜਾ-ਜੋ ਨਿਮਾਜ਼ ਨਹੀਂ ਪੜਦਾ, ਉਜੂ-ਵਜੂ ਕਰਨਾ, ਕੀਜੈ ਕਾਇ-ਕੀ ਕਰੀਏ, ਕੁੰਨਾ-ਤੌੜੀ, ਪਤੀਣੋਹਿ-ਯਕੀਨ ਆਇਆ, ਭਾਹਿ-ਅੱਗ, ਆਵਸੀ-ਆਵੇਗੀ, ਨਾਲਾ-ਨਾੜ੍ਹਆ, ਕਪਹਿ-ਕੱਟ ਦੇਣਾ, ਚੁਖ-ਜਰਾ ਕੁ, ਚਬਣ-ਦੰਦ, ਚਲਣ-ਲੱਤਾ, ਸੁਣੀਅਰ-ਕੰਨ, ਧਾਹ ਮੁਤੀ-ਢਾਹ ਮਾਰੀ, ਸੇ ਜਾਨੀ- ਉਹ ਮਿੱਤਰ, ਪਲੈ ਪਾਈ-ਪੱਲੇ ਪਈ ਰਹਿੰਦੀ ਹੈ, ਪੰਖ-ਪੰਛੀਆਂ ਦੀ ਡਾਰ,ਨਉਬਤਿ-ਨੌਬਤ, ਸਾਜੁ-ਸਮਾਨ, ਭਾਉ-ਹਿੱਸਾ, ਕੁਆਉ-ਕਿੱਥੋ, ਕਿਵੇਂ, ਸਬਾਇਐ-ਸਾਰੇ, ਕੰਧੀ-ਦਰਿਆ ਦਾ ਕਿਨਾਰਾ, ਤਿਦਾਊ-ਉਸੇ ਪਾਸੇ, ਰਾਉ ਕਰੇ-ਰਸਤਾ ਬਣਾਉਂਦਾ ਹੈ, ਡੁਖਾ ਸੇਤੀ-ਦੁੱਖ ਵਿਚ, ਪਾਤਣੀ-ਮਲਾਹ, ਕਪਰ-ਲਹਿਰਾਂ, ਵਾਤਿ-ਮੂੰਹ ਵਿਚ, ਕੇਰੈ ਹੇਤਿ-ਢਾਹੁਣ ਵਾਸਤੇ, ਚੇਤਿ-ਚੇਤੇ ਵਿਚ, ਨਾ ਲਹਾਂ-ਮੈਨੂੰ ਨਹੀਂ ਲੱਭਦਾ, ਮਾਲੀਹਪ-ਸੁੱਕੇ ਗੋਹੇ ਦਾ ਚੂਰਾ, ਤਿੰਨਾ-ਉਨ੍ਹਾਂ, ਕਿਤੀ-ਕਿਤਨੀ ਹੀ, ਵੰਞੈ-ਗੁਜ਼ਰਦਾ ਹੈ, ਥੀਆ-ਹੋ ਗਿਆ ਹੈ, ਖੂੰਡਹਿ-ਠੂੰਗ ਰਹੇ ਹਨ, ਨਾ ਬਾਹੁੜਿਓ-ਤਰਸ ਨਹੀਂ ਕੀਤਾ, ਕਾਗਾਂ-ਕਾਂ, ਸਗਲਾ-ਸਾਰਾ, ਸਡੁ-ਅਵਾਜ ਦੇਣੀ, ਸਰਪਰ-ਜਰੂਰ, ਕੇਤੀ-ਕਿਤਨੀ ਹੀ, ਨਿਸਖਣ-ਬਿਲਕੁਲ ਖਾਲੀ, ਸੁੰਨਾ, ਬਹਿਸਨਿ-ਬੈਠਣਗੀਆਂ, ਢਾਹਾ-ਕਿਨਾਰਾ, ਕੰਢਾ, ਹੂਲ-ਰੌਲਾ, ਕਾਹਾਰਾ-ਹਾਹਾਕਾਰ, ਓਗਾਹਾ-ਗਵਾਹ, ਦੇਹੁਰੀ-ਪਲਿਆ ਹੋਇਆ ਸਰੀਰ, ਵਤਿ-ਮੁੜ-ਮੁੜ ਕੇ, ਅਲ-ਦਾ, ਹਉ-ਮੈ, ਬਲਿਹਾਰੀ-ਸਦਕੇ, ਕੁਰਬਾਨ, ਫਿਰੀ-ਬਦਲਣਾ, ਕਿਥਾਊ-ਕਿਤੇ ਵੀ, ਧਜ-ਲੀਰਾਂ, ਪਟੋਲਾ-ਔਰਤਾਂ ਦੇ ਸਿਰ ਉੱਪਰ ਲੈਣ ਵਾਲਾ ਪੱਟ(ਰੇਸ਼ਮ) ਦਾ ਕੱਪੜਾ, ਪਹਿਰੇਇ-ਪਹਿਨਦੀ ਹੈ, ਰਾਸਿ-ਚੰਗੀ ਸਫ, ਜਾਗਿਓਹ-ਤੂੰ ਨਾ ਜਾਗਿਆ, ਮੁਇਓਹ-ਤੂੰ ਮਰਿਆ, ਫੁਲੜਾ-ਸੁਹਣਾ ਫੁੱਲ, ਸੰਦੀਆ-ਦੀਆਂ, ਲਹਨਿ-ਪ੍ਰਾਪਤ ਕਰਦੇ ਹਨ, ਕੂ-ਨੂੰ, ਕਾਈ-ਕੋਈ, ਕੋਰ-ਕਸਰ, ਘਾਟਾ, ਮੰਝਿ-ਮਨ, ਨੀਹਣੋ-ਚਿੱਲਾ, ਨਜੀਕਿ-ਨਜ਼ਦੀਕ, ਹੋਨਿ-ਹੰਦੇ ਹਨ, ਸੁਆਉ-ਸਵਾਰਥ, ਥੀਵਹਿ-ਹੋ ਜਾਵੇਗਾ, ਵਾਹੜਾ-ਨਿੱਕਾ ਜਿਹਾ ਵਹਿਣ,ਜੁਲਾਂ-ਮੈਂ ਤੁਰਾਂ,

ਨ ਭੇੜੀ-ਨਾ ਛੂਹਦੀ, ਹੇਕੜੋ-ਇਕੱਲਾ, ਮਣੀਆ-ਸ਼ਿਰੋਮਣੀ,ਖਵਣੁ-ਸਹਾਰਨਾ, ਜਿਹਬਾ-ਮਿੱਠੀ ਜੀਭ, ਤਾਣ-ਤਾਕਤ, ਸਦਾਏ-ਅਖਵਾਏ, ਗਾਲਾਇ-ਬੋਲ, ਧਣੀ-ਮਾਲਕ, ਪਤੀ, ਹਿਆਉ-ਹਿਰਦਾ, ਠਾਹੁਣੁ-ਢਾਹਣਾ, ਮਚਾਂਗਵਾ-ਚੰਗਾ ਨਹੀਂ, ਸੇਈ-ਉਹ ਬੰਦੇ, ਧੰਨੁ-ਭਾਗਾਂ ਵਾਲੀ, ਟਾਕਿਮ-ਕਾਬੂ ਵਿਚ, ਕੂੰਜੜੀਆਂ-ਇੰਦਰੀਆਂ, ਨਾ ਵਞਾਈਐ-ਖੁਆਰ ਨਹੀਂ ਕਰਨਾ ਚਾਹੀਦਾ, ਜੋਲੀਐ-ਤੁਰਨਾ ਚਾਹੀਦਾ ਹੈ, ਕਲਵਤਿ-ਆਰਾ, ਡਉ-ਜੰਗਲ ਦੀ ਅੱਗ, ਬਾਹੜੀਆਂ-ਸੁਹਣੀਆਂ ਬਾਹਾਂ, ਹਿਕੁ ਖਿਨੋ-ਇਕ ਪਲ, ਖੇਵਟ-ਮਲਾਹ, ਤਪਿ ਤਪਿ-ਖਪ-ਖਪ ਕੇ, ਲਊਹਿ-ਲੁਹਿ-ਲੁੱਛ-ਲੁਛ ਕੇ, ਬਾਵਲਿ-ਕਮਲੀ, ਸਹਿ-ਪਤੀ, ਵਿਧਣ-ਭਿਆਨਕ, ਮੁੰਧ-ਇਸਤਰੀ, ਖੰਨਿਅਹਿ-ਖੰਡੇ ਨਾਲੋਂ, ਦੁਹੇਲਾ-ਔਖਾ, ਪਤਲੀ-ਹੰਕਾਰੀ, ਅਲਾਏਸੀ-ਬੁਲਾਵੇਗਾ, ਡੁੰਮਣਾ-ਦੁਚਿੱਤਾ।

## 7.6 Self-Assesment Questions (SAQ)

1. ਬਾਬਾ ਫ਼ਰੀਦ ਜੀ ਦਾ ਪੂਰਾ ਨਾਂ ਕੀ ਹੈ ?
2. ਬਾਬਾ ਫ਼ਰੀਦ ਜੀ ਦੇ ਪਿਤਾ ਜੀ ਦਾ ਕੀ ਨਾਂ ਹੈ ?
3. ਬਾਬਾ ਫ਼ਰੀਦ ਜੀ ਦੇ ਮੁਰਸ਼ਦ ਦਾ ਕੀ ਨਾਂ ਹੈ ?
4. ਗੁਰੂ ਸਾਹਿਬਾਨ ਨੇ ਬਾਬਾ ਫ਼ਰੀਦ ਦੀ ਬਾਣੀ ਦੀ ਵਿਆਖਿਆ ਕਰਨ ਜਾਂ ਟਿੱਪਣੀ ਕਰਨ ਲਈ ਕਿੰਨੇ ਸਲੋਕ ਦਰਜ਼ ਕੀਤੇ ?
5. ਬਾਬਾ ਫ਼ਰੀਦ ਜੀ ਦੀ ਬਾਣੀ ਵਿੱਚ ਵਰਤੀ ਗਈ ਭਾਸ਼ਾ ਕਿਹੜੇ ਗੁਣਾਂ ਨਾਲ ਭਰਪੂਰ ਹੈ ?

## 7.7 Referenses


1. ਅੰਮ੍ਰਿਤ ਲਾਲ ਪਾਲ, ਬਾਬਾ ਫ਼ਰੀਦ: ਜੀਵਨ ਤੇ ਰਚਨਾ, ਆਰ. ਐਸ. ਪਬਲੀਸ਼ਰਜ਼, ਪਟਿਆਲਾ 1999।
2. ਗੁਰਦੇਵ ਸਿੰਘ, ਪੰਜਾਬੀ ਸੂਫ਼ੀ ਸਾਹਿਤ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿਲੀ,2005
3. ਘੁੰਮਣ, ਬਿਕਰਮ ਸਿੰਘ(ਸੰਪਾਦਕ), ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ 2009
4. ਕੋਹਲੀ, ਸੁਰਿੰਦਰ ਸਿੰਘ(ਸੰਪਾ), ਬਾਬਾ ਫ਼ਰੀਦ: ਜੀਵਨ ਸਮਾਂ ਤੇ ਰਚਨਾ, ਪੰਜਾਬ ਯੂਨੀਵਰਸਿਟੀ, ਚੰਡੀਗੜ 1988
5. ਗੁਰਮੁੱਖ ਸਿੰਘ(ਡਾ.) ਸ਼ੇਖ ਫ਼ਰੀਦ:ਬਹੁਪੱਖੀ ਅਧਿਐਨ, ਭਾਸ਼ਾ ਵਿਭਾਗ, ਪਟਿਆਲਾ, 1997

ਨੋਟ : ਪ੍ਰੀਖਿਆ ਵਿਚ ਵਿਦਿਆਰਥੀਆਂ ਨੂੰ ਪੁਛੇ ਜਾਣ ਵਾਲੇ ਸੰਭਾਵਿਤ ਪ੍ਰਸ਼ਨਾਂ ਦਾ ਨਮੂਨਾ।

**ਵੱਡੇ ਉੱਤਰਾਂ ਵਾਲੇ ਪ੍ਰਸ਼ਨ।**

1. ਬਾਬਾ ਫ਼ਰੀਦ ਜੀ ਦੀ ਬਾਣੀ ਦੇ ਅਧਿਆਤਮਕ ਪੱਖ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ।
2. ਬਾਬਾ ਫ਼ਰੀਦ ਜੀ ਦੀ ਬਾਣੀ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਜਾਂ ਕਲਾ ਪੱਖ ਸੰਬੰਧੀ ਉਦਾਹਰਨਾਂ ਸਹਿਤ ਜਾਣਕਾਰੀ ਦਿਉ।
3. ਬਾਬਾ ਫ਼ਰੀਦ ਜੀ ਦਾ ਪੰਜਾਬੀ ਸਾਹਿਤ ਵਿਚ ਸਥਾਨ ਨਿਸ਼ਚਿਤ ਕਰੋ।

**ਦਰਮਿਆਨੇ ਉੱਤਰਾਂ ਵਾਲੇ ਪ੍ਰਸ਼ਨ।**

1. ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਕਿਸ ਪ੍ਰਕਾਰ ਦੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਵਰਣਨ ਮਿਲਦਾ ਹੈ, ਸੰਖੇਪ ਵਿਚ ਚਰਚਾ ਕਰੋ।
2. ਬਾਬਾ ਫ਼ਰੀਦ ਜੀ ਦੇ ਕਿਸੇ ਇਕ ਸ਼ਲੋਕ ਜਾਂ ਸ਼ਬਦ ਦੀ ਵਿਆਖਿਆ ਕਰੋ।
3. ਬਾਬਾ ਫ਼ਰੀਦ ਜੀ ਦੀ ਬਾਣੀ ਵਿਚ ਪਰਮਾਤਮਾ ਦਾ ਕਿਹੜਾ ਸੰਕਲਪ ਉਜਾਗਰ ਹੁੰਦਾ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

1. ਬਾਬਾ ਫ਼ਰੀਦ ਜੀ ਦਾ ਜਨਮ ਕਦੋਂ ਅਤੇ ਕਿਥੇ ਹੋਇਆ ?
2. ਬਾਬਾ ਫ਼ਰੀਦ ਜੀ ਨੇ ਕਿੰਨੇ ਸ਼ਬਦਾਂ ਦੀ ਸਿਰਜਣਾ ਕੀਤੀ ਹੈ ?
3. ਬਾਬਾ ਫ਼ਰੀਦ ਜੀ ਦੇ ਸ਼ਲੋਕਾਂ ਨਾਲ ਕਿਹੜੇ ਗੁਰੂ ਸਾਹਿਬਾਨ ਦੇ ਸਲੋਕ ਦਰਜ ਹਨ ?
4. ਬਾਬਾ ਫ਼ਰੀਦ ਜੀ ਕਿਸ ਸੂਫ਼ੀ ਸਿਲਸਿਲੇ ਨਾਲ ਸੰਬੰਧਤ ਸਨ ?
5. ਬਾਬਾ ਫ਼ਰੀਦ ਜੀ ਦਾ ਪੂਰਾ ਨਾਂ ਕੀ ਹੈ ?
6. ਬਾਬਾ ਫ਼ਰੀਦ ਜੀ ਦੀ ਮਾਂ ਦਾ ਨਾਂ ਕੀ ਸੀ ?
7. ਬਾਬਾ ਫ਼ਰੀਦ ਜੀ ਦੇ ਜੀਵਨ-ਕਾਲ ਸਮੇਂ ਦਿੱਲੀ ਦਾ ਬਾਦਸ਼ਾਹ ਕੌਣ ਸੀ ?

# (ਕਿੱਸਾ)

## ('ਹੀਰ' ਵਾਰਿਸ ਦਾ ਵਿਚਾਰਧਾਰਾਈ ਅਧਿਐਨ):

Structure of The lesson

8.1 ਉਦੇਸ਼ (Objective of the Lesson)

8.2 ਭੂਮਿਕਾ (Introduction)

8.3 'ਹੀਰ' ਵਾਰਿਸ ਦਾ ਵਿਚਾਰਧਾਰਾਈ ਅਧਿਐਨ

8.3.1 ਅਧਿਆਤਮਕ ਵਿਚਾਰਧਾਰਾ

8.3.2 ਵਾਰਿਸ ਦੀ ਸਮਾਜਿਕ ਵਿਚਾਰਧਾਰਾ

8.3.3 ਰਾਜਸੀ ਸਥਿਤੀ ਬਾਰੇ ਵਾਰਿਸ ਸ਼ਾਹ ਦਾ ਵਿਚਾਰ

8.4 ਨਿਸ਼ਕਰਸ਼ (Conclusion)

8.5 ਔਖੇ ਸ਼ਬਦਾਂ ਦੇ ਅਰਥ (Key Words)

8.6 Self Assessment Questions (SAQ)

### 8.1 ਪਾਠ ਦਾ ਉਦੇਸ਼ (Objective of The Lesson)

ਇਸ ਪਾਠ ਰਾਹੀਂ ਪਾਠਕਾਂ ਜਾਂ ਵਿਦਿਆਰਥੀਆਂ ਨੂੰ ਵਾਰਿਸ ਸ਼ਾਹ ਬਾਰੇ ਸੰਖੇਪ ਜਾਣਕਾਰੀ ਦੇਣ ਦਾ ਯਤਨ ਕੀਤਾ ਜਾਵੇਗਾ।ਹਰ ਸਾਹਿਤਕ ਰਚਨਾ ਵਿਚ ਉਸ ਦੇ ਸਿਰਜਕ ਦੀ ਸ਼ਖਸ਼ਿਅਤ ਅਤੇ ਵਿਚਾਰਧਾਰਾ ਦਾ ਅਕਸ ਹੁੰਦਾ ਹੈ। ਇਸ ਨੁਕਤੇ ਤੋਂ ਅਸੀਂ ਇਸ ਪਾਠ ਵਿਚ 'ਹੀਰ' ਦੇ ਕਿੱਸੇ ਦਾ ਵਿਚਾਰਧਾਰਾਈ ਅਧਿਐਨ ਪੇਸ਼ ਕਰਦੇ ਹੋਏ ਇਹ ਸਮਝਣ ਦਾ ਯਤਨ ਕਰਾਂਗੇ ਕਿ ਵਾਰਿਸ ਕਿਨਾਂ ਵਿਚਾਰਾਂ ਤੋਂ ਪ੍ਰਭਾਵਿਤ ਸੀ।

## 8.2 ਭੂਮਿਕਾ (introduction About Lesson)

ਹਰੇਕ ਸਾਹਿਤਕ ਸਿਰਜਣਾ ਕਿਸੇ ਖ਼ਾਸ ਵਿਚਾਰਧਾਰਾ ਦੀ ਪ੍ਰਤੀਨਿਧਤਾ ਕਰਦੀ ਹੈ। ਹਰ ਸਾਹਿਤਕਾਰ ਆਪਣੀ ਜ਼ਿੰਦਗੀ ਵਿਚ ਕੁੱਝ ਅਜਿਹੇ ਅਨੁਭਵਾਂ ਅਤੇ ਵਿਚਾਰਾਂ ਤੋਂ ਪ੍ਰਭਾਵਿਤ ਹੁੰਦਾ ਹੈ ਜਿਨਾਂ ਬਾਰੇ ਭਰਪੂਰ ਜਾਣਕਾਰੀ ਉਸ ਸਾਹਿਤਕਾਰ ਦੀਆਂ ਰਚਨਾਵਾਂ ਵਿਚੋਂ ਮਿਲ ਜਾਂਦੀ ਹੈ। ਵਾਰਿਸ ਸ਼ਾਹ ਆਪਣੇ ਸਮੇਂ ਦਾ ਇਕ ਮਹਾਨ ਸ਼ਾਇਰ ਸੀ। ਉਸ ਦੀ ਸ਼ਾਇਰੀ ਦੀ ਮਹਾਨਤਾ ਦਾ ਕਾਰਨ ਅਨੁਭਵ ਦੀ ਪੱਧਰ 'ਤੇ ਪ੍ਰਾਪਤ ਕੀਤੇ ਉਹ ਵਿਚਾਰ ਹਨ ਜਿੰਨ੍ਹਾਂ ਨੂੰ ਵਾਰਿਸ ਆਪਣੇ ਕਿੱਸੇ 'ਹੀਰ' ਵਿਚ ਪ੍ਰਗਟ ਕਰਦਾ ਹੈ।ਵਾਰਿਸ ਨੇ ਆਪਣੀ ਹਯਾਤੀ ਵਿਚ ਸੂਫ਼ੀਆਂ ਦੀ ਸੰਗਤ ਵੀ ਕੀਤੀ, ਇਸ਼ਕ ਵੀ ਮਾਣਿਆ ਤੇ ਆਪਣੇ ਸਮੇਂ ਦੇ ਸਮਾਜ ਦੀ ਨਿੱਤ ਬਦਲਦੀ ਤਸਵੀਰ ਨੂੰ ਵੀ ਨੇੜਿਉਂ ਮਹਿਸੂਸ ਕੀਤਾ। ਇਨ੍ਹਾਂ ਜੀਵਨ ਅਨੁਭਵਾਂ ਸਦਕਾ ਵਾਰਿਸ ਇਸ ਯੋਗ ਹੋਇਆ ਜਿਸਨੇ ਇਕ ਮਹਾਨ ਰਚਨਾ ਰਚੀ ਅਤੇ ਸਦਾ ਲਈ ਦੁਨੀਆ 'ਤੇ ਅਮਰ ਹੋ ਗਿਆ।'ਹੀਰ' ਵਿਚ ਵਾਰਿਸ ਦੀ ਵਿਚਾਰਧਾਰਾ ਹੇਠ ਲਿੱਖੇ ਅਨੁਸਾਰ ਕੁਝ ਇਸ ਤਰ੍ਹਾਂ ਨਾਲ ਦ੍ਰਿਸ਼ਟੀਗੋਚਰ ਹੁੰਦੀ ਹੈ।

## 8.3 'ਹੀਰ' ਵਾਰਿਸ ਦਾ ਵਿਚਾਰਧਾਰਾਈ ਅਧਿਐਨ

**ਵਾਰਿਸ ਸ਼ਾਹ (1725-1784) :** ਵਾਰਿਸ ਸ਼ਾਹ ਨਾ ਕੇਵਲ ਕਿੱਸਾ-ਕਾਵਿ ਧਾਰਾ ਦਾ ਪ੍ਰਮੁੱਖ ਕਵੀ ਹੈ ਸਗੋਂ ਸਾਰਿਆਂ ਸਮਿਆਂ ਦੇ ਸਾਰੇ ਪੰਜਾਬੀ ਕਵੀਆਂ ਵਿੱਚੋਂ ਸਿਰਮੌਰ ਗਿਣਿਆ ਜਾਂਦਾ ਹੈ। ਵਾਰਿਸ ਦੇ ਨਾਂ ਜਿੰਨੀ ਹੀ ਉਸ ਦੀ ਰਚਨਾ ''ਹੀਰ'' ਪ੍ਰਸਿੱਧ ਹੈ । 'ਹੀਰ' 'ਰਾਂਝੇ' ਦੀ ਪ੍ਰੇਮ ਕਹਾਣੀ ਨੂੰ ਕਾਵਿ ਬੱਧ ਕਰਨ ਵਾਲਾ ਵਾਰਿਸ ਸ਼ਾਹ ਪਹਿਲਾ ਕਵੀ ਨਹੀਂ ਸੀ। ਉਸ ਤੋਂ ਪਹਿਲਾਂ ਦਮੋਦਰ, ਮੁਕਬਲ, ਅਹਿਮਦ ਗੁੱਜਰ ਵਰਗੇ ਸ਼ਾਇਰ ਇਹ ਕਿੱਸਾ ਲਿਖ ਚੁੱਕੇ ਸਨ ਪਰ ਪ੍ਰਮਾਣਿਕਤਾ ਤੇ ਲੋਕ-ਪ੍ਰਿਅਤਾ ਇਸ ਕਥਾ ਨੂੰ ਵਾਰਿਸ ਸ਼ਾਹ ਦੁਆਰਾ ਹੀ ਮਿਲੀ। ਵਾਰਿਸ ਦੀ ਲਿਖੀ 'ਹੀਰ' ਦੀ ਪ੍ਰਸਿੱਧੀ ਇਸ ਹੱਦ ਤਕ ਚਲੀ ਗਈ ਕਿ ਉਸ ਤੋਂ ਪਿੱਛੋਂ ਆਉਣ ਵਾਲਾ ਹਰ ਸ਼ਾਇਰ ਆਪਣੇ ਅੱਗੇ ਇਹ ਟੀਚਾ ਰੱਖ ਲੈਂਦਾ ਸੀ ਕਿ ਉਸ 'ਹੀਰ' 'ਰਾਂਝੇ' ਦਾ ਕਿੱਸਾ ਜ਼ਰੂਰ ਲਿਖਣਾ ਹੈ। ਇਸ ਪ੍ਰਸਿੱਧੀ ਦਾ ਹੀ ਇੱਕ ਦੂਜਾ ਤੇ ਮਹੱਤਵਪੂਰਨ ਪੱਖ ਇਹ ਹੈ ਕਿ ਪਿਛਲੀ ਸਦੀ ਵਿੱਚ ਜਦੋਂ ਪੰਜਾਬੀ ਵਿੱਚ ਛਾਪਾਖ਼ਾਨਾ ਸ਼ੁਰੂ ਹੋਇਆ ਤਾਂ ਸਭ ਤੋਂ ਵੱਧ ਛਪਣ ਤੇ ਵਿਕਣ ਵਾਲੀ ਪੁਸਤਕ ਵਾਰਿਸ ਦੀ 'ਹੀਰ' ਹੀ ਸੀ। ਵੱਖ-ਵੱਖ ਪ੍ਰਕਾਸ਼ਕਾਂ ਨੇ ਆਪਣੀ ਛਾਪੀ 'ਹੀਰ' ਨੂੰ ਬਾਕੀਆਂ ਦੇ ਟਾਕਰੇ ਜ਼ਿਆਦਾ ਮਕਬੂਲ ਬਣਾਉਣ ਦੇ ਇਰਾਦੇ ਨਾਲ ਹੀ ਇਸ ਵਿੱਚ ਰਲਾ ਪਾਉਣ ਦੀ ਜੁਗਤ ਅਪਣਾਈ ਅਤੇ ਸਿੱਟੇ ਵਜੋਂ 'ਅਸਲੀ ਤੇ ਵੱਡੀ 'ਹੀਰ'' ਦਾ ਪ੍ਰਚਲਨ ਹੋਇਆ। ਇਹ 'ਅਸਲੀ ਤੇ ਵੱਡੀ 'ਹੀਰ'' ਸੱਚਮੁੱਚ ਹੀ ਵਾਰਿਸ ਦੀ ਰਚਨਾ ਯਾਨੀ ਅਸਲ ''ਹੀਰ' ਵਾਰਿਸ' ਤੋਂ ਏਨੀ ਵੱਡੀ ਹੋ ਗਈ ਕਿ ਇਸ ਦਾ ਆਕਾਰ ਅਸਲ ਨਾਲੋਂ ਤਿੰਨ ਗੁਣਾਂ ਹੋ ਗਿਆ। ਪ੍ਰਮਾਣਿਕ ''ਹੀਰ' ਵਾਰਿਸ' ਵਿੱਚ ਵਿਦਵਾਨਾਂ ਨੇ 611 ਬੈਂਤਾਂ ਦੀ ਗਿਣਤੀ ਦੀ ਪੁਸ਼ਟੀ ਕੀਤੀ ਹੈ। ਪਿਆਰਾ ਸਿੰਘ ਪਦਮ ਵੱਲੋਂ ਸੰਪਾਦਤ ਇਸ ਕਿੱਸੇ ਵਿੱਚ ਕੁੱਲ 624 ਬੈਂਤ ਹਨ।ਵਿਚਾਰਧਾਰਕ ਪੱਖ ਤੋਂ 'ਹੀਰ' ਵਾਰਿਸ ਦਾ ਅਧਿਐਨ ਕਰਨ ਉਪਰੰਤ ਕੁੱਝ ਮਹੱਤਵਪੂਰਣ ਨੁਕਤੇ ਸਾਡੇ ਸਾਹਮਣੇ ਆਉਂਦੇ ਹਨ ਜੋ ਹੇਠ ਲਿੱਖੇ ਅਨੁਸਾਰ ਇਸ ਪ੍ਰਕਾਰ ਹਨ;

### 8.3.1 ਅਧਿਆਤਮਕ ਵਿਚਾਰਧਾਰਾ

**ਇਸਲਾਮ ਦਾ ਅਨੁਆਈ**

ਧਾਰਮਿਕ ਤੌਰ 'ਤੇ ਵਾਰਿਸ ਸ਼ਾਹ ਇਕ ਸੱਚਾ ਤੇ ਸੁੱਚਾ ਮੁਸਲਮਾਨ ਸੀ। ਕਿੱਸੇ ਦੇ ਆਰੰਭ ਵਿਚ ਉਹ ਸਭ ਤੋਂ ਪਹਿਲੇ ਮਹਾਨ ਪ੍ਰਭੂ ਦੀ ਉਸਤਤ ਪੇਸ਼ ਕਰਦਾ ਹੈ ਤੇ ਫੇਰ ਰੱਬ ਦੇ ਰਸੂਲ ਦੀ, ਜਿਸ ਦੀ ਵਡਿਆਈ ਵਿਚ ਉਸ ਦੀ ਪੱਕੀ ਆਸਥਾ ਸੀ। ਉਹ ਲਿਖਦਾ ਹੈ:

**ਸਰਵਰ ਹੋਇਕੇ ਔਲੀਆ ਅੰਬੀਆ ਦਾ**
**ਅਗੇ ਹੱਕ ਦੇ ਆਪ ਨੂੰ ਖ਼ਾਕ ਕੀਤਾ।**

ਇਸ ਤੋਂ ਬਾਅਦ ਉਹ ਚਾਰ ਯਾਰਾਂ ਦਾ ਜ਼ਿਕਰ ਕਰਦਾ ਹੈ ਜੋ ਇਕ ਤੋਂ ਇਕ ਚੜ੍ਹੰਦੜੇ ਮਨ ਤੇ ਇਹ ਹਨ।

1· ਹਜ਼ਰਤ ਅਬੂ ਬਕਰ ਸਿਦੀਕ

2· ਹਜ਼ਰਤ ਉਮਰ

3· ਹਜ਼ਰਤ ਉਸਮਾਨ

4· ਹਜ਼ਰਤ ਅਲੀ

ਚਾਰੇ ਯਾਰਾਂ ਦੀ ਵਡਿਆਈ ਕਰਦਾ ਕਵੀ ਕਹਿੰਦਾ ਹੈ:

**ਸ਼ੌਕ ਛਡ ਕੇ ਜਿਨ੍ਹਾਂ ਨੇ ਜ਼ੁਹਦ ਕੀਤਾ**
**ਵਾਹ ਵਾਹ ਉਹ ਰੱਬ ਦੇ ਬੰਦੜੇ ਨੇ।**

ਇਸ ਤੋਂ ਬਾਅਦ ਉਹ ਪੀਰ ਦੀ ਤਾਰੀਫ਼ ਕਰਦਾ ਹੈ ਤੇ ਫੇਰ ਚਿਸ਼ਤੀ ਘਰਾਣੇ ਦਾ ਗੁਣ ਗਾਇਨ ਕਰਦਾ ਹੈ।

ਇਸ ਵੇਲੇ ਮੁਸਲਿਮ ਸਮਾਜ ਅੱਗੇ ਕਈ ਛੋਟੇ ਛੋਟੇ ਫਿਰਕਿਆਂ ਵਿਚ ਵੰਡਿਆ ਗਿਆ ਸੀ ਪਰ ਵਾਰਿਸ ਨੇ ਇਨ੍ਹਾਂ ਵਿਚੋਂ ਕਿਸੇ ਇਕ ਵਲ ਖ਼ਾਸ ਝੁਕਾਉ ਨਾ ਵਿਖਾਇਆ। ਹਾਂ, ਕੋਈ ਉਸ ਨੂੰ ਹਨਫ਼ੀ ਲਿਖਦਾ ਹੈ ਤੇ ਕੋਈ ਤਫ਼ਸੀਲੀ ਸਹੀ ਅਰਥਾਂ ਵਿਚ ਧਾਰਮਿਕ ਵਿਚਾਰਾਂ ਵਾਲਾ ਹੋਣ ਕਰਕੇ ਵਾਰਿਸ ਦਾ ਨਿਸ਼ਚਾ ਸੀ ਕਿ ਸ਼ੁਭ ਅਮਲਾਂ ਬਿਨਾਂ ਛੁਟਕਾਰਾ ਨਹੀਂ:

**ਵਾਰਿਸ ਸ਼ਾਹ ਤੋਂ ਅਮਲ ਹੀ ਪੁਛਣਗੇ**
**ਵਕਤ ਆਵਸੀ ਅਮਲ ਤੋਲਾਵਣੇ ਦਾ**

**ਇਸਲਾਮਿਕ ਰਹਿਸਵਾਦ(ਸੂਫ਼ੀ/ਤਸਵਫ਼)**

ਨੇਕ ਕਮਾਈ, ਜ਼ੁਹਦ, ਬੰਦਗੀ ਤੇ ਅਲ੍ਹਾ ਤਾਅਲਾ ਅਥਵਾ ਰਸੂਲ ਅਲ੍ਹਾ 'ਤੇ ਪੱਕੇ ਨਿਸਚੇ

ਨਾਲ ਹੀ ਮਨੁੱਖ ਦੇ ਦੁੱਖਾਂ ਦੀ ਨਿਵਰਤੀ ਹੋ ਸਕਦੀ ਹੈ। ਐਸਾ ਵਾਰਿਸ ਦਾ ਵਿਸ਼ਵਾਸ ਸੀ। ਇਸਲਾਮ ਦੇ ਅੰਦਰ ਸੱਚ ਦੀ ਭਾਲ ਲਈ ਜੋ ਵਿਚਾਰਧਾਰਾ ਚਲੀ ਉਸ ਨੂੰ ਤਸਵਫ਼ ਕਹਿੰਦੇ ਹਨ ਤੇ ਇਸ ਮਾਰਗ ਤੇ ਚੱਲਣ ਵਾਲੇ ਨੂੰ ਸੂਫ਼ੀ। ਸੂਫ਼ੀ ਮੱਤ ਦਾ ਨਿਕਾਸ ਤਾਂ ਹਜ਼ਰਤ ਮੁਹੰਮਦ ਸਾਹਿਬ ਦੇ ਵੇਲੇ ਹੀ ਅਰਬ ਵਿਚ ਹੋਇਆ ਸੀ ਤੇ ਪਹਿਲੇ ਦੌਰ ਦੇ ਪ੍ਰਸਿੱਧ ਸੂਫ਼ੀ ਹੋਏ ਹਨ ਰਾਬੀਆ, ਹਸਨ ਬਸਰਾ, ਆਵੇਗ ਕਰਨੀ ਆਦਿ, ਪਰ ਸੂਫ਼ੀ ਵਿਚਾਰਧਾਰਾ ਪ੍ਰਵਾਨ ਚੜ੍ਹੀ ਈਰਾਨ ਵਿਚ ਆ ਕੇ। ਇਥੇ ਤਸਵਫ਼ ਵਿਚ ਕੁਝ ਤਬਦੀਲੀ ਵੀ ਆਈ। ਈਰਾਨੀ ਸੂਫ਼ੀਆਂ ਵਿਚ ਇਸਲਾਮ ਦੇ ਚੰਗੇ ਗੁਣ ਤਾਂ ਸਾਰੇ ਕਾਇਮ ਰਹੇ ਪਰ ਉਨ੍ਹਾਂ ਵਿਚ ਸ਼ਰ੍ਹਾ-ਸ਼ਰੀਅਤ ਦੀ ਕਟੜੱਤਾ ਤੇ ਤੰਗਦਿਲੀ ਨਾ ਰਹੀ। ਇਸ ਲਈ ਜਦ ਕਦੇ ਕੋਈ ਕੱਟੜ ਬਾਦਸ਼ਾਹ ਤਖ਼ਤ 'ਤੇ ਬੈਠਦਾ ਤਾਂ ਸੂਫ਼ੀਆਂ ਲਈ ਜੀਵਨ ਦੁਭਰ ਕਰ ਦੇਂਦਾ ਸੀ। ਇਸ ਲਈ ਕਾਫ਼ੀ ਸੂਫ਼ੀ ਸਾਧਕਾਂ ਤੇ ਦਰਵੇਸ਼ਾਂ ਨੂੰ ਜਾਮਿ-ਸ਼ਹਾਦਤ ਵੀ ਪੀਣਾ ਪਿਆ ਜਿਨ੍ਹਾਂ ਵਿਚੋਂ ਸਭ ਤੋਂ ਵੱਧ ਪ੍ਰਸਿੱਧੀ ਹਸਨ ਬਿਨ ਮਨਸੂਰ ਅਲ ਹੱਲਾਜ ਨੂੰ ਮਿਲੀ ਜਿਸ ਨੂੰ 922 ਈ. ਵਿਚ ਬਗ਼ਦਾਦ ਵਿਖੇ ਸੂਲੀ 'ਤੇ ਚਾੜ੍ਹਿਆ ਗਿਆ ਸੀ।

ਸੂਫ਼ੀਆਂ ਦਾ ਵੱਡਾ ਸਿਧਾਂਤ ਹੈ 'ਹਮਾ ਉਸਤ' ਭਾਵ ਇਸ ਸੰਸਾਰ ਵਿਚ ਜੋ ਕੁਝ ਵੀ ਦਿੱਸਦਾ ਹੈ ਇਸ ਸਭ ਕੁਝ ਦਾ ਪ੍ਰਭੂ ਆਪ ਜਲਵਾਹਾਰ ਹੈ। ਪ੍ਰਭੂ ਜ਼ਰੇ ਜ਼ਰੇ ਵਿਚ ਸਮਾਇਆ ਹੈ। ਰਾਮ, ਕਣ ਕਣ ਵਿਚ ਰਮਿਆ ਹੈ। 'ਏਕੋ ਬ੍ਰਹਮਾ ਦੁਤੀਆ ਨਾਸਤੀ' ਤੇ 'ਹਮਾ ਉਸਤ' ਇਕੋ ਸਿਧਾਂਤ ਪ੍ਰਗਟ ਕਰਦੇ ਹਨ। ''ਬੁਲ੍ਹਿਆ ਇਥੇ ਸ਼ਹੁ ਤੋਂ ਬਿਨਾਂ ਕੱਖ ਨਹੀਂ, ਇਕ ਵੇਖਣ ਵਾਲੀ ਅੱਖ ਨਹੀਂ'' ਵਿਚ ਸਰਲ ਸ਼ਬਦਾਂ ਰਾਹੀਂ ਗੱਲ ਕਹਿ ਦਿੱਤੀ ਗਈ ਹੈ। ਸੂਫ਼ੀਆਂ ਦੇ ਚਾਰ ਸਿਲਸਿਲੇ ਮਸ਼ਹੂਰ ਹਨ।

ਸੂਫ਼ੀਆਂ ਦਾ ਅੰਤਿਮ ਨਿਸ਼ਾਨਾ 'ਫ਼ਨਾ ਫ਼ੀ ਅਲ੍ਹਾ' ਭਾਵ ਪ੍ਰਭੂ ਨਾਲ ਇਕ-ਮਿਕ ਹੋਣਾ ਹੈ।

**ਤੂੰ ਹੈਂ ਮੈਂ ਨਾਹੀ ਵੇ ਸਜਣਾ**
**ਤੂੰ ਹੈਂ ਮੈਂ ਨਾਹੀਂ।**

ਇਸ ਪੜਾਅ ਤੇ ਪੁੱਜਣ ਲਈ ਚਾਰ ਪੋੜੀਆਂ ਹਨ ਜਿਵੇਂ, ਸ਼ਰੀਅਤ, ਤਰੀਕਤ, ਮਾਰਫ਼ਤ ਅਤੇ ਹਕੀਕਤ।

### ਦਰਵੇਸ਼ੀ ਤੇ ਸੰਤ ਮਤ ਵਿਚ ਵਿਸ਼ਵਾਸ

ਭਾਰਤ ਵਿਚ ਸਾਧਾਂ ਸੰਤਾਂ ਦੇ ਕਈ ਮਾਰਗ ਪ੍ਰਚਲਿਤ ਹਨ। ਇਨ੍ਹਾਂ ਵਿਚ ਜੋਗੀ, ਸੰਨਿਆਸੀ, ਜਤੀ ਆਦਿ ਸ਼ਾਮਿਲ ਹੁੰਦੇ ਹਨ। ਇਹ ਲੋਕ ਸੰਸਾਰ ਤਿਆਗ ਕੇ ਸਾਧ ਬਾਣੇ ਵਿਚ ਆਉਂਦੇ ਹਨ। ਪੰਜਾਬ ਵਿਚ ਸਦੀਆਂ ਤਕ ਜੋਗੀਆਂ ਦਾ ਖਾਸ ਜ਼ੋਰ ਰਿਹਾ ਹੈ। ਗੋਰਖ ਨਾਥ ਨੇ ਜਿਸ ਤਪ ਤਿਆਗ ਦਾ ਪ੍ਰਚਾਰ ਕੀਤਾ ਸੀ ਉਹ ਥੋੜ੍ਹਾ ਚਿਰ ਹੀ ਰਿਹਾ। ਫੇਰ ਇਸ ਵਿਚ ਭੇਖ ਵਧੇਰੇ ਆ ਗਿਆ। ਹਾਲਤ ਇਥੋਂ ਤੱਕ ਪੁੱਜ ਗਈ ਕਿ ਕਈ ਲੋਕ ਘਰ ਦੀਆਂ ਜ਼ਿੰਮੇਵਾਰੀਆਂ ਤੋਂ ਘਬਰਾ ਕੇ ਘਰ ਬਾਰ ਛੱਡਦੇ ਜਾਂਦੇ। ਗੁਰੂ ਨਾਨਕ ਦੇਵ ਨੇ ਇਨ੍ਹਾਂ ਜੋਗੀਆਂ ਨਾਲ ਹੀ ਅਚਲ ਵਟਾਲੇ ਵਿਖੇ ਬਹਿਸ ਕੀਤੀ ਸੀ ਤੇ ਉਨ੍ਹਾਂ ਦੇ ਗ੍ਰਿਹਸਤ ਤਿਆਗ ਦੇਣ ਨੂੰ ਝੁਠਲਾਇਆ ਸੀ।

ਵਾਰਿਸ ਆਪ ਦਰਵੇਸ਼ਾਂ, ਪੀਰਾਂ, ਫ਼ਕੀਰਾਂ ਦਾ ਕਦਰਦਾਨ ਸੀ। ਆਪ ਵੀ ਉਹ ਸੂਫ਼ੀ ਦਰਵੇਸ਼ ਜਾਣਿਆ ਜਾਂਦਾ ਸੀ। ਭਾਵੇਂ ਵਾਰਿਸ ਨੇ ਧੀਦੋ 'ਰਾਂਝੇ' ਦੇ ਜੋਗ ਧਾਰਨ ਅਤੇ ਫ਼ਕੀਰੀ ਵਿਚ ਪੈਰ ਰੱਖਣ ਦੇ ਫੈਸਲੇ ਪਰ ਹੀ ਚੋਟ ਕਰਦਿਆਂ ਲਿਖਿਆ ਸੀ:

**ਹੋਕਾ ਫਿਰੇ ਦੇਂਦਾ ਪਿੰਡਾਂ ਵਿਚ ਸਾਰੇ,**
**ਆਉ ਕਿਸੇ ਫ਼ਕੀਰ ਜੇ ਹੋਵਣਾ ਜੇ।**
**ਮੰਗ ਖਾਵਣਾ ਕੰਮ ਨਾ ਕਾਜ ਕਰਨਾ,**
**ਨਾ ਕੁਝ ਚਾਰਨਾ ਤੇ ਨਹੀਂ ਚੋਵਣਾ ਜੇ।**

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਵਾਰਿਸ ਸ਼ਾਹ ਇਸ ਮੁਫ਼ਤ ਖੋਰੇ ਅਖੌਤੀ ਸਾਧ ਤਬਕੇ ਦੇ ਵਿਰੁੱਧ ਸੀ ਕਿਉਂਕਿ ਇਨ੍ਹਾਂ ਦਾ ਕੰਮ ਹੁਣ ਕੇਵਲ ਪੇਟ-ਪ੍ਰਸਤੀ ਤੇ ਆਰਾਮ ਹੀ ਰਹਿ ਗਿਆ ਸੀ। ਜੁਹਦ ਅਥਵਾ ਤਪ ਸਾਧਨਾ ਤੋਂ ਇਹ ਕੋਹਾਂ ਦੂਰ ਸੀ।

### ਇਸ਼ਕ ਪ੍ਰਤੀ ਵਿਚਾਰ

'ਇਕ' ਦੇ ਨਾਂ ਦਾ ਇਸ਼ਕ, ਸੰਸਾਰ ਦੁਨੀਆਂ ਵਿਚ ਵੀ ਉਸੇ ਤਰ੍ਹਾਂ ਜ਼ਰੂਰੀ ਹੈ ਜਿਵੇਂ ਅਧਿਆਤਮਕ ਦੁਨੀਆਂ ਵਿਚ। ਸਵਾਲ ਕੇਵਲ ਇਤਨਾ ਹੈ ਕਿ ਇਹ ਇਸ਼ਕ ਦੀ ਤਾਂਘ ਤਾਜ਼ੀ ਹੋਣੀ ਚਾਹੀਦੀ ਹੈ।

**ਜਿਥੇ ਧੀਦੋ ਦੇ ਇਸ਼ਕ ਮਕਾਮ ਕੀਤਾ,**
**ਉਥੇ ਖੇੜਿਆਂ ਦੀ ਕਾਈ ਜਾਤ ਨਾਹੀਂ।**

ਇਕ ਸੂਫ਼ੀ ਹੋਣ ਤੇ ਨਾਤੇ ਵਾਰਿਸ ਸ਼ਾਹ ਤੇ 'ਰਾਂਝੇ' ਦੇ ਪਿਆਰ ਨੂੰ ਜਾਇਜ਼ ਤੇ ਪਵਿੱਤਰ ਮੰਨਦਾ ਹੈ। ਇਹ ਰੂਹਾਂ ਦਾ ਸੌਦਾ ਹੈ। ਇਸ ਵਿਚ ਨੀਚ ਊਚ, ਅਮੀਰ ਗਰੀਬ, ਜਾਤ ਪਾਤ ਆਦਿ ਲਈ ਕੋਈ ਥਾਂ ਨਹੀਂ। 'ਹੀਰ' 'ਰਾਂਝੇ' ਦੀ ਸੀ ਤੇ 'ਰਾਂਝਾ' 'ਹੀਰ' ਦਾ। ਇਹ ਗਲ ਸਰਬ ਪ੍ਰਵਾਨ ਹੋਣੀ ਚਾਹੀਦੀ ਸੀ। ਪਰ ਵਾਰਿਸ ਸ਼ਾਹ ਅਨੁਸਾਰ 'ਹੀਰ' 'ਰਾਂਝੇ' ਦੇ ਕੇਸ ਵਿਚ ਦੋ ਧਿਰਾਂ ਨੇ ਈਮਾਨ ਨੂੰ ਢਾਹ ਲਾਈ। ਇਕ 'ਹੀਰ' ਦੇ ਮਾਂ ਬਾਪ ਜਿਨ੍ਹਾਂ ਨੇ ਭਾਈਚਾਰੇ ਦੇ ਦਬਾ ਹੇਠ ਆ ਕੇ 'ਹੀਰ' ਨੂੰ ਖੇੜਿਆਂ ਦੇ ਵਿਆਹ ਦੇਣ ਦਾ ਫ਼ੈਸਲਾ ਕੀਤਾ ਸੀ। ਦੂਜੀ ਧਿਰ ਕਾਜ਼ੀ ਹੈ ਜੋ 'ਹੀਰ' ਦੀ ਕੋਈ ਗੱਲ ਸੁਣਨ ਨੂੰ ਤਿਆਰ ਨਹੀਂ। ਵਾਰਿਸ ਅਨੁਸਾਰ ਇਸ ਦੇ ਦੋ ਕਾਰਨ ਹਨ, ਇਕ ਹੈ ਕਿ ਕਾਜ਼ੀ ਸ਼ਰ੍ਹਾ ਦੇ ਸੌੜੇ ਘੇਰੇ ਵਿਚ ਘਿਰੇ ਹੋਣ ਕਾਰਨ ਤਰੀਕਤ ਦੇ ਇਸ ਤਰੀਕੇ ਤੋਂ ਅਣਜਾਣ ਹੈ ਕਿ ਪਿਆਰ ਕੇਵਲ ਇਕ ਨਾਲ ਹੀ ਕੀਤਾ ਜਾ ਸਕਦਾ ਹੈ। ਤੇ ਦੂਜਾ ਕਾਰਨ 'ਕਾਜ਼ੀ ਹੋਏ ਰਿਸ਼ਵਤੀ' ਵਾਲਾ ਹੈ।

**ਖਾਣ ਵਢੀਆਂ ਨਿਤ ਇਮਾਨ ਵੇਚਣ,**
**ਇਹੋ ਮਾਰ ਹੈ ਕਾਜ਼ੀਆਂ ਸਾਰਿਆਂ ਨੂੰ।**

ਜੇ ਮੀਆਂ ਚੂਚਕ ਨੇ ਨਿਆਂ ਨਹੀਂ ਸੀ ਕੀਤਾ ਤਾਂ ਪਿੰਡ ਦੀ ਪੰਚਾਇਤ ਨੇ ਕਿਹੜਾ ਇਨਸਾਫ਼

ਕੀਤਾ ਸੀ। ਉਸ ਨੇ ਧੀਦੋ ਨਾਲ ਇਨਸਾਫ਼ ਕਰਨ ਦੀ ਥਾਂ ਕੈਦੋਂ ਵਰਗਿਆਂ ਦੀਆਂ ਗੱਲਾਂ ਨੂੰ ਵਧੇਰੇ ਮਹੱਤਤਾ ਦਿੱਤੀ ਅਤੇ ਗਰੀਬ ਧੀਦੋ ਦਾ ਹੱਕ ਖੋਹ ਕੇ ਧਨੀ ਖੇੜਿਆਂ ਨੂੰ 'ਹੀਰ' ਪਰਨਾ ਦੇਣ ਦੀ ਸਲਾਹ ਦਿੱਤੀ। ਇਸ ਫ਼ੈਸਲੇ 'ਤੇ ਚੂਚਕ ਨੇ ਕਮਜ਼ੋਰੀ ਵਿਖਾਈ। ਦਿਲ ਦੀਆਂ ਗਹਿਰਾਈਆਂ ਵਿਚੋਂ ਉਹ ਸਮਝਦਾ ਸੀ ਕਿ 'ਰਾਂਝੇ' ਦਾ 'ਹੀਰ' 'ਤੇ ਹੱਕ ਬਣਦਾ ਹੈ। ਪਰ ਉਹ ਭਰਾਵਾਂ ਤੇ ਪੰਚਾਂ ਦੀ ਰਾਏ ਅਗੇ ਖੜਾ ਨਾ ਹੋ ਸਕਿਆ ਅਤੇ ਸਿਰ ਝੁਕਾ ਦਿੱਤਾ ਤੇ ਨੀਵੀਂ ਪਾ ਲਈ। ਇਸ 'ਤੇ ਵਾਰਿਸ ਸ਼ਾਹ ਗੁੱਸੇ ਵਿਚ ਆ ਕੇ ਸਾਰੇ ਸਿਆਲਾਂ ਅਥਵਾ ਜੱਟਾਂ ਨੂੰ ਸਲਵਾਰਾਂ ਸਵਾਉਣ ਲੱਗ ਜਾਂਦਾ ਹੈ।

**ਯਾਰੋ ਠੱਗ ਸਿਆਲ ਤਹਿਕੀਕ ਜਾਣੋ।**
**ਧੀਆਂ ਠਗਣੀਆਂ ਦਗ਼ਾ ਕਮਾਂਵਦੇ ਨੇ।**
**ਜਟ ਚੋਰ ਤੇ ਯਾਰ ਤੇ ਰਾਹ ਮਾਰਨ,**
**ਡੰਡੀ ਮੇਹੋਂਦੇ ਤੇ ਸੰਨ੍ਹਾਂ ਲਾਂਵਦੇ ਨੇ।**

### ਜੰਤਰ ਮੰਤਰ, ਜਾਦੂ-ਟੂਣੇ ਦਾ ਵਿਰੋਧੀ

ਵਾਰਿਸ ਸ਼ਾਹ ਜੰਤ੍ਰ-ਮੰਤ, ਜਾਦੂ-ਟੂਣੇ ਆਦਿ ਜਿਹੀ ਕਿਸੇ ਕਿਰਿਆ ਦੇ ਹੱਕ ਵਿਚ ਨਹੀਂ ਸੀ। ਜੇ 'ਹੀਰ' ਨੂੰ ਸੱਪ ਲੜਿਆ ਵੀ ਹੋਵੇ ਤਾਂ ਉਹ ਕਿਸੇ ਮਾਂਦਰੀ ਨੂੰ ਸਦਣਾ ਪਸੰਦ ਨਹੀਂ ਕਰਦਾ ਪਰ ਖੇੜਿਆਂ ਨੇ ਮਾਂਦਰੀ ਨੂੰ ਬੁਲਾਇਆ, ਵਾਰਿਸ ਅਨੁਸਾਰ ਇਹ ਖੇੜਿਆਂ ਦੀ ਮੂਰਖਤਾ ਸੀ। ਖੇੜਿਆਂ ਦੀ ਇਸ ਸਾਦਾਲੋਹੀ ਤੇ ਕਿ ਉਨ੍ਹਾਂ ਨੇ ਨੂੰਹ 'ਹੀਰ' ਨੂੰ ਮੰਤ੍ਰ ਪੜ੍ਹਨ ਲਈ ਜੋਗੀ 'ਰਾਂਝੇ' ਦੇ ਹਵਾਲੇ ਕਰ ਦਿੱਤਾ, ਕਵੀ ਇਸਦਾ ਸਖ਼ਤ ਬੁਰਾ ਮਨਾਉਂਦਾ ਹੈ:

**ਵਾਰਿਸ ਸ਼ਾਹ ਨਾ ਮੁੰਨਦਿਆਂ ਢਿੱਲ ਲਗਦੀ,**
**ਜਦੋਂ ਉਸਤਰੇ ਨਾਲ ਪਣਾਸ ਹੋਈ।**

### ਮੁਰਸ਼ਿਦ ਦੀ ਲੋੜ

ਇਕ ਸੂਫ਼ੀ ਹੋਣ ਦੇ ਨਾਤੇ ਵਾਰਿਸ ਸ਼ਾਹ ਦਾ ਨਿਸ਼ਚਾ ਹੈ ਕਿ ਸੰਸਾਰ ਭਵਜਲ ਪਾਰ ਕਰਨ ਲਈ ਪੀਰੋ ਮੁਰਸ਼ਿਦ ਦੀ ਲੋੜ ਹੈ: 'ਜੋ ਗੁਰ ਦਸੇ ਵਾਟ ਮੁਰੀਦਾਂ ਜੋਲੀਏ' ਦੀ ਸ਼ਰਤ ਜ਼ਰੂਰੀ ਹੈ:

**ਬਿਨਾਂ ਮੁਰਸ਼ਦਾਂ ਰਾਹ ਨਾ ਹੱਥ ਆਵੇ,**
**ਦੁੱਧ ਬਾਝ ਨਾ ਰਿਝਦੀ ਖੀਰ ਮੀਆਂ।**
**ਫ਼ਕਰ ਕੁਲ ਜਹਾਨ ਦਾ ਆਸਰਾ ਨੇ,**
**ਤਾਬੇ ਫ਼ਕਰ ਦੇ ਪੀਰ ਤੇ ਮੀਰ ਮੀਆਂ।**

### ਸੰਸਾਰ ਨਾਸ਼ਮਾਨ ਹੈ

ਵਾਰਿਸ ਅਨੁਸਾਰ ਇਹ ਜਹਾਨ ਫ਼ਾਨੀ ਹੈ। ਜ਼ਿੰਦਗੀ ਬਦਲਾਂ ਦੀ ਛਾਂ ਸਮਾਨ ਹੈ। ਮੌਤ ਦਾ ਕੋਈ ਵਕਤ ਮੁਕੱਰਰ ਨਹੀਂ।

ਛਾਉਂ ਬਦਲਾਂ ਦੀ ਉਮਰ ਬੰਦਿਆਂ ਦੀ
ਇਜ਼ਰਾਈਲ ਨੇ ਪਾੜਨਾ ਸੀਵਣਾ ਈ।
ਵਾਰਿਸ ਸ਼ਾਹ ਮੀਆਂ ਅੰਤ ਖਾਕ ਹੋਣਾ,
ਲੱਖ ਆਬਿਹਯਾਤ ਜੇ ਪੀਵਣਾ ਈ।
ਜੋ ਕੋ ਜੰਮਿਆ ਮਰੇਗਾ ਸਭ ਕੋਈ,
ਘੜਿਆ ਭਜਸੀ ਬਹ ਸਭ ਵਹਿਣਗੇ ਵੇ।
ਇਹ ਜਗ ਮਕਾਮ ਫ਼ਨਾਹ ਦਾ ਹੈ,
ਸਭ ਰੇਤ ਦੀ ਕੰਧ ਇਹ ਜੀਵਣਾ ਜੀ।
ਵਲ੍ਹੀ ਗੋਂਗ ਤੇ ਕੁਤਬ ਸਭ ਖ਼ਤਮ ਹੋਣੇ,
ਮੌਤ ਸੱਚ ਹੈ ਰੱਬ ਫ਼ਰਮਾਇਆ ਈ।

**ਕਰਮਾਂ ਦਾ ਫਲ**

ਵਾਰਿਸ ਸ਼ਾਹ ਦਾ ਨਿਸ਼ਚਾ ਹੈ ਕਿ ਸਾਡੇ ਅਮਲ ਹੀ ਸਾਡੇ ਚੰਗੇ ਮੰਦੇ ਭਾਗਾਂ ਦੇ ਜ਼ਿੰਮੇਵਾਰ ਹਨ। ਕੀਤੇ ਚੰਗੇ ਮੰਦੇ ਕਰਮਾਂ ਦਾ ਫ਼ਲ ਜ਼ਰੂਰ ਮਿਲੇਗਾ। ਚੰਗੇ ਕੰਮ ਅੱਗੇ ਲਈ ਸਾਡੇ ਸਹਾਈ ਹੋਣਗੇ ਅਤੇ ਮਾੜੇ ਅਮਲ ਸਜ਼ਾ ਦੇ ਭਾਗੀ ਬਣਾਉਣਗੇ। 'ਜਿਹਾ ਕੋਈ ਕਰੇ ਤਿਹਾ ਕੋਈ ਪਾਏ, ਕੋਈ ਨਾ ਪਕੜੀਏ ਕਿਸੇ ਬਾਂਹੇ' ਦੇ ਮਹਾਂ ਵਾਕ ਵਿਚ ਵਾਰਿਸ ਸ਼ਾਹ ਦਾ ਪੂਰਾ ਨਿਸ਼ਚਾ ਹੈ। ਅਜਿਹਾ ਉਸ ਨੇ ਥਾਂ ਥਾਂ ਅੰਕਿਤ ਕੀਤਾ ਹੈ।

ਜਿਹਾ ਕੋਈ ਕਰੇ ਤਿਹਾ ਹੀ ਪਾਉਂਦਾ ਹੈ,
ਸਚੇ ਵਾਅਦੇ ਇਹ ਪਰਵਰਦਿਗਾਰ ਦੇ ਨੇ।
ਅਮਲਾਂ ਬਾਝ ਨਾ ਦਰਗਾਹ ਵਿਚ ਪੈਣ ਪੋਲੇ,
ਲੋਕਾਂ ਵਿਚ ਮੀਆਂ ਵਾਰਿਸ ਸ਼ਾਹ ਹੋਇਆ।
ਇਕ ਅਮਲ ਨਾ ਕੀਤਾ ਈ ਗਾਫ਼ਲਾ ਉਏ,
ਐਵੇਂ ਕੀਮੀਆ ਉਮਰ ਗਵਾਈਆਂ ਈ।
ਵਾਰਿਸ ਬੰਦਗੀ ਵਾਸਤੇ ਘਲਿਆ ਸੈਂ,
ਆਇ ਜੁਟਿਆ ਪਹਿਨਣੇ ਪਾਵਣੇ ਨੂੰ।

**8.3.2 ਵਾਰਿਸ ਦੀ ਸਮਾਜਿਕ ਵਿਚਾਰਧਾਰਾ**

**ਪਰਦਾ/ਘੁੰਡ ਦਾ ਵਿਰੋਧੀ :**

ਇਸਲਾਮੀ ਦੁਨੀਆਂ ਵਿਚ ਇਸਤਰੀਆਂ ਲਈ ਪਰਦੇ ਵਿਚ ਰਹਿਣਾ ਜ਼ਰੂਰੀ ਹੈ। ਮੁਸਲਮਾਨ ਇਸਤਰੀਆਂ ਆਮ ਤੌਰ 'ਤੇ ਬੁਰਕਾ ਪਾਉਂਦੀਆਂ ਹਨ, ਜਾਂ ਵੱਡੀ ਸਾਰੀ ਚਾਦਰ ਆਪਣੇ ਗਿਰਦ ਲਪੇਟ ਕੇ ਬਾਹਰ ਨਿਕਲਦੀਆਂ ਹਨ। ਬੁਰਕਾ ਅਕਸਰ ਕਾਲੇ ਰੰਗ ਦਾ ਹੁੰਦਾ ਹੈ। ਚਾਦਰ ਕਿਸੇ ਰੰਗ ਦੀ ਵੀ ਹੋ ਸਕਦੀ ਹੈ। ਭਾਰਤ ਵਿਚ ਇਸਲਾਮੀ ਰਾਜ ਸਥਾਪਿਤ ਹੋਣ ਨਾਲ ਭਾਰਤੀ

ਇਸਤਰੀਆਂ ਵਿਚ ਪਰਦੇ ਦੀ ਥਾਂ ਘੁੰਡ ਦਾ ਰਿਵਾਜ਼ ਪੈ ਗਿਆ। ਸੂਫ਼ੀ ਸ਼ਬਦਾਵਲੀ ਵਿਚ ਪਰਦਾ ਇਕ ਪ੍ਰਕਾਰ ਦਾ ਉਹਲਾ ਹੈ ਜੋ ਰੱਬ ਅਤੇ ਬੰਦੇ ਵਿਚ ਕਾਇਮ ਹੈ। ਇਹ ਮਾਇਆ ਅਤੇ ਝੂਠ ਦਾ ਪਰਦਾ ਹੀ ਹੈ ਜੋ ਸਾਧਕ ਨੂੰ ਪ੍ਰਭੂ ਪਿਆਰੇ ਦੇ ਪ੍ਰਤੱਖ ਦਰਸ਼ਨ ਕਰਨ ਤੋਂ ਰੋਕਦਾ ਹੈ। ਸੂਫ਼ੀ ਸਾਧਕਾਂ ਦੀ ਇੱਛਿਆ ਰਹਿੰਦੀ ਹੈ ਕਿ ਪਰਦਾ ਹਟ ਜਾਏ ਤਾਂ ਜੋ ਪ੍ਰਭੂ ਪਿਆਰੇ ਦੇ ਸਾਖ਼ਿਆਤ ਦਰਸ਼ਨ ਹੋ ਜਾਣ।

ਇਸ ਤਰ੍ਹਾਂ ਸੂਫ਼ੀ ਲੋਕ ਸਿਧਾਂਤਿਕ ਤੌਰ 'ਤੇ ਪਰਦੇ ਦੇ ਖਿਲਾਫ਼ ਹਨ। ਵਾਰਿਸ ਸ਼ਾਹ ਵੀ ਸੂਫ਼ੀ ਵਿਚਾਰਧਾਰਾ ਦਾ ਮਾਲਕ ਸੀ, ਇਸ ਲਈ ਉਹ ਵੀ ਘੁੰਡ ਦੇ ਖ਼ਿਲਾਫ਼ ਸੀ ਤਦੇ ਤਾਂ ਉਹ ਕਹਿੰਦਾ ਹੈ:

**ਏਸ ਘੁੰਡ ਵਿਚ ਬਹੁਤ ਖ਼ਰਾਬੀਆਂ ਨੇ,**
**ਅੱਗ ਲਾਇਕੇ ਘੁੰਡ ਨੂੰ ਸਾੜੀਏ ਨੀ।**
**ਘੁੰਡ ਆਸ਼ਕਾਂ ਦੇ ਬੇੜੇ ਡੋਬ ਦੇਂਦਾ,**
**ਮੈਨਾ ਤਾੜ ਨ ਪਿੰਜਰੇ ਮਾਰੀਏ ਨੀ।**
**ਤਦੋਂ ਇਹ ਜਹਾਨ ਸਭ ਸਵਾਰ ਆਵੇ,**
**ਜਦੋਂ ਘੁੰਡ ਨੂੰ ਜ਼ਰਾ ਉਤਾਰੀਏ ਨੀ।**
**ਵਾਰਿਸ ਸ਼ਾਹ ਨਾ ਦਬੀਏ ਮੋਤੀਆਂ ਨੂੰ,**
**ਫੁਲ ਅੱਗ ਦੇ ਵਿਚ ਨਾ ਸਾੜੀਏ ਨੀ।**

ਅਤੇ ਫਿਰ

**ਜਾਕੇ ਆਖ 'ਰਾਂਝਾ' ਮੈਨੂੰ ਅਰਜ਼ ਕਰਦਾ,**
**ਘੁੰਡ ਲਾਹ ਵੇ ਦਿਲਬਰਾ ਵਾਸਤਾ ਈ।**

### ਦਾਜ ਦਾ ਵਿਰੋਧੀ

ਲੜਕੀ ਦੇ ਵਿਆਹ ਸਮੇਂ ਮਾਂ ਬਾਪ ਵਲੋਂ ਵਿੱਤ ਅਨੁਸਾਰ ਦਾਜ ਦਿੱਤਾ ਜਾਂਦਾ ਹੈ। ਇਸ ਵਿਚ ਸੋਨੇ ਚਾਂਦੀ ਦੇ ਗਹਿਣੇ, ਜ਼ਰੀ ਦੇ ਸੁੰਦਰ ਬਸਤਰ, ਹੋਰ ਕਪੜੇ, ਗਾਂਵਾਂ, ਮੱਝਾਂ ਤੇ ਮਿਠਾਈਆਂ ਆਦਿ ਸ਼ਾਮਿਲ ਹੁੰਦੇ ਹਨ। ਪੁਰਾਣੇ ਸਮਿਆਂ ਵਿਚ ਲੋਕ ਲੜਕੀਆਂ ਨੂੰ ਵਧ ਤੋਂ ਵੱਧ ਸੋਨੇ ਚਾਂਦੀ ਦੇ ਗਹਿਣੇ ਤੇ ਬਸਤਰ ਦੇਣ ਦਾ ਜਤਨ ਕਰਦੇ ਸਨ। ਮਾਡਰਨ ਯੁੱਗ ਦੇ ਲੋਕ ਵਿਦਿਆ ਹੀ ਲੜਕੀ ਲਈ ਸਭ ਤੋਂ ਚੰਗਾ ਗਹਿਣਾ ਸਮਝਦੇ ਹਨ।। ਸਿਆਲਾਂ ਨੇ ਵੀ 'ਹੀਰ' ਦੇ ਵਿਆਹ ਸਮੇਂ ਦਿੱਤੇ ਦਾਜ ਵਿਚ ਕੋਈ ਕਸਰ ਨਾ ਰੱਖੀ। ਅਨੇਕਾਂ ਪ੍ਰਕਾਰ ਦੇ ਗਹਿਣੇ, ਬਸਤਰ, ਵੰਨ ਸੁਵੰਨੇ ਮਿਠਾਈਆਂ ਦੇ ਥਾਲ ਤੇ ਕਈ ਮੱਝਾਂ 'ਹੀਰ' ਨੂੰ ਦਿੱਤੀਆਂ। ਪਰ ਵਿਆਹ ਉਸ ਦਾ ਧੀਦੋ 'ਰਾਂਝੇ' ਨਾਲ ਨਹੀਂ, ਸਗੋਂ ਸੈਦੇ ਖੇੜੇ ਨਾਲ ਕਰ ਦਿੱਤਾ। ਵਾਰਿਸ ਸ਼ਾਹ ਇਸ ਸਭ ਕੁਝ ਤੇ ਟਿੱਪਣੀ ਕਰਦਾ ਕਹਿੰਦਾ ਹੈ:

**ਵਾਰਿਸ ਸ਼ਾਹ ਗਹਿਣਾ ਠੀਕ ਠਾਕ ਆਹਾ,**
**ਸੋਦੀ ਖਟੜੇ ਦਾ ਚਾ ਪਾਇਓ ਨੇ।**

ਸੁੰਦਰ ਤੇ ਰੰਗ ਬਿਰੰਗੇ ਬਸਤਰਾਂ ਦੇ ਖਿਲਾਰ ਵੇਖ ਕੇ ਵੀ ਵਾਰਿਸ ਇਸੇ ਤਰ੍ਹਾਂ ਦੀ ਟਿੱਪਣੀ ਕਰਦਾ ਕਹਿੰਦਾ ਹੈ:

**ਵਾਰਿਸ ਸ਼ਾਹ ਦੋ ਉਢਣੀਆਂ 'ਹੀਰ' 'ਰਾਂਝਾ',**
**ਸੋਦੀ ਪੀਲੜੇ ਤੇ ਬੁਰੇ ਹੀਲੜੇ ਸੀ।**

ਅਤੇ ਫਿਰ

**ਵਾਰਿਸ ਸ਼ਾਹ ਮੀਆਂ ਅਸਲ ਦਾਜ 'ਰਾਂਝਾ'**
**ਇਕ ਇਹ ਬਦਰੰਗ ਕਰਾਇਓ ਨੇ।**

ਇਸ ਤਰ੍ਹਾਂ ਇਹ ਗੱਲ ਸਾਫ਼ ਹੋ ਜਾਂਦੀ ਹੈ ਕਿ ਵਾਰਿਸ ਸ਼ਾਹ ਅਨੁਸਾਰ ਲੜਕੀ ਨੂੰ ਦਾਜ ਦੇਣਾ ਭਾਵੇਂ ਅਨਉਚਿਤ ਨਹੀਂ, ਫੇਰ ਵੀ ਲੜਕੀ ਲਈ ਸਭ ਤੋਂ ਚੰਗਾ ਦਾਜ ਯੋਗ ਅਤੇ ਮਨਪਸੰਦ ਵਰ ਹੈ। ਜੇ ਵਰ ਮਨਪਸੰਦ ਨਹੀਂ ਤਾਂ ਗਹਿਣਾ ਗਟਾ, ਕਪੜਾ ਲਤਾ, ਖੇਸ ਪਟਾਂਗਲ, ਮਿਠਾਈਆਂ ਦੇ ਥਾਲ, ਮੱਝਾਂ ਗਾਈਆਂ, ਹੰਡਵਾਣੀ ਅਤੇ ਕੜਾਹੀਆਂ ਆਦਿ ਕਿਸੇ ਵਸਤੂ ਦਾ ਕੋਈ ਮੁੱਲ ਨਹੀਂ। ਇਹ ਸਭ ਕੁਝ ਨੰਬਰ ਦੋ ਹੈ। ਪਹਿਲੀ ਚੀਜ਼ ਯੋਗ ਵਰ ਹੈ ਤੇ ਯੋਗ ਘਰ ਦਾ ਹੀ ਨੰਬਰ ਪਿਛੇ ਹੈ। ਨਿਰਸੰਦੇਹ ਇਸ ਮਾਮਲੇ ਵਿਚ ਵਾਰਿਸ ਦੀ ਸੋਚਣੀ ਸਰਵ-ਉੱਤਮ ਤੇ ਸਰਵ ਸ੍ਰੇਸ਼ਟ ਹੈ।

**ਜਾਤੀ ਹੰਕਾਰ**

ਵਾਰਿਸ ਸ਼ਾਹ ਵਿਚਾਰਧਾਰਾ ਦੇ ਲਿਹਾਜ਼ ਨਾਲ ਸੂਫ਼ੀ ਸੀ। ਉਸ ਨੇ ਕਈ ਗੱਲਾਂ ਦਾ ਨਿਰਨਾ ਸੂਫ਼ੀ ਵਿਚਾਰਧਾਰਾ ਨੂੰ ਸਾਮਹਣੇ ਰੱਖ ਕੇ ਕੀਤਾ ਹੈ। ਜਿਵੇਂ ਘੁੰਡ ਦੀ ਮੁਖਾਲਫ਼ਤ ਜਾਂ ਅਮਲਾਂ 'ਤੇ ਜ਼ੋਰ ਆਦਿ। ਸੂਫ਼ੀਆਂ ਅਨੁਸਾਰ ਸੰਸਾਰ ਬਣਾਉਣ ਵਾਲਾ ਵੀ ਪ੍ਰਭੂ ਆਪ ਹੈ ਤੇ ਇਸ ਗ੍ਰਹਿ ਵਿਚ ਜਲਣਹਾਰ ਉਹ ਆਪ ਹੈ। ਫੇਰ ਚੰਗਾ ਕੌਣ ਤੇ ਮਾੜਾ ਕੌਣ, ਗੋਰਾ ਕੌਣ ਤੇ ਕਾਲਾ ਕੌਣ, ਮੁਸਲਿਮ ਕੌਣ ਤੇ ਕਾਫ਼ਿਰ ਕੌਣ, ਅਮੀਰ ਗਰੀਬ, ਉੱਚਾ-ਨੀਵਾਂ ਸਭ ਮਨੁੱਖ ਬਰਾਬਰ ਹਨ। ਸਮੁੱਚੀ ਮਨੁੱਖ ਜਾਤੀ ਸਰਬ ਸੰਸਾਰ ਦੇ ਸਾਂਝੇ ਟੱਬਰ ਦਾ ਅੰਗ ਹੈ। ਇਸ ਲਈ ਸੂਫ਼ੀ 'ਮੰਦਾ ਕਿਸ ਨੂੰ ਆਖੀਐ ਜਾ ਤਿਸ ਬਿਨ ਕੋਇ ਨਾਹਿ' ਉੱਤੇ ਪੱਕੀ ਤਰ੍ਹਾਂ ਅਮਲ ਕਰਦੇ ਹਨ। ਸੂਫ਼ੀਆਂ ਦੇ ਨਜ਼ਦੀਕ ਮਰਦ ਔਰਤ ਜਾਂ ਜਾਤ-ਪਾਤ ਆਧਾਰਿਤ ਵਿਤਕਰਾ ਕੋਈ ਅਰਥ ਨਹੀਂ ਰੱਖਦਾ।

ਪਰ ਹੈਰਾਨੀ ਦੀ ਗੱਲ ਹੈ ਕਿ ਵਾਰਿਸ ਰਚਿਤ 'ਹੀਰ' ਦੇ ਸਮੁੱਚੇ ਪਾਠ ਉਪਰੰਤ ਪਾਠਕ ਦੇ ਮਨ ਤੇ ਦੋ ਗੱਲਾਂ ਭਾਰੂ ਲਗਦੀਆਂ ਹਨ ਇਕ ਇਹ ਕਿ ਵਾਰਿਸ ਸ਼ਾਹ ਇਸਤਰੀ ਜਾਤੀ ਦੀ ਬਦਖੋਈ ਕਰਨ ਲੱਗਿਆਂ ਨਾ ਸੰਗਦਾ ਹੈ ਤੇ ਨਾ ਝਿਜਕਦਾ ਹੈ। ਕਿਸੇ ਇਕ ਅੱਧ ਤੀਵੀਂ ਦੀ ਨਹੀਂ, ਸਾਰੀ ਇਸਤਰੀ ਜਾਤੀ ਦੇ ਵਿਰੁੱਧ ਸਖ਼ਤ ਭੰਡੀ ਪ੍ਰਚਾਰ ਕਰਦਾ ਹੈ। ਹਿੰਦੂ, ਮੁਸਲਿਮ ਇਤਿਹਾਸ-ਮਿਥਿਹਾਸ ਫੋਲ ਮਾਰਦਾ ਹੈ। ਇਸਤਰੀ ਵਿਰੁੱਧ ਹੱਥ ਆਉਂਦਾ ਹਰ ਪ੍ਰਮਾਣ ਪੇਸ਼

ਕਰਦਾ ਹੈ:

1· **ਡੂਮਾਂ, ਗਵਲਾਂ, ਕਾਉਂ ਤੇ ਜਟੀਆਂ ਦੀਆਂ,**
**ਜੀਭਾਂ ਧੁਰੋਂ ਸ਼ੈਤਾਨ ਨੇ ਚਟੀਆਂ ਸੀ।**

2· **ਆਖਿਰ ਰੰਨ ਦੀ ਜਾਤ ਬੇਵਫ਼ਾ ਹੁੰਦੀ,**
**ਅੰਤਰ ਪੇਈਅੜੇ ਘਰੋਂ ਦੇ ਘਲਣੀ ਹੈ।**

3· **ਮੈਥੋਂ ਠਗ ਕੇ ਮਹੀਆਂ ਚਰਾਂਦੇ ਪਾਣੀਆਂ**
**ਰੰਨਾਂ ਸਜ ਨੇ ਤੋੜਦੀਆਂ ਤਾਰਿਆਂ ਨੂੰ।**

4· **ਵਾਰਿਸ ਸ਼ਾਹ ਨਾ ਹਾਰੀਆਂ ਪਾਂਡਵਾਂ ਤੋਂ**
**'ਰਾਂਝੇ' ਭੋਜ ਤੋਂ ਇਹ ਨਾ ਹਾਰੀਆਂ ਜੀ।**

ਉਸ ਅਨੁਸਾਰ ਇਕ ਇਸਤਰੀ ਕਾਬੂ ਵਿਚ ਕਿਵੇਂ ਰੱਖੀ ਜਾ ਸਕਦੀ ਹੈ:

**ਮਰਦ ਹੈਨ ਜੋ ਰਖਦੇ ਹੇਠ ਸੋਟੇ**
**ਸਿਰੇ ਚਾੜੀਆਂ ਨੇ ਇਹਨਾਂ ਕਾਮੀਆਂ ਨੀ।**

ਪਰ ਸ਼ਰਮ ਹਯਾ ਵਾਲੀ ਇਸਤਰੀ ਲਈ ਵਾਰਿਸ ਦੇ ਬੋਲ ਕੁਝ ਹੋਰ ਹਨ:

**ਘਰ ਵਸਦੇ ਔਰਤਾਂ ਨਾਲ ਸੋਹਣੇ,**
**ਸ਼ਰਮਵੰਦ ਤੇ ਸਬਰ ਦੀਆਂ ਬੀਬੀਆਂ ਨੇ।**

ਪਰ ਵਾਰਿਸ ਸ਼ਾਹ ਦੇ ਇਹਨਾਂ ਵਿਚਾਰਾਂ ਵਾਲੀ ਇਸਤਰੀ ਜੋ ਵਾਰਿਸ ਦੇ ਵੇਲੇ ਮਿਲਣੀ ਮੁਸ਼ਕਲ ਸੀ ਤਾਂ ਅੱਜ ਵੀ ਹਾਲਤ ਕੋਈ ਬਦਲੀ ਨਹੀਂ। ਹਾਲਤ ਨਿਘਰੀ ਜ਼ਰੂਰ ਹੋਵੇਗੀ। ਵਾਰਿਸ ਸ਼ਾਹ ਆਪ ਸੱਯਦ ਸੀ ਸੱਯਦ ਸਮੁੱਚੇ ਮੁਸਲਿਮ ਸਮਾਜ ਵਲੋਂ ਸਤਿਕਾਰ ਪ੍ਰਾਪਤ ਹਨ। ਜੋ ਥਾਂ ਹਿੰਦੂਆਂ ਵਿਚ ਬ੍ਰਾਹਮਣਾਂ ਦੀ ਹੈ ਠੀਕ ਉਸ ਤਰ੍ਹਾਂ ਸਥਿਤੀ ਮੁਸਲਮਾਨਾਂ ਅੰਦਰ ਸੱਯਦਾਂ ਦੀ ਹੈ। ਇਸ ਤਰ੍ਹਾਂ ਵਾਰਿਸ ਉੱਚੀ ਜਾਤ ਨਾਲ ਸੰਬੰਧਿਤ ਸੀ। ਇਸ ਦਾ ਪ੍ਰਗਟਾ ਉਸ ਨੇ ਖੁਲੇ ਦਿਲ ਨਾਲ ਕੀਤਾ ਹੈ। ਵਾਰਿਸ ਸ਼ਾਹ ਨੇ ਆਪਣੀ ਸਾਰੀ ਰਚਨਾ ਵਿਚ ਉਚੀਆਂ ਜਾਤਾਂ ਬਾਰੇ ਕੋਈ ਬਦਖੋਈ ਨਹੀਂ ਕੀਤੀ ਪਰ ਛੋਟੀਆਂ ਤੇ ਨੀਵੀਆਂ ਜਾਤਾਂ ਬਾਰੇ ਉਸ ਦੇ ਬੋਲ ਇਸੇ ਤਰ੍ਹਾਂ ਦੇ ਕਾਟਵੇਂ ਸਨ ਜਿਵੇਂ ਇਸਤਰੀ ਬਾਰੇ ਸਨ:

1· **ਨਹੀਂ ਚੂਹੜੇ ਦਾ ਪੁੱਤ ਹੋਇ ਸਯਦ,**
**ਘੋੜੇ ਹੋਣ ਨਾਹੀ ਪੁੱਤ ਤੇਲੀਆਂ ਦੇ।**

2· **ਵਾਰਿਸ ਸ਼ਾਹ ਫ਼ਕੀਰ ਤਾਂ ਨਹੀਂ ਹੁੰਦੇ,**
**ਪੁੱਤਰ ਜਟਾਂ ਦੇ ਮੋਚੀਆਂ ਤੇਲੀਆਂ ਦੇ।**

ਇਸ ਸਾਰੀ ਗੱਲ ਤੋਂ ਇਹ ਸਿੱਟਾ ਨਿਕਲਿਆ ਕਿ ਵਾਰਿਸ ਸ਼ਾਹ ਕੇਵਲ ਜਾਤ ਪਾਤ ਵਿਚ ਹੀ ਯਕੀਨ ਨਹੀਂ ਰੱਖਦਾ ਸੀ ਸਗੋਂ ਜ਼ਾਤ ਪਾਤ ਨਾਲ ਜੁੜੇ ਕਿਰਦਾਰ ਵਿਚ ਵੀ ਉਸ ਨੂੰ ਯਕੀਨ ਸੀ।

**ਜੱਟ ਤੇ ਵਾਰਿਸ ਸ਼ਾਹ**

ਕਈ ਆਲੋਚਕਾਂ ਦਾ ਵਿਚਾਰ ਹੈ ਕਿ ਵਾਰਿਸ ਸ਼ਾਹ ਜੱਟਾਂ ਦੇ ਵਿਰੁੱਧ ਸੀ। ਉਸ ਨੇ ਥਾਂ-ਥਾਂ ਜੱਟਾਂ ਪ੍ਰਤਿ ਘਿਰਣਾ ਦਾ ਪ੍ਰਗਟਾਵਾ ਕੀਤਾ ਹੈ। ਸੰਤ ਸਿੰਘ ਸੇਖੋਂ ਤੇ ਉਸ ਦੇ ਹਮਖਿਆਲੀਆਂ ਦਾ ਵਿਚਾਰ ਹੈ ਕਿ ਭਾਗਭਰੀ ਦੇ ਮਾਮਲੇ ਵਿਚ ਪਿੰਡ ਦੇ ਜੱਟਾਂ ਨੇ ਵਾਰਿਸ ਸ਼ਾਹ ਨੂੰ ਚੰਗਾ ਕੁਟਾਪਾ ਚਾੜਿਆ ਸੀ ਤੇ ਵਾਰਿਸ ਸ਼ਾਹ ਨੇ ਜੱਟਾਂ ਦੇ ਖ਼ਿਲਾਫ਼ ਲਿਖ ਕੇ ਇਸ ਦੀ ਭੜਾਸ ਕੱਢੀ ਹੈ। ਕਈਆਂ ਦਾ ਇਹ ਵਿਚਾਰ ਹੈ ਕਿ ਵਾਰਿਸ ਨੂੰ ਜਾਤੀ ਹੰਕਾਰ ਸੀ। ਇਸ ਤਰ੍ਹਾਂ ਛੋਟੀਆਂ ਜਾਤਾਂ ਬਾਰੇ ਲਿਖਣ ਸਮੇਂ ਉਹ ਜੱਟਾਂ ਪ੍ਰਤੀ ਵੀ ਨਫ਼ਰਤ ਦਾ ਪ੍ਰਗਟਾਵਾ ਕਰ ਜਾਂਦਾ ਸੀ। ਇਸ ਦੇ ਨਾਲ ਹੀ ਵਾਰਿਸ ਸ਼ਾਹ ਬਾਰੇ ਰਾਏ ਕਾਇਮ ਕੀਤੀ ਜਾਵੇ ਤਾਂ ਉਹ ਇਕ ਪਾਸੇ ਤਾਂ ਅੱਧੀ ਗੱਲ ਭਾਵੇਂ ਠੀਕ ਹੋਵੇ, ਪੂਰੀ ਤਰ੍ਹਾਂ ਠੀਕ ਨਹੀਂ। ''ਹੀਰ'' ਦਾ ਕਿੱਸਾ ਜੇ ਧਿਆਨ ਨਾਲ ਪੜ੍ਹਿਆ ਜਾਏ ਤਾਂ ਸਪੱਸ਼ਟ ਹੋ ਜਾਏਗਾ ਕਿ ਵਾਰਿਸ ਸ਼ਾਹ ਨੇ ਜਿਸ ਬਰੀਕੀ ਨਾਲ ਜੱਟ ਦਾ ਕਿਰਦਾਰ ਪੇਸ਼ ਕੀਤਾ, ਇਸ ਤਰ੍ਹਾਂ ਉਹ ਕਿਸੇ ਹੋਰ ਜਾਤੀ ਬਾਰੇ ਪੇਸ਼ ਨਹੀਂ ਕਰ ਸਕਿਆ। ਵਾਸਤਵ ਵਿਚ ਵਾਰਿਸ ਸ਼ਾਹ ਨੇ ਜੱਟ ਦੇ ਕਿਰਦਾਰ ਦੇ ਸਾਰੇ ਪੱਖ ਕੁਦਰਤੀ ਤੇ ਅਸਲੀ ਰੂਪ ਵਿਚ ਪੇਸ਼ ਕਰਨ ਦਾ ਹੌਸਲਾ ਕੀਤਾ ਹੈ ਵਾਰਿਸ ਸ਼ਾਹ 'ਹੀਰ' ਗਾਥਾ ਦਾ ਆਰੰਭ ਤਖ਼ਤ ਹਜ਼ਾਰੇ ਤੋਂ ਕਰਦਾ ਹੈ ਅਤੇ ਉਸ ਦੇ ਜਵਾਨ ਜੱਟ ਮੁੰਡਿਆਂ ਦੀ ਵਡਿਆਈ ਇਸ ਤਰ੍ਹਾਂ ਕਰਦਾ ਹੈ:

**ਕੇਹੀ ਤਖਤ ਹਜ਼ਾਰੇ ਦੀ ਸਿਫ਼ਤ ਕੀਜੇ,**
**ਜਿੱਥੇ ਰਾਂਝਿਆਂ ਰੰਗ ਮਚਾਇਆ ਏ।**
**ਛੈਲ ਗੱਭਰੂ, ਮਸਤ ਅਲਬੇਲੜੇ ਨੀ,**
**ਸੁੰਦਰ ਹਿੱਕ ਥੀਂ ਹਿੱਕ ਸਵਾਇਆ ਏ।**
**ਵਾਲੇ ਕੋਕਲੇ, ਮੁੰਦਰੇ, ਮਝ ਲੁੰਙੀ,**
**ਨਵਾਂ ਠਾਠ ਤੇ ਠਾਠ ਚੜ੍ਹਾਇਆ ਏ।**
**ਕੇਹੀ ਸਿਫ਼ਤ ਹਜ਼ਾਰੇ ਦੀ ਆਖ ਸਕਾਂ,**
**ਗੋਇਆ ਬਹਿਸ਼ਤ ਜ਼ਮੀਨ ਤੇ ਆਇਆ ਏ**

**8.3.3 ਰਾਜਸੀ ਸਥਿਤੀ ਬਾਰੇ ਵਾਰਿਸ ਸ਼ਾਹ ਦਾ ਵਿਚਾਰ**

ਵਾਰਿਸ ਸ਼ਾਹ ਸਮੇਂ ਦੀ ਰਾਜਸੀ ਸਥਿਤੀ ਤੋਂ ਅਭਿੱਜ ਨਹੀਂ ਸੀ। ਕਵੀ ਅਠਾਰ੍ਹਵੀਂ ਸਦੀ ਦੇ ਪਿਛਲੇ ਅੱਧ ਵਿਚ ਆਪਣੇ ਸ਼ਾਹਕਾਰ ਦੀ ਰਚਨਾ ਕਰ ਰਿਹਾ ਸੀ।ਇਹ ਇਤਿਹਾਸ ਦਾ ਅਤਿ ਬੇਚੈਨੀ, ਬਦਅਮਨੀ ਤੇ ਅਰਾਜਕਤਾ ਦਾ ਸਮਾਂ ਸੀ। ਦਿੱਲੀ ਦੀ ਕੇਂਦਰੀ ਸਰਕਾਰ ਕਮਜ਼ੋਰ ਹੋ ਚੁੱਕੀ ਸੀ। ਸੁੱਬਾਈ ਸਰਕਾਰਾਂ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਹੱਥ ਪੈਰ ਮਾਰ ਰਹੀਆਂ

ਸਨ। ਪੱਛਮ ਵਲੋਂ ਅਹਿਮਦ ਸ਼ਾਹ ਅਬਦਾਲੀ ਵਾਰ ਵਾਰ ਭਾਰਤ ਵਿਚ ਆ ਕੇ ਲੁੱਟ ਮਾਰ ਕਰ ਰਿਹਾ ਸੀ। ਉਸ ਨੂੰ ਕੋਈ ਰੋਕਣ ਵਾਲਾ ਨਹੀਂ ਸੀ। ਸਾਰੇ ਦੇਸ਼ ਵਿਚ ਬਗ਼ਾਵਤਾਂ ਹੋ ਰਹੀਆਂ ਸਨ। ਪੰਜਾਬ ਵਿਚ ਕਿਰਸਾਣੀ ਸਿੱਖੀ ਦੇ ਰੂਪ ਵਿਚ ਉੱਠ ਕੇ ਹਾਕਮ ਸ਼੍ਰੇਣੀ ਦੇ ਵਿਰੋਧ ਵਿਚ ਸੀ। ਇਸੇ ਸ਼੍ਰੇਣੀ ਨੂੰ ਉਹ ਅਸ਼ਰਾਫ਼ ਕਹਿੰਦਾ ਹੈ ਤੇ ਬਗ਼ਾਵਤ ਤੇ ਅਮਾਦਾ ਕਿਰਸਾਣੀ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਕਮੀਨਾ ਕਹਿੰਦਾ ਹੈ। ਕਿੱਸੇ ਦੇ ਅੰਤ ਵਿਚ ਪਹੁੰਚ ਕੇ ਉਹ ਇਸ ਸਾਰੀ ਅਵਸਥਾ ਨੂੰ ਇਨ ਬਿਨ ਉਲੀਕ ਜਾਂਦਾ ਹੈ।

**ਬਾਦਸ਼ਾਹ ਤੇ ਹਾਕਮ ਨਾ ਮੂਲ ਕੋਈ,**
**ਰਯਤ ਮੁਲਕ ਤੇ ਸਭ ਉਜਾੜ੍ਹ ਹੋਈ।**
**ਪਿਆ ਦੇਸ਼ ਦੇ ਵਿਚ ਹੈ ਵਡ ਰੋਲਾ**
**ਹਰ ਇਕ ਦੇ ਹੱਥ ਤਲਵਾਰ ਹੋਈ।**

'ਦੇਸ਼ ਦੇ ਜੱਟ ਸਰਦਾਰ ਹੋਏ' 'ਭੂਤ ਮੰਡਲੀ' ਤੇ 'ਘਰੋਂ ਘਰੀਂ ਨਵੀ ਸਰਕਾਰ' ਸਿੱਖ ਮਿਸਲਾਂ ਤੇ ਉਨ੍ਹਾਂ ਦੀਆਂ ਜਿੱਤਾਂ ਵਲ ਸਪੱਸ਼ਟ ਸੰਕੇਤ ਸਨ। ਰਾਜਨੀਤੀ ਨੂੰ ਸਮਝਣ ਤੋਂ ਵਾਰਿਸ ਸ਼ਾਹ ਕੁਝ ਪੱਛੜ ਗਿਆ ਲਗਦਾ ਹੈ ਪਰ ਦੇਸ਼ ਭਗਤੀ ਦੀ ਉਸ ਵਿਚ ਕੋਈ ਘਾਟ ਨਹੀਂ ਸੀ। ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਉਸ ਨੂੰ ਪਸੰਦ ਨਹੀਂ ਸਨ। ਉਹ ਅਹਿਮਦ ਸ਼ਾਹ ਨੂੰ ਫਿਟਕਾਰ ਭੇਜਦਾ ਹੈ ਜਦ ਕਹਿੰਦਾ ਹੈ:

**ਅਹਿਮਦ ਸ਼ਾਹ ਅਜਗੈਬ ਥੀਂ ਆਣ ਲਥਾ,**
**ਰੱਬ ਰੱਖ ਜੰਡਿਆਲੇ ਨੂੰ ਲੈਸੀਆਂ ਨੀ।**

ਇਸੇ ਤਰ੍ਹਾਂ ਹੀ ਉਸ ਨੂੰ ਕਸੂਰ ਲਈ ਵੀ ਇਤਨੀ ਹੀ ਹਮਦਰਦੀ ਹੈ। ਜੰਡਿਆਲੇ ਉਹ ਪੈਦਾ ਹੋਇਆ ਸੀ ਤੇ ਕਸੂਰ ਵਿਖੇ ਉਸ ਨੇ ਤਾਲੀਮ ਹਾਸਿਲ ਕੀਤੀ।

### 8.4 ਨਿਸ਼ਕਰਸ਼ (Conclusion)

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਵਾਰਿਸ ਸ਼ਾਹ ਪੰਜਾਬੀ ਦਾ ਇਕ ਅਜਿਹਾ ਮਹਾਨ ਸ਼ਾਇਰ ਸੀ ਜਿਸ ਨੇ ਪੰਜਾਬੀ ਸਾਹਿਤ ਨੂੰ 'ਹੀਰ' ਵਰਗੀ ਇਕ ਮਹਾਨ ਰਚਨਾ ਨਾਲ ਆਪਣਾ ਵੱਡਮੁੱਲਾ ਯੋਗਦਾਨ ਦਿੱਤਾ। ਕੁਲ ਮਿਲਾ ਕੇ ਵਾਰਿਸ ਦੀ 'ਹੀਰ' ਆਪਣੇ ਸਮੇਂ ਦੀ ਅਧਿਆਤਮਕ ਵਿਚਾਰਧਾਰਾ, ਸਮਾਜਿਕ ਪਰਿਸਥਿਤੀਆਂ, ਰਾਜਨੀਤਿਕ ਹਵਾਲਿਆਂ ਦਾ ਇਕ ਅਜਿਹਾ ਇਤਿਹਾਸਕ ਦਸਤਾਵੇਜ਼ ਹੈ ਜਿਸ ਵਿਚੋਂ ਤੱਤਕਾਲੀਨ ਸਮੇਂ ਦੀ ਮੂੰਹ ਬੋਲਦੀ ਤਸਵੀਰ ਨਜ਼ਰ ਆ ਜਾਂਦੀ ਹੈ।

### 8.5 ਔਖੇ ਸ਼ਬਦਾਂ ਦੇ ਅਰਥ (key words)

ਹਯਾਤੀ- ਜੀਵਨ/ਜਿੰਦਗੀ, ਦ੍ਰਿਸ਼ਟੀਗੋਚਰ- ਨਜ਼ਰ ਆਉਣਾ, ਸਿਰਮੌਰ- ਸਭ ਤੋਂ ਉਤੇ ਜਾਂ ਸਰਬਸ਼੍ਰੇਸ਼ਠ, ਰਸੂਲ-ਹਜ਼ਰਤ ਮੁਹੰਮਦ ਸਾਹਿਬ, ਹੱਕ - ਸੱਚ/ਸੱਚਾਈ, ਖ਼ਾਕ- ਮਿੱਟੀ/ਸਮ੍ਰਪਿੱਤ ਕਰਨਾ, ਜ਼ੁਹਦ- ਪ੍ਰਮਾਤਮਾ ਦੀ ਬੰਦਗੀ ਕਰਨਾ, ਦਰਵੇਸ਼ੀ-ਫ਼ਕੀਰੀ, ਧੀਦੋ-ਰਾਂਝੇ ਦਾ ਦੂਸਰਾ

ਨਾਂ ਧੀਦੋ ਸੀ, ਮੁਕਾਮ- ਮੰਜ਼ਿਲ, ਵਢੀਆਂ- ਰਿਸ਼ਵਤਾਂ, ਸੰਨ੍ਹਾਂ- ਕੰਧ ਤੋੜ ਕੇ ਚੋਰੀ ਕਰਨਾ, ਮੁਰਸ਼ਦ- ਅਧਿਆਤਮਕ ਗੁਰੂ, ਆਬਿਹਯਾਤ- ਅੰਮ੍ਰਿਤ/ਉਹ ਪਵਿਤਰ ਪਾਣੀ ਜਿਸਨੂੰ ਪੀ ਕੇ ਆਦਮੀ ਅਮਰ ਹੋ ਜਾਂਦਾ ਹੈ। ਪਰਵਰਦਿਗਾਰ-ਪ੍ਰਮਾਤਮਾ/ਇਸ਼ਵਰ, ਦਿਲਬਰ-ਪ੍ਰੇਮੀ, ਹਾਕਮ - ਰਾਜਾ

## 8.6 Self Assessment Questions (SAQ)

ਚਲੋ ਇਸ ਅਭਿਆਸ ਰਾਹੀਂ ਦੇਖਦੇ ਹਾਂ ਕਿ ਤੁਸੀਂ ਇਸ ਪਾਠ ਵਿਚੋਂ ਕੀ ਕੁਝ ਸਿੱਖਿਆ ਤੇ ਜਾਣਿਆ ਹੈ ਅਤੇ ਕੀ ਕੁੱਝ ਤੁਹਾਨੂੰ ਯਾਦ ਹੈ।ਇਸ ਅਭਿਆਸ ਰਾਹੀਂ ਤੁਸੀਂ ਆਪਣੀ ਪਰੀਖਿਆ ਆਪ ਲਵੋਗੇ। ਹੇਠ ਪੁੱਛੇ ਪ੍ਰਸ਼ਨਾਂ ਦੇ ਉੱਤਰ ਦੇਣ ਦਾ ਯਤਨ ਕਰੋ। ਜੇਕਰ ਤੁਸੀਂ ਉੱਤਰ ਦੇਣ ਵਿਚ ਸਫ਼ਲ ਹੋ ਗਏ ਤਾਂ ਤੁਸੀਂ ਅਗਲੇ ਪਾਠ ਲਈ ਤਿਆਰ ਮੰਨੇ ਜਾਉਗੇ।

1. 'ਧੀਦੋ' ਕਿਸ ਦਾ ਦੂਸਰਾ ਨਾਂ ਸੀ?
2. ਪਰਦੇ ਜਾਂ ਕੁੰਡ ਬਾਰੇ ਵਾਰਿਸ ਦੇ ਕੀ ਵਿਚਾਰ ਸੀ?
3. ਕੀ ਵਾਰਿਸ ਦਾਜ ਦਾ ਵਿਰੋਧੀ ਸੀ ?
4. ਵਾਰਿਸ ਕਿਹੋ ਜਿਹੇ ਕਰਮ ਕਰਨ ਨੂੰ ਕਹਿੰਦਾ ਹੈ?
5. ਵਾਰਿਸ ਅਨੁਸਾਰ ਮੁਰਸ਼ਦ/ਗੁਰੂ ਦੀ ਲੋੜ ਕਿਉਂ ਹੁੰਦੀ ਹੈ?

## 8.7 References / ਸਹਾਇਕ ਪੁਸਤਕ ਸੂਚੀ


1. ਕਾਂਗ, ਕੁਲਬੀਰ ਸਿੰਘ, 'ਪੰਜਾਬੀ ਕਿੱਸਾ ਸਾਹਿਤ ਦਾ ਇਤਿਹਾਸ' ਪੰਜਾਬੀ ਅਕਾਦਮੀ ਦਿੱਲੀ 2005
2. ਧਰਮਪਾਲ ਸਿੰਗਲ(ਡਾ.), ਬਦਨ ਬਲਦੇਵ ਸਿੰਘ(ਡਾ.), ਹੀਰ ਵਾਰਿਸ ਸ਼ਾਹ ਆਲੋਚਨਾਤਮਕ ਅਧਿਐਨ, ਦੀਪਕ ਪਬਲਿਸ਼ਰਜ਼, ਜਲੰਧਰ 2007।
3. ਕਾਂਗ, ਕੁਲਬੀਰ ਸਿੰਘ(ਡਾ.), ਸੱਯਦ ਵਾਰਿਸ ਸ਼ਾਹ, ਇਤਿਹਾਸਕ ਤੇ ਕਾਵਿ-ਮੁਲਾਂਕਣ, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ।


## 8.8 Suggestive Learning

ਪਾਠਕ ਜਾਂ ਵਿਦਿਆਰਥੀ ਨੂੰ ਸੁਝਾਓ ਦਿਤਾ ਜਾਂਦਾ ਹੈ ਕਿ ਇਸ ਪਾਠ ਨੂੰ ਪੜ੍ਹਣ ਦੇ ਨਾਲ-ਨਾਲ ਸੂਫ਼ੀ ਵਿਚਾਰਧਾਰਾ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨ।

# (ਵਾਰਿਸ ਦੀ ਕਾਵਿ ਕਲਾ)

**Structure of The lesson**

9.1 ਉਦੇਸ਼ (Objective of the Lesson)

9.2 ਭੂਮਿਕਾ (Introduction)

9.3 ਹੀਰ ਵਾਰਿਸ ਦੀ ਕਾਵਿ ਕਲਾ

- 9.3.1 ਵਾਰਿਸ ਦੀ ਭਾਸ਼ਾ
- 9.3.2 ਅਟੱਲ ਸੱਚਾਈਆਂ
- 9.3.3 ਵਾਰਤਲਾਪ ਤੇ ਨਾਟਕੀ ਮੌਕੇ
- 9.3.4 ਪਾਤਰ ਚਿਤ੍ਰਣ/ਪਾਤਰ ਸੰਕਲਪ
- 9.3.5 ਪ੍ਰਕਿਰਤੀ ਚਿਤ੍ਰਣ
- 9.3.6 ਵਿਰਹਾ
- 9.3.7 ਛੰਦ ਪ੍ਰਬੰਧ
- 9.3.8 ਰਸ ਵਿਵੇਚਨ
- 9.3.9 ਅਲੰਕਾਰ ਵਿਧਾਨ
- 9.3.10 ਬਿੰਬਾਵਲੀ

9.4 ਨਿਸ਼ਕਰਸ਼ (Conclusion)

9.5 ਔਖੇ ਸ਼ਬਦਾਂ ਦੇ ਅਰਥ (Key Words)

9.6 Self Assessment Questions(SAQ)

9.7 References

9.8 Suggestive learning

## 9.1 ਉਦੇਸ਼ (Objective of the Lesson)

ਕਿਸੇ ਵੀ ਸਾਹਿਤਕਾਰ, ਕਵੀ ਜਾਂ ਕਲਾਕਾਰ ਦੀ ਪ੍ਰਸਿੱਧੀ ਉਸ ਦੀ ਕਲਾ ਕੌਸ਼ਲਤਾ 'ਤੇ ਨਿਰਭਰ ਕਰਦੀ ਹੈ। ਵਾਰਿਸ ਦੀ ਪ੍ਰਸਿੱਧੀ ਪਿੱਛੇ ਵੀ ਕਲਾ ਪੱਖ ਹੀ ਸੀ।ਪਛਿਲੇ ਪਾਠ ਵਿਚ ਅਸੀਂ ਹੀਰ ਵਾਰਿਸ ਦੀ ਵਿਚਾਰਧਾਰਾ ਬਾਰੇ ਚਰਚਾ ਕੀਤੀ ਸੀ। ਇਸ ਭਾਗ ਵਿਚ ਅਸੀਂ ਉਸ ਦੇ ਕਾਵਿ ਗੁਣਾਂ ਬਾਰੇ ਵਿਚਾਰ ਕਰਾਂਗੇ ਅਤੇ ਦੇਖਾਂਗੇ ਕਿ ਆਖਿਰ ਉਹ ਕਿਹੜੇ ਕਾਵਿ ਗੁਣ ਸਨ ਜਿਨਾਂ ਕਰਕੇ ਵਾਰਿਸ ਬਾਕੀ ਕਵੀਆਂ ਦੇ ਮੁਕਾਬਲੇ ਵੱਧ ਮਕਬੂਲ ਹੋਇਆ।

## 9.2 ਭੂਮਿਕਾ (Introduction)

ਪੰਜਾਬੀ ਕਿੱਸਾਕਾਰੀ ਵਿਚ ਗਿਣਤੀ ਪੱਖੋਂ ਸਭ ਤੋਂ ਵੱਧ ਦੇਣ ਅਹਿਮਦਯਾਰ ਦੀ ਹੈ ਪਰ ਕਲਾ ਕੁਸ਼ਲਤਾ ਵਜੋਂ ਸਭ ਤੋਂ ਵੱਧ ਪ੍ਰਸਿੱਧੀ ਪ੍ਰਾਪਤੀ ਦਮੋਦਰ ਤੇ ਵਾਰਿਸ ਨੇ ਹੀ ਕੀਤੀ ਹੈ। ਪੀਲੂ, ਹਾਫ਼ਿਜ਼ ਬਰਖੁਰਦਾਰ, ਅਹਿਸਦ ਗੁੱਜਰ, ਹਾਮਦ, ਮੁਕਬਲ, ਹਾਸ਼ਮ ਸ਼ਾਹ, ਕਾਦਰਯਾਰ, ਫ਼ਜ਼ਲ ਸ਼ਾਹ, ਕਿਸ਼ਨ ਸਿੰਘ ਆਰਿਫ, ਜੋਗਾ ਸਿੰਘ, ਭਗਵਾਨ ਸਿੰਘ, ਪਾਲ ਸਿੰਘ ਆਰਿਫ਼ ਆਦਿ ਦੂਜੇ ਦਰਜੇ ਦੇ ਕਵੀ ਸਨ। ਦਮੋਦਰ ਤੇ ਵਾਰਿਸ ਵਿਚੋਂ ਵਾਰਿਸ ਨੇ ਸਭ ਤੋਂ ਵੱਧ ਧਿਆਨ ਆਪਣੇ ਵਲ ਖਿੱਚਿਆ ਹੈ ਅਤੇ ਪ੍ਰਸ਼ੰਸਾ ਖੱਟੀ।ਆਪਣੀ ਕਲਾ ਕਰਕੇ ਹੀ ਵਾਰਿਸ ਪੰਜਾਬੀ ਕਿੱਸਕਾਰੀ ਦਾ ਸਰਵੋਤਮ ਕਵੀ ਹੈ।

## 9.3 ਹੀਰ ਵਾਰਿਸ ਕਾਵਿ ਕਲਾ

ਵਾਰਿਸ ਪੰਜਾਬੀ ਦਾ ਸਿਰਮੌਰ ਕਿੱਸਾਕਾਰ ਹੈ। ਉਸ ਦੇ ਕਿੱਸੇ ਦੇ ਪ੍ਰਚਲਤ ਹੋ ਜਾਣ ਦੇ ਕਈ ਕਾਰਨ ਹਨ: ਉਸ ਦੀ ਕੇਂਦਰੀ ਮੁਹਾਵਰੇ ਵਾਲੀ ਸੋਖੀ ਸਮਝ ਆਣ ਵਾਲੀ ਬੋਲੀ, ਬੈਂਤ ਛੰਦ ਤੇ ਕਾਵਿਕ ਵਹਾ, ਪੰਜਾਬ ਦੇ ਪੇਂਡੂ ਜੀਵਨ ਤੇ ਸਭਿਆਚਾਰ ਦੀ ਸੁਘੜ ਚਿੱਤਰਕਾਰੀ, ਲੋਕ ਸੂਝ ਤੇ ਸਿਆਣਪਾਂ ਦੀ ਅਥਾਹ ਜਾਣਕਾਰੀ ਤੇ ਉਸ ਨੂੰ ਆਪਣੇ ਕਿੱਸੇ ਵਿਚ ਵਰਤਣ ਦੀ ਜਾਚ, ਕਿੱਸੇ ਦੇ ਨਾਟਕੀ ਮੌਕਿਆਂ ਨੂੰ ਬੰਨਣ ਤੇ ਉਸਾਰਣ ਦਾ ਕਮਾਲ, ਨਾਇਕ ਤੇ ਨਾਇਕਾਂ ਦੀਆਂ ਦੁਖਦੀਆਂ ਰਗਾਂ ਉੱਤੇ ਉਂਗਲ ਧਰ ਕੇ ਉਨ੍ਹਾਂ ਦੇ ਜਜ਼ਬਿਆਂ ਨੂੰ ਰਾਂਗਲੇ, ਦਰਦੀਲੇ ਤੇ ਕਰੁਣਾਮਈ ਢੰਗ ਨਾਲ ਪ੍ਰਗਟਾ ਸਕਣ ਦੀ ਜਾਚ ਅਤੇ ਉਸ ਦਾ ਗੱਲਬਾਤੀ ਢੰਗ। ਇਸ ਕਰਕੇ ਸਮੁੱਚੇ ਪੰਜਾਬ ਵਿਚ ਉਸ ਦਾ ਕਿੱਸਾ ਬਹੁਤ ਮਕਬੂਲ ਹੋਇਆ। ਰਸ, ਉਪਮਾਵਾਂ ਤੇ ਅਲੰਕਾਰ ਦੀ ਸੁਯੋਗ ਵਰਤੋਂ ਨੇ ਉਸ ਦੀ ਕਾਵਿ ਕਲਾ ਨੂੰ ਸੁਹਜ ਭਰਪੂਰ ਬਣਾ ਦਿੱਤਾ ਹੈ। ਕਿੱਸਾ ਕਾਵਿ ਵਿਚ ਬੈਂਤ ਛੰਦ ਦੀ ਵਰਤੋਂ ਨੂੰ ਉਸ ਨੇ ਸਿਖ਼ਰ ਉੱਤੇ ਪਹੁੰਚਾ ਦਿੱਤਾ। ਉਸਨੇ ਛੰਦ ਦੀ ਵਰਤੋਂ ਸਮੇਂ ਭਰਪੂਰ ਖੁੱਲਾਂ ਵੀ ਪ੍ਰਾਪਤ ਕੀਤੀਆਂ ਸਨ। ਉਸ ਨੂੰ ਛੰਦ-ਸ਼ਾਸਤਰ ਸੰਬੰਧੀ ਚੰਗੀ ਮੁਹਾਰਤ ਹਾਸਲ ਹੈ। ਕਵਿਤਾ ਵਿਚ ਪ੍ਰਕਿਰਤੀ ਚਿਤਰਨ, ਅਟੁੱਟ ਰਿਦਮ, ਚੁਸਤ ਤੇ ਅਦੁੱਤੀ ਤੁਕਬੰਦੀ, ਢੁਕਵੇਂ ਸ਼ਬਦਾਂ ਦਾ ਭੰਡਾਰ,

ਆਪ ਮੁਹਾਰੇ ਤੁਰੇ ਆਉਂਦੇ ਸੁਹਜ ਭਰੇ ਸ਼ਬਦਾਂ ਦੇ ਹੜ੍ਹ, ਫਬਦੀ ਬੀੜਨ ਕਲਾ, ਆਦਿ ਉਸ ਦੀ ਕਾਵਿ ਸ਼ੈਲੀ ਦੇ ਮੀਰੀ ਗੁਣ ਹਨ। ਇਨ੍ਹਾਂ ਗੁਣਾਂ ਦੇ ਸਦਕਾ ਉਹ ਮੱਧਕਾਲ ਦੇ ਨਿਪੁੰਨ ਸ਼ੈਲੀਕਾਰਾਂ ਵਿਚ ਸ਼ੁਮਾਰ ਹੋ ਗਿਆ ਹੈ।ਉਸ ਦੀ ਕਾਵਿ ਕਲਾ ਦੇ ਪ੍ਰਮੁੱਖ ਗੁਣ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹਨ;

### 9.3.1 'ਹੀਰ' ਵਾਰਿਸ ਦੀ ਭਾਸ਼ਾ

ਹੀਰ ਵਾਰਿਸ ਦੇ ਇਤਨਾ ਸੁਆਦਲਾ ਤੇ ਲੋਕਪ੍ਰਿਯ ਹੋਣ ਦਾ ਪ੍ਰਮੁੱਖ ਕਾਰਨ ਇਸ ਵਿਚ ਵਰਤੀ ਗਈ ਠੇਠ ਤੇ ਲੋਕ ਪੱਧਰ ਦੀ ਬੋਲੀ ਹੈ। ਇਹ ਬੋਲੀ ਗੁਜਰਾਂਵਾਲਾ, ਲਾਹੌਰ ਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਦੀ ਬੋਲੀ ਦੇ ਨੇੜੇ ਹੈ ਤੇ ਬਾਕੀ ਸਾਰੇ ਪੂਰਬੀ ਤੇ ਪੱਛਮੀ ਪੰਜਾਬ ਵਿਚ ਇਸ ਨੂੰ ਚੰਗੀ ਤਰ੍ਹਾਂ ਸਮਝਿਆ ਜਾਂਦਾ ਹੈ। ਉਸ ਦੀ ਬੋਲੀ ਮੁਹਾਵਰੇਦਾਰ ਹੈ, ਅਖਾਉਤਾਂ ਤੇ ਅਖਾਣ ਆਮ ਵਰਤੇ ਗਏ ਹਨ। ਇਸ ਵਿਚ ਫ਼ਾਰਸੀ, ਹਿੰਦੀ ਆਦਿ ਦੇ ਸਜਦੇ-ਫਬਦੇ ਸ਼ਬਦ ਵੀ ਜੜੇ ਹੋਏ ਹਨ। ਵਾਰਿਸ ਦੀ ਸ਼ਬਦ ਚੋਣ ਅਤੇ ਢੁਕਵੀਂ ਬੋਲੀ ਦਾ ਇਹ ਗੁਣ ਹੈ ਕਿ ਉਹ ਮੌਲਵੀਆਂ ਦੇ ਪਾਖੰਡ ਦੀਆਂ ਗੰਢਾਂ ਖੋਲ੍ਹਣ ਲਈ ਅਤੇ ਧਰਮ ਦੇ ਅਪਵਿੱਤਰ ਆਗੂਆਂ ਦੀ ਖੋਖਲੀ ਸਦਾਚਾਰਕਤਾ ਦਾ ਭਾਡਾਂ ਭੰਨਣ ਲਈ ਰਾਂਝੇ ਕੋਲੋਂ ਬੜੇ ਸਖ਼ਤ ਸ਼ਬਦ ਅਖਵਾਉਂਦਾ ਹੈ। ਇਨ੍ਹਾਂ ਸ਼ਬਦਾਂ ਰਾਹੀਂ ਸਮਾਜਕ ਢਾਂਚੇ ਉੱਤੇ ਬੜੀ ਕਰੜੀ ਆਲੋਚਨਾ ਕੀਤੀ ਗਈ ਹੈ। ਉਸ ਦਾ ਸ਼ਬਦ ਭੰਡਾਰ ਉਸ ਦੇ ਭਾਵਾਂ ਅਤੇ ਅਨੁਭਵਾਂ ਦਾ ਡਟ ਕੇ ਸਾਥ ਦਿੰਦਾ ਹੈ। ਹਰ ਵੱਡੇ ਤੇ ਕੋਮਲ ਭਾਵ ਨੂੰ ਪ੍ਰਗਟਾਉਣ ਵੀ ਕੋਸ਼ਿਸ਼ ਕਰਦਾ ਹੈ। ਉਸ ਦੀ ਬੋਲੀ ਲੋੜ ਤੇ ਪਾਤਰਾਂ ਮੁਤਾਬਕ ਬਦਲਦੀ ਵੀ ਗਈ ਹੈ। ਵਾਰਿਸ ਸ਼ਾਹ ਦੀ ਬੋਲੀ ਵਿਚ ਸ਼ਕਤੀ ਤੇ ਜਾਨ ਕਾਇਮ ਹੈ। ਉਸ ਦੀ ਭਾਸ਼ਾ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਵੱਡੀ ਤੋਂ ਵੱਡੀ ਗੱਲ ਜਾਂ ਵਿਚਾਰ ਨੂੰ ਘੱਟ ਤੋਂ ਘੱਟ ਸ਼ਬਦਾਂ ਵਿਚ ਕਹਿ ਸਕਦਾ ਹੈ ਅਤੇ ਕਿਸੇ ਛੋਟੀ ਜਿਹੀ ਘਟਨਾ/ਦ੍ਰਿਸ਼ ਨੂੰ ਲੰਮਾ ਚੌੜਾ ਵਿਸਥਾਰ ਦੇਣ ਦੀ ਸਮਰੱਥਾ ਵੀ ਰੱਖਦਾ ਹੈ। ਵਾਰਿਸ ਦੀ ਭਾਸ਼ਾ ਦਾ ਜਾਦੂ ਉਸ ਦੇ ਕਾਵਿ-ਚਿੱਤਰਾਂ ਵਿਚੋਂ ਨਿੱਖਰਦਾ ਹੈ। ਨਿਮਨ ਅੰਕਿਤ ਕਾਵਿ-ਚਿਤਰ ਦੀ ਮੁਹਾਰ ਵੇਖਣਯੋਗ ਹੈ, ਜਿਸ ਵਿਚ ਉਸ ਨੇ ਵਿਸ਼ੇਸ਼ ਭਾਂਤ ਦੇ ਸ਼ਬਦਾਂ ਨੂੰ ਇਕ ਵਿਸ਼ੇਸ਼ ਵਿਧੀ ਨਾਲ ਬੀੜ ਕੇ ਰਾਗਾਤਮਕ ਲੈਅ ਵਿਚ ਹੀ ਲੋੜੀਂਦੇ ਅਰਥ ਭਰ ਦਿੱਤੇ ਹਨ:

**ਮੂੰਹ ਘੁੱਟ ਰਹੇ, ਵਾਲ ਪੁੱਟ ਰਹੇ, ਲਿੰਝ ਕੁੱਟ ਰਹੇ, ਮੈਨੂੰ ਤਾਇਆ ਈ।**
**ਹਿੱਕ ਹੁੱਟ ਰਹੇ, ਝਾਟਾ ਪੁੱਟ ਰਹੇ, ਅੰਤ ਹੁੱਟ ਰਹੇ, ਗ਼ੈਬ ਚਾਇਆ ਈ।**

ਕਵੀ ਨੇ ਵਾਰਤਾਲਾਪੀ ਢੰਗ ਵਰਤ ਕੇ ਬੋਲੀ ਨੂੰ ਹੋਰ ਪਿਆਰਾ ਤੇ ਭਾਵਪੂਰਤ ਬਣਾ ਦਿੱਤਾ ਹੈ। ਉਸ ਕੋਲ ਸ਼ਬਦਾਂ ਦਾ ਕੋਸ਼ਗਤ ਗਿਆਨ ਹੈ। ਉਸ ਦੇ ਕਿੱਸੇ ਵਿਚ ਕਿਤੇ ਵੀ ਸ਼ਬਦਾਂ ਦੀ ਘਾਟ ਮਹਿਸੂਸ ਨਹੀਂ ਹੁੰਦੀ। ਉਸ ਨੂੰ ਭਾਸ਼ਾ ਦੇ ਗੁੱਝੇ ਭੇਦਾਂ ਦਾ ਗਿਆਨ ਹੈ ਲੋੜ ਪੈਣ ਉੱਤੇ ਉਹ ਨਵੇਂ ਸ਼ਬਦ ਵੀ ਸਿਰਜ ਸਕਦਾ ਹੈ।

ਵਾਰਿਸ ਨੇ ਸ਼ਬਦਾਵਲੀ ਦੀ ਵਰਤੋਂ ਕਰਦੇ ਸਮੇਂ ਰਾਗ ਉਪਜਾਉਣ ਦਾ ਖਿਆਲ ਵੀ ਧਿਆਨ ਵਿਚ ਰੱਖਿਆ ਹੈ, ਇਸ ਕਰਕੇ ਉਸ ਦਾ ਕੋਈ ਵੀ ਸ਼ਬਦ ਅੜਦਾ ਨਹੀਂ ਹੈ। ਜਾਪਦਾ ਹੈ ਕਿ ਵਾਰਿਸ ਕੇਵਲ ਕਵੀ ਹੀ ਨਹੀਂ, ਸਗੋਂ ਇਕ ਚੰਗਾ ਗਾਇਕ ਵੀ ਸੀ। ਉਹ ਹਰ ਇਕ ਸ਼ੇਅਰ

ਨੂੰ ਲਿਖ ਕੇ ਤੇ ਫਿਰ ਗਾ ਕੇ ਵੇਖ ਲੈਂਦਾ ਸੀ। ਉਸ ਨੇ ਆਪਣੀ ਰਚਨਾ ਵਿਚ ਕਿਤੇ-ਕਿਤੇ ਕਾਫ਼ੀਏ ਜਾਂ ਤੋਲ ਤੇ ਬਹਿਰ ਦੀ ਲੋੜ ਨੂੰ ਮਹਿਸੂਸ ਕਰਦਿਆਂ ਸ਼ਬਦਾਂ ਨੂੰ ਭੰਨਣ-ਤੋੜਨ ਤੋਂ ਵੀ ਗੁਰੇਜ਼ ਨਹੀਂ ਕੀਤਾ ਹੈ।

ਹੀਰ ਰਾਂਝੇ ਦੀ ਪ੍ਰੇਮ ਕਹਾਣੀ ਮੁਸਲਮਾਨ ਪਾਤਰਾਂ ਦੀ ਕਹਾਣੀ ਹੈ। ਇਸ ਲਈ ਜ਼ਰੂਰੀ ਸੀ ਕਿ ਇਸ ਕਹਾਣੀ ਨੂੰ ਬਿਆਨ ਕਰਨ ਵਾਲਾ ਕਵੀ ਇਸਲਾਮ ਦੀ ਦੀਨੀ ਸ਼ਬਦਾਵਲੀ ਤੋਂ ਚੰਗੀ ਤਰ੍ਹਾਂ ਜਾਣੂ ਹੋਵੇ। ਵਾਰਿਸ ਦੁਨਿਆਵੀ ਪ੍ਰੇਮ ਦੇ ਕਿੱਸੇ ਵਿਚ ਅਧਿਆਤਮਕ ਅਰਥ ਭਰਦਾ ਹੈ। ਇਸ ਕਾਰਨ ਉਸ ਦੀ ਰਚਨਾ ਵਿਚ ਕੁਰਾਨ ਦੀਆਂ ਆਇਤਾਂ ਅਤੇ ਅਰਬੀ ਦੇ ਕਈ ਸ਼ਬਦ ਸਹਿਜੇ ਹੀ ਆ ਗਏ ਹਨ ਕਿਉਂਕਿ ਮੁਸਲਮਾਨਾਂ ਦਾ ਧਾਰਮਿਕ ਸਾਹਿਤ ਵਧੇਰੇ ਅਰਬੀ ਵਿਚ ਹੀ ਹੈ। ਇਸ ਰਚਨਾ ਤੋਂ ਵਾਰਿਸ ਅਰਬੀ-ਫ਼ਾਰਸੀ ਦਾ ਚੰਗਾ ਵਿਦਵਾਨ ਜਾਪਦਾ ਹੈ। ਉਸ ਦੇ ਸਮੇਂ ਪੰਜਾਬ ਦੀ ਰਾਜ ਭਾਸ਼ਾ ਫ਼ਾਰਸੀ ਸੀ। ਰਾਜ ਭਾਸ਼ਾ ਦੇ ਸ਼ਬਦ ਦੂਜੀਆਂ ਬੋਲੀਆਂ ਵਿਚ ਅਵੱਸ਼ ਹੀ ਆ ਜਾਇਆ ਕਰਦੇ ਹਨ। ਵਾਰਿਸ ਦੇ ਸਮੇਂ ਵਿਚ ਪੰਜਾਬ ਦੇ ਸਮਾਜਿਕ ਮਾਹੌਲ ਵਿਚ ਇਸਲਾਮੀ ਸਭਿਆਚਾਰ ਦਾ ਖਾਸਾ ਜ਼ੋਰ ਸੀ। ਉਸ ਦੇ ਸਰੋਤਿਆਂ ਦੀ ਬਹੁਗਿਣਤੀ ਤੇ ਵਾਰਿਸ ਖ਼ੁਦ ਵੀ ਮੁਸਲਮਾਨ ਸੀ। ਕਿੱਸੇ ਦੀ ਕਹਾਣੀ ਵੀ ਮੁਸਲਮਾਨੀ ਜੀਵਨ ਨਾਲ ਹੀ ਸੰਬੰਧਿਤ ਹੈ। ਫ਼ਾਰਸੀ ਤੇ ਇਸਲਾਮ ਧਰਮ ਦਾ ਨਿਕਟਵਰਤੀ ਸੰਬੰਧ ਹੈ। ਇਸ ਕਰਕੇ ਵਾਰਿਸ ਉੱਤੇ ਫ਼ਾਰਸੀ ਦਾ ਪ੍ਰਭਾਵ ਪੈਣਾ ਸੁਭਵਿਕ ਸੀ। ਕਿੱਸਾਕਾਰ ਕਿਉਂਕਿ ਦੁਨਿਆਵੀ ਪ੍ਰੇਮ ਦੇ ਕਿੱਸੇ ਵਿਚ ਅਧਿਆਤਮਕ ਅਰਥ ਭਰਦਾ ਹੈ। ਸੂਫ਼ੀ ਡੇਰਿਆਂ ਅਤੇ ਜੋਗੀਆਂ ਦੀਆਂ ਸਰਗਰਮੀਆਂ ਦੇ ਪ੍ਰਭਾਵ ਕਾਰਨ ਕ੍ਰਮਵਾਰ ਉਰਦੂ ਤੇ ਸਾਧ ਭਾਸ਼ਾ ਦੀ ਸ਼ਬਦਾਵਲੀ ਵੀ ਉਸ ਦੀ ਰਚਨਾ ਵਿਚ ਸ਼ਾਮਿਲ ਹੋ ਗਈ। ਉਸ ਨੇ ਕਿੱਸੇ ਦੀ ਠੇਠ ਪੰਜਾਬੀ ਵਿਚ ਅਰਬੀ, ਫ਼ਾਰਸੀ ਤੇ ਕਈ ਥਾਵਾਂ ਤੇ ਕੁਰਾਨ ਦੀਆਂ ਆਇਤਾਂ ਇਸ ਤਰ੍ਹਾਂ ਗੁੰਨ ਕੇ ਪੇਸ਼ ਕੀਤੀਆਂ ਹਨ ਕਿ ਉਹਨਾਂ ਤੋਂ ਇਸਲਾਮ ਧਰਮ ਤੇ ਸਭਿਆਚਾਰ ਦੀ ਚੋਖੀ ਜਾਣਕਾਰੀ ਮਿਲਦੀ ਹੈ। ਪਰ ਵਾਰਿਸ ਬਾਰੇ ਇਥੇ ਇਕ ਗੱਲ ਸਪੱਸ਼ਟ ਹੈ ਕਿ ਉਸ ਦੇ ਕਿੱਸੇ ਵਿਚ ਭਾਰਤੀਪੁਣੇ ਨਾਲੋਂ ਸੱਯਦਪੁਣਾ ਵਧੇਰੇ ਸਵਾਰ ਹੈ। ਉਸ ਨੇ ਆਪਣੇ ਕਿੱਸੇ ਵਿਚ ਕਈ ਥਾਈਂ ਇਸਲਾਮੀ ਵਿਚਾਰਧਾਰਾ ਨਾਲ ਸੰਬੰਧਿਤ ਅਰਬੀ ਫ਼ਾਰਸੀ ਦੇ ਤਤਸਮ ਸ਼ਬਦ ਚੁਣ-ਚੁਣ ਕੇ ਵਰਤੇ ਹਨ ਜੋ ਉਸ ਦੇ ਕਿੱਸੇ ਦੀ ਭਾਸ਼ਾ ਦਾ ਦੋਸ਼ ਬਣ ਗਏ ਹਨ ਜਿਵੇਂ ਇਸਤਗਫ਼ਾਰ, ਕਲੂਬ, ਕਦੂਰਤ, ਸ਼ਊਰ, ਤਰੋਲ, ਮਰਤਬਾ, ਮਹਿਸ਼ਰ, ਅਵਲ ਆਦਿ।

### 9.3.2 ਅਟੱਲ ਸੱਚਾਈਆਂ

ਵਾਰਿਸ ਪੰਜਾਬ ਦੇ ਦਿਲਾਂ ਦੀ ਆਵਾਜ਼ ਹੈ। ਉਸ ਦੀ ਲੋਕ ਪ੍ਰਿਯਤਾ ਦੀ ਇਹ ਇਕ ਖ਼ੂਬੀ ਹੈ ਕਿ ਉਸ ਦੀ ਕਵਿਤਾ ਦੀਆਂ ਬਹੁਤ ਸਾਰੀਆਂ ਤੁੱਕਾਂ, ਅਖੋਤਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਕਵੀ ਦੀਆਂ ਟਿੱਪਣੀਆਂ ਅਖੋਤਬੰਦੀ ਦੇ ਨਮੂਨੇ ਹਨ। ਲੋਕ-ਵਿਦਵਤਾ ਤੇ ਸਿਆਣਪ ਇਨ੍ਹਾਂ ਵਿਚ ਕੁੱਟ-ਕੁੱਟ ਕੇ ਭਰ ਦਿੱਤੀ ਗਈ ਹੈ। ਕਿੱਸੇ ਵਿਚ ਜਦੋਂ ਹੀਰ ਤੇ ਰਾਂਝਾ ਜਾਂ ਰਾਂਝਾਂ ਤੇ ਸਹਿਤੀ ਦੀ ਵਾਰਤਾਲਾਪ ਚਲਦੀ ਹੈ ਤਾਂ ਮਰਦ ਬਨਾਮ ਔਰਤ ਦਾ ਅਮੁੱਕ ਝਗੜਾ ਚੱਲ ਪੈਂਦਾ ਹੈ। ਅਜਿਹੇ ਸੰਵਾਦ ਵਿਚ ਬਹੁਤ ਥਾਵਾਂ ਉੱਤੇ ਮੁਹਾਵਰਿਆਂ ਦੀ ਦੋਹਾਂ ਪਾਸਿਆਂ ਤੋਂ ਬੁਛਾੜ ਸ਼ੁਰੂ ਹੋ ਜਾਂਦੀ

ਹੈ ਅਤੇ ਇਹ ਸੰਵਾਦ ਅਖੌਤਬੰਦੀ ਦੇ ਮੁਕਾਬਲੇ ਬਣ ਕੇ ਰਹਿ ਜਾਂਦੇ ਹਨ। ਇਹ ਮੁਹਾਵਰੇ ਕਵੀ ਦੇ ਜੀਵਨ ਅਨੁਭਵ ਦੇ ਸਾਰ ਤੱਤ ਹਨ।

ਵਾਰਿਸ ਦੇ ਕਿੱਸੇ ਦਾ ਬਿਆਨ ਆਧੁਨਿਕ ਵਿਚਾਰ ਅਨੁਸਾਰ ਬੇਸ਼ਕ ਯਥਾਰਥਕ ਨਾ ਹੋਵੇ ਪਰ ਇਸ ਸਮੇਂ ਦੀਆਂ ਬੇਸ਼ੁਮਾਰ ਸੱਚਾਈਆਂ, ਭਾਵੁਕ, ਕਰਮਾਂ, ਪ੍ਰਤੀਕਰਮਾਂ, ਰਸਮਾਂ ਰਿਵਾਜ਼ਾਂ, ਸੰਸਕਾਰਾਂ ਤੇ ਵਿਸ਼ਵਾਸ ਅਤੇ ਹੋਰ ਸਮਾਜਕ, ਆਰਥਿਕ ਤੇ ਧਾਰਮਿਕ ਸੱਚਾਈਆਂ ਦਾ ਭਰਪੂਰ ਵਰਣਨ ਹੈ। ਇਸ ਵਰਣਨ ਸਮੇਂ ਕਵੀ ਦੀਆਂ ਕੁਝ ਕਾਵਿ ਪੰਕਤੀਆਂ ਜਾਂ ਮੁਹਾਵਰੇ/ਅਟਲ ਸੱਚਾਈਆਂ ਦਾ ਦਰਜਾ ਹਾਸਿਲ ਕਰ ਗਈਆਂ ਹਨ:

- ਵਾਰਿਸ ਸ਼ਾਹ ਫ਼ਕੀਰ ਦੀ ਰੰਨ ਵੈਰਨ, ਜਿਵੇਂ ਮਿਰਗ ਨੇ ਵੈਰ ਅੰਗੂਰੀਆਂ ਦੇ।
- ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕਟੀਏ ਪੋਰੀਆਂ ਪੋਰੀਆਂ ਵੇ।

### 9.3.3 ਵਾਰਤਲਾਪ ਤੇ ਨਾਟਕੀ ਮੌਕੇ

ਪੰਜਾਬੀ ਕਿੱਸਿਆਂ ਵਿਚ ਬਿਰਤਾਂਤ ਨਾਲੋਂ ਵਾਰਤਾਲਾਪ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਦ੍ਰਿਸ਼ਟੀਗੋਚਰ ਹੁੰਦਾ ਹੈ। ਇਨ੍ਹਾਂ ਕਿੱਸਿਆਂ ਦੇ ਵਾਰਤਾਲਾਪ ਵਿਚ ਸਮਾਨਤਾ/ਇਕਸਾਰਤਾ ਕਾਫ਼ੀ ਹੁੰਦੀ ਹੈ। ਇਸ਼ਕ ਦੇ ਕਿੱਸਿਆਂ ਵਿਚ ਆਮ ਤੌਰ ਤੇ ਨਾਇਕ/ਨਾਇਕਾ ਦੇ ਇਸ਼ਕ ਦੇ ਨਸ਼ਰ ਹੋਣ ਤੋਂ ਪਿਛੋਂ ਮਾਂ, ਧੀ ਨੂੰ ਇਸ਼ਕ ਤੋਂ ਵਰਜਦੀ ਹੈ ਤੇ ਇਸ ਦੀਆਂ ਦੁਸ਼ਵਾਰੀਆਂ ਨੂੰ ਪ੍ਰਗਟ ਕਰਦੀ ਹੈ ਪਰ ਫਿਰ ਉਹ ਆਪਣੇ ਇਸ਼ਕ ਦਾ ਇਕਬਾਲ ਹੀ ਨਹੀਂ ਕਰਦੀ ਸਗੋਂ ਪੂਰੀ ਨਿਸ਼ੰਗਤਾ ਨਾਲ ਉਸ ਦੇ ਹੱਕ ਭੁਗਤਦੀ ਹੈ। ਹੀਰ ਰਾਂਝੇ ਦੇ ਕਿੱਸਿਆਂ ਖਾਸ ਕਰਕੇ ਵਾਰਿਸ ਦੇ ਕਿੱਸੇ ਵਿਚ ਰਾਂਝੇ ਤੇ ਭਾਬੀਆਂ, ਹੀਰ ਤੇ ਰਾਂਝੇ, ਹੀਰ ਤੇ ਉਸ ਦੀ ਮਾਂ, ਹੀਰ ਤੇ ਕਾਜ਼ੀ, ਹੀਰ ਤੇ ਸਹਿਤੀ, ਸਹਿਤੀ ਤੇ ਰਾਂਝਾ ਜੋਗੀ ਅਦਿ ਦੀ ਵਾਰਤਾਲਾਪ ਬਹੁਤ ਦਿਲਚਸਪ ਤੇ ਉਚੇਰੀ ਪੱਧਰ ਦੀ ਹੈ। ਇਸ ਤਰ੍ਹਾਂ ਕਿੱਸੇ ਵਿਚ ਸੰਵਾਦਾਂ ਦੀ ਝੜੀ ਲੱਗ ਜਾਂਦੀ ਹੈ। ਕਿੱਸੇ ਵਿਚ ਇੰਨੇ ਲੰਮੇ ਸੰਵਾਦ ਰਚਨੇ ਕੋਈ ਸਾਧਾਰਨ ਗੱਲ ਨਹੀਂ। ਇਹ ਗੁਣ ਕਿਸੇ ਵਿਰਲੇ ਕਵੀ ਦੇ ਹਿੱਸੇ ਆਇਆ ਹੈ। ਹੀਰ ਵਾਰਿਸ ਨੂੰ ਇਹ ਵਾਰਤਾਲਾਪ ਤੇ ਨਾਟਕੀ ਰੰਗ ਬਿਰਤਾਂਤ ਕਾਵਿ ਦੀ ਥਾਂ ਕਾਵਿ ਨਾਟ ਦੇ ਨੇੜੇ ਲੈ ਜਾਂਦਾ ਹੈ।

ਪਾਤਰਾਂ ਦੀ ਆਪਸੀ ਵਾਰਤਾਲਾਪ ਬਹੁਤੀ ਵਾਰ ਸਵਾਲਾਂ-ਜਵਾਬਾਂ ਤੋਂ ਵੱਧ ਕੇ ਨਾਟਕੀ ਤੇ ਰੋਚਕ ਬਣ ਜਾਂਦੀ ਹੈ। ਕਿੱਸਾਕਾਰ ਵਾਰਤਾਲਾਪ ਰਾਹੀਂ ਆਪਣੀ ਕਾਬਲੀਅਤ, ਬਹੁ-ਪੱਖੀ, ਗਿਆਨ ਤੇ ਡੂੰਘੇ ਜੀਵਨ ਅਨੁਭਵ ਦਾ ਪ੍ਰਗਟਾਵਾ ਕਰਦੇ ਹਨ। ਕਿਸੇ ਵੀ ਕਿੱਸਾਕਾਰ ਦੀ ਜ਼ਬਾਨ ਦਾ ਮੁਹਾਵਰਾ, ਵਾਰਤਾਲਾਪੀ ਗੁਣ, ਮੁਹਾਵਰਾ ਬੰਦੀ, ਅਲੰਕਾਰ ਜੜ੍ਹਤ, ਭਾਵ ਪ੍ਰਗਟਾਓ ਤੇ ਨਾਟਕੀ ਰੰਗ ਵੇਖਣਾ ਹੋਵੇ ਤਾਂ ਉਸ ਦੇ ਵਾਰਤਾਲਾਪਾਂ ਤੋਂ ਵੇਖਿਆ ਜਾ ਸਕਦਾ ਹੈ। ਵਾਰਤਾਲਾਪ ਵਿਚ ਬੋਲਚਾਲ ਦਾ ਮੁਹਾਵਰਾ ਤੇ ਸੁਭਾਵਿਕਤਾ ਸਹਿਜੇ ਹੀ ਆ ਜਾਂਦੀ ਹੈ। ਕਿੱਸਾਕਾਰ ਵਾਰਤਾਲਾਪ ਦੀ ਵਰਤੋਂ ਆਮ ਤੌਰ ਤੇ ਪਾਤਰ ਉਸਾਰੀ ਲਈ, ਕਹਾਣੀ ਅੱਗੇ ਤੋਰਨ ਲਈ ਤੇ ਨਾਟਕੀ ਟੱਕਰ ਦੇ ਪ੍ਰਗਟਾਅ ਲਈ ਕਰਦੇ ਹਨ।

ਵਾਰਿਸ ਦੇ ਕਿੱਸੇ ਦੀ ਜਿੰਦਜਾਨ ਉਸ ਦੇ ਸੰਵਾਦ ਹਨ। ਕਥਾ ਨੂੰ ਵਾਰਤਾਲਾਪੀ ਢੰਗ ਰਾਹੀਂ ਪੇਸ਼ ਕਰਨ ਦਾ ਉਸ ਕੋਲ ਇਕ ਖ਼ਾਸ ਗੁਣ ਹੈ। ਵਾਰਤਾਲਾਪੀ ਦੇ ਸਫ਼ਲ ਨਿਭਾ ਵਿਚ ਉਸ ਨੇ ਕਮਾਲ ਕੀਤੀ ਹੈ। ਪਾਤਰਾਂ ਦੇ ਵਾਰਤਾਲਾਪਾਂ ਰਾਹੀਂ ਉਸ ਦੇ ਪਾਤਰਾਂ ਦਾ ਦ੍ਰਿਸ਼ਟੀਕੋਣ ਪ੍ਰਗਟ ਹੁੰਦਾ ਹੈ। ਇਨ੍ਹਾਂ ਵਿਚ ਇਤਿਹਾਸਕ ਤੇ ਮਿਥਿਹਾਸਕ ਹਵਾਲੇ ਦੇ ਕੇ ਤੇ ਕੁਝ ਅਟੱਲ ਸਚਾਈਆਂ ਜੋੜ ਕੇ ਪਾਤਰਾਂ ਦੀ ਗੱਲਬਾਤ ਨੂੰ ਵਧੇਰੇ ਭਾਵਪੂਰਤ ਬਣਾਇਆ ਹੈ। ਉਹ ਨਾਟਕੀ ਮੌਕਿਆਂ ਨੂੰ ਬਹੁਤ ਸੋਹਣੀ ਤਰ੍ਹਾਂ ਸੰਜਮ ਤੇ ਚੁਸਤੀ ਨਾਲ ਬਿਆਨ ਕਰਦਾ ਹੈ ਇਸੇ ਕਰਕੇ ਉਸ ਨੂੰ ਸੰਵਾਦ ਕਲਾ ਦਾ ਉਸਤਾਦ ਕਿਹਾ ਜਾ ਸਕਦਾ ਹੈ।

### 9.3.4 ਪਾਤਰ ਚਿਤ੍ਰਣ/ਪਾਤਰ ਸੰਕਲਪ

ਕਿੱਸੇ ਮੱਧਕਾਲ ਦੀ ਗਲਪ ਹਨ ਪਰ ਇਨ੍ਹਾਂ ਵਿਚ ਘਟਨਾਵਾਂ ਤੇ ਪਾਤਰਾਂ ਦੀ ਪੇਸ਼ਕਾਰੀ ਅਜੋਕੇ ਗਲਪ ਸਾਹਿਤ ਵਾਂਗ ਨਹੀਂ ਹੁੰਦੀ। ਪੰਜਾਬੀ ਕਿੱਸਿਆਂ ਵਿਚ ਹੀਰ ਰਾਂਝੇ, ਸੋਹਣੀ ਮਹੀਂਵਾਲ, ਮਿਰਜ਼ਾ ਸਾਹਿਬਾਂ ਤੇ ਸੱਸੀ ਪੁੰਨੂੰ ਦੀਆਂ ਕਹਾਣੀਆਂ ਇਸ਼ਕ ਤੇ ਸਿਦਕ ਹੈ। ਇਹ ਕਥਾਵਾਂ ਇਨ੍ਹਾਂ ਭਾਵਾਂ ਦੇ ਦੁਆਲੇ ਹੀ ਘੁੰਮਦੀਆਂ ਹਨ।

ਵਾਰਿਸ ਇਕ ਉਸਤਾਦ ਕਵੀ ਸੀ। ਉਸ ਨੇ ਆਪਣੇ ਕਿੱਸੇ ਨੂੰ ਕਹਾਣੀ ਵਿਚ ਡੁਬੋ ਕੇ ਲਿਖਿਆ ਹੈ। ਹਰ ਇਕ ਪਾਤਰ ਦਾ ਚਿਤਰਣ ਪੂਰਾ ਜ਼ੋਰ ਲਾ ਕੇ ਕੀਤਾ ਹੈ। ਭਾਵੇਂ ਸਹਿਤੀ ਹੋਵੇ ਭਾਵੇਂ ਜੋਗੀ, ਭਾਵੇਂ ਹੀਰ ਤੇ ਭਾਵੇਂ ਕੋਈ ਹੋਰ ਪਾਤਰ, ਕਵੀ ਨੇ ਹਰ ਇਕ ਪਾਤਰ ਨਾਲ ਠੀਕ-ਠੀਕ ਇਨਸਾਫ਼ ਕੀਤਾ ਹੈ। ਇਸ ਤੋਂ ਬਿਨਾਂ ਹਰ ਘਟਨਾ ਜਾਂ ਮੌਕੇ ਨੂੰ ਵੀ ਉਸ ਨੇ ਕਮਾਲ ਨਾਲ ਮੂਰਤੀਮਾਨ ਕੀਤਾ ਹੈ। ਇਹੋ ਹੀ ਕਾਰਨ ਹੈ ਕਿ ਹੀਰ ਵਾਰਿਸ ਦਾ ਭਾਗ ਪੜ੍ਹਦੇ, ਉਸ ਦੇ ਸਾਰੇ ਹਿੱਸੇ ਹੀ ਸੁਆਦਲੇ ਤੇ ਮਜ਼ੇਦਾਰ ਹਨ।

ਉਹ ਪਾਤਰਾਂ ਦੀ ਬੋਲੀ ਨੂੰ ਉਨ੍ਹਾਂ ਦੇ ਸੁਭਾਅ ਅਤੇ ਮਾਨਸਿਕਤਾ ਦੇ ਅਨੁਕੂਲ ਹੀ ਰੱਖਦਾ ਹੈ। ਉਹ ਮਨੁੱਖੀ ਸੁਭਾਅ ਦੀ ਟੱਕਰ ਨੂੰ ਪ੍ਰਗਟ ਕਰਦਾ ਹੈ। ਉਸ ਨੇ ਆਪਣੇ ਕਿੱਸੇ ਵਿਚ ਕਿਸੇ ਇਕ ਪੱਖ ਨੂੰ ਦੂਜੇ ਪੱਖ ਉੱਦੇ ਭਾਰੂ ਨਹੀਂ ਹੋਣ ਦਿੱਤਾ।

ਹੀਰ ਵਾਰਿਸ ਦੇ ਮੁੱਖ ਪਾਤਰ ਹੀਰ, ਰਾਂਝਾ, ਚੂਚਕ, ਕੈਦੋਂ, ਸਹਿਤੀ, ਅਦਲੀ ਰਾਜਾ, ਸੁੱਭਣ, ਖੇੜੇ ਸਰਦਾਰ, ਰਾਂਝਾ ਜੋਗੀ, ਅਯਾਲੀ ਆਦਿ ਹਨ। ਇਨ੍ਹਾਂ ਵਿਚੋਂ ਕੁਝ ਪਾਤਰਾਂ ਦਾ ਇਥੇ ਕਰਣਨ ਕੀਤਾ ਜਾ ਰਿਹਾ ਹੈ।

**ਰਾਂਝਾ :**

ਹੀਰ ਵਾਰਿਸ ਵਿਚ ਰਾਂਝੇ ਨੂੰ ਇਕ ਕਮਜ਼ੋਰ ਪਾਤਰ ਵਜੋਂ ਪੇਸ਼ ਕੀਤਾ ਗਿਆ ਹੈ। ਉਹ ਬੁਲੰਦ ਹੌਂਸਲੇ ਵਾਲਾ ਦਲੇਰ ਪਾਤਰ ਨਹੀਂ, ਹੀਰ ਉਸ ਤੋਂ ਕਿਤੇ ਦਲੇਰ ਹੈ। ਮੁੱਢਲੇ ਰੂਪ ਵਿਚ ਰਾਂਝਾ ਕਮਜ਼ੋਰ, ਢਿੱਲੜ੍ਹ, ਮਾਸੂਮ ਤੇ ਰੁਸੜ ਸੁਭਾਅ ਦਾ ਮਾਲਕ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਸੁਹਣਾ ਸੁਨੱਖਾ, ਬਾਕਾਂ ਗੱਭਰੂ ਤੇ ਵੰਝਲੀ ਦਾ ਉਸਤਾਦ, ਕੰਮ ਤੇ ਲੜਾਈ ਝਗੜੇ ਤੋਂ ਸੰਕੋਚ ਕਰਨ ਵਾਲਾ ਹੈ। ਪਹਿਲੇ ਕਿੱਸਾਕਾਰਾਂ ਨੇ ਰਾਂਝੇ ਦੇ ਸੁਹੱਪਣ ਵਰਣਨ ਉੱਤੇ ਬਹੁਤ ਬਲ ਦਿੱਤਾ ਹੈ ਪਰ

ਵਾਰਿਸ ਨੇ ਉਸ ਦੀ ਮਰਦਾਨਗੀ ਨੂੰ ਵਧੇਰੇ ਮੂਰਤੀਮਾਨ ਕੀਤਾ ਹੈ। ਰਾਂਝਾ ਸੁਹਣਾ ਸੁਨੱਖਾ ਹੈ, ਉਸ ਵਿਚ ਮਰਦਾਂ ਵਾਲੀ ਸਿਆਣਪ ਹੈ, ਦੁਨੀਆਂਦਾਰੀ ਹੈ ਜਿਸ ਕਰਕੇ ਉਹ ਜੋਗੀ ਦਾ ਸਵਾਂਗ ਕਾਫ਼ੀ ਸਫ਼ਲਤਾ ਨਾਲ ਨਿਭਾਉਂਦਾ ਹੈ।

ਰਾਗ, ਵੰਝਲੀ ਤੇ ਹੁਸਨ ਉਸ ਦੇ ਹਥਿਆਰ ਹਨ, ਜਿਸ ਉੱਤੇ ਕੁੜੀਆਂ ਮਰਦੀਆਂ ਹਨ। ਉਸ ਦੀ ਵੰਝਲੀ ਦੀ ਸੁਰ ਪੰਜ ਪੀਰਾਂ, ਲੁੱਢਣ ਤੇ ਗਾਵਾਂ ਮੱਝਾਂ ਨੂੰ ਕੀਲ ਲੈਂਦੀ ਹੈ। ਹੀਰ ਦੇ ਇਸ਼ਕ ਵਿਚ ਉਹ ਚਾਕ ਬਣ ਜਾਂਣਾ ਹੈ ਪਰ ਰਹਿੰਦਾ ਆਦਰਸ਼ਵਾਦੀ ਹੈ। ਉਹ ਇਸ਼ਕ ਦੀ ਅਗਵਾਈ ਕਰਨ ਤੋਂ ਅਸਮਰਥ ਹੈ। ਉਸ ਕੋਲ ਹੀਰ ਲਈ ਕੇਵਲ ਤਾਹਨੇ, ਮਿਹਣੇ ਤੇ ਨਿਹੋਰੇ ਹਨ। ਉਹ ਹੀਰ ਤੋਂ ਆਸ ਰੱਖਦਾ ਹੈ ਕਿ ਉਹ ਆਪਣੇ ਮਾਪਿਆਂ ਨੂੰ ਮਨਾਵੇ ਕਿ ਉਹ ਉਸ ਦਾ ਵਿਆਹ ਰਾਂਝੇ ਨਾਲ ਕਰ ਦੇਣ। ਜਦ ਹੀਰ ਉਧਲਣ ਲਈ ਤਿਆਰ ਹੈ ਤਾਂ ਉਹ ਚੋਰੀ ਤੇ ਉਧਾਲੇ ਨੂੰ ਬੇਸੁਆਦੀ ਸਮਝਦਾ ਹੈ। ਹੀਰ ਦੀ ਪ੍ਰਾਪਤੀ ਖ਼ਾਤਰ ਉਹ ਹਉਮੈ ਛੱਡ ਕੇ ਨਿਖਿਧ ਤੋਂ ਨਿਖਿਧ ਕੰਮ ਕਰਨ ਲਈ ਤਿਆਰ ਹੈ। ਇਸ਼ਕ ਦੀ ਖਾਤਰ ਕੰਨ ਪੜ੍ਹਵਾ ਕੇ ਜੋਗੀ ਬਣ ਜਾਂਦਾ ਹੈ, ਭੇਸ ਵਟਾਉਂਦਾ ਹੈ ਤੇ ਫ਼ਕੀਰੀ ਧਾਰਨ ਕਰ ਲੈਂਦਾ ਹੈ।

ਰਾਂਝੇ ਦੇ ਚਰਿੱਤਰ ਦੀ ਖ਼ੂਬੀ ਇਹ ਹੈ ਕਿ ਉਹ ਹੱਡਮਾਸ ਦਾ ਪੁਤਲਾ ਧਰਤੀ ਦਾ ਸਾਧਾਰਨ ਜੀਵ ਹੈ। ਉਹ ਆਮ ਆਦਮੀ ਵਾਂਗ ਦੁੱਖਾਂ, ਗ਼ਮਾਂ ਦੇ ਥਪੇੜੇ ਝੱਲਦਾ ਹੈ, ਥੋੜ੍ਹੀ ਜਿਹੀ ਖ਼ੁਸ਼ੀ ਉੱਤੇ ਫੁਲਿਆ ਨਹੀਂ ਸਮਾਉਂਦਾ, ਦੁੱਖਾਂ ਵਿਚ ਰੋਂਦਾ ਹੈ ਤੇ ਪੀਰਾਂ-ਫਕੀਰਾਂ ਨੂੰ ਧਿਆਉਂਦਾ ਹੈ। ਇਸ਼ਕ ਦੀ ਖ਼ਾਤਰ ਭੇਸ ਬਦਲਦਾ ਹੈ ਤੇ ਹੀਰ ਨੂੰ ਕੱਢ ਕੇ ਲੈ ਤੁਰਦਾ ਹੈ। ਪਰ ਉਸ ਦੇ ਚਰਿਤਰ ਵਿਚ ਕਈ ਮਨੁੱਖੀ ਕਮਜ਼ੋਰੀਆਂ ਹਨ। ਵਾਰਿਸ ਨੇ ਉਸ ਨੂੰ ਉੱਜੜ, ਹੱਠ-ਧਰਮੀ ਤੇ ਝਗੜਾਲੂ ਵਿਅਕਤੀਤਵ ਦਾ ਮਾਲਕ ਦਰਸਾਇਆ ਹੈ। ਰਾਂਝੇ ਦੇ ਚਰਿੱਤਰ ਵਿਚ ਕੁਝ ਛਲ-ਕਪਟ ਵੀ ਹਨ ਤੇ ਉਹ ਚਲਾਕੀ ਤੇ ਛਲਾਵੇ ਨਾਲ ਕੰਮ ਲੈਣਾ ਜਾਣਦਾ ਹੈ। ਬਾਲ ਨਾਥ ਤੋਂ ਛਲ ਕਰਕੇ ਯੋਗ ਦੀ ਸਿੱਖਿਆ ਲੈ ਲੈਂਦਾ ਹੈ ਪਰ ਜਦੋਂ ਬਾਲ ਨਾਥ ਸਦਾਚਾਰ ਦੀ ਗੱਲ ਕਰਦਾ ਹੈ ਤਾਂ ਉਹ ਇਕਦਮ ਬਦਲ ਜਾਂਦਾ ਹੈ। ਰਾਂਝੇ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਉਹ ਇਕ ਸਮ੍ਰਪਿੱਤ ਪ੍ਰੇਮੀ ਹੈ। ਉਸ ਦਾ ਆਦਰਸ਼ ਇਸ਼ਕ ਹੈ ਤੇ ਇਸ਼ਕ ਬਿਨਾਂ ਉਸ ਲਈ ਸੰਸਾਰ ਵਿਚ ਕੁਝ ਵੀ ਨਹੀਂ। ਇਸੇ ਲਈ ਕਿੱਸੇ ਦੇ ਅੰਤ ਵਿਚ ਹੀਰ ਦੀ ਮੌਤ ਦਾ ਸੁਨੇਹਾ ਉਸ ਦੀ ਆਪਣੀ ਮੌਤ ਦਾ ਪੈਗ਼ਾਮ ਬਣ ਜਾਂਦਾ ਹੈ।

**ਹੀਰ :**

ਉਹ ਸਰੀਰ ਦੀ ਤਕੜੀ, ਸੁੰਦਰ ਸਰੂਪ, ਸਿਦਕਵਾਨ, ਦ੍ਰਿੜ੍ਹ, ਦਲੇਰ, ਚਲਾਕ ਤੇ ਇਸ਼ਕ ਵਿਚ ਪਰਪੱਕ ਹੈ। ਉਹ ਬੇਹੱਦ ਹੁਸੀਨ ਹੈ। ਕਵੀ ਉਸ ਨੂੰ 'ਸ਼ਾਹਪਰੀ' ਦੀ ਭੈਣ ਪੰਜ ਫੂਲ ਰਾਣੀ ਕਹਿੰਦਾ ਹੈ। ਉਹ ਚੰਚਲ, ਸ਼ੋਖ ਪ੍ਰੀਤ ਮਾਰਗ ਦੀ ਦਲੇਰ ਪਾਂਧੀ, ਨਿਧੜਕ, ਪਰ ਇਸਤਰੀਆਂ ਵਾਂਗ ਪੂਰੀ ਜਜ਼ਬਾਤੀ ਹੈ। ਖਾਂਦੇ ਪੀਂਦੇ ਸਰਦਾਰ ਦੀ ਧੀ, ਖੁਦ ਸਰਦਾਰ ਹੈ। ਘਰ ਅਤੇ ਬਾਹਰ ਉਸ ਦੀ ਚਲਦੀ ਹੈ। 60 ਸਹੇਲੀਆਂ ਦੀ ਫ਼ੌਜ ਲੈ ਕੇ ਉਹ ਜੰਗਲ ਬੇਲੇ ਨਿਕਲਦੀ ਹੈ ਤੇ ਹਰ ਥਾਂ ਆਪਣੀ ਪੁਗਾਉਂਦੀ ਹੈ। ਉਹ ਆਪਣੀ ਸੇਜ਼ ਉੱਤੇ ਲੇਟੇ ਪਏ ਰਾਂਝੇ ਉੱਤੇ ਕਹਿਰਵਾਨ ਹੋ

ਜਾਂਦੀ ਹੈ ਪਰ ਉਸ ਦੇ 'ਵਾਹ ਸਜਣ' ਕਹਿਣ ਉੱਤੇ 'ਹੱਸ ਕੇ ਮਿਹਰਵਾਨ' ਵੀ ਹੋ ਜਾਂਦੀ ਹੈ। ਰਾਂਝੇ ਦੇ ਇਸ਼ਕ ਵਿਚ ਸ਼ੈਦਾਈ ਹੋ ਕੇ ਉਸ ਦੀ ਹੋ ਕੇ ਰਹਿ ਜਾਂਦੀ ਹੈ ਅਤੇ ਆਪਣੇ ਕੌਲ ਕਰਾਰ ਉੱਤੇ ਸਾਰੀ ਉਮਰ ਪਹਿਰਾ ਦੇਂਦੀ ਹੈ। ਚਤੁਰਾਈ ਨਾਲ ਰਾਂਝੇ ਨੂੰ ਘਰ ਦਾ ਚਾਕ ਰਖਾਉਂਦੀ ਹੈ ਤੇ ਇਸ਼ਕ ਕਮਾਉਂਦੀ ਹੈ। ਉਹ ਐਲਾਨੀਆਂ ਚਾਕ ਨੂੰ ਅਪਣਾਉਂਦੀ ਹੈ। ਮਾਂ ਪਿਉ, ਭਾਈਚਾਰੇ, ਲੋਕ ਲਾਜ਼ ਦੀ ਪ੍ਰਵਾਹ ਨਹੀਂ ਕਰਦੀ। ਜੇ ਕੈਦੋਂ ਚੁਗਲੀ ਕਰਦਾ ਹੈ ਤਾਂ ਸਹੇਲੀਆਂ ਦੀ ਸਹਾਇਤਾ ਨਾਲ ਉਸ ਦੀ ਖ਼ੂਬ ਭੁਗਤ ਸਵਾਰਦੀ ਹੈ। ਜੇ ਘਰ ਵਿਚ ਇਸ਼ਕ ਦੀ ਸੂਹ ਨਿਕਲਦੀ ਹੈ ਤਾਂ ਮਿੱਠੀ ਨਾਇਣ ਦੇ ਘਰ ਰਾਂਝੇ ਨਾਲ ਪ੍ਰੀਤ ਮਿਲਣੀਆਂ ਦਾ ਟਿਕਾਣਾ ਬਣਾ ਕੇ ਇਸ਼ਕ ਫ਼ਰਮਾਉਂਦੀ ਹੈ। ਰਾਂਝੇ ਨਾਲ ਨਿਕਲ ਜਾਣ ਨੂੰ ਤਿਆਰ ਹੈ। ਨਿਕਾਹ ਦੇ ਮੁੱਦੇ ਉੱਤੇ ਕਾਜ਼ੀ ਨਾਲ ਝਗੜਦੀ ਹੈ।ਪਰ ਮਾਪਿਆਂ ਵਲੋਂ ਜ਼ਬਰਦਸਤੀ ਪਰਨਾਈ ਜਾਂਦੀ ਹੈ। ਵਿਆਹ ਪਿਛੋਂ ਆਪਣੇ ਸਹੁਰੇ ਘਰ ਖੇੜਿਆਂ ਦੇ ਜਾ ਕੇ ਆਪਣੇ ਖਸਮ ਨੂੰ ਆਪਣੀ ਸੇਜ਼ ਦੇ ਲਾਗੇ ਨਹੀਂ ਲੱਗਣ ਦਿੰਦੀ। ਸਹਿਤੀ ਨੂੰ ਆਪਣਾ ਮਹਿਰਮ, ਹਮਦਰਦ ਤੇ ਹਮਰਾਜ਼ ਬਣਾ ਲੈਂਦੀ ਹੈ। ਰਾਂਝੇ ਨੂੰ ਜੋਗੀ ਬਣ ਕੇ ਆਉਣ ਲਈ ਸੁਨੇਹੇ ਘੱਲਦੀ ਹੈ ਤੇ ਮਿਲਾਪ ਹਾਸਿਲ ਕਰਦੀ ਹੈ। ਸੱਪ ਲੜਨ ਦਾ ਸ਼ੜਯੰਤਰ ਕਰਕੇ ਰਾਂਝੇ ਨਾਲ ਨਿਕਲ ਤੁਰਦੀ ਹੈ। ਫੜੀ ਜਾਣ ਉੱਤੇ ਰਾਂਝੇ ਨਾਲ ਡਟ ਕੇ ਇਸ਼ਕ ਲਈ ਖੜਦੀ ਹੈ ਪਰ ਅਦਲੀ ਰਾਜੇ ਦੇ ਫੈਸਲੇ ਪਿਛੋਂ ਮਾਪਿਆਂ ਦੀਆਂ ਗੱਲਾਂ ਵਿਚ ਆ ਕੇ ਕਮਜ਼ੋਰੀ ਵਿਖਾਉਂਦੀ ਹੈ ਤੇ ਰਾਂਝੇ ਨੂੰ ਬਾਕਾਇਦਾ ਜੰਞ ਲਿਆ ਕੇ ਵਿਆਹੁਣ ਲਈ ਆਖਦੀ ਹੈ। ਮਾਪਿਆਂ ਉੱਤੇ ਵਿਸ਼ਵਾਸ ਕਰਦੀ ਹੈ ਜੋ ਉਸਨੂੰ ਝੰਗ ਸਿਆਲ ਲੈ ਜਾਂਦੇ ਹੈ, ਜਿਥੇ ਉਹ ਮਾਪਿਆਂ ਦੇ ਜ਼ਹਿਰ ਦਾ ਸ਼ਿਕਾਰ ਬਣਦੀ ਹੈ।

ਵਾਰਿਸ ਨੇ ਹੀਰ ਨੂੰ ਆਚਰਣ ਦੀ ਹੱਦ-ਬੰਦੀ ਵਿਚ ਰੱਖਿਆ ਹੈ ਜਿਹੜੀ ਉਸ ਨੂੰ ਇਕ ਮੰਨਣਯੋਗ ਪਾਤਰ ਬਣਾਵੇ। ਇਹ ਬਾਕੀ ਔਰਤਾਂ ਵਾਂਗਰ ਜਜ਼ਬਾਤੀ ਅਤੇ ਪਿਆਰ ਦੀ ਸਿੱਕ ਵਿਚ ਤੜਪਣ ਵਾਲੀ ਇਸਤਰੀ ਹੈ। ਖ਼ੂਬਸੂਰਤੀ ਤੇ ਬੀਰਤਾ ਹੀਰ ਦੇ ਚਰਿੱਤਰ ਦੀਆਂ ਵੱਡੀਆਂ ਖ਼ੂਬੀਆਂ ਹਨ। ਉਹ ਇਕ ਆਦਰਸ਼ਕ ਪ੍ਰੇਮਿਕਾ ਹੈ। ਰਾਂਝੇ ਨਾਲ ਮਿਲਾਪ ਤੇ ਇਸ਼ਕ ਹੋਣ ਪਿੱਛੋਂ ਉਹ ਪਿੱਛੇ ਮੁੜ ਕੇ ਨਹੀਂ ਵੇਖਦੀ ਇਸ਼ਕ ਦੀ ਪ੍ਰਾਪਤੀ ਲਈ ਪਰਿਵਾਰ, ਸਮਾਜ ਤੇ ਧਰਮ ਨਾਲ ਟੱਕਰ ਲੈਂਦੀ ਹੈ। ਵਾਰਿਸ ਨੇ ਹੀਰ ਨੂੰ ਵਿਦਰੋਹੀ ਤੇ ਅਧਿਕ ਤੇਜਸਵੀ ਪ੍ਰਗਟਾਇਆ ਹੈ।

**ਕੈਦੋਂ :**

ਕੈਦੋਂ ਲੰਙਾ ਹੀਰ ਦਾ ਚਾਚਾ ਤੇ ਝਗੜਿਆਂ ਦੀ ਪੰਡ ਹੈ। ਆਪਣੇ ਪਿੰਡ ਵਿਚ ਹੀ ਝੁੱਗੀ ਬਣਾ ਕੇ ਫ਼ਕੀਰ ਬਣ ਕੇ ਰਹਿੰਦਾ ਹੈ। ਉਹ ਛੜਾ ਹੈ, ਇਸ ਕਰਕੇ ਉਹ ਵਿਆਹਿਆਂ ਤੇ ਪ੍ਰੇਮੀਆਂ ਦਾ ਦੁਸ਼ਮਣ ਤੇ ਕੁੜੀਆਂ ਦੀ ਨਜ਼ਰ ਵਿਚ ਲੁੱਚਾ ਹੈ। ਸੁਭਾਅ ਦਾ ਕੌੜਾ ਤੇ ਬੇਲਿਹਾਜ਼ਾ ਹੈ, ਚੁਗਲੀ ਕਰਨਾ ਉਸ ਦੀ ਆਦਤ ਹੈ। ਚੁਗਲਖੋਰੀ ਕਾਰਨ ਕੁੜੀਆਂ ਤੋਂ ਕੁੱਟ ਵੀ ਖਾ ਲੈਂਦਾ ਹੈ ਪਰ ਆਦਤ ਤੋਂ ਬਾਜ਼ ਨਹੀਂ ਆਉਂਦਾ। ਵਾਰਿਸ ਨੇ ਆਪਣੇ ਕਿੱਸੇ ਵਿਚ ਕੈਦੋਂ ਦਾ ਕੋਈ ਬਹੁਤਾ ਵਿਸਥਾਰ ਨਹੀਂ ਦਿੱਤਾ। ਉਸ ਨੂੰ ਕਬੀਲੇਦਾਰੀ ਦੀ ਰੂਹ ਦਰਸਾਇਆ ਹੈ। ਉਹ ਆਪਣੇ-ਆਪ ਨੂੰ ਪਰਿਵਾਰ ਦੀ ਇੱਜ਼ਤ ਦਾ ਪਹਿਰੇਦਾਰ ਅਖਵਾਉਂਦਾ ਹੈ। ਉਹ ਧੁੰਨ ਦਾ ਪੱਕਾ ਹੈ, ਜਿਸ ਪਿਛੇ ਲੱਗ ਜਾਂਦਾ ਹੈ, ਸਾਰੇ ਸਬੂਤ ਜੁਟਾ ਕੇ ਉਸ ਦਾ ਘਾਣ ਕਰਨ ਤਕ ਜਾਂਦਾ ਹੈ। ਕਿੱਸੇ ਵਿਚ ਉਹ ਇਕ ਵਿਦਰੋਹੀ

ਅਥਵਾ ਖਲਨਾਇਕ ਦੀ ਭੂਮਿਕਾ ਨਿਭਾਉਂਦਾ ਹੈ। ਇਸ ਤਰ੍ਹਾਂ ਉਹ ਪੰਜਾਬੀ ਸਮਾਜ ਵਿਚ ਬੁਰਾਈ ਦਾ ਪ੍ਰਤੀਕ ਬਣ ਗਿਆ ਹੈ।

**ਸਹਿਤੀ :**

ਸੈਦੇ ਖੇੜੇ ਦੀ ਭੈਣ, ਹੀਰ ਦੀ ਨਨਾਣ ਤੇ ਮੁਰਾਦ ਬਲੋਚ ਦੀ ਮਾਸ਼ੂਕਾ ਹੈ।ਸਹਿਤੀ ਬੜੀ ਚੁਸਤ ਤੇ ਚਤੁਰ ਔਰਤ ਹੈ। ਬਾਹੂ ਬਲੀ ਤੇ ਮਰਦਾਂ ਨਾਲ ਮੁਕਾਬਲੇ ਤੋਂ ਭੈ ਨਹੀਂ ਖਾਂਦੀ।ਸਹਿਤੀ ਹੀਰ ਦੀ ਹਮਰਾਜ਼ ਹੈ ਤੇ ਉਸ ਵਾਂਗ ਹੀ ਇਸ਼ਕਮੱਤੀ ਹੈ। ਹੀਰ ਨਾਲ ਉਸ ਦਾ ਸਹੇਲਪੁਣਾ ਮਾਪਿਆਂ ਦੇ ਰਾਸ ਨਹੀਂ ਆਉਂਦਾ। ਉਹ ਹੀਰ ਤੇ ਰਾਂਝੇ ਨੂੰ ਮਿਲਾਉਣ ਦਾ ਸਬੱਬ ਬਣਦੀ ਹੈ। ਉਹ ਬਹੁਤ ਝਗੜਾਲੂ ਹੈ ਤੇ ਝਗੜੇ ਨੂੰ ਪਾਣੀ ਵਿਚ ਮਧਾਣੀ ਵਾਂਗ ਰਿੜਕਦੀ ਹੋਈ ਰਾਂਝੇ ਜੋਗੀ ਨਾਲ ਆਢਾ ਲਾਉਂਦੀ ਹੈ। ਕੁੜੀਆਂ ਉਸ ਨੂੰ ਆਪਣਾ ਗੁਰੂ ਮੰਨਦੀਆਂ ਹਨ।ਸਹਿਤੀ ਸ਼ੜਯੰਤਰ ਰਚਣ ਵਿਚ ਮਾਹਿਰ ਹੈ। ਉਹ ਹੀਰ ਵਾਂਗ ਹੀ ਮੁਰਾਦ ਬਲੋਚ ਦੇ ਇਸ਼ਕ ਰੋਗ ਵਿਚ .ਫਸੀ ਹੋਈ ਹੈ ਉਹ ਪਹਿਲਾਂ ਲੋਕਾਚਾਰੀ ਵਜੋ ਰਾਂਝੇ ਨੂੰ ਗੁੰਡਾ ਆਦਿ ਸ਼ਬਦ ਕਹਿ ਕੇ ਆਪ ਬੀਬੀ ਰਾਣੀ ਬਣਦੀ ਹੈ ਪਰ ਫਿਰ ਹੀਰ ਦੀ ਹਮਰਾਜ਼ ਬਣਨ ਉੱਤੇ ਹੀਰ ਰਾਂਝੇ ਦੇ ਮੇਲ ਦਾ ਸਬੱਬ ਬਣਦੀ ਹੈ। ਹੀਰ ਦੇ ਕਿੱਕਰ ਦਾ ਕੰਡਾ ਚੁਭੋ ਕੇ ਸੱਪ ਲੜਨ ਦਾ ਬਹਾਨਾ ਬਣਾਉਂਦੀ ਹੈ ਤੇ ਰਾਂਝੇ ਜੋਗੀ ਨੂੰ ਮਾਂਦਰੀ ਬਣਾ ਕੇ ਘਰ ਮੰਗਵਾਉਂਦੀ ਹੈ। ਹੀਰ ਦੇ ਉਧਾਲੇ ਦੀ ਯੋਜਨਾਬੰਦੀ ਕਰਕੇ ਮਾਪਿਆਂ ਨਾਲ ਧੋਖਾ ਕਰਦੀ ਹੈ। ਇਸ ਤਰ੍ਹਾਂ ਸਹਿਤੀ ਹੀ ਜੋਗੀ ਨੂੰ ਬੁਲਵਾਉਂਦੀ ਹੈ, ਸੱਪ ਲੜਨ ਦਾ ਰੌਲਾ ਪਾਉਂਦੀ ਹੈ ਤੇ ਦੋਹਾਂ ਨੂੰ ਨਠਾਉਣ ਵਿਚ ਸਹਾਇਤਾ ਕਰਦੀ ਹੈ। ਹੀਰ ਤੇ ਰਾਂਝਾ ਜਿਸ ਰਾਤ ਨੱਸ ਤੁਰਦੇ ਹਨ ਉਸੇ ਰਾਤ ਉਹ ਆਪਣੇ ਯਾਰ ਮੁਰਾਦ ਬਲੋਚ ਨਾਲ ਨਿਕਲ ਤੁਰਦੀ ਹੈ।

**ਸੈਦਾ ਖੇੜਾ :**

ਸੈਦਾ ਖੇੜਾ ਧਰਮ ਤੇ ਸਮਾਜ ਦੀਆਂ ਨਜ਼ਰਾਂ ਵਿਚ ਹੀਰ ਦਾ ਪਤੀ ਹੈ ਪਰ ਹੀਰ ਉਸ ਨੂੰ ਪਤੀ ਦੇ ਤੌਰ ਤੇ ਪ੍ਰਵਾਨ ਨਹੀਂ ਕਰਦੀ। ਵਾਰਿਸ ਨੇ ਉਸ ਦੇ ਚਰਿੱਤਰ ਨੂੰ ਪ੍ਰਗਟ ਕਰਨ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਕਿੱਸੇ ਵਿਚ ਵਿਆਹ ਸਮੇਂ ਸਾਲੀਆਂ ਨਾਲ ਵਾਰਤਾਲਾਪ ਅਤੇ ਕੁਝ ਹੋਰ ਕਾਵਿ-ਟੁਕੜੀਆਂ ਤੋਂ ਉਸ ਦੇ ਸੁਭਾਅ ਦੀ ਚੰਚਲਤਾ ਦਾ ਕੁਝ ਪਤਾ ਲੱਗਦਾ ਹੈ। ਕਵੀ ਨੇ ਉਸ ਨਾਲ ਪਤਨੀ ਦੇ ਦੁਰ-ਵਿਵਹਾਰ, ਹੀਰ ਦੇ ਨੱਸ ਜਾਣ, ਖੇੜਿਆਂ ਨਾਲ ਲੜਾਈ, ਕਾਜ਼ੀ ਤੇ ਅਦਲੀ ਰਾਜੇ ਦੇ ਫ਼ੈਸਲੇ ਆਦਿ ਸਬੰਧੀ ਵਰਨਣ ਸਮੇਂ ਵੀ ਉਸ ਦੀ ਮਾਨਸਿਕ ਪ੍ਰਕਿਰਿਆ ਪ੍ਰਗਟ ਨਹੀਂ ਕੀਤੀ। ਉਹ ਮਾਪਿਆਂ ਦੀ ਮਰਜ਼ੀ ਨਾਲ ਟੁਰਨ ਵਾਲਾ ਹੈ। ਉਸ ਦਾ ਕਸੂਰ ਏਨਾ ਹੀ ਹੈ ਕਿ ਮਾਪਿਆਂ ਨੇ ਉਸ ਨੂੰ ਉਸ ਲੜਕੀ ਨਾਲ ਵਿਆਹ ਦਿੱਤਾ ਜੋ ਪਹਿਲਾਂ ਕਿਸੇ ਨੂੰ ਇਸ਼ਕ ਕਰਦੀ ਹੈ। ਪਤਨੀ ਨਾਲ ਧੱਕਾ ਨਹੀਂ ਕਰਦਾ ਸਗੋਂ ਉਸ ਤੋਂ ਕੁੱਟ ਖਾਂਦਾ ਹੈ। ਉਸ ਦਾ ਸੱਪ ਲੜੇ ਦਾ ਇਲਾਜ ਕਰਵਾਉਣ ਲਈ ਰਾਂਝੇ ਜੋਗੀ ਕੋਲ ਜਾ ਕੇ ਉਸ ਦੇ ਫਹੁੜੇ ਖਾਂਦਾ ਹੈ।

**ਬਾਲ ਨਾਥ :**

ਬਾਲ ਨਾਥ ਟਿੱਲੇ ਦਾ ਮੁੱਖ ਜੋਗੀ ਹੈ। ਉਸ ਦੇ ਕਈ ਚੇਲੇ ਹਨ। ਯੋਗ ਸਾਧਨਾ ਨੂੰ ਸਮਰਪਿਤ

ਤੇ ਸੁਭਾਅ ਤੋਂ ਨਰਮ ਦਿਲ ਹੈ। ਰਾਂਝੇ ਦੇ ਦਰਦ ਦੀ ਦਾਸਤਾਨ ਸੁਣ ਕੇ ਚੇਲਿਆਂ ਦੇ ਵਰਜਣ ਦੇ ਬਾਵਜੂਦ ਉਸ ਨੂੰ ਯੋਗ ਦੇਣ ਲਈ ਤਿਆਰ ਹੋ ਜਾਂਦਾ ਹੈ। ਪਿਛੋਂ ਚੇਲਿਆਂ ਨੂੰ ਵੀ ਆਪਣੇ ਪ੍ਰਭਾਵ ਨਾਲ ਸਹਿਮਤ ਕਰ ਲੈਂਦਾ ਹੈ। ਰਾਂਝੇ ਦੇ ਅੱਖੜ ਤੇ ਕਠੋਰ ਰਵੱਈਏ ਤੋਂ ਗ਼ੁੱਸਾ ਲਹੀਂ ਕਰਦਾ ਸਗੋਂ ਸਹਿਨਸ਼ੀਲਤਾ ਨਾਲ ਉਸ ਨੂੰ ਸਮਝਾਉਂਦਾ ਹੈ।

**ਅਯਾਲੀ :**

ਰਾਂਝਾ, ਜੋਗੀ ਬਣ ਕੇ ਰੰਗਪੁਰ ਖੇੜਿਆਂ ਨੂੰ ਜਾਂਦਾ ਹੈ ਤਾਂ ਰਸਤੇ ਵਿਚ ਉਸ ਨੂੰ ਇਕ ਅਯਾਲੀ ਮਿਲਦਾ ਹੈ। ਉਹ ਇਕ ਯਥਾਰਥਵਾਦੀ, ਅਨੁਭਵੀ, ਗੰਭੀਰ ਤੇ ਨਬਜ਼ ਸ਼ਨਾਸ ਪੁਰਸ਼ ਹੈ। ਰਾਂਝਾ ਜੋਗੀ ਉਸ ਨੂੰ ਧੋਖਾ ਦੇਣਾ ਚਾਹੁੰਦਾ ਹੈ ਪਰ ਉਹ ਰਾਂਝੇ ਦੀ ਸ਼ਕਲ ਸੂਰਤ ਵੇਖ ਕੇ ਉਸ ਦੇ ਰੂਪ ਅਤੇ ਚਾਲ ਢਾਲ ਵਿਚ ਫ਼ਰਕ ਪ੍ਰਗਟ ਕਰਦਾ ਹੈ। ਰਾਂਝੇ ਜੋਗੀ ਦੀ ਅਸਲੀਅਤ ਨੂੰ ਪ੍ਰਗਟ ਕਰਕੇ ਉਸ ਦਾ ਹੀਰ ਦੇ ਇਸ਼ਕ ਲਈ ਪਥ ਪ੍ਰਦਰਸ਼ਕ ਵੀ ਬਣਦਾ ਹੈ।

### 9.3.5 ਪ੍ਰਕਿਰਤੀ ਚਿਤਰਣ

ਪੰਜਾਬੀ ਕਿੱਸਿਆਂ ਵਿਚ ਪ੍ਰਾਕਿਰਤੀ ਚਿਤਰਣ ਸੁਤੰਤਰ ਰੂਪ ਵਿਚ ਨਹੀਂ ਕੀਤਾ ਗਿਆ। ਕਿੱਸਾ ਕਾਵਿ ਵਿਚ ਪ੍ਰਕਿਰਤੀ ਨੂੰ ਉਪਮਾਨ ਜਾਂ ਰੂਪਕ ਦੇ ਤੌਰ 'ਤੇ ਚਿਤ੍ਰਿਤ ਕੀਤਾ ਗਿਆ ਹੈ। ਕਿੱਸਕਾਰਾਂ ਨੇ ਸਮੁੱਚੀ ਸੁੰਦਰਤਾ ਨੂੰ ਪ੍ਰਕਿਰਤੀਆਂ ਦੀਆਂ ਸੁੰਦਰ ਚੀਜ਼ਾਂ ਨਾਲ ਉਪਮਾਇਆ ਹੈ। ਇਹ ਅਲੰਕਾਰ ਹੁਸਨ ਦਰਸਾਉਣ, ਪਿਆਰ ਦੀ ਤੀਰਬਰਤਾ ਨੂੰ ਪ੍ਰਗਟਾਉਣ ਜਾਂ ਵਿਯੋਗ ਦੀ ਤੜਪ ਸੁਨਾਉਣ ਲਈ ਵਰਤੇ ਗਏ ਹਨ। ਇਨ੍ਹਾਂ ਸਾਰੇ ਅਲੰਕਾਰਾਂ ਵਿਚ ਪ੍ਰਕਿਰਤੀ ਦੇ ਕਿਸੇ ਨਾ ਕਿਸੇ ਪੱਖ ਦਾ ਸੁਤੇ ਸਿਧ ਹੀ ਝਾਉਲਾ ਪੈਂਦਾ ਹੈ। ਪ੍ਰਕਿਰਤੀ ਮਨੁੱਖ ਦੇ ਦੁੱਖਾਂ ਸੁਖਾਂ, ਕਸ਼ਟਾਂ, ਆਸ਼ਾਵਾਂ, ਨਿਰਾਸ਼ਾਵਾਂ ਆਦਿ ਵਿਚ ਉਸ ਦੀ ਸਹਾਇਕ ਰਹੀ ਹੈ। ਉਸ ਦੇ ਦੁੱਖਾਂ ਵਿਚ ਦੁਖੀ ਤੇ ਸੁੱਖਾਂ ਵਿਚ ਸੁਖੀ ਦ੍ਰਿਸ਼ਟੀਗੋਚਰ ਹੁੰਦੀ ਹੈ। ਪੰਜਾਬੀ ਦੇ ਪ੍ਰਮੁੱਖ ਕਿੱਸਿਆਂ 'ਹੀਰ ਰਾਂਝਾ', 'ਮਿਰਜ਼ਾ ਸਾਹਿਬਾਂ' ਆਦਿ ਵਿਚ ਹੀ ਪ੍ਰਕਿਰਤੀ ਨਾਇਕ ਜਾਂ ਨਾਇਕਾ ਦੇ ਸੁੱਖ-ਦੁੱਖ ਦੇ ਪ੍ਰਸੰਗ ਵਿਚ ਵਰਣਿਤ ਹੋਈ ਹੈ।

### 9.3.6 ਬਿਰਹਾ ਵਰਣਨ :

ਬਿਰਹਾ ਵਰਣਨ ਵਾਰਿਸ ਦਾ ਪ੍ਰਧਾਣ ਗੁਣ ਹੈ। ਪੂਰੇ ਕਿੱਸੇ ਵਿਚ ਅਜਿਹੇ ਕਈ ਮੌਕੇ ਆਏ ਹਨ ਜਿੱਥੇ ਬਿਰਹਾ ਨੂੰ ਵਾਰਿਸ ਨੇ ਬਾਕਮਾਲ ਅਤੇ ਦਿਲ ਨੂੰ ਟੁੰਬ ਲੈਣ ਦੀ ਹੱਦ ਤਕ ਬਿਆਨ ਕੀਤਾ ਹੈ ਜਿਵੇਂ ਰਾਂਝੇ ਦੇ ਤਖ਼ਤ ਹਜ਼ਾਰਿਓਂ ਕੂਚ ਕਰਨ ਤੋਂ ਪਿਛੋਂ ਰਸਤੇ ਵਿਚ ਉਹ ਇਕ ਮਸੀਤ ਵਿਚ ਰਾਤ ਕੱਟਦਾ ਹੈ। ਅਗਲੇ ਦਿਨ ਉਹ ਜਦੋਂ ਉਥੋਂ ਝਨਾਂ ਪਾਰ ਕਰਨ ਲਈ ਤੁਰਦਾ ਹੈ ਤਾਂ ਉਸ ਸਮੇਂ ਦਾ ਦ੍ਰਿਸ਼ ਉਹ ਇਸ ਤਰ੍ਹਾਂ ਬਿਆਨਦਾ ਹੈ:

**ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ, ਪਈਆਂ ਦੁੱਧ ਦੇ ਵਿਚ ਮਧਾਣੀਆਂ ਨੇ।**
**ਉੱਠ ਗੁਸਲ ਦੇ ਵਾਸਤੇ ਜਾ ਪਹੁੰਚੇ, ਸੇਜਾਂ ਰਾਤ ਨੂੰ ਜਿਨ੍ਹਾਂ ਨੇ ਮਾਣੀਆਂ ਨੇ।**

### 9.3.7 ਛੰਦ ਪ੍ਰਬੰਧ

ਪੰਜਾਬੀ ਕਿੱਸਾ ਕਾਵਿ ਛੰਦ ਵਿਧਾਨ ਦੀ ਦ੍ਰਿਸ਼ਟੀ ਤੋਂ ਬੜਾ ਅਮੀਰ ਹੈ। ਇਸ ਵਿਚ ਕਈ ਪ੍ਰਕਾਰ ਦੇ ਛੰਦ ਵਰਤੇ ਗਏ ਹਨ।ਪੰਜਾਬੀ ਕਿੱਸਾਕਾਰਾਂ ਨੇ ਪੰਜਾਬੀ ਅਤੇ ਸ਼ਾਸਤਰੀ ਛੰਦਾਂ ਦੀ ਵਰਤੋਂ ਕੀਤੀ ਹੈ। ਸਮੇਂ-ਸਮੇਂ ਬਦਲਦੀਆਂ ਪਰਿਸਥਿਤੀਆਂ ਅਤੇ ਪ੍ਰਵਿਰਤੀਆਂ ਕਾਰਨ ਕਿੱਸਾ ਕਾਵਿ ਵਿਚ ਵੱਖੋ-ਵੱਖਰੇ ਛੰਦ ਪ੍ਰਚਲਿਤ ਰਹੇ ਹਨ। ਪੰਜਾਬੀ ਕਿੱਸਿਆਂ ਵਿਚ ਦਵੱਦੀਆਂ, ਬੈਂਤ ਤੇ ਕਬਿੱਤ ਵਧੇਰੇ ਵਰਤੇ ਗਏ ਹਨ। ਇਸ ਤੋਂ ਇਲਾਵਾ ਦੋਹਿਰਾ, ਕੋਰੜਾ ਤੇ ਚੌਪਈ ਛੰਦ ਵੀ ਕਿੱਸਾਕਾਰੀ ਲਈ ਪ੍ਰਯੋਗ ਕੀਤੇ ਗਏ ਹਨ। ਇਨ੍ਹਾਂ ਸਾਰਿਆਂ ਵਿਚੋਂ ਬੈਂਤ ਤੇ ਫਿਰ ਦਵੱਈਆ ਕਿੱਸੇ ਲਈ ਢੁਕਵੇਂ ਛੰਦ ਮੰਨੇ ਗਏ ਹਨ। ਦਮੋਦਰ ਤੇ ਹਾਜ਼ਮ ਨੇ ਦਵੱਦੀਆ ਅਤੇ ਅਹਿਮਦ ਗੁੱਜਰ, ਮੁਕਬਲ, ਵਾਰਿਸ, ਫ਼ਜ਼ਲ ਸ਼ਾਹ, ਸ਼ਾਹ ਮੁਹੰਮਦ ਨੇ ਬੈਂਤ ਦੀ ਭਰਪੂਰ ਵਰਤੋਂ ਕੀਤੀ ਹੈ।

ਬੈਂਤ ਇਕ ਛੰਦ ਦਾ ਨਾਂ ਹੈ। ਇਸ ਦੇ ਸ਼ਬਦੀ ਅਰਥ ਹਨ—ਘਰ ਜਾਂ ਦਰਵਾਜ਼ਾ। ਦੋ ਤੁਕਾਂ ਵਾਲਾ ਅਜਿਹਾ ਛੰਦ ਜਿਸ ਦਾ ਤੁਕਾਂਤ (ਕਾਫ਼ੀਆ) ਆਪਸ ਵਿਚ ਮਿਲਦਾ ਹੋਵੇ, ਉਸ ਨੂੰ ਬੈਂਤ ਕਿਹਾ ਜਾਂਦਾ ਹੈ। ਬੈਂਤ ਆਪਣੇ ਆਪ ਵਿਚ ਇਕ ਸੰਪੂਰਨ ਇਕਾਈ ਹੈ। ਦੂਜੇ ਸ਼ਬਦਾਂ ਵਿਚ ਦੋ ਤੁਕਾਂ ਦਾ ਬੰਦ। ਪੰਜਾਬੀ ਬੈਂਤ ਵਿਚ ਮਾਤਰਾਂ ਦੀ ਗਿਣਤੀ ਦਾ ਵਧੇਰੇ ਖ਼ਿਆਲ ਨਹੀਂ ਸੀ ਰੱਖਿਆ ਜਾਂਦਾ, ਕੇਵਲ ਤੁਕਾਂਤ ਦੇ ਮੇਲ ਵਾਲੀਆਂ ਤੁਕਾਂ ਦੇ ਜੋੜੇ ਬਣਾਉਣ ਵੱਲ ਧਿਆਨ ਦਿੱਤਾ ਜਾਂਦਾ ਹੈ।

ਵਾਰਿਸ ਇਕ ਮਹਾਨ ਬੈਂਤਕਾਰ ਹੈ। ਉਸ ਨੇ ਇਸ ਕਿੱਸੇ ਨੂੰ ਬੈਂਤਾਂ ਵਿਚ ਪੇਸ਼ ਕਰ ਕੇ ਬਹੁਤ ਹੀ ਸਵਾਦਲਾ ਤੇ ਹਰਮਨ-ਪਿਆਰਾ ਬਣਾ ਦਿੱਤਾ ਹੈ। ਵਾਰਿਸ ਦੀ ਸੋਚ ਸਭ ਤੋਂ ਅਲਹਿਦਾ ਹੈ। ਮਹਾਨ ਕੋਸ਼ ਦਾ ਕਰਤਾ ਵੀ ਮੰਨਦਾ ਹੈ ਕਿ ਵਾਰਿਸ ਨੇ 20, 20 ਅਥਵਾ 19, 20 ਮਾਤਰਾ ਪ੍ਰਤੀ ਚਰਣ ਵਿਸ਼ਰਾਮ ਦੇ ਬੈਂਤ ਰਚੇ ਹਨ। ਕਿਤੇ-ਕਿਤੇ ਮਾਤਰਾ ਦੀ ਗਿਣਤੀ ਇਕ ਅੱਧ, ਵੱਧ ਘੱਟ ਹੋ ਗਈ ਹੈ। ਪਰ ਵਾਰਿਸ ਦਾ ਬੋਲੀ ਉੱਤੇ ਇੰਨਾ ਕਾਬੂ ਹੈ ਕਿ ਉਸ ਦੀ ਇਹ ਘਾਟ ਬਹੁਤੀ ਰੜਕਦੀ ਨਹੀਂ ਹੈ। ਉਹ ਕਈ ਵਾਰ ਤੁਕਾਂਤ ਅਨੁਪ੍ਰਾਸ ਲਈ ਬੜੇ ਹੈਰਾਨ ਕਰਨ ਵਾਲੀ ਹੱਦ ਤਕ ਨਵੇਂ ਸ਼ਬਦ ਲੱਭ ਲੈਂਦਾ ਹੈ।ਵਾਰਿਸ ਖ਼ੁਦ ਇਕ ਸੁੰਦਰ ਕੰਠ ਗਾਇਕ ਸੀ। ਉਸ ਨੇ ਆਪਣੇ ਬਹਿਰ ਵਿਚ ਸਰੋਦ (ਰਾਗ) ਨੂੰ ਪ੍ਰਮੁੱਖਤਾ ਦਿੱਤੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹੀਰ ਨੂੰ ਗਾਉਣ ਦੀ ਪ੍ਰਚਲਿਤ ਤਰਜ਼ ਵੀ ਪਹਿਲੋਂ ਪਹਿਲ ਵਾਰਿਸ ਨੇ ਹੀ ਕੱਢੀ ਤੇ ਪ੍ਰਚਲਿਤ ਕੀਤੀ।

### 9.3.8 ਰਸ ਵਿਵੇਚਨ

ਕਵਿਤਾ ਵਿਚ 'ਰਸ' ਦਾ ਹੋਣਾ ਜ਼ਰੂਰੀ ਹੈ। ਰਸ ਦੀ ਗ਼ੈਰਹਾਜ਼ਰੀ ਵਿਚ ਕਵਿਤਾ ਫੋਕਟ ਜਾਪਦੀ ਹੈ। ਰਸ ਤੇ ਭਾਵ ਮਨੁੱਖੀ ਮਨ ਦੇ ਜ਼ਰੂਰੀ ਅੰਗ ਹਨ। ਇਨ੍ਹਾਂ ਦਾ ਸਾਹਿਤ ਤੇ ਜੀਵਨ ਵਿਚ ਬਹੁਤ ਮਹੱਤਵ ਹੈ। ਵਿਦਵਾਨਾਂ ਨੇ ਕਾਵਿ ਵਿਚ ਰਸ ਦੀ ਮਹੱਤਾ ਉੱਤੇ ਜ਼ੋਰ ਦਿੱਤਾ ਹੈ। ਰਸ ਕਾਵਿ ਵਿਚ ਅਲੌਕਿਕ ਤੇ ਚਮਤਕਾਰੀ ਸੁਆਦ ਮਹਿਸੂਸ ਕਰਵਾਉਂਦਾ ਹੈ। ਕਾਵਿ ਵਿਚੋਂ ਸੁਆਦ ਆਉਂਦਾ ਹੀ ਰਸ ਕਰਕੇ ਹੈ। ਰਸ ਪ੍ਰਾਪਤੀ ਦਾ ਮੁੱਖ ਸਾਧਨ ਇੰਦਰੀਆਂ ਹਨ। ਦੇਖਣ, ਸੁੰਘਣ, ਸੁਣਨ, ਛੂਹਣ ਆਦਿ ਤੋਂ ਰਸ ਦੀ ਪ੍ਰਾਪਤੀ ਹੁੰਦੀ ਹੈ। ਹਰੇਕ ਭਾਵ ਤੋਂ ਇਕ ਰਸ

ਉਪਜਦਾ ਹੈ। ਰਤਿ, ਰਸ, ਸ਼ੋਕ, ਕ੍ਰੋਧ, ਉਤਸ਼ਾਹ, ਭੈਅ, ਨਿੰਦਾ, ਆਸ਼ਚਰਯ ਅਤੇ ਨਿਰਵੇਦ ਸਥਾਈ ਭਾਵਾਂ ਦੀ ਪਰਿਪੱਕ ਅਵਸਥਾ ਹੀ ਨੌਂ ਰਸ-ਸ਼ਿੰਗਾਰ, ਹਾਸ, ਕਰੁਣਾ, ਰੋਦ੍ਰ, ਬੀਰ, ਭਿਆਨਕ, ਵੀਭਤਸ, ਅਦਭੁੱਤ ਅਤੇ ਸ਼ਾਂਤ ਰਸ ਪੈਦਾ ਕਰਦੀ ਹੈ।

ਕਿੱਸਾ ਹੀਰ ਵਾਰਿਸ ਵਿਚ ਰੋਦਰ, ਵੀਭਤਸ, ਸ਼ਿੰਗਾਰ, ਕਰੁਣਾ ਤੇ ਹਾਸ ਆਦਿ ਰਸਾਂ ਦਾ ਵੱਖ-ਵੱਖ ਸਮੇਂ ਪ੍ਰਗਟਾਓ ਕਰਨ ਵਿਚ ਵਾਰਿਸ ਦੇ ਬਰਾਬਰ ਦਾ ਕਵੀ ਲੱਭਣਾ ਕਠਿਨ ਹੈ। ਉਹ ਵੱਖ-ਵੱਖ ਰਸਾਂ ਨੂੰ ਇਕੋ ਭਾਂਤ ਨਿਭਾਉਣ ਵਾਲਾ ਨਿਪੁੰਨ ਕਲਾਕਾਰ ਹੋਇਆ ਹੈ। ਰਚਨਾ ਦੇ ਸੰਵਾਦ ਵਾਲੇ ਭਾਗ ਵਿਚ ਰੌਦਰ, ਹਾਸ ਤੇ ਸ਼ਿੰਗਾਰ ਰਸ ਦੀ ਪ੍ਰਧਾਨਤਾ ਹੈ। ਰਾਂਝਾ ਜਿਥੇ ਇਸ਼ਕ ਵਿਚ ਮਾਯੂਸ ਹੋ ਕੇ ਕੰਨ ਪੜਵਾ ਕੇ ਜੋਗੀ ਬਣਦਾ ਹੈ ਤੇ ਹੀਰ ਨੂੰ ਮਿਲਣ ਦੇ ਔਖੇ ਤੋਂ ਔਖੇ ਰਾਹ/ਢੰਗ ਲੱਭਦਾ ਹੈ, ਹਰ ਸਮੇਂ ਹੀਰ ਦੇ ਧਿਆਨ ਵਿਚ ਮਸਤ ਆਹਾਂ ਭਰਦਾ, ਨੀਂਦ ਨੂੰ ਤਿਆਗਦਾ, ਰਾਤ ਵਿਚ ਘੋਰ ਦੁੱਖ ਸਹਿੰਦਾ ਹੈ, ਉਥੇ ਹੀਰ ਔਰਤ ਹੋਣ ਉੱਤੇ ਵੀ ਵਧੇਰੇ ਭਾਵੁਕ ਹੈ। ਉਹ ਦੁੱਖ ਵਿਚ ਇੰਨੀ ਗ੍ਰਸਤ ਹੈ ਕਿ ਰਾਂਝੇ ਦਾ ਜੋਗੀ ਬਣ ਕੇ ਆਇਆ ਸੁਣ ਕੇ ਅਤਿ ਕਰੁਣਾਮਈ ਹੋ ਜਾਂਦੀ ਹੈ।

- **ਕਰੁਣਾ ਰਸ**

ਹੀਰ ਆਖਦੀ ਜੋਗੀਆ ਝੂਠ ਆਖੇਂ, ਕੌਣ ਰੁੱਠੜੇ ਯਾਰ ਮਿਲਾਂਵਦਾ ਈ।
ਏਸਾ ਕੋਈ ਨਾ ਮਿਲਿਆ ਮੈਂ ਭਾਲ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਂਵਦਾ ਈ।

- **ਸੰਜੋਗ ਸ਼ਿੰਗਾਰ**

ਕੂਕੇ ਮਾਰ ਹੀ ਮਾਰ ਕੇ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ।
ਰਾਂਝੇ ਉਠ ਕੇ ਆਖਿਆ ਵਾਹ ਸੱਜਣ! ਹੀਰ ਹੱਸ ਕੇ ਤੇ ਮੇਹਰਬਾਨ ਹੋਈ।

- **ਸ਼ਿੰਗਾਰ ਤੇ ਕਰੁਣਾ ਦਾ ਮਿਸ਼ਰਣ**

ਲੈ ਵੇ ਰਾਂਝਿਆ ਵਾਹ ਮੈਂ ਲਾਇ ਪੱਕੀ, ਮੇਰੇ ਵੱਸ ਥੀਂ ਗੱਲ ਬੇਵੱਸ ਹੋਈ।
ਕਾਜੀ ਮਾਪਿਆਂ, ਭਾਈਆਂ ਬੰਨ ਤੋਰੀ, ਸਾਡੀ ਤੈਂਡੜੀ ਦੋਸਤੀ ਭੱਸ ਹੋਈ।

- **ਵਿਯੋਗ ਤੇ ਵੈਰਾਗ ਦੀ ਭਾਵਨਾ**

ਏਹ ਜਹਾਨ ਹੈਗਾ ਏਥੇ ਸਿਹਰ ਮੇਲਾ, ਕਿਸੇ ਨਿੱਤ ਨਾ ਜੱਗ ਤੇ ਥੀਵਣਾ ਈ।
ਵਾਰਿਸ ਸ਼ਾਹ ਮੀਆਂ ਅੰਤ ਖ਼ਾਕ ਹੋਣਾ, ਲੱਖ ਆਬਹਯਾਤ ਜਿਸ ਪੀਵਣਾ ਈ।

- **ਹਾਸ ਰਸ**

ਅਸੀਂ ਕੰਨ ਪੜਾਇ ਕੇ ਖ਼ਵਾਰ ਹੋਏ, ਸਾਥੋਂ ਨਹੀਂ ਹੁੰਦੇ ਏਡੇ ਝੋਵਣੇ ਨੀ।
ਸਾਥੋਂ ਖੱਪਰੀ ਸਾਦ ਨਾ ਜਾਏ ਸਾਂਭੀ, ਅਸਾਂ ਢੱਗੇ ਹੀ ਅੰਤ ਨੂੰ ਜੋਵਣੇ ਨੀ।

### 9.3.9 ਅਲੰਕਾਰ ਵਿਧਾਨ

ਅਲੰਕਾਰ ਕਵਿਤਾ ਦੀ ਜਿੰਦ-ਜਾਨ ਤੇ ਗਹਿਣੇ ਹੁੰਦੇ ਹਨ, ਜਿਨ੍ਹਾਂ ਰਾਹੀਂ ਕਵਿਤਾ ਨੂੰ ਸ਼ਿੰਗਾਰਿਆ ਜਾਂਦਾ ਹੈ। ਕਵਿਤਾ ਨੂੰ ਅਲੰਕਾਰ ਸੁਹਜ ਭਰਪੂਰ ਬਣਾ ਦੇਂਦੇ ਹਨ। ਅਲੰਕਾਰ ਕਾਵਿ ਦੀ ਹੀ ਸ਼ੋਭਾ ਵਧਾਉਣ ਲਈ ਸ਼ਬਦ ਤੇ ਅਰਥ ਨੂੰ ਵਰਣਨ ਤੇ ਪੇਸ਼ ਕਰਨ ਦਾ ਢੰਗ ਹੁੰਦਾ ਹੈ। ਅਲੰਕਾਰਾਂ ਦੀਆਂ ਦੋ ਕਿਸਮਾਂ ਹਨ: ਸ਼ਬਦ ਅਲੰਕਾਰ ਅਤੇ ਅਰਥ ਅਲੰਕਾਰ। ਕਿੱਸਾ ਹੀਰ ਵਾਰਿਸ ਵਿਚ ਕਾਵਿ ਕਲਾ ਦੇ ਪੱਖ ਤੋਂ ਕਈ ਬੇਮਿਸਾਲ ਖ਼ੂਬੀਆਂ ਹਨ। ਉਸ ਦੀ ਕਵਿਤਾ ਦੀ ਸੁੰਦਰਤਾ ਅਲੰਕਾਰਾਂ ਨਾਲ ਵੱਧ ਗਈ ਹੈ। ਸਮੁੱਚੇ ਕਿੱਸੇ ਵਿਚ ਅਲੰਕਾਰ ਪਸਰੇ ਪਏ ਹਨ ਜਿਸ ਨਾਲ ਸੁਹਜ ਵਿਚ ਵਾਧਾ ਹੋਇਆ ਹੈ ਅਤੇ ਅਰਥਾਂ ਵਿਚ ਸੂਖ਼ਮਤਾ ਆਈ ਹੈ। ਵਾਰਿਸ ਵਲੋਂ ਫ਼ਾਰਸੀ ਅਲੰਕਾਰਾਂ ਖ਼ਾਸ ਕਰਕੇ ਰੂਪਕ ਅਲੰਕਾਰਾਂ ਦੀ ਚੋਣ ਆਮ ਪੰਜਾਬੀ ਜੀਵਨ ਵਿਚੋਂ ਕੀਤੀ ਹੈ। ਕਵੀ ਨੇ ਉਪਮਾ, ਰੂਪਕ, ਦ੍ਰਿਸ਼ਟਾਂਤ, ਅਤਿਕਥਨੀ ਆਦਿ ਅਲੰਕਾਰਾਂ ਦੀ ਚੰਗੀ ਵਰਤੋਂ ਕੀਤੀ ਹੈ। ਪਰ ਇਨਾਂ ਦੀ ਭਰਮਾਰ ਨਹੀਂ ਹੈ। ਇਹੋ ਹੀ ਇਕ ਵਿਸ਼ੇਸ਼ ਕਾਰਨ ਹੈ ਜਿਸ ਸਦਕਾ ਉਸ ਦੀ ਰਚਨਾ ਆਮ ਲੋਕਾਂ ਦੀ ਪੱਧਰ ਤੋਂ ਵਧੇਰੇ ਉੱਚੀ ਨਹੀਂ ਹੋ ਸਕੀ ਤੇ ਨਾ ਹੀ ਉਨ੍ਹਾਂ ਦੀ ਸਮਝ ਤੋਂ ਬਾਹਰ ਹੋਈ।

ਵਾਰਿਸ ਸ਼ਾਹ ਦੀ ਸ਼ੈਲੀ ਦਾ ਸਭ ਤੋਂ ਵੱਡਾ ਗੁਣ ਇਹ ਹੈ ਕਿ ਇਸ ਵਿਚ ਬਣਾਵਟ ਕੋਈ ਨਹੀਂ। ਇਸ ਵਿਚ ਕਾਫ਼ੀਏ ਔਰ ਤੋਲ ਤੋਂ ਬਿਨਾਂ ਹੋਰ ਸ਼ਬਦ ਅਲੰਕਾਰ ਘੱਟ ਹੀ ਵਰਤਿਆ ਗਿਆ ਹੈ। ਕੋਈ ਅਨੁਪਰਾਸ ਨਹੀਂ ਤੇ ਨਾ ਕੋਈ ਹੋਰ ਸ਼ਬਦ ਲੀਲ੍ਹਾ ਹੈ। ਹਾਂ ਅਰਥ ਅਲੰਕਾਰ ਕਾਫ਼ੀ ਹੈ। ਇਨ੍ਹਾਂ ਵਿਚ ਸਭ ਤੋਂ ਵਧੇਰੇ ਉਦਾਹਰਣ ਅਰਥ ਸਮਰੂਪ ਵਰਣਨ ਹੈ। ਇਕ ਇਕ ਗੱਲ ਦੇ ਦਰਜਨਾਂ ਸਮਰੂਪ ਮਿਲਦੇ ਹਨ। ਵਾਰਿਸ ਨੇ ਆਮ ਲੋਕ ਜੀਵਨ ਵਿਚੋਂ ਅਲੰਕਾਰ ਲੈ ਕੇ ਆਪਣੀ ਕਵਿਤਾ ਨੂੰ ਰੂਪ ਦਿੱਤਾ ਹੈ। ਉਪਮਾ ਤੇ ਰੂਪਕ ਅਲੰਕਾਰਾਂ ਦੀ ਵਰਤੋਂ ਉਹ ਵੱਡੀ ਪੱਧਰ ਉੱਤੇ ਕਰਦਾ ਹੈ। ਉਹ ਹੀਰ ਦੇ ਹੁਸਨ ਦਾ ਉਪਮਾਵਾਂ ਤੇ ਰੂਪਕਾਂ ਵਿਚ ਲੰਮਾ ਚੌੜਾ ਵਰਣਨ ਕਰਦਾ ਹੈ। ਬਿਆਨ ਵਿਚ ਇਕ ਉਪਮਾ ਪਿਛੋਂ ਦੂਜੀ ਬੜੀ ਤੇਜ਼ੀ ਨਾਲ ਉਭਰਦੀ ਹੈ ਤੇ ਪਹਿਲੀ ਦੇ ਪ੍ਰਭਾਵ ਨੂੰ ਤੀਬਰ ਕਰਦੀ ਹੈ।

### 9.3.10 ਬਿੰਬਾਵਲੀ

ਸ਼ਬਦਾ ਰਾਹੀਂ ਕਵੀ ਦੁਆਰਾ ਕਿਸੇ ਖ਼ਾਸ ਦ੍ਰਿਸ਼, ਮੌਕੇ, ਸਥਾਨ ਜਾਂ ਪਾਤਰਾਂ ਦੀ ਖਿੱਚੀ ਤਸਵੀਰ ਨੂੰ ਬਿੰਬ ਕਿਹਾ ਜਾਂਦਾ ਹੈ। ਬਿੰਬਾਂਵਲੀ ਕਵੀ ਦੀ ਕਾਵਿ-ਸ਼ੈਲੀ ਨੂੰ ਚਮਕਾਉਣ ਵਿਚ ਵੱਡਾ ਹਿੱਸਾ ਪਾਉਂਦੀ ਹੈ। ਵਾਰਿਸ ਨੇ ਨਿੱਕੀਆਂ-ਨਿੱਕੀਆਂ ਬੁਰਸ਼ ਛੋਹਾਂ ਨਾਲ ਬਹੁਤ ਸਾਰੇ ਭਾਵਪੂਰਤ ਬਿੰਬਾਂ ਦਾ ਨਿਰਮਾਣ ਕੀਤਾ ਹੈ। ਉਸ ਨੇ ਬਿੰਬਾਂ ਦੀ ਚੋਣ ਪ੍ਰਕਿਰਤੀ ਦੇ ਵਿਭਿੰਨ ਖੇਤਰਾਂ, ਜੀਵਨ ਅਤੇ ਸਮਾਜ ਦੇ ਵੱਖ-ਵੱਖ ਵਰਤਾਰਿਆਂ ਵਿਚੋਂ ਕੀਤੀ ਹੈ ਜਿਵੇਂ:

**ਕੂਕੇ ਮਾਰ ਹੀ ਮਾਰ ਤੇ ਪਕੜ ਛਮਕਾਂ, ਪਰੀ ਆਦਮੀ ਤੇ ਕਹਿਰਵਾਨ ਹੋਈ।**
**ਰਾਂਝੇ ਉਠ ਕੇ ਆਖਿਆ 'ਵਾਹ ਸੱਜਣ'! ਹੀਰ ਹਸ ਕੇ ਤੇ ਮੇਹਰਬਾਨ ਹੋਈ।**

## 9.4 ਨਿਸ਼ਕਰਸ਼

ਉਪਰੋਕਤ ਚਰਚਾ ਦੇ ਆਧਾਰ 'ਤੇ ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਉਪਰੋਕਤ ਵਰਣਿਤ ਕਾਵਿ ਗੁਣਾਂ ਕਰਕੇ ਹੀ ਵਾਰਿਸ ਸ਼ਾਹ ਇਕ ਮਹਾਨ ਕਵੀ ਵਜੋਂ ਪੰਜਾਬੀ ਸਾਹਿਤ ਜਗਤ ਅੰਦਰ ਸਨਮਾਨਿਆ ਜਾਂਦਾ ਹੈ।ਉਸ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਕਰਕੇ ਹੀ ਉਸ ਦੀ ਲਿਖੀ 'ਹੀਰ' ਵਿਸ਼ਵ ਪ੍ਰਸਿੱਧ ਹੈ ਅਤੇ ਅਜ ਵੀ ਸ਼ੌਂਕ ਨਾਲ ਗਾਈ ਅਤੇ ਸੁਣੀ ਜਾਂਦੀ ਹੈ।

## 9.5 ਔਖੇ ਸ਼ਬਦਾਂ ਦੇ ਅਰਥ (Key Words)

**ਦੁਸ਼ਵਾਰੀਆਂ** – ਮੁਸ਼ਕਿਲਾਵਾਂ

**ਵੰਝਲੀ** – ਬੰਸਰੀ

**ਉਧਾਲੇ** – ਨਸਾ ਕੇ ਵਿਆਹ ਕਰਵਾਉਣਾ ਜਾਂ ਇਸ਼ਕ 'ਚ ਘਰੋਂ ਨਸ ਜਾਣਾ

## 9.6 References :


1. ਅੰਮ੍ਰਿਤ ਲਾਲ ਪਾਲ(ਡਾ.) 'ਵਾਰਿਸ ਸ਼ਾਹ ਜੀਵਨ ਤੇ ਰਚਨਾ', ਆਰ. ਐਸ. ਪਬਲਿਕੇਸ਼ਨਜ਼, ਪਟਿਆਲਾ 1999।
2. ਕਾਂਗ, ਕੁਲਬੀਰ ਸਿੰਘ(ਡਾ.), ਸੁਖ਼ਨ ਦਾ ਵਾਰਿਸ, ਵਾਰਿਸ ਸ਼ਾਹ, ਵਾਰਿਸ ਸ਼ਾਹ ਫਾਂਉਡੇਸ਼ਨ, ਅੰਮ੍ਰਿਤਸਰ, 2001
3. ਕਾਂਗ, ਕੁਲਬੀਰ ਸਿੰਘ(ਡਾ.), ਸੱਯਦ ਵਾਰਿਸ ਸ਼ਾਹ, ਇਤਿਹਾਸਕ ਤੇ ਕਾਵਿ-ਮੁਲਾਂਕਣ, ਨਿਊ ਏਜ਼ ਬੁੱਕ ਸੈਂਟਰ, ਅੰਮ੍ਰਿਤਸਰ।
4. ਕਾਂਗ, ਕੁਲਬੀਰ ਸਿੰਘ, 'ਪੰਜਾਬੀ ਕਿੱਸਾ ਸਾਹਿਤ ਦਾ ਇਤਿਹਾਸ' ਪੰਜਾਬੀ ਅਕਾਦਮੀ ਦਿੱਲੀ 2005


## 9.7 Suggestive Learning :

ਵਿਦਿਆਰਥੀ ਨੂੰ ਸੁਝਾਓ ਦਿੱਤਾ ਜਾਂਦਾ ਹੈ ਕਿ ਇਸ ਪਾਠ ਨੂੰ ਪੜ੍ਹਦਿਆਂ ਕਾਵਿ ਰੂਪ ਕਿੱਸਾ ਦੀ ਸੰਰਚਨਾ ਅਤੇ ਤੱਤਾਂ ਬਾਰੇ ਪੜ੍ਹਿਆ ਜਾਵੇ ਤਾਂ ਜੋ ਹੀਰ ਦਾ ਕਾਵਿਕ ਮੁਲਾਂਕਣ ਕੀਤਾ ਜਾ ਸਕੇ।

# (ਕਿੱਸਾ ਕਾਵਿ)

## (ਵਾਰਿਸ ਸ਼ਾਹ ਦਾ ਪੰਜਾਬੀ ਕਿੱਸਾ ਕਾਵਿ ਵਿਚ ਸਥਾਨ ਅਤੇ ਦੇਣ)

**Structure of The lesson**

10.1 ਉਦੇਸ਼ (Objective of the Lesson)

10.2 ਭੂਮਿਕਾ(Introduction)

10.3 ਵਾਰਿਸ ਸ਼ਾਹ ਦਾ ਪੰਜਾਬੀ ਕਿੱਸਾ ਕਾਵਿ ਵਿਚ ਸਥਾਨ ਅਤੇ ਦੇਣ

10.3.1 ਜੀਵਨ

10.3.2 ਵਿਦਿਆ

10.3.3 ਪੰਜਾਬੀ ਕਿੱਸਾ ਕਾਵਿ ਵਿਚ ਸਥਾਨ ਅਤੇ ਦੇਣ

10.4 ਨਿਸ਼ਕਰਸ਼ (Conclusion)

10.5 ਔਖੇ ਸ਼ਬਦਾਂ ਦੇ ਅਰਥ (Key Words)

10.6 Self-Assessment Questions(SAQ)

10.7 ਪੁਸਤਕ ਸੂਚੀ (Reference)

10.8 Suggestive Reading

### 10.1 ਉਦੇਸ਼(Objective Of the lesson)

ਇਸ ਪਾਠ ਵਿਚ ਅਸੀਂ ਵਾਰਿਸ ਸ਼ਾਹ ਦੇ ਜੀਵਨ ਵੇਰਵਿਆਂ ਜਿਵੇਂ, ਵਾਰਿਸ ਦਾ ਜਨਮ, ਵਾਰਿਸ ਦੀ ਮੌਤ, ਵਾਰਿਸ ਦੀ ਵਿਦਿਆ ਆਦਿ ਬਾਰੇ ਜਾਣਦਿਆਂ ਹੋਇਆਂ ਇਹ ਦੇਖਾਂਗੇ ਕਿ ਵਾਰਿਸ ਸ਼ਾਹ ਦੀ ਪੰਜਾਬੀ ਕਿੱਸਾ ਸਾਹਿਤ ਨੂੰ ਕੀ ਦੇਣ ਹੈ ਅਤੇ ਉਸ ਦੇਣ ਸਦਕਾ ਉਸ ਦਾ ਪੰਜਾਬੀ ਕਿੱਸਾ ਸਾਹਿਤ ਵਿਚ ਕੀ ਸਥਾਣ ਹੈ?

## 10.2 ਭੂਮਿਕਾ :

ਮੱਧਕਾਲੀਨ ਪੰਜਾਬੀ ਸਾਹਿਤ ਵਿਚ ਕਿੱਸਾ ਅਹਿਮ ਸਥਾਨ ਰੱਖਦਾ ਹੈ। ਬੇਸ਼ੱਕ ਪੰਜਾਬੀ ਵਿਚ ਪ੍ਰਮਾਣਿਕ ਤੌਰ ਤੇ ਪਹਿਲਾ ਕਿੱਸਾਕਾਰ ਦਮੋਦਰ ਹੈ। ਪਰ ਸਾਨੂੰ ਇਹ ਵੀ ਧਿਆਨ ਵਿਚ ਰੱਖਣਾ ਹੋਵੇਗਾ ਕਿ ਲਿਖਤੀ ਸਾਧਨਾਂ ਦੀ ਘਾਟ ਅਤੇ ਸਾਹਿਤ ਦੀ ਸਾਂਭ-ਸੰਭਾਲ ਦੀ ਰੁਚੀ ਦੀ ਘਾਟ ਹੋਣ ਕਾਰਨ ਸਦੀਆਂ ਤੋਂ ਮੌਖਿਕ ਰੂਪ ਵਿਚ ਕਥਾ-ਕਹਾਣੀਆਂ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਨਿਰੰਤਰ ਸਫ਼ਰ ਤੈਅ ਕਰਦੀਆਂ ਰਹੀਆਂ ਹਨ। ਇਨ੍ਹਾਂ ਕਥਾਵਾਂ ਰਾਹੀਂ ਮੇਲਿਆਂ, ਇਕੱਠਾਂ, ਸਮਾਗਮਾਂ ਜਾਂ ਹੋਰ ਖੁਸ਼ੀ ਦੇ ਮੌਕਿਆਂ 'ਤੇ ਪੇਸ਼ਾਵਰ ਗਾਇਕਾਂ, ਭੰਡਾਂ, ਮਰਾਸੀਆਂ ਵਲੋਂ ਗਾ-ਸੁਣਾ ਕੇ ਲੋਕਾਂ ਦਾ ਮਨੋਰੰਜਨ ਕੀਤਾ ਜਾਂਦਾ ਰਿਹਾ ਹੈ। ਇਸ ਲਈ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਦਮੋਦਰ ਤੋਂ ਪਹਿਲਾਂ ਵੀ ਕਿੱਸੇ ਜਾਂ ਇਸ ਨਾਲ ਮਿਲਦੀ-ਜੁਲਦੀ ਹੋਰ ਕਾਵਿ ਪਰੰਪਰਾ ਪ੍ਰਚਲਿਤ ਰਹੀ ਹੋਵੇਗੀ। ਦਮੋਦਰ ਤੋਂ ਬਾਅਦ ਪੀਲੂ ਨੇ ਮਿਰਜ਼ਾ-ਸਾਹਿਬਾਂ ਦਾ ਕਿੱਸਾ ਲਿਖ ਕੇ ਕਿੱਸੇ ਨੂੰ ਪੰਜਾਬੀ ਸਾਹਿਤ ਦਾ ਅਨਿਖੜਵਾਂ ਅੰਗ ਬਣਾ ਦਿੱਤਾ। ਉਸ ਤੋਂ ਬਾਅਦ ਕਿੱਸੇ ਲਿਖਣ ਦੀ ਪਿਰਤ ਪੈ ਗਈ ਪਰ ਅਠਾਰਵੀਂ ਸਦੀ ਵਿਚ ਵਾਰਿਸ ਸ਼ਾਹ ਨੇ ਹੀਰ ਲਿਖ ਕੇ ਕਿੱਸਾ ਕਾਵਿ ਰੂਪ ਨੂੰ ਸਿਖ਼ਰ 'ਤੇ ਪਹੁੰਚਾਕੇ ਕਿੱਸੇ ਨੂੰ ਪੂਰੇ ਸੰਸਾਰ ਵਿਚ ਅਹਿਮ ਪਹਿਚਾਣ ਦਵਾਈ।

## 10.3 ਵਾਰਿਸ ਸ਼ਾਹ ਦਾ ਪੰਜਾਬੀ ਕਿੱਸਾ ਕਾਵਿ ਵਿਚ ਸਥਾਨ ਅਤੇ ਦੇਣ

ਬਾਬਾ ਵਾਰਿਸ ਸ਼ਾਹ ਪੰਜਾਬੀ ਕਿੱਸਾਕਾਰੀ ਦਾ ਸਭ ਤੋਂ ਵੱਡਾ ਹਸਤਾਖ਼ਰ ਤੇ ਉਸਤਾਦ ਕਵੀ ਹੈ। ਵਾਰਿਸ ਪੰਜਾਬੀ ਸਾਹਿਤ ਜਗਤ 'ਚ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਉਸਦੀ ਸ਼ਾਹਕਾਰ ਰਚਨਾ 'ਹੀਰ' ਇਕ ਅਜਿਹੀ ਮਹਾਨ ਰਚਨਾ ਹੈ ਜੋ ਕਿੱਸਾਕਾਰੀ ਦੇ ਵਿਧਾਨ ਉੱਤੇ ਖਰੀ ਉਤਰਦੀ ਹੈ, ਜਿਸ ਕਾਰਨ ਹੀਰ ਵਾਰਿਸ ਪੰਜਾਬੀ ਸਾਹਿਤ ਜਗਤ ਦੀ ਇਕ ਹਰਮਣ ਪਿਆਰੀ, ਮੁੱਲਵਾਨ ਅਤੇ ਅਮਰ ਰਚਨਾ ਹੈ ।ਹੀਰ ਵਾਰਿਸ ਆਪਣੇ ਕਲਾਤਮਕ ਗੁਣਾਂ ਕਰਕੇ ਪੰਜਾਬੀ ਕਿੱਸਿਆਂ ਵਿਚ ਉਚਤਮ ਦਰਜਾ ਪ੍ਰਾਪਤ ਕਰਦਾ ਹੈ। ਵਾਰਿਸ ਵਲੋਂ ਕਿੱਸੇ ਵਿਚ ਵਰਤੀਆਂ ਵਿਭਿੰਨ ਬਿਰਤਾਂਤਕ ਅਤੇ ਭਾਸ਼ਾਈ ਜੁਗਤਾਂ ਜਿਵੇਂ, ਰਸੀਲੇ ਅਤੇ ਮਿੱਠੇ ਬਿਆਨ, ਪਾਤਰਾਂ ਦੀ ਆਕ੍ਰਸ਼ਕ ਤੇ ਦਿਲ ਨੂੰ ਧੂਹ ਪਾਉਣ ਵਾਲੀ ਉਸਾਰੀ, ਵਰਣਨ ਵਿਚ ਕਾਵਿਮਈ ਖੁਲ੍ਹ ਤੇ ਕਾਲਪਨਿਕ ਉਡਾਰੀਆਂ, ਆਪਣੇ ਸਮਾਜ ਨੂੰ ਪ੍ਰਸਤੁੱਤ ਕਰਦਿਆਂ ਕਟਾਖ਼ਸ਼ ਭਰੀ ਆਲੋਚਨਾ, ਪੰਜਾਬੀ ਸਭਿਆਚਾਰ ਦੀ ਝਲਕ, ਸ਼ਿੰਗਾਰ ਅਨੁਭਵ, ਕਲਾਤਮਕ ਪੱਧਰ 'ਤੇ ਕਰੁਣਾ ਰਸ, ਬਹੁ ਭਾਸ਼ਾਈ ਗਿਆਨ, ਬੈਂਤ ਛੰਦ ਦਾ ਸਫ਼ਲ ਨਿਭਾਉ, ਨਾਟਕੀ ਸ਼ੈਲੀ ਦੀ ਸੁਚੱਜੀ ਵਰਤੋਂ, ਸ਼ਬਦਾਵਲੀ ਦੀ ਅਨੇਕਤਾ, ਠੇਠ ਪੰਜਾਬੀ ਦੀ ਬੋਲੀ, ਸਾਰਥਕ ਅਲੰਕਾਰਾਂ ਦੀ ਵਰਤੋਂ ਸੂਫ਼ੀ ਸੰਕਲਪਾਂ ਦੀ ਭਾਵ ਪੂਰਣ ਵਿਆਖਿਆ ਆਦਿ ਅਜਿਹੇ ਵਿਸ਼ੇਸ਼ ਗੁਣ ਹਨ ਜਿਨ੍ਹਾਂ ਕਰਕੇ ਵਾਰਿਸ ਆਪਣੀ ਇਕੋ- ਇਕ ਰਚਨਾ ਕਰਕੇ ਵਿਸ਼ਵ ਦੇ ਮਹਾਨ ਸਾਹਿਤਕਾਰਾਂ ਜਿਵੇਂ ; ਅੰਗ੍ਰੇਜ਼ੀ ਦੇ ਸ਼ੇਕਸਪੀਅਰ ਅਤੇ ਸੰਸਕ੍ਰਿਤ ਦੇ ਮਹਾਨ ਸਾਹਿਤਕਾਰ ਕਾਲੀਦਾਸ ਵਾਂਗ ਆਪਣੀ ਇਕ ਵਿਲੱਖਣ ਪਛਾਣ ਬਣਾਉਨ ਵਿਚ ਸਫ਼ਲ ਹੋਇਆ।

### 10.3.1 ਜੀਵਨ

ਮੱਧ ਕਾਲ ਦੇ ਅਜਿਹੇ ਬਹੁਤ ਸਾਰੇ ਸਾਹਿਤਕਾਰ ਹਨ ਜਿਨ੍ਹਾਂ ਦੇ ਜੀਵਨ ਬਾਰੇ ਅਤੇ ਰਚਨਾਵਾਂ

ਦੇ ਰਚਨਾ ਸਮੇਂ ਬਾਰੇ ਬਹੁਤੇ ਪ੍ਰਮਾਣੀਕ ਹਵਾਲੇ ਨਹੀਂ ਮਿਲਦੇ।ਬਾਬਾ ਵਾਰਿਸ ਸ਼ਾਹ ਬਾਰੇ ਵੀ ਕੋਈ ਪ੍ਰਮਾਣਿਕ ਹਵਾਲਾ ਉਨ੍ਹਾਂ ਦੇ ਜੀਵਨ ਸੰਬੰਧੀ ਨਹੀਂ ਮਿਲਦਾ ।ਮੱਧ ਕਾਲ ਦੇ ਕਵੀਆਂ ਅਹਿਮਦਯਾਰ, ਮੀਆਂ ਮੁਹਮੰਦ ਬਖਸ਼ ਅਤੇ ਫ਼ਜ਼ਲ ਸ਼ਾਹ ਆਦਿ ਨੇ ਵੀ ਉਸ ਦੇ ਜੀਵਨ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਬਸ ਉਸ ਦੀ ਰਚਨਾ ਉਤੇ ਹੀ ਟੀਕਾ-ਟਿਪਣੀ ਕੀਤੀ ਹੈ ।ਉਸਦੇ ਜੀਵਨ ਕਾਲ ਭਾਵ ਜਨਮ ਅਤੇ ਮਰਣ ਬਾਰੇ ਪੰਜਾਬੀ ਵਿਦਵਾਨ ਇਕ ਮੱਤ ਨਹੀਂ ਹਨ ਪਰ ਹੀਰ ਵਾਰਿਸ ਵਿਚਲੇ ਹਵਾਲਿਆਂ ਦੇ ਆਧਾਰ 'ਤੇ ਵਾਰਿਸ ਦਾ ਸਮਾਂ 1725 ਈ. ਤੋਂ 1795 ਈ. ਤਕ ਦਾ ਮੰਨਿਆ ਗਿਆ ਹੈ। ਕਿੱਸੇ ਵਿਚ ਮਿਲਦੇ ਇਕ ਹਵਾਲੇ ਤੋਂ ਇਹ ਕਿਆਸ ਕੀਤਾ ਜਾਂਦਾ ਹੈ ਕਿ ਵਾਰਿਸ ਦਾ ਜਨਮ ਜੰਡਿਆਲਾ ਸ਼ੇਰ ਖਾਂ (ਜ਼ਿਲ੍ਹਾ ਸ਼ੇਖ਼ੂਪੁਰਾ) ਵਿਚ ਹੋਇਆ :

**ਵਾਰਿਸ ਸ਼ਾਹ ਵਸਨੀਕ ਜੰਡਿਆਲੇ ਦਾ, ਤੇ ਸ਼ਾਗਿਰਦ ਮਖ਼ਦੂਮ ਦਾ ਈ।**

ਉਸ ਦੇ ਪਿਤਾ ਦਾ ਨਾਮ ਕੁਤਬ ਸ਼ਾਹ ਸੀ ।ਕਈ ਵਿਦਵਾਨ ਵਾਰਿਸ ਦੇ ਪਿਤਾ ਦਾ ਨਾਮ ਗੁਲਸ਼ੇਰ ਸ਼ਾਹ ਵੀ ਦਸਦੇ ਹਨ।

### 10.3.2 ਵਿਦਿਆ

ਵਾਰਿਸ ਸ਼ਾਹ ਪੰਜਾਬ ਦੇ ਮਹਾਨ ਸੂਫ਼ੀ ਦਰਵੇਸ਼ ਬਾਬਾ ਫ਼ਰੀਦ ਦਾ ਰੂਹਾਨੀ ਮੁਰੀਦ ਸੀ। ਵਾਰਿਸ ਨੇ ਆਪਣੀ ਮੁੱਢਲੀ ਵਿਦਿਆ ਆਪਣੇ ਪਿੰਡ ਦੇ ਮਦਰਸੇ ਤੋਂ ਹੀ ਪ੍ਰਾਪਤ ਕੀਤੀ। ਰੂਹਾਨੀ ਜੀਵਨ ਵਿਚ ਉਸ ਦਾ ਮੁਰਸ਼ਦ ਜਾਂ ਗੁਰੂ ਮੌਲਵੀ ਗੁਲਾਮ ਮੁਹੱਯੁਦੀਨ ਮਖਦੂਮ ਕਸੂਰੀ ਸੀ ਅਤੇ ਉਸਤਾਦ ਮੌਲਵੀ ਹਾਫ਼ਿਜ਼ ਗੁਲਾਮ ਮੁਰਤਜ਼ਾ ਸੀ। ਉਸ ਨੂੰ ਅਰਬੀ, ਫ਼ਾਰਸੀ, ਇਸਲਾਮੀ ਫ਼ਲਸਫ਼ੇ, ਤਿੱਥ ਤੇ ਯੋਗ, ਇਸਲਾਮਿਕ ਰੱਹਸਵਾਦ ਅਤੇ ਸੰਗੀਤ ਨਾਲ ਸੰਬੰਧਿਤ ਰਾਗ, ਤਾਲ ਅਤੇ ਘਰ ਆਦਿ ਦੀ ਡੂੰਗੀ ਜਾਣਕਾਰੀ ਸੀ।

ਬਾਬਾ ਵਾਰਿਸ ਸ਼ਾਹ ਦੇ 'ਭਾਗ ਭਰੀ' ਨਾਲ ਪ੍ਰੇਮ ਪ੍ਰਸੰਗ ਸੰਬੰਧੀ ਇਕ ਦੰਦ ਕਥਾ ਪ੍ਰਚਲਿਤ ਹੈ ਕਿ ਉਹ ਫ਼ਕੀਰੀ ਗਿਆਨ ਪ੍ਰਾਪਤ ਕਰਕੇ ਜਦੋਂ ਪਾਕਪਟਨ ਤੋਂ ਵਾਪਸ ਆ ਰਿਹਾ ਸੀ ਤਾਂ ਰਸਤੇ ਵਿਚ ਠੱਟਾ ਜ਼ਾਹਦ ਨਾਮੀ ਪਿੰਡ ਦੀ ਮਸੀਤ ਵਿਚ ਰੁਕਿਆ। ਠੱਟੇ ਰਹਿੰਦਿਆਂ ਉਸ ਇਲਾਕੇ ਵਿਚ ਵਾਰਿਸ ਦੀ ਲੋਕਾਂ ਵਿਚ ਚੰਗੀ ਭਾਲ ਬਣ ਗਈ ਸੀ। ਇੱਥੇ ਰਹਿੰਦਿਆਂ ਹੀ ਉਸ ਦਾ 'ਭਾਗ ਭਰੀ' ਨਾਂ ਦੀ ਇਕ ਸੁੰਦਰ ਮੁਟਿਆਰ ਨਾਲ ਇਸ਼ਕ ਹੋ ਗਿਆ। ਪਿੰਡ ਵਾਲਿਆਂ ਨੂੰ ਜੱਦ ਪਤਾ ਲਗਿਆ ਤਾਂ ਵਾਰਿਸ ਦੀ ਬਹੁਤ ਬਦਨਾਮੀ ਕੀਤੀ । ਬਦਨਾਮੀ ਹੋਣ ਤੋਂ ਬਾਅਦ ਵਾਰਿਸ ਨੇ ਠੱਟਾ ਛੱਡ ਦਿੱਤਾ ਅਤੇ ਮਲਕਾ ਹਾਂਸ (ਖਰਲ ਹਾਂਸ) ਆ ਗਿਆ। ਮਲਕਾ ਹਾਂਸ ਵਿਚ ਰਹਿੰਦਿਆਂ ਉਸ ਨੇ ਭਾਗ ਭਰੀ ਨਾਲ ਇਸ਼ਕ ਅਤੇ ਵਿਛੋੜੇ ਦੇ ਦਰਦ ਵਿਚ ਹੀਰ ਦਾ ਦਰਦ ਭਰਿਆ ਕਿੱਸਾ ਲਿਖਿਆ। ਪਰੰਤੂ ਉਸ ਦੇ ਇਸ਼ਕ ਦੀ ਇਸ ਦੰਤ ਕਥਾ ਦਾ ਕੋਈ ਅੰਦਰੂਨੀ ਜਾਂ ਬਾਹਰੀ ਸਬੂਤ ਨਹੀਂ ਮਿਲਦਾ ਪਰ ਇਹ ਤੱਥ ਵੀ ਮਹਤੱਵਪੂਰਣ ਹੈ ਕਿ ਇਸ਼ਕ ਦੇ ਨਿੱਜੀ ਅਨੁਭਵ ਤੋਂ ਬਗ਼ੈਰ ਇਸ਼ਕ ਦੀ ਬਾਰੀਕੀ ਅਤੇ ਵਿਸਥਾਰ ਭਰਪੂਰ ਕਿੱਸਾ ਲਿਖ ਲੈਣਾ ਵੀ ਮੁਸ਼ਕਿਲ ਹੈ।

### 10.3.3 ਪੰਜਾਬੀ ਕਿੱਸਾ ਸਾਹਿਤ ਨੂੰ ਦੇਣ ਤੇ ਸਥਾਨ।

ਬਹੁਤ ਸਾਰੇ ਕਿੱਸਾਕਾਰਾਂ ਨੇ ਕਈ ਕਿੱਸੇ ਲਿਖੇ ਪਰ ਪਾਠਕਾਂ ਅਤੇ ਸਰੋਤਿਆਂ ਨੇ ਸਿਰਫ਼ ਉਨ੍ਹਾਂ ਕਿੱਸਿਆਂ ਨੂੰ ਕਬੂਲਿਆ ਅਤੇ ਅਪਨਾਇਆ ਜਿਨ੍ਹਾਂ ਵਿਚ ਕਹਾਣੀ ਬਿਆਨਣ ਤੋਂ ਇਲਾਵਾ, ਭਾਸ਼ਾ ਦਾ ਗਿਆਨ, ਕਲਾ-ਕੁਸ਼ਲਤਾ ਅਤੇ ਆਪਣੇ ਸਭਿਆਚਾਰ ਤੇ ਰਹਿਣ-ਸਹਿਣ ਦੀ ਪੂਰੀ ਤੇ ਮੁਕੰਮਲ ਜਾਣਕਾਰੀ ਵਰਗੇ ਹੋਰ ਗੁਣ ਵੀ ਮੌਜੂਦ ਹੁੰਦੇ ਸਨ। ਇਸੇ ਕਰਕੇ ਪੰਜਾਬੀ ਕਿੱਸਾ ਸਾਹਿਤ ਜਗਤ ਵਿਚ ਵਾਰਿਸ ਸ਼ਾਹ ਦੀ ਹੀਰ ਨੂੰ ਪ੍ਰਥਮ ਸਥਾਨ ਹਾਸਿਲ ਹੈ। ਹੂਮਰ ਦੀ 'ਉਡੇਸੀ', ਸ਼ੈਕਸਪੀਅਰ ਦੀ 'ਰੋਮੀਉ-ਜੂਲੀਅਟ', ਕਾਲੀਦਾਸ ਦੀ 'ਸ਼ੰਕੁਤਲਾ' ਆਦਿ ਨੂੰ ਜੋ ਸਨਮਾਣ ਆਪਣੀਆਂ ਆਪਣੀਆਂ ਭਾਸ਼ਾਵਾਂ ਵਿਚ ਹਾਸਿਲ ਹੈ, ਉਹੀ ਮਾਣ ਵਾਰਿਸ ਸ਼ਾਹ ਦੀ 'ਹੀਰ' ਨੂੰ ਪੰਜਾਬੀ ਸਾਹਿਤ ਵਿਚ ਹਾਸਿਲ ਹੈ। ਵਾਰਿਸ ਸ਼ਾਹ ਤੋਂ ਪਹਿਲਾਂ ਹੀਰ ਦੇ ਕਿੱਸੇ ਨੂੰ ਦਮੋਦਰ ਨੇ ਅਕਬਰ ਬਾਦਸ਼ਾਹ ਦੇ ਰਾਜ ਵੇਲੇ ਲਿਖਿਆ। ਫਿਰ ਅਹਿਮਦ ਦੇ ਵੇਲੇ ਲਿਖਿਆ। ਫਿਰ ਅਹਿਮਦ ਗੁੱਜਰ ਨੇ ਇਸ ਕਿੱਸੇ ਨੂੰ ਔਰੰਗਜ਼ੇਬ ਦੀ ਹਕੂਮਤ ਸਮੇਂ ਲਿਖਿਆ। ਫਿਰ ਚਿਰਾਗ਼ਦੀਨ ਏਵਾਨ ਨੇ ਅਤੇ ਫਿਰ ਮੁਕਬਲ ਨੇ ਇਸ ਨੂੰ ਲਿਖਿਆ। ਵਾਰਿਸ ਤੋਂ ਪਹਿਲਾਂ ਇਨ੍ਹਾਂ ਉਪਰੋਕਤ ਕਿੱਸਾਕਾਰਾਂ ਤੋਂ ਇਲਾਵਾ ਜੇ ਇਹ ਕਿੱਸਾ ਹੋਰ ਵੀ ਕਿਸੇ ਲਿਖਿਆ ਹੋਵੇਗਾ, ਉਨ੍ਹਾਂ ਸਾਰਿਆਂ ਵਿਚੋਂ ਸਿਰਫ਼ ਮੁਕਬਲ ਦੇ ਕਿੱਸੇ ਨੇ ਪਾਠਕਾਂ ਦਾ ਧਿਆਨ ਆਪਣੇ ਵੱਲ ਖਿਚਿਆ ਅਤੇ ਬਾਕੀ ਕਿੱਸਾਕਾਰਾਂ ਦੇ ਕਿੱਸੇ ਪੰਜਾਬੀ ਸਰੋਤਿਆਂ ਅਤੇ ਸਾਹਿਤ ਪ੍ਰੇਮੀਆਂ ਵਿਚ ਆਪਣੀ ਥਾਂ ਨਹੀਂ ਬਣਾ ਸਕੇ। ਪਰ ਜਦ ਵਾਰਿਸ ਸ਼ਾਹ ਨੇ ਲਗਭਗ 1766 ਈ. ਵਿਚ ਹੀਰ ਦੀ ਦਾਸਤਾਨ ਠੇਠ ਪੰਜਾਬੀ ਵਿਚ ਲਿਖੀ ਤਾਂ ਉਹ ਕਿੱਸਾ ਪੰਜਾਬੀ ਸਾਹਿਤ ਵਿਚ ਉਸ ਸਥਾਨ ਤੇ ਪਹੁੰਚ ਗਿਆ ਜਿਥੇ ਪੰਜਾਬੀ ਕਿੱਸਿਆਂ ਦੀ ਪਹਿਚਾਣ ਬਣ ਕੇ ਸਾਰੀ ਦੁਨੀਆਂ ਵਿਚ ਪੰਜਾਬੀ ਕਿੱਸਿਆਂ ਦੀ ਪ੍ਰਤੀਨਿੱਧਤਾ ਕਰਨ ਲੱਗ ਪਿਆ।

ਵਾਰਿਸ ਦੀ ਸ਼ਖ਼ਸੀਅਤ ਅਤੇ ਉਸ ਦੀ ਰਚਨਾ ਦੇ ਸੰਬੰਧ ਵਿੱਚ ਦੋ ਧਾਰਨਾਵਾਂ ਪ੍ਰਚਲਿਤ ਹਨ ਜੋ ਆਪੋ- ਆਪਣੀ ਥਾਂ ਸੱਚੀਆਂ ਵੀ ਹਨ ਅਤੇ ਜਿਨ੍ਹਾਂ ਵਿੱਚ ਆਪਸੀ ਵਿਰੋਧ ਵੀ ਹੈ। ਇੱਕ ਬੰਨੇ ਇਹ ਪ੍ਰਵਾਨ ਕੀਤਾ ਜਾਂਦਾ ਹੈ ਕਿ ਵਾਰਿਸ ਅਸਲੋ-ਅਸਲੀ ਇੱਕ ਸੂਫ਼ੀ ਫ਼ਕੀਰ ਸੀ ਅਤੇ ਇਸ ਲਈ ਉਸ ਨੇ ਇਸ਼ਕ ਮਿਜ਼ਾਜੀ ਨੂੰ ਇਸ਼ਕ ਹਕੀਕੀ ਦਾ ਇੱਕ ਪੜਾਅ ਸਮਝਦਿਆਂ ਹੋਇਆਂ ਅਤੇ ਇਸ ਨੂੰ ਪ੍ਰਵਾਨਗੀ ਦਿੰਦਿਆਂ ਹੋਇਆਂ, ਖਰਲ ਹਾਂਸ ਦੀ ਮਸੀਤ ਵਿੱਚ ਬੈਠ ਕੇ ਹੀਰ ਦਾ ਕਿੱਸਾ ਲਿਖਕੇ ਇੱਕ ਧਾਰਮਿਕ ਕਰਤੱਵ ਦੀ ਪੂਰਤੀ ਕੀਤੀ। ਦੂਜੇ ਬੰਨ੍ਹੇ ਇਹ ਕਿਹਾ ਜਾਂਦਾ ਹੈ ਕਿ ਵਾਰਿਸ ਸ਼ਾਹ ਖ਼ੁਦ ਇਸ਼ਕ ਦਾ ਕੁੱਠਾ ਸੀ ਜਿਸਨੇ ਕਿਸੇ ਭਾਗਭਰੀ ਨਾਲ ਆਪਣੇ ਇਸ਼ਕ ਦੀ ਦਾਸਤਾਂ ਨੂੰ ਜ਼ਬਾਨ ਦੇਣ ਲਈ ਇਸ ਕਿੱਸੇ ਦੀ ਰਚਨਾ ਕੀਤੀ। ਸੂਫ਼ੀ ਮਤ ਦੀ ਧਾਰਨਾ ਅਨੁਸਾਰ ਇਸ਼ਕ ਮਿਜ਼ਾਜੀ ਦੀ ਬਾਤ ਪਾਉਂਦਿਆਂ ਉਸ ਨੇ ਕਿੱਸੇ ਦੇ ਸ਼ੁਰੂ ਵਿੱਚ ਕਿਹਾ ਹੈ:

**ਅੱਵਲ ਹਮਦ ਖੁਦਾਇ ਦਾ ਵਿਰਦ ਕੀਜੇ, ਇਸ਼ਕ ਕੀਤਾ ਸੁ ਜੱਗ ਦਾ ਮੂਲ ਮੀਆਂ**
**ਪਹਿਲੇ ਆਪ ਖੁਦਾਇ ਨੇ ਇਸ਼ਕ ਕੀਤਾ ਤੇ ਮਾਸ਼ੂਕ ਹੈ ਨਬੀ ਰਸੂਲ ਮੀਆਂ**

ਅਤੇ ਇਹ ਵੀ ਕਿਹਾ ਹੈ :

ਇਹ ਕੁਰਾਨ ਮਜੀਦ ਦੇ ਮਾਇਨੇ ਨੇਜੋ ਬੋਲ ਮੀਆਂ ਵਾਰਿਸ ਸ਼ਾਹ ਦੇ ਨੇ

ਦੁਜੇ ਬੰਨੇ ਯਾਰਾਂ ਨਾਲ ਮਜਲਿਸਾਂ ਵਿੱਚ ਬਹਿਕੇ 'ਹੀਰ ਦੇ ਇਸ਼ਕ ਦਾ ਮਜ਼ਾ ਪਾਉਣ' ਲਈ ਉਹਨਾਂ ਦੀ ਫ਼ਰਮਾਇਸ਼ ਉੱਤੇ 'ਪ੍ਰੇਮ ਦੀ ਝੋਕ ਵਾਲਾ ਨਵਾਂ ਕਿੱਸਾ ਬਣਾਉਣ' ਦਾ ਜ਼ਿਕਰ ਵੀ ਕੀਤਾ ਹੈ;

**ਹੁਕਮ ਮੰਨਕੇ ਸੱਜਣਾਂ ਪਿਆਰਿਆਂ ਦਾ, ਕਿੱਸਾ ਅਜਬ ਬਹਾਰ ਦਾ ਜੋੜਿਆ ਮੈਂ**
**ਫਿਕਰਾ ਜੋੜ ਕੇ ਖੂਬ ਦਰੁਸਤ ਕੀਤਾ, ਨਵਾਂ ਫੁੱਲ ਗੁਲਾਬ ਦਾ ਤੋੜਿਆ ਮੈਂ**

ਕੁਰਾਨ ਮਜੀਦ ਦੇ ਮਾਅਨਿਆਂ ਵਾਲੀ ਗੱਲ ਦੇ ਸਮਾਨਾਂਤਰ ਹੀ ਕਿੱਸੇ ਦੇ ਬਿਰਤਾਂਤ ਵਿੱਚ ਕਾਫ਼ੀ ਕੁਝ ਅਜਿਹਾ ਹੈ ਜਿਸ ਵਿੱਚੋਂ ਧਾਰਮਿਕ ਰੁਚੀਆਂ ਵਾਲੇ ਲੋਕਾਂ ਨੂੰ ਤਾਂ ਕੀ ਸਧਾਰਨ ਮਨੁੱਖਾਂ ਨੂੰ ਵੀ ਚੰਮ-ਰਸ, ਅਸੱਭਿਯ ਬੋਲ ਬਾਣੀ ਅਤੇ ਅਸ਼ਲੀਲਤਾ ਦਾ ਆਭਾਸ ਹੁੰਦਾ ਹੈ। ਇਹ ਗੱਲ ਪ੍ਰਚਲਿਤ ਹੈ ਕਿ ਵਾਰਿਸ ਨੇ ਜਦੋਂ ਕਿੱਸਾ ਆਪਣੇ ਮੁਰਸ਼ਿਦ ਨੂੰ ਸੁਣਾਇਆ ਤਾਂ ਉਸ ਦਾ ਕਹਿਣਾ ਸੀ ਕਿ ਵਾਰਿਸ ਨੇ ਹੀਰਿਆਂ ਦੇ ਮਣਕਿਆਂ ਨੂੰ ਮੁੰਜ ਦੀ ਰੱਸੀ ਵਿੱਚ ਪਰੋ ਦਿੱਤਾ ਹੈ।

ਵਾਰਿਸ ਦੀ ਹੀਰ ਦਾ ਕਈ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਗਿਆ ਮਿਲਦਾ ਹੈ। ਅੰਗਰੇਜ਼ੀ ਵਿਚ ਇਸ ਦਾ ਅਨੁਵਾਦ ਸਰ ਰਿਚਰਡ ਕਾਰਨਿਕ ਟੈਂਪਲ ਨੇ ਕੀਤਾ। ਜਿਸ ਨਾਲ ਇਸ ਕਿੱਸੇ ਨੂੰ ਯੂਰਪ ਅਤੇ ਹੋਰ ਮੁਲਕਾਂ ਵਿਚ ਪਹਿਚਾਣ ਹਾਸਿਲ ਹੋਈ। ਇਸ ਤੋਂ ਬਾਅਦ ਇਸ ਕਿੱਸੇ ਨੂੰ ਵਾਰਤਕ ਵਿਚ ਮਿਸਟਰ ਚਾਰਲਿਸ ਫੈਡਰਿਕ ਅਸਬੌਰਨ ਨੇ ਅਨੁਵਾਦ ਕੀਤਾ। ਫੈਡਰਿਕ ਅਸਬੌਰਨ ਦੇ ਅਨੁਸਾਰ ਇਸ ਕਿੱਸੇ ਨੂੰ ਪ੍ਰਸਿੱਧ ਸਕਾਲਰ ਮੁਮਤਾਜ਼ ਹਸਨ ਨੇ 1992 ਵਿਚ ਸੋਧ ਕੇ ਅਤੇ ਆਪਣਾ ਮੁਖਬੰਦ ਲਿਖ ਕੇ ਛਪਵਾਇਆ ਹੈ। ਸਈਅਦ ਹੁਸੈਨ ਜ਼ੈਦੀ ਨੇ ਵਾਰਿਸ ਦੀ ਹੀਰ ਨੂੰ ਉਰਦੂ ਸ਼ਾਇਰੀ ਵਿਚ ਅਨੁਵਾਦ ਕੀਤਾ। ਵਾਰਿਸ ਵਲੋਂ ਲਿਖੀ ਹੀਰ, ਉਸ ਦੇ ਜੀਵਨ ਕਾਲ ਵਿਚ ਹੀ ਹਰਮਨ ਪਿਆਰੀ ਰਚਨਾ ਬਣ ਗਈ ਸੀ। ਵਾਰਿਸ ਤੋਂ ਬਾਅਦ ਜਦ ਵੀ ਕਿਸੇ ਲਿਖਾਰੀ ਨੇ ਉਸ ਦੀ ਹੀਰ ਨੂੰ ਲਿਖਿਆ ਜਾਂ ਛਪਵਾਇਆ ਤਾਂ ਉਸ ਵਿਚ ਆਪਣੇ ਸ਼ੇਅਰ ਵੀ ਸ਼ਾਮਿਲ ਕਰ ਦਿੱਤੇ। ਇਸ ਤਰ੍ਹਾਂ ਵਾਰਿਸ ਦੀ ਹੀਰ ਵਿਚ ਕਾਫ਼ੀ ਰਚਨਾ ਹੋਰਾਂ ਕਵੀਆਂ ਦੀ ਸ਼ਾਮਿਲ ਹੋ ਗਈ। ਕਈ ਵਿਦਵਾਨਾਂ ਦਾ ਮੰਨਣਾ ਹੈ ਕਿ ਹੀਰ ਵਾਰਿਸ ਸ਼ਾਹ ਦਾ ਇਕ ਹੱਥ ਲਿਖਤ ਖਰੜਾ ਕਿਰਪਾ ਰਾਮ ਹਾਫਿਜ਼ਾਬਾਦ ਵਾਲੇ ਦਾ ਲਿਖਿਆ ਹੋਇਆ ਹੈ। ਇਹ ਖਰੜਾ ਉਸ ਨੇ ਦੀਵਾਨ ਹਰਦੇਵ ਸਿੰਘ ਦੇ ਕਹਿਣ ਤੇ ਲਿਖਿਆ ਸੀ ਅਤੇ ਇਸ ਖਰੜੇ 'ਤੇ 8 ਵੈਸਾਖ 1916 ਬਿਕਰਮੀ ਲਿਖੀ ਹੋਈ ਹੈ। ਇਹ ਖਰੜਾ ਪੰਜਾਬ ਪਬਲਿਕ ਲਾਇਬਰੇਰੀ ਲਾਹੌਰ ਤੋਂ ਇਲਾਵਾ ਨਿਊਯਾਰਕ ਪਬਲਿਕ ਲਾਇਬਰੇਰੀ ਵਿਚ ਮੌਜੂਦ ਹੈ। ਇਹ ਖਰੜਾ ਕਿਰਪਾ ਰਾਮ ਨੇ ਚੰਗੀ ਮਿਹਨਤ ਨਾਲ ਪਰਖ ਪੜਚੋਲ ਤੇ ਛਾਣ-ਬੀਣ ਕੇ ਲਿਖਿਆ ਹੈ ਤੇ ਸਾਰੇ ਵਿਦਵਾਨ ਇਸ ਨੁਸਖ਼ੇ ਨੂੰ ਠੀਕ ਮੰਨਦੇ ਹਨ। ਜਿਨ੍ਹਾਂ ਸੰਪਾਦਕਾਂ ਨੇ 1947 ਤੋਂ ਬਾਅਦ ਵਾਰਿਸ ਦੀ ਹੀਰ ਨੂੰ ਛਾਪਿਆ ਹੈ ਉਨ੍ਹਾਂ ਨੇ ਕਿਰਪਾ ਰਾਮ ਵਾਲੇ ਨੁਸਖੇ ਨੂੰ ਅਸਲ ਹੀਰ ਮੰਨ ਕੇ ਉਸ ਦੀ ਨਕਲ ਕੀਤੀ ਹੈ।

ਵਾਰਿਸ ਸ਼ਾਹ ਨੇ ਜਿਥੇ ਆਪਣੀ ਹੀਰ ਨਾਲ ਕਿੱਸਾ ਸਾਹਿਤ ਨੂੰ ਅਮੀਰ ਕੀਤਾ ਉਥੇ ਆਪਣੇ ਤੋਂ ਬਾਅਦ ਵਾਲੇ ਕਿੱਸਾਕਾਰਾਂ ਲਈ ਇਕ ਆਦਰਸ਼ ਵੀ ਸਥਾਪਿਤ ਕੀਤਾ। ਵਾਰਿਸ ਤੋਂ ਬਾਅਦ

ਦੇ ਕਿੱਸਾਕਾਰਾਂ ਨੇ ਉਸ ਦੀ ਹੀਰ ਤੋਂ ਪ੍ਰੇਰਨਾ ਲੈਂਦੇ ਹੋਏ ਬਹੁਤ ਕੁਝ ਗ੍ਰਹਿਣ ਕੀਤਾ ਹੈ। ਵਾਰਿਸ ਦੀ ਤਾਰੀਫ਼ ਕਈ ਕਿੱਸਾਕਾਰਾਂ ਨੇ ਕੀਤੀ ਹੈ ਜਿਵੇਂ, ਮੀਆਂ ਮੁਹੰਮਦ ਬਖਸ਼, ਉਸ ਬਾਰੇ ਕਹਿੰਦੇ ਹਨ:

**ਵਾਰਿਸ ਸ਼ਾਹ ਸੁੱਖਣ ਦਾ ਵਾਰਿਸ ਨਿੰਦੇ ਕੌਣ ਉਨ੍ਹਾਂ ਨੂੰ**
**ਹਰਫ ਉਹਦੇ ਤੇ ਉਂਗਲ ਧਰਨੀ ਨਾਹੀਂ ਕਦਰ ਅਸਾਨੂੰ।**
**ਜਿਹੜੀ ਉਸ ਚੁਹਰੇਟੀ ਆਖੀ ਜੇ ਸਮਝੇ ਕੋਈ ਸਾਰੀ**
**ਹਿਕ ਹਿਕ ਸੁੱਖਣ ਅੰਦਰ ਖਸ਼ਬੂਆਂ ਵਾਂਗ ਫੁੱਲਾਂ ਦੀ ਖਾਰੀ।**

ਵਾਰਿਸ ਸ਼ਾਹ ਦੀ ਭਾਸ਼ਾ ਮਿੱਠੀ ਤੇ ਮੁਹਾਵਰਿਆਂ ਨਾਲ ਸੱਜੀ ਹੋਈ ਹੈ। ਉਸ ਨੇ ਬਹੁਤ ਕਰਕੇ ਮਾਝੀ ਨੂੰ ਵਰਤਿਆ ਹੈ ਪਰ ਪੰਜਾਬੀ ਦੀ ਬਾਕੀ ਉਪ-ਭਾਸ਼ਾਵਾਂ ਦਾ ਰਸ ਵੀ ਨਾਲ ਨਾਲ ਭਰਿਆ ਹੈ। ਉਸ ਦੀ ਭਾਸ਼ਾ ਸੌਖੀ ਸਮਝ ਆਉਣ ਵਾਲੀ ਹੈ। ਉਸ ਕੋਲ ਪੰਜਾਬੀ ਸ਼ਬਦ ਭੰਡਾਰ ਦਾ ਵੱਡਾ ਖ਼ਜ਼ਾਨਾ ਅਤੇ ਬਹੁ-ਪੱਖੀ ਗਿਆਨ ਦਾ ਅਟੁੱਟ ਭੰਡਾਰ ਹੈ। ਉਸ ਦੇ ਕਿੱਸੇ ਵਿਚ ਜੋਗਮਤ, ਰਾਜਨੀਤੀ, ਧਰਮ, ਕਾਨੂੰਨ, ਭੂਗੋਲ, ਇਤਿਹਾਸ, ਪੰਜਾਬੀ ਲੋਕ ਪਕਵਾਨ, ਰਸਮੋ-ਰਿਵਾਜ ਸਭ ਬਾਰੇ ਜਾਣਕਾਰੀ ਮਿਲਦੀ ਹੈ। ਉਸ ਨੇ ਪ੍ਰਕਿਰਤੀ ਦਾ ਚਿਤਰਣ ਵੀ ਬਾਖ਼ੂਬੀ ਕੀਤਾ ਹੈ:

**ਠਾਠਾਂ ਮਾਰਾਂ ਫਿਰਾਕ ਦੀ ਕਾਂਗ ਆਈ**
**ਜੀਉ ਡੁਬਦਾ ਤੇ ਗੋਤੇ ਖਾਉਂਦਾ ਏ।**
**ਸਿਰ ਬੱਦਲ ਕੜਕਦਾ ਇਸ਼ਕ ਵਾਲਾ**
**ਅਤੇ ਮਿਹਰ ਦੀ ਬੂੰਦ ਵਸਾਉਂਦਾ ਏ।**

ਵਾਰਿਸ ਸ਼ਾਹ ਨੇ ਆਪਣੇ ਸਮੇਂ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਪ੍ਰਸਥਿਤੀਆਂ ਨੂੰ ਵੀ ਬਾ-ਕਮਾਲ ਚਿਤਰਿਆ ਹੈ। ਧਾਰਮਿਕ ਆਗੂਆਂ ਦੇ ਦੰਭੀ ਕਿਰਦਾਰ ਤੇ ਵਿਅੰਗ ਕੀਤਾ ਹੈ ਅਤੇ ਉਨ੍ਹਾਂ ਵਲੋਂ ਚਲਾਈਆਂ ਗਈਆਂ ਫੋਕੀਆਂ ਰਸਮਾਂ-ਰੀਤਾਂ ਨੂੰ ਵੀ ਨੰਗਿਆਂ ਕੀਤਾ ਹੈ। ਨਾਟਕੀ ਅੰਦਾਜ਼ ਨਾਲ ਘਟਨਾਵਾਂ ਨੂੰ ਪੇਸ਼ ਕਰਦਾ ਅਤੇ ਪਾਤਰਾਂ ਦੀ ਆਪਸੀ ਵਾਰਤਾਲਾਪ ਦੁਆਰਾ ਕਿੱਸੇ ਨੂੰ ਰੌਚਕ ਬਣਾਉਂਦਾ ਹੈ। ਵਾਰਿਸ ਵਲੋਂ ਸਿਰਜੀਆਂ ਤੁੱਕਾਂ ਅਖਾਣਾਂ ਦੀ ਤਰ੍ਹਾਂ ਲੋਕਾਂ ਵਲੋਂ ਆਮ ਵਰਤੀਆਂ ਜਾਣ ਲੱਗ ਪਈਆਂ ਹਨ। ਜਿਵੇਂ:

—"ਸੌਂਕਣ ਰੰਨ, ਗੁਵਾਂਢ ਕੁਪੱਤਿਆਂ ਦਾ, ਭਲੇ ਮਰਦ ਦੇ ਬਾਬਾ ਦਾ ਰੋਗ ਹੈ ਨੀ।"

—"ਵਾਰਿਸ ਰੰਨ, ਫਕੀਰ, ਤਲਵਾਰ, ਘੋੜਾ ਚਾਰੇ ਥੋਕ ਏਹ ਕਿਸੇ ਦੇ ਯਾਰ ਨਾਹੀਂ।"

—"ਇਹ ਆਸ਼ਕੀ ਵੇਲ ਅੰਗੂਰ ਦੀ ਏ, ਮੁੱਢੋਂ ਏਸ ਨੂੰ ਪੁੱਟ ਨਾ ਸੁਟੀਏ ਨੀ।"

ਵਾਰਿਸ ਸ਼ਾਹ ਦੀ ਭਾਸ਼ਾ ਉੱਪਰ ਮਜ਼ਬੂਤ ਪਕੜ ਤੇ ਗਿਆਨ ਦਾ ਪ੍ਰਗਟਾਵਾ ਹੁੰਦਾ ਹੈ। ਉਹ ਅਰਬੀ, ਫ਼ਾਰਸੀ ਦਾ ਵੀ ਗਿਆਤਾ ਸੀ। ਉਸ ਨੇ ਕੁਰਾਨ ਮਜੀਦ ਤੇ ਅਰਬੀ ਦੀਆਂ ਹੋਰ ਕਈ ਪੁਸਤਕਾਂ ਪੜ੍ਹੀਆਂ ਹੋਈਆਂ ਸਨ। ਇਸ ਤਰ੍ਹਾਂ ਉਸ ਨੇ ਸ਼ੇਖ ਸਾਅਦੀ ਦੀਆਂ ਸਦਾ ਬਹਾਰ

ਕਿਤਾਬਾਂ ਗੁਲਸਤਾਨ ਤੇ ਬੋਸਤਾਨ, ਫਿਰਦੋਸ਼ੀ ਦਾ ਸ਼ਾਹਨਾਮਾ ਅਤੇ ਬਹਾਰ ਦਾਨਿਸ਼ ਤੇ ਤੋਤੀਨਾਮਾ ਜਿਹੀਆਂ ਰਚਨਾਵਾਂ ਨੂੰ ਪੜ੍ਹ ਕੇ ਭਾਸ਼ਾ ਦੇ ਇਸਤੇਮਾਲ ਤੇ ਚੋਖਾ ਗਿਆਨ ਹਾਸਿਲ ਕੀਤਾ ਹੋਇਆ ਸੀ। ਉਹ ਆਪ ਬਿਆਨ ਕਰਦਾ ਹੈ:

**"ਇਕ ਨਜ਼ਮ ਦਾ ਦਰਸ਼ ਹਰਕਰਨ ਪੜ੍ਹਦੇ ਨਾਮ ਹੱਕ ਤੇ ਖਾਲਿਕ ਬਾਰੀਆ ਨੇ।**
**ਗੁਲਿਸਤਾਨ ਬੋਸਤਾਨ ਬਹਾਰ ਦਾਨਿਸ਼ ਤੋਤੀਨਾਮਾ ਤੇ ਰਾਜ਼ਕ ਬਾਰੀਆਂ ਨੇ।**
**ਮੁਸ਼ਨੀਅਤ ਨਸਾਬ ਤੇ ਅਬੂ-ਉਲ-ਫਜ਼ਲਾਂ ਸ਼ਾਹਨਾਮਿਉ ਵਾਹਿਦ ਬਾਰੀਆਂ ਨੇ।**
**ਕੁਰਾਨ-ਉਲ-ਸੁਆਦੀਨ ਦੀਵਾਨ ਹਾਫ਼ਿਜ਼ ਸ਼ੀਰੀ ਖੁਸਰੋਆਂ ਲਿਖ ਸਵਾਰੀਆਂ ਨੇ।"**

ਵਾਰਿਸ ਨੇ ਪੰਜਾਬ ਵਿਚ ਵਸਦੇ ਅਲਗ-ਅਗਲ ਧਰਮਾਂ ਦਾ ਜ਼ਿਕਰ ਸੁਚੱਜੇ ਢੰਗ ਨਾਲ ਕੀਤਾ ਹੈ। ਹਿੰਦੂ ਰਿਵਾਜਾਂ ਅਤੇ ਮੁਸਲਿਮ ਪਰੰਪਰਾਵਾਂ ਨੂੰ ਬਿਆਨਿਆ ਹੈ। ਪੀਰਾਂ, ਫਕੀਰਾਂ ਤੇ ਸਾਧਾਂ-ਜੋਗੀਆਂ ਉਪਰ ਆਮ ਲੋਕਾਂ ਦੀ ਆਸਥਾ ਨੂੰ ਚਿਤਰਿਆ ਹੈ। ਪੰਜਾਬੀਆਂ ਦੀ ਖ਼ੁਰਾਕ ਅਤੇ ਪਹਿਰਾਵੇ ਦਾ ਜ਼ਿਕਰ ਕੀਤਾ। ਪੰਜਾਬੀ ਮੁਹਾਵਰੇ ਅਤੇ ਅਖਾਣਾਂ ਦਾ ਸੁਚੱਜੇ ਢੰਗ ਨਾਲ ਕਿੱਸੇ ਵਿਚ ਇਸਤੇਮਾਲ ਕੀਤਾ ਹੈ। ਉਸ ਨੇ ਕਿੱਸੇ ਵਿਚ ਪੰਜਾਬੀ ਆਂਚਲਿਕਤਾ ਨੂੰ ਇਸ ਤਰ੍ਹਾਂ ਦਰਸਾਇਆ ਹੈ ਕਿ ਉਸ ਦੀ ਹੀਰ ਲੋਕ ਵਿਰਸਾ ਬਣ ਗਈ ਹੈ। ਇਸ ਤੋਂ ਇਲਾਵਾ ਉਹ ਕਿੱਸੇ ਵਿਚ ਨਬੀ ਰਸੂਲ ਦਾ ਜ਼ਿਕਰ ਕਰਦਾ ਹੈ। ਰਾਮ ਤੇ ਰਾਵਣ ਦੇ ਨਾਲ ਨਾਲ ਸ਼ੈਤਾਨ, ਫਰਿਸ਼ਤਿਆਂ ਅਤੇ ਜਿੰਨਾਂ ਦੀ ਗੱਲ ਵੀ ਕਰਦਾ ਹੈ। ਪਰਿੰਦਿਆਂ, ਜਾਨਵਰਾਂ ਤੇ ਸੱਪ-ਨਿਉਲਿਆਂ ਦਾ ਵੀ ਜ਼ਿਕਰ ਕਰਦਾ ਹੈ। ਉਹ ਆਮ ਆਦਮੀ ਦੇ ਆਸ-ਪਾਸ ਮੌਜੂਦ ਸਾਰੀਆਂ ਸ਼ੈਆਂ ਦਾ ਜ਼ਿਕਰ ਕਰਦਾ ਹੈ। ਜਿਵੇਂ:

**"ਸਾਨੂੰ ਬਨੀ ਹੈ ਹੀਰ ਨੂੰ ਸੱਪ ਲੜਿਆ ਖੋਲ ਕਹੇ ਹਕੀਕਤਾਂ ਸਾਰੀਆਂ ਜੀ।**
**ਕਾਹੇ ਵਾਸਤੇ ਰੱਬ ਦੇ ਚਲੇ ਜੋਗੀ ਸਾਨੂੰ ਬਣੀਆਂ ਮੁਸੀਬਤਾਂ ਭਾਰੀਆਂ ਜੀ।**
**ਵਾਰਿਸ ਸ਼ਾਹ ਉਥੇ ਨਹੀਂ ਫੁਰੇ ਮੰਤਰ ਜਿਥੇ ਦੰਦੀਆਂ ਇਸ਼ਕ ਨੇ ਮਾਰੀਆਂ ਜੀ।"**

ਜੇ ਕਿਸੇ ਰਚਨਾ ਵਿਚ ਪੰਜਾਬੀਅਤ ਨੂੰ ਲਭਣਾ ਹੋਵੇ ਤਾਂ ਉਹ ਵਾਰਿਸ ਦੀ ਹੀਰ ਵਿਚੋਂ ਨਜ਼ਰੀਂ ਪੈਂਦੀ ਹੈ। ਕਈ ਵਿਦਵਾਨ ਤਾਂ ਕਹਿੰਦੇ ਹਨ ਕਿ ਠੇਠ ਪੰਜਾਬੀ ਬੋਲੀ ਦੀ ਵਰਤੋਂ ਕਰਨੀ ਸਿਖਣੀ ਹੋਵੇ ਜਾਂ ਮਾਝੀ ਬੋਲੀ ਨੂੰ ਚੰਗੀ ਤਰ੍ਹਾਂ ਸਮਝਣਾ ਹੋਵੇ ਤਾਂ ਉਸ ਲਈ ਵੀ ਵਾਰਿਸ ਦੀ ਹੀਰ ਪੜ੍ਹਣੀ ਜ਼ਰੂਰੀ ਹੈ। ਵਾਰਿਸ ਨੂੰ ਆਪ ਵੀ ਮਾਣ ਸੀ ਕਿ ਉਹਨੇ ਹੀਰ ਜਿਹਾ ਬਾ-ਕਮਾਲ ਕਿੱਸਾ ਲਿਖ ਕੇ ਸਾਰੇ ਪੰਜਾਬੀਆਂ ਨੂੰ ਪਿਆਰ-ਮੁਹੱਬਤ ਤੇ ਖ਼ੁਸ਼ੀ ਦਾ ਸੁਨੇਹਾ ਦਿੱਤਾ ਹੈ। ਉਹ ਲਿਖਦਾ ਹੈ ਕਿ ਜਿਹੜਾ ਵੀ ਮੇਰੀ ਹੀਰ ਨੂੰ ਪੜ੍ਹੇਗਾ, ਉਹ ਖ਼ੁਸ਼ੀਆਂ ਹਾਸਿਲ ਕਰੇਗਾ ਅਤੇ ਰੱਬ ਦੀ ਉਸ 'ਤੇ ਮਿਹਰ ਹੋਵੇਗੀ।

**"ਖ਼ਤਮ ਰੱਬ ਦੇ ਕਰਨ ਦੇ ਨਾਲ ਹੋਈ ਫਰਮਾਇਸ਼ ਪਿਆਰੇ ਯਾਰ ਦੀ ਹੈ।**
**ਐਸਾ ਸ਼ੇਅਰ ਕੀਤਾ ਪੁਰਮਗਜ਼ ਮੌਜੂੰ ਮੋਤੀਆਂ ਲੜੀ ਸ਼ਾਹ ਵਾਰ ਦੀ ਹੈ।**
**ਜੋ ਕੂ ਪੜ੍ਹੇ ਸੋ ਬਹੁਤ ਖੁਰਸੰਦ ਹੋਵੇ ਵਾਹ ਵਾਹ ਸਭ ਖਲਕ ਪੁਕਾਰਦੀ ਹੈ।**
**ਵਾਰਿਸ ਸ਼ਾਹ ਨੂੰ ਸ਼ੱਕ ਦੀਦਾਰ ਦੀ ਹੈ ਹੀਰ ਨੂੰ ਭੂਖਨਾ ਯਾਰ ਦੀ ਹੈ।"**

ਵਾਰਿਸ ਸ਼ਾਹ ਤੋਂ ਪਹਿਲਾਂ ਅਤੇ ਬਾਅਦ ਵੀ ਕਈ ਵੱਡੇ-ਵੱਡੇ ਸ਼ਾਇਰਾਂ ਨੇ ਹੀਰ-ਰਾਂਝੇ ਦਾ ਕਿੱਸਾ ਲਿਖਿਆ ਪਰ ਜੋ ਸ਼ੋਹਰਤ ਅਤੇ ਕਾਮਯਾਬੀ ਵਾਰਿਸ ਦੇ ਹਿੱਸੇ ਆਈ, ਬਾਕੀ ਉਸ ਦੇ ਨੇੜੇ ਵੀ ਨਹੀਂ ਪਹੁੰਚ ਸਕੇ। ਵਾਰਿਸ ਨੇ ਇਸ ਇਸ਼ਕੀਆ ਕਿੱਸੇ ਵਿਚ ਸੂਫ਼ੀ ਰੰਗ ਵੀ ਬਾਖ਼ੂਬੀ ਭਰਿਆ ਹੈ ਅਤੇ ਕਿੱਸੇ ਵਿਚ ਗੁੰਨ ਕੇ ਸੂਫ਼ੀ ਰਮਜ਼ਾਂ ਨੂੰ ਬਿਆਨ ਕੀਤਾ ਹੈ। ਇਸ ਕਿੱਸੇ ਵਿਚ ਲੋਕ ਜਜ਼ਬਿਆਂ ਦੀ ਮਿਠਾਸ ਹੈ। ਕਿੱਸੇ ਵਿਚ ਦਰਦ ਤੇ ਸੋਜ਼ ਹੈ। ਉੱਤਮ ਦਰਜੇ ਦੀ ਕਲਾ-ਕੁਸ਼ਲਤਾ ਹੈ। ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਪੰਜਾਬੀਆਂ ਦੀ ਆਪਸੀ ਸਾਂਝ ਨੂੰ ਦਰਸਾਇਆ ਹੈ। ਪੰਜਾਬੀ ਮੇਲੇ, ਤਿਉਹਾਰਾਂ ਅਤੇ ਲੋਕ ਰਿਵਾਇਤਾਂ ਨੂੰ ਕਿੱਸੇ ਦਾ ਅੰਗ ਬਣਾਇਆ ਹੈ। ਵਾਰਿਸ ਦੀ ਪ੍ਰਸਿੱਧੀ ਦਾ ਅੰਦਾਜ਼ਾ ਇਥੋਂ ਵੀ ਲਗਾਇਆ ਜਾ ਸਕਦਾ ਹੈ ਕਿ ਅਠਾਰਵੀਂ ਸਦੀ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਵਾਰਿਸ ਕਾਲ ਵਜੋਂ ਜਾਣਿਆ ਜਾਂਦਾ ਹੈ।

ਹੀਰ ਦੇ ਕਿੱਸੇ ਦੇ ਲੇਖਕ ਵਜੋਂ ਵਾਰਿਸ ਦੀ ਪ੍ਰਸਿੱਧੀ ਏਨੀ ਜ਼ਿਆਦਾ ਹੈ ਕਿ ਅਕਸਰ ਉਸ ਦੀ ਕਿਸੇ ਹੋਰ ਰਚਨਾ ਵੱਲ ਧਿਆਨ ਨਹੀਂ ਜਾਂਦਾ। ਪਰ ਵਿਦਵਾਨਾਂ ਨੇ ਉਸ ਦੀਆਂ ਹੋਰ ਰਚਨਾਵਾਂ ਦੀ ਦੱਸ ਵੀ ਪਾਈ ਹੈ। ਇਹਨਾਂ ਵਿੱਚ ਸੱਸੀ ਪੁੰਨੂੰ ਦਾ ਕਿੱਸਾ, ਸੀਹਰਫ਼ੀ ਲਾਹੌਰ, ਮਿਅਰਾਜਨਾਮਾ, ਅਤੇ ਦੋਹੜੇ ਸ਼ਾਮਲ ਹਨ। ਮੀਆ ਮੁਹੰਮਦ ਨੇ ਵਾਰਿਸ ਦੀ ਇੱਕ ਹੋਰ ਰਚਨਾ ਚੂਹੜੇਟੜੀਨਾਮਾ ਦਾ ਜ਼ਿਕਰ ਆਪਣੀ ਲਿਖਤ ਯਾਦਗਾਰ ਵਾਰਿਸ ਵਿੱਚ ਕੀਤਾ ਹੈ।

ਵਾਰਿਸ ਸ਼ਾਹ ਦੀ ਰਚਨਾ ਦੇ ਲੋਕ-ਪ੍ਰਿਆ ਹੋਣ ਦੇ ਕਿੰਨੇ ਹੀ ਕਾਰਨ ਹੋ ਸਕਦੇ ਹਨ ਪਰ ਪ੍ਰਤੱਖ ਤੌਰ 'ਤੇ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਇਸ ਰਚਨਾ ਰਾਹੀਂ ਵਾਰਿਸ ਸ਼ਾਹ ਨੇ ਪ੍ਰੀਤ ਕਥਾ ਨੂੰ ਕੇਂਦਰ ਵਿੱਚ ਰੱਖ ਕੇ ਜਗੀਰਦਾਰੀ ਕਦਰਾਂ ਕੀਮਤਾਂ ਵਾਲੇ ਤੱਤਕਾਲੀਨ ਪੰਜਾਬੀ ਸਮਾਜ ਦੀ ਇੱਕ ਮੁਕੰਮਲ ਝਾਕੀ ਪੇਸ਼ ਕੀਤੀ ਹੈ। ਇਸ ਝਾਕੀ ਵਿੱਚ ਅਰਥ ਵਿਵਸਥਾ, ਰਾਜ ਵਿਵਸਥਾ, ਨਿਆਂ ਪ੍ਰਬੰਧ, ਧਾਰਮਿਕ ਵਿਸ਼ਵਾਸ, ਰੀਤੀ ਰਿਵਾਜ, ਰਿਸ਼ਤਾ ਨਾਤਾ ਪ੍ਰਣਾਲੀ ਦੇ ਚੰਗੇ ਮੰਦੇ ਸਾਰੇ ਪੱਖ ਸਾਡੇ ਸਾਹਮਣੇ ਆ ਜਾਂਦੇ ਹਨ।ਉਸ ਸਮੇਂ ਦੇ ਪੰਜਾਬੀ ਸਮਾਜ ਦੇ ਲੋਕ ਜੀਵਨ ਦਾ ਕੋਈ ਵੀ ਪੱਖ ਇਸ ਰਚਨਾ ਦੇ ਘੇਰੇ ਤੋਂ ਬਾਹਰ ਨਹੀਂ ਰਿਹਾ ਜਾਪਦਾ। ਇਸ ਵਿਚਲਾ ਸਾਰਾ ਬਿਰਤਾਂਤ ਹਕੀਕਤ ਦੇ ਬਹੁਤ ਨੇੜੇ ਹੈ। ਜੋ ਕੁਝ ਵੀ ਪਰਾਭੌਤਿਕ ਜਾਂ ਗ਼ੈਰ-ਕੁਦਰਤੀ ਇਸ ਕਿੱਸੇ ਵਿੱਚ ਹੈ ਉਹ ਵੇਲੇ ਦੇ ਸਮਾਜ ਦੀ ਲੋਕ ਮਾਨਸਿਕਤਾ ਦੀ ਤਸਵੀਰ ਹੈ।

### 10.4 ਨਿਸ਼ਕਰਸ਼

ਉਪਰੋਕਤ ਸੰਖੇਪ ਚਰਚਾ ਤੇ ਅਸੀਂ ਕਹਿ ਸਕਦੇ ਹਾਂ ਕਿ ਵਾਰਿਸ ਪੰਜਾਬੀ ਕਿੱਸਾਕਾਰੀ ਵਿਚ ਪ੍ਰਥਮ ਸਥਾਨ ਰੱਖਦਾ ਹੈ ਅਤੇ ਗੁਣਾਤਮਕ ਪੱਖੋਂ ਉਸ ਦੀ ਦੇਣ ਸਭ ਤੋਂ ਵੱਡੀ ਹੈ। ਉਸ ਦੇ ਕਿੱਸੇ ਨੂੰ ਅਸੀਂ ਕਈ ਪੱਖਾਂ ਤੋਂ ਵਿਚਾਰ ਸਕਦੇ ਹਾਂ ਜਿਵੇਂ ਮੱਧਕਾਲੀਨ ਪੰਜਾਬ ਦੇ ਸਭਿਆਚਾਰ ਅਤੇ ਰਹਿਣ-ਸਹਿਣ ਨੂੰ ਇਸ ਵਿਚੋਂ ਦੇਖਿਆ ਜਾ ਸਕਦਾ ਹੈ। ਮੇਲੇ-ਤਿਉਹਾਰਾਂ ਅਤੇ ਵਿਆਹ-ਸ਼ਾਦੀਆਂ ਆਦਿ ਦੀਆਂ ਰਸਮਾਂ ਬਾਰੇ ਭਰਪੂਰ ਜਾਣਕਾਰੀ ਹਾਸਿਲ ਕਰ ਸਕਦੇ ਹਾਂ। ਸੂਫ਼ੀ ਮਤ ਨੂੰ ਵੀ ਕਿੱਸੇ ਵਿਚੋਂ ਦੇਖਿਆ ਜਾ ਸਕਦਾ ਹੈ। ਲੋਕਾਂ ਦੇ ਅਕੀਦੇ ਅਤੇ ਵਿਸ਼ਵਾਸਾਂ ਨੂੰ ਸਮਝਿਆ ਜਾ ਸਕਦਾ ਹੈ। ਇਸ ਤਰ੍ਹਾਂ ਇਹ ਕਿੱਸਾ ਸਿਰਫ਼ ਕਿੱਸਾ ਨਾ ਰਹਿ ਕੇ ਇਤਿਹਾਸਕ ਦਸਤਾਵੇਜ਼

ਸਾਬਿਤ ਹੁੰਦਾ ਹੈ।ਵਾਰਿਸ ਸ਼ਾਹ ਨੇ ਹੀਰ ਅਤੇ ਰਾਂਝੇ ਦੀ ਪ੍ਰਚਲਿਤ ਦੰਤ ਕਥਾ ਨੂੰ ਨਵੇਂ ਸਿਰਿਉਂ ਸਿਰਜ ਕੇ ਦੁਨੀਆ ਵਿਚ 'ਹੀਰ' ਦੇ ਰੂਪ ਵਿਚ ਇਕ ਮਹਾਨ ਪ੍ਰੀਤ ਕਥਾ ਦੇ ਤੌਰ 'ਤੇ ਸਥਾਪਿਤ ਕਰ ਦਿੱਤਾ।

## 10.5 ਔਖੇ ਸ਼ਬਦਾਂ ਦੇ ਅਰਥ (Key Words)

ਅੱਵਲ=ਸਭ ਤੋਂ ਪਹਿਲਾਂ, ਹਮਦ=ਸਿਫਤ, ਵਿਰਦ=ਸਿਮਰਨ/ਜ਼ਿਕਰ,ਮੂਲ-ਜੜ੍ਹ, ਬਹਾਰ=ਸੁਹਣਾ/ਖੁਸ਼ੀ, ਦਰੁਸਤ=ਠੀਕ, ਸਹੀ,

## 10.6 Self-Assessment Questions(SAQ)

1. ਵਾਰਿਸ ਸ਼ਾਹ ਦਾ ਜਨਮ ਕਦੋਂ ਹੋਇਆ ਸੀ?
2. ਵਾਰਿਸ ਦੇ ਕਿੱਸੇ ਦਾ ਨਾਂ ਕੀ ਹੈ?
3. ਵਾਰਿਸ ਦਾ ਜਨਮ ਸਥਾਨ ਕਿਹੜਾ ਹੈ?
4. ਵਾਰਿਸ ਨੇ ਵਿਦਿਆ ਕਿੱਥੋਂ ਪ੍ਰਾਪਤ ਕੀਤੀ?

## 10.7 ਪੁਸਤਕ ਸੂਚੀ (Reference)


1. ਅੰਮ੍ਰਿਤ ਲਾਲ ਪਾਲ(ਡਾ.) 'ਵਾਰਿਸ ਸ਼ਾਹ ਜੀਵਨ ਤੇ ਰਚਨਾ', ਆਰ. ਐਸ. ਪਬਲਿਕੇਸ਼ਨਜ਼, ਪਟਿਆਲਾ 1999।
2. ਕਾਂਗ, ਕੁਲਬੀਰ ਸਿੰਘ, 'ਪੰਜਾਬੀ ਕਿੱਸਾ ਸਾਹਿਤ ਦਾ ਇਤਿਹਾਸ' ਪੰਜਾਬੀ ਅਕਾਦਮੀ ਦਿੱਲੀ 2005
3. ਕਾਂਗ, ਕੁਲਬੀਰ ਸਿੰਘ(ਡਾ.), ਸੁਖ਼ਨ ਦਾ ਵਾਰਿਸ, ਵਾਰਿਸ ਸ਼ਾਹ, ਵਾਰਿਸ ਸ਼ਾਹ ਫਾਂਉਡੇਸ਼ਨ, ਅੰਮ੍ਰਿਤਸਰ, 2001
4. ਘੁੰਮਣ, ਬਿਕਰਮ ਸਿੰਘ, 'ਕਿੱਸਾ ਹੀਰ ਰਾਂਝਾ, ਆਲੋਚਨਾ ਅਤੇ ਪਾਠ' ਰੂਹੀ ਪ੍ਰਕਾਸ਼ਨ ਅੰਮ੍ਰਿਤਸਰ, 2007
5. ਧਰਮਪਾਲ ਸਿੰਗਲ(ਡਾ.), ਬਦਨ ਬਲਦੇਵ ਸਿੰਘ(ਡਾ.), ਹੀਰ ਵਾਰਿਸ ਸ਼ਾਹ ਆਲੋਚਨਾਤਮਕ ਅਧਿਐਨ, ਦੀਪਕ ਪਬਲਿਸ਼ਰਜ਼, ਜਲੰਧਰ 2007


## 10.8 Suggestive Reading

ਵਿਦਿਆਰਥੀ ਲਈ ਸੁਝਾਓ ਹੈ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚੋਂ ਕਿੱਸਾ ਸਾਹਿਤ ਬਾਰੇ ਪੜ੍ਹਿਆ ਜਾਵੇ ਅਤੇ ਵਾਰਿਸ ਦੀ ਰਚਨਾ ਦੀ ਤੁਲਨਾ ਦੂਸਰੇ ਕਿੱਸਾਕਾਰਾਂ ਨਾਲ ਕੀਤੀ ਜਾਵੇ ਅਤੇ ਕਿੱਸਾ 'ਹੀਰ' ਵਾਰਿਸ ਦੇ ਪਾਠ ਨੂੰ ਵੀ ਪੜ੍ਹਿਆ ਜਾਵੇ।

# ('ਹੀਰ' ਵਾਰਿਸ ਸ਼ਾਹ: ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ)

**Structure of The lesson**

11.1 ਉਦੇਸ਼ (Objective of the Lesson)

11.2 ਭੂਮਿਕਾ (Introduction)

11.3 'ਹੀਰ' ਵਾਰਿਸ ਸ਼ਾਹ: ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ

11.3.1 ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ

11.3.2 ਹੀਰ ਵਾਰਿਸ ਵਿਚ ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ

11.4 ਨਿਸ਼ਕਰਸ਼ (Conclusion)

11.5 ਔਖੇ ਸ਼ਬਦਾਂ ਦੇ ਅਰਥ (Key Words)

11.6 Self-Assessment Questions (SAQ)

11.7 References

11.8 Suggestive Learning

## 11.1 ਉਦੇਸ਼ (Objective of the lesson)

ਇਸ਼ਕ ਸੂਫ਼ੀ ਮੱਤ ਵਿਚ ਇਕ ਬਹੁਤ ਮਹਤੱਵਪੂਰਣ ਸੰਕਲਪ ਹੈ। ਇਸ਼ਕ ਦੋ ਤਰ੍ਹਾਂ ਦਾ ਮੰਨਿਆ ਜਾਂਦਾ ਹੈ ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ। ਇਸ ਪਾਠ ਵਿਚ ਅਸੀਂ ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ ਦੇ ਸੰਕਲਪਾਂ ਨੂੰ ਸਮਝਦੇ ਹੋਏ ਵਾਰਿਸ ਦੇ ਕਿਸੇ ਹੀਰ ਵਿਚ ਇਨ੍ਹਾਂ ਬਾਰੇ ਆਏ ਹਵਾਲਿਆਂ ਬਾਰੇ ਚਰਚਾ ਕਰਾਂਗੇ।

## 11.2 ਭੂਮਿਕਾ (Introduction)

ਪੰਜਾਬੀ ਕਿੱਸਾ ਕਾਵਿ ਦੇ ਨਿਕਾਸ ਸੰਬੰਧੀ ਪੰਜਾਬੀ ਸਾਹਿਤ ਦੇ ਵਿਦਵਾਨਾਂ ਦਾ ਮਤ ਹੈ ਕਿ

ਇਹ ਫ਼ਾਰਸੀ ਮਸਨਵੀ ਪਰੰਪਰਾ ਦੁਆਰਾ ਪੰਜਾਬੀ ਸਾਹਿਤ ਵਿਚ ਆਇਆ ਪਰ ਇਸ ਦੇ ਬਾਵਜੂਦ ਕਿੱਸਾ ਕਾਵਿ ਬਾਰੇ ਉਪਲਬਧ ਤੱਥਾਂ ਦੇ ਆਧਾਰ 'ਤੇ ਇਹ ਵੀ ਦੇਖਣ ਨੂੰ ਮਿਲਦਾ ਹੈ ਕਿ ਜਿਵੇਂ ਮਸਨਵੀ ਵਿਚ ਅਸਲ ਕਹਾਣੀ ਦੇ ਸ਼ੁਰੂ ਹੋਣ ਤੋਂ ਪਹਿਲਾਂ, ਇਕ ਮੰਗਲਾਚਰਨ ਹੁੰਦਾ ਹੈ, ਜਿਸ ਵਿਚ ਰੱਬ ਦੀ ਉਸਤੱਤ, ਗੁਰੂ-ਪੀਰਾਂ ਦੀ ਮਹੱਤਤਾ, ਸਮਕਾਲੀ ਰਾਜੇ ਦੀ ਸਿਫ਼ਤ, ਆਦਿ ਗੱਲਾਂ ਹੁੰਦੀਆਂ ਹਨ ਪਰ ਪੰਜਾਬੀ ਦੇ ਪਹਿਲੇ ਦੋ ਕਿੱਸਾਕਾਰਾਂ ਦਮੋਦਰ ਅਤੇ ਪੀਲੂ ਨੇ ਆਪਣੇ ਕਿੱਸਿਆਂ ਵਿਚ ਮਸਨਵੀ ਵਾਲੀ ਉਕਤ ਪਰੰਪਰਾ ਨੂੰ ਨਹੀਂ ਅਪਨਾਇਆ ਤੇ ਕਿੱਸੇ ਵਿਚ ਪੇਸ਼ ਕਹਾਣੀ ਦਾ ਬਿਆਨ ਸਿੱਧਾ ਹੀ ਸ਼ੁਰੂ ਕਰ ਦਿੱਤਾ ਹੈ। ਦਮੋਦਰ ਨੇ ਸਾਹਿਬ ਦੀ ਉਸਤਤ ਵਜੋਂ ਜੋ ਦੋ ਤਿੰਨ ਤੁਕਾਂ ਦਿੱਤੀਆਂ ਵੀ ਹਨ ਤਾਂ ਉਹ ਮਸਨਵੀ ਵਾਲੇ ਲੰਮੇ-ਚੌੜੇ ਮੰਗਲਾਚਰਨ ਦੇ ਮੁਕਾਬਲੇ ਕੁਝ ਵੀ ਨਹੀਂ। ਭਾਸ਼ਾ ਪੱਖੋਂ ਦਮੋਦਰ ਦੀ ਭਾਸ਼ਾ ਲਹਿੰਦੇ ਪੰਜਾਬ ਦੀ ਮੁਲਤਾਨੀ ਅਤੇ ਪੀਲੂ ਦੀ ਕੇਂਦਰੀ ਪੰਜਾਬੀ ਹੈ। ਇਨ੍ਹਾਂ ਦੋਹਾਂ ਉੱਤੇ ਫ਼ਾਰਸੀ ਦਾ ਪ੍ਰਭਾਵ ਮਾਮੂਲੀ ਜਿਹਾ ਹੀ ਹੈ ਅਤੇ ਇਨ੍ਹਾਂ ਦੋਹਾਂ ਕਿੱਸਾ ਕਵੀਆਂ ਨੇ ਕੇਵਲ ਪੰਜਾਬ ਨਾਲ ਸੰਬੰਧਿਤ ਕਥਾਵਾਂ ਉੱਤੇ ਹੀ ਕਾਵਿ ਸਿਰਜਣਾ ਕੀਤੀ ਹੈ। ਇਸ ਤੋਂ ਇਹ ਅੰਦਾਜ਼ਾ ਵੀ ਲਗਦਾ ਹੈ ਕਿ ਫ਼ਾਰਸੀ ਮਸਨਵੀ ਦੇ ਪ੍ਰਭਾਵ ਤੋਂ ਪਹਿਲਾਂ ਉੱਤਰ-ਭਾਰਤ ਵਿਚ ਅਜਿਹੇ ਕਥਾ-ਕਾਵਿ ਦੀ ਹੋਂਦ ਵੀ ਸੰਭਵ ਹੋ ਸਕਦੀ ਹੈ ਜਿਸ ਨੂੰ ਬਾਅਦ ਵਿਚ ਕਿੱਸਾ ਕਾਵਿ ਦਾ ਨਾਂ ਦਿੱਤਾ ਗਿਆ।ਇਸ ਕਿੱਸਾ ਕਾਵਿ ਦੇ ਇਤਿਹਾਸ ਵਿਚ ਵਾਰਿਸ ਸ਼ਾਹ ਸਭ ਤੋਂ ਵੱਧ ਗੋਰਵਮਈ ਨਾਂ ਹੈ।

## 11.3 'ਹੀਰ' ਵਾਰਿਸ ਸ਼ਾਹ: ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ

### 11.3.1 ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ

ਇਸ਼ਕ ਦੀ ਸੂਫ਼ੀ ਮੱਤ ਵਿਚ ਇਕ ਬਹੁਤ ਮਹਤੱਵਪੂਰਣ ਅਤੇ ਸਨਮਾਣਯੋਗ ਥਾਂ ਹੈ।'ਪਵਿਤਰ ਕੁਰਾਨ ਸ਼ਰੀਫ਼' ਵਿਚ ਇਹ ਜ਼ਿਕਰ ਮਿਲਦਾ ਹੈ ਕਿ ਪ੍ਰਮਾਤਮਾ ਜਾਂ ਅੱਲ੍ਹਾ ਪਾਕ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਨਾਲ ਇਸ਼ਕ ਪੈਦਾ ਹੋਇਆ ਤਾਂ ਉਸ ਨੇ ਆਪਣਾ ਆਪ ਦੇਖਣ ਲਈ ਸੰਸਾਰ ਦੀ ਰਚਨਾ ਕੀਤੀ।ਇਸ ਤੋਂ ਬਾਅਦ ਇਸ਼ਕ ਦੀ ਇਹ ਖੇਡ ਚਲ ਪਈ ਅਤੇ ਇਸ ਖੇਡ ਵਿਚੋਂ ਹੀ ਸਾਰੇ ਸੰਸਾਰ ਦੇ ਜੀਵਾਂ ਦੀ ਉਤੱਪਤੀ ਹੋਈ।

ਇਸ਼ਕ ਅਰਬੀ ਭਾਸ਼ਾ ਦਾ ਸ਼ਬਦ ਹੈ ਜੋ ਹੋਰ ਅਨੇਕ ਭਾਸ਼ਾਵਾਂ ਵਿੱਚ ਵੀ ਵਰਤਿਆ ਜਾਂਦਾ ਹੈ। ਫ਼ਾਰਸੀ, ਉਰਦੂ, ਦਰੀ, ਪਸ਼ਤੋ, ਤੁਰਕੀ, ਅਜ਼ਰਬਾਈਜਾਨੀ, ਪੰਜਾਬੀ, ਹਿੰਦੀ ਅਤੇ ਹੋਰ ਅਨੇਕ ਭਾਰਤੀ ਭਾਸ਼ਾਵਾਂ ਵਿੱਚ ਉੱਚਾਰਨ ਦੇ ਮਾਮੂਲੀ ਫਰਕ ਨਾਲ ਇਹ ਸ਼ਬਦ ਮੁੱਖ ਤੌਰ ਤੇ ਸੂਫ਼ੀ ਭਾਵ ਵਿੱਚ ਪਿਆਰ ਦੇ ਸੰਕਲਪ ਲਈ ਵਰਤਿਆ ਜਾਂਦਾ ਹੈ।ਇਸਲਾਮ ਦੇ ਪ੍ਰਭਾਵ ਨਾਲ ਤੇ ਬੋਲਚਾਲ ਨਾਲ ਇਹ ਸ਼ਬਦ ਭਾਰਤ ਵਿਚ ਪ੍ਰਚਲਿਤ ਹੋਇਆ। ਇਸ਼ਕ ਦੇ ਸ਼ਬਦੀ ਅਰਥ ਹਨ : ਨੇਹੁ, ਪ੍ਰੇਮ ਜਾਂ ਪਿਆਰ। ਪੰਜਾਬੀ ਸੂਫ਼ੀ ਕਾਵਿ ਦੇ ਪ੍ਰਸਿੱਧ ਵਿਦਵਾਨ ਪ੍ਰੋਫ਼ੈਸਰ ਗੁਲਵੰਤ ਸਿੰਘ ਅਨੁਸਾਰ ਇਸ਼ਕ ਦਾ ਅਰਥ ਹੈ ਸੰਘਣੀ, ਡੂੰਘੀ ਅਤੇ ਗੰਭੀਰ ਮੁਹੱਬਤ। ਇਹ ਸ਼ਬਦ ਇਸ਼ਕਾਅ ਤੋਂ ਨਿਕਲਿਆ ਹੈ। ਇਸ਼ਕਾਅ ਇੱਕ ਕਿਸਮ ਦੀ ਵੇਲ ਹੁੰਦੀ ਹੈ ਜੋ ਜਿਸ ਰੁੱਖ ਤੇ ਚੜ੍ਹਦੀ ਹੈ ਉਸ ਦੇ ਪੱਤੇ ਝੜ ਜਾਂਦੇ ਹਨ।ਪੰਜਾਬੀ ਵਿਚ ਇਸ ਵੇਲ ਨੂੰ ਅੰਬਰ ਵੇਲ ਵੀ ਕਿਹਾ

ਜਾਂਦਾ ਹੈ । ਆਮ ਵਿਸ਼ਵਾਸ਼ ਹੈ ਕਿ ਜਦੋਂ ਇਸ਼ਕ ਕਿਸੇ ਪ੍ਰੇਮੀ ਦੇ ਦਿਲ ਵਿੱਚ ਜੜ੍ਹ ਲਾ ਲੈਂਦਾ ਹੈ ਤਾਂ ਸਭ ਕੁਝ ਮਿਟਾ ਦਿੰਦਾ ਹੈ, ਬੱਸ ਇੱਕੋ ਅੱਲ੍ਹਾ ਬਾਕੀ ਰਹਿ ਜਾਂਦਾ ਹੈ।ਇਸ਼ਕ ਦੁਨਿਆਵੀ ਵੀ ਹੋ ਸਕਦਾ ਹੈ ਅਤੇ ਹਕੀਕੀ ਭਾਵ ਅਧਿਆਤਮਕ ਵੀ।ਦੁਨਿਆਵੀ ਪਿਆਰ ਨੂੰ ਇਸ਼ਕ ਮਜ਼ਾਜੀ ਕਿਹਾ ਜਾਂਦਾ ਹੈ ਜੋ ਨਰ ਅਤੇ ਮਾਦਾ ਦੇ ਦਰਮਿਆਨ ਹੁੰਦਾ ਹੈ।ਦਿਸਦੀ ਦੁਨੀਆ ਵਿਚ ਸੁਹਜ ਨੂੰ ਮਾਣਨਾ ਅਤੇ ਸੁਹਜ ਦਾ ਪ੍ਰਗਟਾਅ ਕਰਨਾ ਇਸ਼ਕ ਮਜ਼ਾਜੀ ਹੈ ਜਦਕਿ ਰੂਹਾਨੀ ਪ੍ਰੇਮ ਨੂੰ ਇਸ਼ਕ ਹਕੀਕੀ ਕਹਿੰਦੇ ਹਨ।ਰੂਹਾਨੀ ਪ੍ਰੇਮ ਦੇ ਅੰਤਰਗਤ ਸਾਦਕ, ਸਾਲਿਕ ਜਾਂ ਤਾਲਿਬ ਪ੍ਰਮਾਤਮਾ ਜਾਂ ਉਸ ਦੀ ਖ਼ਲਕਤ ਨਾਲ ਇਸ਼ਕ ਕਰਦਾ ਹੋਇਆ, ਪ੍ਰਮਾਤਮਾ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਸੂਫ਼ੀ ਵਿਚਾਰਾ ਅਨੁਸਾਰ ਜੋ ਮਨੁੱਖ ਜਾਂ ਜੀਵ ਆਤਮਾ ਪ੍ਰਮਾਤਮਾ ਦੇ ਇਸ਼ਕ ਵਿਚ ਰੰਗੇ ਹੁੰਦੇ ਹਨ ਉਨ੍ਹਾਂ ਦਾ ਜੀਵਨ ਸਫ਼ਲ ਜਾਂ ਪ੍ਰਵਾਨ ਮੰਨਿਆ ਜਾਂਦਾ ਹੈ ਅਤੇ ਜੋ ਪ੍ਰਭੂ ਭਗਤੀ ਤੋਂ ਨਿਰਲੇਪ ਹੁੰਦੇ ਹਨ ਉਨ੍ਹਾਂ ਦਾ ਜੀਵਨ ਵਿਅਰਥ ਹੁੰਦਾ ਹੈ। ਇਸ ਸੰਬੰਧੀ ਬਾਬਾ ਫਰੀਦ ਜੀ ਦੇ ਹੇਠ ਲਿਖੇ ਵਿਚਾਰ ਮਨੁੱਖੀ ਜੀਵਨ ਵਿਚ ਇਸ਼ਕ ਹਕੀਕੀ ਦੇ ਮਹੱਤਵ ਨੂੰ ਇਸ ਤਰ੍ਹਾਂ ਉਜਾਗਰ ਕਰਦੇ ਹਨ ਕਿ:

**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ॥**
**ਵਿਸਰਿਆ ਜਿਨ ਨਾਮੁ ਤੇ ਭੁਇ ਭਾਰ ਥੀਏ॥**

ਭਾਰਤੀ ਦਰਸ਼ਨ ਵਿਚ ਪ੍ਰਮਾਤਮਾ ਭਗਤੀ ਅਤੇ ਪ੍ਰਭੂ ਪ੍ਰੇਮ ਨੂੰ ਸੰਸਾਰਿਕ ਪ੍ਰੇਮ ਦੇ ਮੁਕਾਬਲੇ ਅਧਿਆਤਮਕ ਗੁਣ ਕਰਕੇ ਵੱਧ ਚੰਗਾ ਸਮਝਿਆ ਜਾਂਦਾ ਹੈ ਪਰ ਸੂਫ਼ੀ ਇਸ਼ਕ ਮਜ਼ਾਜੀ ਨੂੰ ਹੀ ਇਸ਼ਕ ਹਕੀਕੀ ਦੀ ਪਹਿਲੀ ਮੰਜ਼ਿਲ ਦੇ ਰੂਪ ਵਿਚ ਸਵਿਕਾਰ ਕਰਦੇ ਹਨ। ਸੂਫ਼ੀ ਦਰਸ਼ਨ ਅਤੇ ਕਾਵਿ ਵਿਚ ਪ੍ਰੇਮ ਰਾਹੀਂ ਪ੍ਰਭੂ ਪ੍ਰਾਪਤੀ ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ।ਸੂਫ਼ੀ ਕਵੀ ਦਿਸਦੀ ਦੁਨੀਆ ਜਾਂ ਲੌਕਿਕ ਸੰਸਾਰ ਵਿਚੋਂ ਹਵਾਲੇ ਲੈਕੇ ਆਪਣੇ ਅਧਿਆਤਮਕ ਵਿਚਾਰਾਂ ਅਤੇ ਅਨੁਭਵਾਂ ਨੂੰ ਪੇਸ਼ ਕਰਦੇ ਹਨ।ਪ੍ਰਮਾਤਮਾ ਲਈ ਉਹ ਮਹਿਬੂਬ, ਰਾਂਝਾ, ਦਿਲਵਰ, ਜਾਨੀ ਆਦਿ ਸ਼ਬਦਾਂ ਦੀ ਸੰਕੇਤਕ ਅਤੇ ਬਿੰਬਾਤਮਕ ਵਰਤੋਂ ਕਰਦੇ ਹੋਏ ਇਸ਼ਕ ਹਕੀਕੀ ਨੂੰ ਇਸ਼ਕ ਮਜ਼ਾਜੀ ਦੇ ਰੂਪ ਵਿਚ ਬਿਆਨ ਕਰਦੇ ਹਨ।ਸੰਯੋਗ ਤੇ ਵਿਯੋਗ ਇਸ਼ਕ ਦੀਆਂ ਦੋ ਪ੍ਰਮੁੱਖ ਅਵਸਥਾਵਾਂ ਹਨ।ਵਿਯੋਗ ਸੰਬੰਧੀ ਸੂਫ਼ੀ ਵਿਚਾਰਾਂ ਅਨੁਸਾਰ ਜੀਵ ਆਤਮਾ ਪ੍ਰਮਾਤਮਾ ਨਾਲੋਂ ਵਿੱਛੜ ਕੇ ਮਨੁੱਖੀ ਸ਼ਰੀਰ ਵਿਚ ਪ੍ਰਵੇਸ਼ ਕਰਦੀ ਹੈ ਅਤੇ ਜਦੋਂ ਸ਼ਰੀਰ ਨਸ਼ਟ ਭਾਵ ਮਨੁੱਖ ਦੀ ਮੌਤ ਹੋ ਜਾਂਦੀ ਹੈ ਤਾਂ ਫਿਰ ਪਰਮਾਤਮਾ ਨਾਲ ਇਕ ਮਿਕ ਹੋ ਜਾਂਦੀ ਹੈ। ਇਸ਼ਕ ਦੀ ਦੂਜੀ ਅਵਸਥਾ ਇਸ਼ਕ ਹਕੀਕੀ ਸੰਯੋਗ ਦੀ ਕ੍ਰਿਆ ਹੈ। ਵਿਯੋਗ ਦੀ ਭੱਠੀ ਵਿਚ ਢੱਲ ਕੇ ਇਸ਼ਕ ਸ਼ੁਧ ਸੋਨਾ ਬਣ ਜਾਂਦਾ ਹੈ।

### 11.3.2 ਹੀਰ ਵਾਰਿਸ ਵਿਚ ਇਸ਼ਕ ਮਜ਼ਾਜੀ ਅਤੇ ਇਸ਼ਕ ਹਕੀਕੀ

ਪੰਜਾਬੀ ਦੇ ਪਹਿਲੇ ਕਿੱਸਾਕਾਰ ਦਮੋਦਰ ਤੋਂ ਲੈ ਕੇ ਹੁਣ ਤੱਕ ਦੇ ਕਿੱਸਾ ਸਾਹਿਤ ਦੇ ਇਤਿਹਾਸ ਉੱਪਰ ਜੇ ਝਾਤ ਪਾਈ ਜਾਏ ਤਾਂ ਇਹ ਦੇਖਣ ਨੂੰ ਮਿਲਦਾ ਹੈ ਕਿ ਕਈ ਪ੍ਰਕਾਰ ਦੇ ਕਿੱਸਿਆਂ ਨੂੰ ਲਿਖਣ ਦੀ ਪਰੰਪਰਾ ਮੌਜੂਦ ਰਹੀ ਹੈ। ਜਿਵੇਂ ਇਸ਼ਕ ਦੇ ਕਿੱਸੇ, ਰੁਮਾਂਸ ਦੇ ਕਿੱਸੇ, ਸੂਰਮਗਤੀ/

ਬੀਰ ਰਸੀ, ਇਤਿਹਾਸਕ ਕਿੱਸੇ, ਸਦਾਚਾਰੀ/ਤਿਆਗ ਭਗਤੀ ਦੇ ਕਿੱਸੇ ਆਦਿ। ਇਨ੍ਹਾਂ ਤੋਂ ਇਲਾਵਾ ਕੁਝ ਕਿੱਸੇ ਸਮਾਜਿਕ ਸਮੱਸਿਆਵਾਂ ਅਤੇ ਗ਼ਲਤ ਰਸਮਾਂ-ਰਿਵਾਜਾਂ ਦਾ ਵਿਰੋਧ ਕਰਨ ਹਿੱਤ ਵੀ ਲਿਖੇ ਗਏ। ਜਿਵੇਂ ਬਾਲ-ਵਿਆਹ, ਵਿਧਵਾ ਵਿਆਹ ਅਤੇ ਮੁੱਲ ਦਾ ਵਿਆਹ ਆਦਿ ਬੁਰਾਈਆਂ ਨਾਲ ਸੰਬੰਧਤ ਕਿੱਸੇ।

ਪਿਛਲੇ ਚਾਰ-ਪੰਜ ਸਦੀਆਂ ਵਿਚ ਲਿਖੇ ਗਏ ਕਿੱਸਿਆਂ ਨੂੰ ਜੇ ਵਾਚਿਆ ਜਾਵੇ ਤਾਂ ਇਹ ਗੱਲ ਵੇਖਣ ਨੂੰ ਮਿਲਦੀ ਹੈ ਕਿ ਸਾਰੇ ਵਿਦਵਾਨ ਇਕ ਮਤ ਹੋ ਕੇ ਵਾਰਿਸ ਸ਼ਾਹ ਨੂੰ ਕਿੱਸਾ-ਕਵੀਆਂ ਵਿਚੋਂ ਸ਼ਿਰੋਮਣੀ ਮੰਨਦੇ ਹਨ। ਵਾਰਿਸ ਸ਼ਾਹ ਨੂੰ ਸਰਬੋਤਮ ਕਿੱਸਾ ਕਵੀ ਬਣਾਉਣ ਵਿਚ ਉਸ ਦੀ ਇਕੋ-ਇਕ ਰਚਨਾ 'ਹੀਰ' ਦਾ ਅਹਿਮ ਰੋਲ ਹੈ। ਹੀਰ ਦਾ ਕਿੱਸਾ ਲਗਭਗ ਸੱਠ ਤੋਂ ਵੀ ਵੱਧ ਕਵੀਆਂ ਦੁਆਰਾ ਸਮੇਂ-ਸਮੇਂ ਸਿਰ ਲਿਖਿਆ ਗਿਆ ਹੈ ਪਰ ਜੋ ਸਥਾਨ ਅਤੇ ਮਕਬੂਲੀਅਤ ਸੱਯਦ ਵਾਰਿਸ ਸ਼ਾਹ ਦੇ ਕਿੱਸੇ 'ਹੀਰ'ਨੂੰ ਮਿਲੀ ਉਹ ਸ਼ੌਹਰਤ ਕਿਸੇ ਹੋਰ ਕਵੀ ਦੀ ਰਚਨਾ ਨੂੰ ਨਹੀਂ ਮਿਲੀ। ਵਾਰਿਸ ਦੀ ਹੀਰ ਤੋਂ ਇਲਾਵਾ ਪੰਜਾਬੀ ਸਾਹਿਤ ਜਗਤ ਵਿਚ ਜਿੰਨੇ ਵੀ ਹੋਰ ਕਿਸੇ ਮਸ਼ਹੂਰ ਹੋਏ ਹਨ ਉਨ੍ਹਾਂ ਵਿਚ ਉਹ ਇਕ ਗੱਲ ਵਿਸ਼ੇਸ਼ ਰੂਪ ਵਿਚ ਦੇਖਣ ਨੂੰ ਮਿਲਦੀ ਹੈ ਕਿ ਉਨ੍ਹਾਂ ਦੇ ਰਚੇਤਿਆਂ ਨੇ ਉਨ੍ਹਾਂ ਕਿੱਸਿਆਂ ਵਿਚ ਸੂਫ਼ੀਆਨਾ ਰੰਗ ਭਰਿਆ ਹੈ ਅਤੇ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਤੱਕ ਦਾ ਸਫ਼ਰ ਤਹਿ ਕੀਤਾ ਹੈ।

ਵਾਰਿਸ ਨੇ ਕਸੂਰ ਤੇ ਪਾਕਪਟਨ ਦੇ ਸੂਫ਼ੀ ਸੰਤਾਂ ਪਾਸੋਂ ਇਸਲਾਮ ਦੇ ਰਹਿਸਵਾਦੀ ਪੱਖ ਨੂੰ ਪੜਿਆ ਅਤੇ ਸਮਝਿਆ ਸੀ। ਸੂਫ਼ੀ ਸੰਤਾਂ ਦੀ ਸੰਗਤ ਕਰਕੇ ਹੀ ਉਹ ਇਸ਼ਕ ਹਕੀਕੀ ਦਾ ਪੈਰੋਕਾਰ ਬਣ ਗਿਆ ਸੀ।'ਹੀਰ' ਦੀ ਕਥਾ ਇਸ਼ਕ ਮਜ਼ਾਜੀ ਦੀ ਹੈ। ਪਰ ਉਸ ਉਤੇ ਇਸ਼ਕ ਹਕੀਕੀ ਦਾ ਰੰਗ ਬਹੁਤ ਹੀ ਗੂੜ੍ਹਾ ਚੜ੍ਹਿਆ ਹੈ। ਇਸ ਕਰਕੇ ਉਹ ਆਪਣੇ ਇਸ ਕਿੱਸੇ ਵਿਚ ਸ਼ਰ੍ਹਾ ਦੀ ਥਾਂ ਇਸ਼ਕ ਦੀ ਉਸਤਤ ਕਰਦਾ ਹੋਇਆ ਸਮੁੱਚੇ ਸੂਫ਼ੀਮਤ ਦਾ ਪ੍ਰਵਕਤਾ ਬਣ ਜਾਂਦਾ ਹੈ।ਇਸ ਸੰਬੰਧੀ ਕਵੀ ਮੀਆਂ ਮੁਹੰਮਦ ਬਖ਼ਸ਼ ਦਾ ਕਥਣ ਹੈ ਕਿ;

**ਸ਼ੇਰਾਂ ਵਾਂਗ ਮੈਦਾਨ ਤੌਹੀਦ ਅੰਦਰ, ਵਾਰਿਸ ਰੱਜ ਕੇ ਚੁੰਗੀਆਂ ਲਾਈਆਂ ਨੇ।**
**ਗੱਲਾਂ ਰੱਬ ਰਸੂਲ ਦੇ ਭੇਤ ਦੀਆਂ, ਰਾਂਝੇ ਹੀਰ ਦੇ ਵਿਚ ਛਿਪਾਈਆਂ ਨੇ।**

ਵਾਰਿਸ ਸ਼ਾਹ ਨੇ ਆਪਣੇ ਸ਼ਾਹਕਾਰ ਕਿੱਸੇ 'ਹੀਰ' ਵਿਚ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਦਾ ਬੇਮਿਸਾਲ ਕਾਰਨਾਮਾਂ ਕੀਤਾ ਹੈ ਉਸ ਨੂੰ ਆਪਣੀ 'ਹੀਰ' ਦੇ ਅੰਤ ਵਿਚ ਸਮੁੱਚੀ ਹੀਰ ਕਥਾ ਨੂੰ ਇਕ ਰੂਪਕ ਵਿਚ ਬੰਨ ਕੇ ਇਸ ਦੇ ਲੌਕਿਕ ਦੀ ਥਾਂ ਅਲੌਕਿਕ, ਸ਼ਰੀਰਕ ਦੀ ਜਗ੍ਹਾ ਪਰਾਸ਼ਰੀਰਕ ਅਤੇ ਇਸ਼ਕ ਮਜ਼ਾਜੀ ਦੀ ਥਾਂ ਇਸ਼ਕ ਹਕੀਕੀ ਦੇ ਅਰਥ ਦੇਣ ਦੀ ਸੁਚੱਜੀ ਕੋਸ਼ਿਸ਼ ਕੀਤੀ ਹੈ। ਇਕ ਸਵਾਲ ਆਮ ਤੌਰ ਤੇ ਵਿਦਵਾਨਾਂ ਨੂੰ ਪਰੇਸ਼ਾਨ ਕਰਦਾ ਰਿਹਾ ਹੈ ਕਿ ਵਾਰਿਸ ਨੇ ਕਿੱਸੇ ਦੇ ਅੰਤ ਵਿਚ ਜਾ ਕੇ ਇਸ ਨੂੰ ਨਵਾਂ ਮੋੜ ਦੇਣ ਦੀ ਕੋਸ਼ਿਸ਼ ਕਿਉਂ ਕੀਤੀ? ਇਸ ਸਵਾਲ ਦਾ ਜਵਾਬ ਦਿੰਦਿਆਂ ਮੌਲਾ ਬਖਸ਼ ਕੁਸ਼ਤਾ ਇਸ ਨਵੇਂ ਮੋੜ ਬਾਰੇ ਇਉਂ ਬਿਆਨ ਕਰਦੇ ਹਨ ਕਿ:

"ਮੁੜ ਜੰਡਿਆਲੇ ਜਾਂਦੇ ਹੋਏ ਕਸੂਰ ਪਹੁੰਚੇ, ਕਿੱਸੇ ਦੀ ਸ਼ੁਹਰਤ ਖਿੰਡ ਚੁੱਕੀ ਸੀ। ਇਹ ਜਦ

ਉਸਤਾਦ ਨੂੰ ਮਿਲੇ ਉਹ ਦੇਖ ਕੇ ਨਾਰਾਜ਼ ਹੋਏ ਤੇ ਆਖਿਆ—'ਬੁੱਲੇ ਸ਼ਾਹ ਨੂੰ ਪੜ੍ਹਾਇਆ, ਉਸ ਸਾਰੰਗੀ ਫੜ ਲਈ, ਤੈਨੂੰ ਪੜ੍ਹਾਇਆ ਤੇ ਤੂੰ ਇਸ਼ਕ ਦੇ ਕਿੱਸੇ ਸ਼ੁਰੂ ਕਰ ਦਿੱਤੇ। ਇਹ(ਵਾਰਿਸ) ਰਾਤ ਮੁਰਸ਼ਦ (ਉਸਤਾਦ) ਕੋਲ ਮਸਜਿਦ ਵਿਚ ਰਹੇ, ਸਵੇਰੇ ਉਠ ਕੇ ਅਰਜ਼ ਕੀਤੀ, ਮੈਂ ਤੇ ਇਹ ਕਿੱਸਾ ਰੂਹ 'ਤੇ ਬੁੱਤ ਦਾ ਲਿਖਿਆ ਏ, ਤੇ ਇਹ ਸੁਣਾਇਆ ਕਿ:

**ਏਹ ਰੂਹ ਕਲਬੂਤ ਦਾ ਜ਼ਿਕਰ ਸਾਰਾ, ਨਾਲ ਅਕਲ ਦੇ ਮੇਲ ਮਿਲਾਇਆ ਈ**
**ਜਾਂ**
**ਹੀਰ ਰੂਹ ਤੇ ਚਾਕ ਕਲਬੂਤ ਜਾਣੋ, ਬਾਲਨਾਥ ਇਹ ਵੀਰ ਬਣਾਇਆ ਈ..."**

ਇਸ ਤਰ੍ਹਾਂ ਵਾਰਿਸ ਸ਼ਾਹ ਆਪਣੇ ਮੁਰਸ਼ਦ ਨੂੰ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਮੇਰਾ ਇਹ ਕਿੱਸਾ ਸਿਰਫ਼ ਇਸ਼ਕ ਮਜ਼ਾਜੀ ਨਹੀਂ ਬਲਕਿ ਇਸ਼ਕ ਹਕੀਕੀ ਹੈ।ਇਹ ਸਤਰਾਂ ਚਾਹੇ ਪਹਿਲੇ ਸ਼ਾਮਿਲ ਸਨ ਜਾਂ ਬਾਅਦ ਵਿਚ ਸ਼ਾਮਿਲ ਕੀਤੀਆਂ ਪਰ ਇਹ ਗੱਲ ਤਾਂ ਮੰਨਣ ਵਾਲੀ ਹੈ ਕਿ ਇਹ ਪੰਕਤੀਆਂ ਕਿੱਸੇ ਦਾ ਹਿੱਸਾ ਹਨ ਅਤੇ ਸੱਯਦ ਵਾਰਿਸ-ਸ਼ਾਹ ਵਲੋਂ ਲਿਖੀਆਂ ਗਈਆਂ ਹਨ।

ਵਾਰਿਸ ਸ਼ਾਹ ਨੇ ਹੀਰ ਵਿਚ ਇਹ ਸਤਰਾਂ ਸ਼ਾਮਿਲ ਕਰਕੇ ਪਾਠਕਾਂ ਅਤੇ ਆਲੋਚਕਾਂ ਨੂੰ ਇਹ ਸਾਫ਼ ਸੰਕੇਤ ਦਿੱਤਾ ਹੈ ਕਿ ਜੇ ਕਿੱਸੇ ਦੀ ਅਸਲ ਰੂਹ ਤਕ ਪਹੁੰਚਣਾ ਹੋਵੇ ਤਾਂ ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ। ਉਹ ਪੰਕਤੀਆਂ ਇਹ ਹਨ:

**ਹੀਰ ਰੂਹ ਤੇ ਚਾਕ ਕਲਬੂਤ ਜਾਣੋ, ਬਾਲਨਾਥ ਇਹ ਵੀਰ ਬਣਾਇਆ ਈ।**
**ਪੰਜ ਪੀਰ ਹਵਾਸ ਇਹ ਪੰਜ ਤੇਰੇ, ਜਿਨ੍ਹਾਂ ਥਾਪਨਾਂ ਤੁੱਧ ਨੂੰ ਲਾਇਆ ਈ।**
**ਕੋਠਾ ਗੋਰ ਅਜ਼ਰਾਈਲ ਹੈ ਇਹ ਖੇੜਾ, ਜਿਹੜਾ ਲੈਂਦਾ ਹੀ ਰੂਹ ਨੂੰ ਧਾਇਆ ਈ।**
**ਕੈਦੋਂ ਲੰਗਾ ਸ਼ੈਤਾਨ ਮਲਊਨ ਜਾਣੋ, ਜਿਸ ਨੇ ਵਿਚ ਦੀਵਾਨ ਫੜਾਇਆ ਈ।**
**ਜਿਹੜਾ ਬੋਲਦਾ ਨਾਤਕਾ ਵੰਝਲੀ ਹੈ, ਜਿਸ ਹੋਸ਼ ਦਾ ਰਾਗ ਸੁਣਾਇਆ ਈ।**
**ਸਹਿਤੀ ਮੌਤ ਹੈ, ਜਿਸਮ ਹੈ ਯਾਰ ਰਾਂਝਾ, ਇਨ੍ਹਾਂ ਦੋਹਾਂ ਨੇ ਭੇੜ ਮਚਾਇਆ ਈ।**
**ਦੁਨੀਆ ਜਾਣ ਐਵੇਂ ਜਿਵੇਂ ਝੰਗ ਪੇਕੇ, ਗੋਰ ਕਾਲੜਾ ਬਾਗ਼ ਬਣਾਇਆ ਈ।**
**ਉਹ ਮਸੀਤ ਹੈ ਮਾਉਂ ਦਾ ਸ਼ਿਕਮ ਬੰਦੇ, ਜਿਸ ਦੇ ਵਿਚ ਸ਼ਬ ਰੋਜ਼ ਲੰਘਾਇਆ ਈ।**
**ਅਦਲੀ ਰਾਜਾ ਇਹ ਨੇਕ ਨੇ ਅਮਲ ਤੇਰੇ, ਜਿਸ ਹੀਰ ਈਮਾਨ ਦਿਵਾਇਆ ਈ।**

ਇਨ੍ਹਾਂ ਪੰਕਤੀਆਂ ਵਿਚ ਰੂਹ, ਪੀਰ, ਕਲਬੂਤ, ਨਾਤਕਾ, ਈਮਾਨ ਅਤੇ ਗੋਰ ਆਦਿ ਸ਼ਬਦ ਸੂਫ਼ੀ ਅਤੇ ਇਸਲਾਮੀ ਮਜ਼੍ਹਬ ਨਾਲ ਸੰਬੰਧ ਰੱਖਦੇ ਹਨ। ਇਸਲਾਮੀ ਤਸੱਵੁਫ ਮੁਤਾਬਿਕ ਰੂਹ 'ਅਮਰ-ਏ-ਰਬੀ' ਅਤੇ 'ਨਫ਼ਖ਼ਾ-ਏ-ਇਲਾਹੀ' ਹੈ। ਰੂਹ ਅਸਲੀ ਵਜੂਦ ਹੈ। ਕੁਦਰਤੀ, ਸੁਭਾਵ ਤੇ ਗੁਣ ਵਜੋਂ ਰੂਹ ਪਰਮਾਤਮਾ ਦਾ ਅੰਸ਼ ਹੈ। ਇਨਸਾਨੀ ਆਤਮਾ ਨੂੰ 'ਰੱਬੀ ਅਮਰ' ਕਹਿਣ ਦਾ ਮਤਲਬ ਇਹ ਹੈ ਕਿ ਇਸ ਦੇ ਸੁਭਾਵ ਵਿਚ ਚੇਤਨਤਾ, ਸੰਤੁਲਨ ਅਤੇ ਏਕਤਾ ਹੈ। ਇਸ ਵਿਚ ਇਕ ਸਿਰਣਾਤਮਕ ਵਿਕਾਸ ਪ੍ਰਵਾਹ ਹੈ। ਜਦ ਤਕ ਹਰ ਇਕ ਮਨੁੱਖ ਅੰਦਰ ਰੂਹ ਹੈ ਤਦ ਤਕ ਉਸ ਅੰਦਰ ਇਲਮ, ਇਰਾਦਾ, ਸ਼ਕਤੀ, ਗਤੀ, ਅਕਸ, ਸਮਝ ਆਦਿ ਸਭ ਕੁਝ ਵਿਦਮਾਨ ਰਹਿੰਦਾ ਹੈ। ਜਦ ਆਤਮਾ ਦਾ ਦੀਵਾ ਬੁਝ ਜਾਂਦਾ ਹੈ ਤਾਂ ਇਹ ਸਾਰੀਆਂ ਚੀਜ਼ਾਂ ਵੀ ਮੁੱਕ ਜਾਂਦੀਆਂ

ਹਨ। ਵਾਰਿਸ ਸ਼ਾਹ, ਹੀਰ ਦੇ ਅੰਤ ਵਿਚ ਹੀ ਨਹੀਂ ਬਲਕਿ ਹੋਰ ਵੀ ਕਈ ਥਾਵਾਂ 'ਤੇ ਇਹ ਗੱਲ ਵਾਰ-ਵਾਰ ਦੁਹਰਾਉਂਦਾ ਹੈ ਕਿ ਇਹ ਰੂਹ ਤੇ ਕਲਬੂਤ ਦਾ ਹੀ ਕਿੱਸਾ ਹੈ। ਵੱਖ-ਵੱਖ ਜਗ੍ਹਾ ਤੇ ਆਏ ਵਾਰਿਸ ਕੇ ਕਥਨ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿਚ ਉਹ ਰੂਹ ਤੇ ਕਲਬੂਤ ਦੀ ਗੱਲ ਕਰਦਾ ਹੈ। ਉਹ ਰਾਂਝੇ ਦੇ ਘਰ ਛੱਡਣ 'ਤੇ ਲਿਖਦਾ ਹੈ।

**"ਰੂਹ ਛੱਡ ਕਲਬੂਤ ਜਿਉਂ ਵਿਦਾ ਹੁੰਦਾ, ਤਿਵੇਂ ਇਹ ਦਰਵੇਸ਼ ਸਿਧਾਇਆ ਈ।"**

ਹੀਰ ਦੇ ਡੋਲੀ ਬੈਠਣ ਪਿੱਛੋਂ ਰਾਂਝਾ ਜਾ ਕੇ ਉਸ ਨੂੰ ਮਿਲਦਾ ਹੈ ਤਦ :

**"ਜਦੋਂ ਰੂਹ ਇਕਰਾਰ ਇਖਰਾਜ ਕੀਤਾ, ਤਦੋਂ ਜਾਇ ਕਲਬੂਤ ਵਿਚ ਧਸਿਆ ਈ।"**

ਇਸ ਤਰ੍ਹਾਂ ਉਹ ਕਈ ਥਾਵਾਂ 'ਤੇ ਰੂਹ ਤੇ ਕਲਬੂਤ ਦਾ ਜ਼ਿਕਰ ਕਰਦਾ ਹੈ ਅਤੇ ਅੰਤ ਵਿਚ ਫਿਰ ਕਹਿੰਦਾ ਹੈ।

**"ਏਹ ਰੂਹ ਕਲਬੂਤ ਦਾ ਜ਼ਿਕਰ ਸਾਰਾ,**
**ਨਾਲ ਅਕਲ ਦੇ ਮੇਲ ਮਿਲਾਇਆ ਈ।**
**ਅੱਗੇ ਹੀਰ ਨਾ ਕਿਸੇ ਨੇ ਕਹੀ ਐਸੀ,**
**ਸ਼ਿਅਰ ਬਹੁਤ ਮਰਗੂਬ ਬਣਾਇਆ ਈ।"**

ਇਸ ਤਰ੍ਹਾਂ ਵਾਰਿਸ ਕਹਾਣੀ ਦੀ ਚਾਲ ਦੇ ਨਾਲ ਨਾਲ ਉਹ ਆਪਣੇ ਮਨੋਰਥ ਨੂੰ ਵੀ ਪ੍ਰਗਟ ਕਰਦਾ ਹੈ ਕਿ ਉਹ ਤਾਂ ਹੀਰ ਤੇ ਰਾਂਝੇ ਦੀ ਕਥਾ ਦੇ ਬਹਾਨੇ ਰੂਹ ਤੇ ਕਲਬੂਤ ਦੀ ਕਥਾ ਹੀ ਕਹਿਣਾ ਚਾਹੁੰਦਾ ਹੈ। 'ਹੀਰ' ਦੀ ਵਿਉਂਤਬੰਦੀ ਵਿਚ ਵਾਰਿਸ ਨੇ ਪਹਿਲਾਂ ਹੀ ਇਹ ਗੱਲ ਸ਼ਾਮਿਲ ਸੀ ਕਿ ਉਸ ਨੇ ਇਸ ਕਿੱਸੇ ਨੂੰ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਬਣਾਉਣਾ ਹੈ। ਵਾਰਿਸ ਸ਼ਾਹ ਇਕ ਸੂਫ਼ੀ ਫ਼ਕੀਰ ਸੀ। ਕਿੱਸੇ ਵਿਚ ਉਹ ਥਾਂ-ਥਾਂ 'ਤੇ ਸੂਫ਼ੀ ਫ਼ਕੀਰਾਂ ਵਾਂਗ ਸੰਸਾਰ ਦੀ ਨਾਸ਼ਮਾਨਤਾ, ਪਰਹੇਜ਼ੀ ਜਾਂ ਸੰਜਮੀ ਜੀਵਨ ਜਿਊਣ, ਮਾਨਵੀ ਮੁੱਲਾਂ ਦੀ ਕਦਰ ਕਰਨ, ਨੈਤਿਕਤਾ, ਧਾਰਮਿਕਤਾ ਅਤੇ ਅਧਿਆਤਮਕਤਾ ਆਦਿ ਦਾ ਗੁਣਗਾਨ ਕਰਦਾ ਹੈ।

ਵਾਰਿਸ ਦੇ ਕਿੱਸੇ ਵਿਚ ਇਸ਼ਕ ਮਜ਼ਾਜੀ ਦੇ ਨਾਇਕਾਂ ਦਾ ਅਜਿਹਾ ਸੁਹਜ ਅਤੇ ਸਹਿਜਮਈ ਚਿਤਰਣ ਕੀਤਾ ਹੈ ਕਿ ਅਧਿਆਤਮਕ ਮਾਰਗ ਦੇ ਪਾਂਧੀ ਵੀ ਉਨ੍ਹਾਂ ਨੂੰ ਆਦਰਸ਼ ਮੰਨਦੇ ਉਨ੍ਹਾਂ ਦੁਆਰਾ ਆਪਣਾ ਰੱਬੀ ਪਿਆਰ ਪ੍ਰਗਟ ਕਰਨ ਲੱਗੇ। ਇਸ ਕਿਸੇ ਦਾ ਲੋਕਾਂ ਅਤੇ ਸਾਹਿਤਕਾਰਾਂ ਨੇ ਅਜਿਹਾ ਪ੍ਰਭਾਵ ਕਬੂਲਿਆ ਕਿ ਉਨ੍ਹਾਂ ਲਈ ਹੀਰ ਸਦਾ ਵਾਸਤੇ ਮਨੁੱਖ ਦੀ ਤੜਪਦੀ ਰੂਹ ਦਾ ਪ੍ਰਤੀਕ ਬਣ ਗਈ ਤੇ ਰਾਂਝਾ ਮੁਰਸ਼ਦ ਬਣ ਕੇ ਇਸ਼ਕ ਦੇ ਸਤਿ ਮਾਰਗ ਦਾ ਨਾਇਕ/ਦੇਵਤਾ ਬਣ ਗਿਆ। ਵਾਰਿਸ ਸ਼ਾਹ ਇਸ਼ਕ ਮਜ਼ਾਜੀ ਦੇ ਕਿੱਸੇ ਨੂੰ ਬਿਆਨ ਕਰਦਿਆਂ ਇਸ਼ਕ ਹਕੀਕੀ ਦੇ ਤੱਤ ਨੂੰ ਵੀ ਨਾਲ ਨਾਲ ਪੇਸ਼ ਕਰਦਾ ਹੈ। ਜਿਸ ਨਾਲ 'ਹੀਰ' ਨਿਰਾ-ਪੁਰਾ ਕਿੱਸਾ ਨਹੀਂ ਸਗੋਂ ਰੂਹਾਨੀ ਗਿਆਨ ਤੇ ਸੰਸਾਰ ਗਿਆਨ ਦੇ ਭੇਤ ਖੋਲ੍ਹਣ ਵਾਲੀ ਅਨਮੋਲ ਰਚਨਾ ਬਣ ਚੁੱਕੀ ਹੈ।

## 11.4 ਨਿਸ਼ਕਰਸ਼

ਉਪਰੋਕਤ ਚਰਚਾ ਦੇ ਆਧਾਰ 'ਤੇ ਕਹਿ ਸਕਦੇ ਹਾਂ ਕਿ ਸੱਯਦ ਵਾਰਿਸ ਸ਼ਾਹ ਨੇ ਆਪਣੇ ਕਿੱਸੇ ਹੀਰ ਵਿਚ ਸੂਫ਼ੀਆਨਾ ਰਮਜ਼ਾਂ ਨੂੰ ਪੇਸ਼ ਕਰਦਿਆਂ ਹੋਇਆਂ ਇਸ ਪ੍ਰੀਤ ਕਿੱਸੇ ਰਾਹੀਂ ਇਸ਼ਕ ਮਜ਼ਾਜੀ ਤੋਂ ਇਸ਼ਕ ਹਕੀਕੀ ਤੱਕ ਦਾ ਸਫ਼ਰ ਤੈਅ ਕੀਤਾ ਹੈ। ਜਦ ਪਾਠਕ ਇਸ ਰਚਨਾ ਦਾ ਪਾਠ ਚੇਤਨ ਹੋ ਕੇ ਕਰਦਾ ਹੈ ਤਾਂ ਉਹ ਇਸ ਕਿੱਸੇ 'ਚੋਂ ਸੂਫ਼ੀਆਨਾ/ ਅਧਿਆਤਮਕ ਰੰਗ ਦੀ ਮਹਿਕ ਨੂੰ ਸਹਿਜੇ ਹੀ ਮਾਣ ਲੈਂਦਾ ਹੈ। ਵਾਰਿਸ ਦੀ ਹੀਰ ਹੀ ਨਹੀਂ ਬਲਕਿ ਪੰਜਾਬੀ ਸਾਹਿਤ ਜਗਤ ਵਿਚ ਉਨ੍ਹਾਂ ਕਿੱਸਾਕਾਰਾਂ ਦੇ ਕਿੱਸੇ ਹੀ ਹਰਮਨ ਪਿਆਰੇ ਤੇ ਪ੍ਰਸਿੱਧ ਹੋਏ ਹਨ ਜਿਨ੍ਹਾਂ ਨੇ ਆਪਣੇ ਕਿੱਸੇ ਵਿਚ ਪ੍ਰੀਤ ਕਹਾਣੀ ਨੂੰ ਆਤਮਾ-ਪਰਮਾਤਮਾ ਦੇ ਮਿਲਾਪ ਦੇ ਰੂਪ ਵਿਚ ਪੇਸ਼ ਕੀਤਾ ਹੈ ਭਾਵ ਇਹ ਦਰਸਾਇਆ ਹੈ ਕਿ ਜਿਵੇਂ ਹੀਰ ਤੇ ਰਾਂਝੇ ਦਾ ਪਿਆਰ ਹੈ ਤਿਵੇਂ ਹੀ ਮਨੁੱਖ ਆਪਣੀ ਰੂਹ ਨੂੰ ਉਸ ਰੱਬ ਦੀ ਬੰਦਗੀ ਵਿਚ ਲਾਏ ਤਾਂ ਉਹ ਸੰਸਾਰ ਦੀਆਂ ਸਾਰੀਆਂ ਪਰੇਸ਼ਾਨੀਆਂ ਅਤੇ ਉਲਝਣਾਵਾਂ ਤੋਂ ਮੁਕਤ ਹੋ ਕੇ ਉਸ ਪਰਮਾਤਮਾ ਦੇ ਅਸਲ ਪਿਆਰ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਸਕਦਾ ਹੈ ਅਤੇ ਦੋਹਾਂ ਜਹਾਨਾਂ ਵਿਚ ਕਬੂਲਿਆ ਜਾ ਸਕਦਾ ਹੈ। ਮਨੁੱਖ ਨੂੰ ਪਰਮਾਤਮਾ ਨਾਲ ਜੋੜਨਾ ਹੀ ਵਾਰਿਸ ਸ਼ਾਹ ਦੀ ਹੀਰ ਦਾ ਮੁੱਖ ਮਕਸਦ ਹੈ ਅਤੇ ਉਹ ਇਸ ਮਕਸਦ ਵਿਚ ਸਫਲ ਹੁੰਦਾ ਵੀ ਪ੍ਰਤੀਤ ਹੁੰਦਾ ਹੈ। ਵਾਰਿਸ ਦੀ ਇਹ ਸਫਲਤਾ ਹੀ ਉਸਨੂੰ ਸਿਖ਼ਰ ਦਾ ਕਿੱਸਾਕਾਰ ਸਥਾਪਿਤ ਕਰਦੀ ਹੈ।

## 11.5 Key Words/ਔਖੇ ਸ਼ਬਦਾਂ ਦੇ ਅਰਥ

1- ਫਿਰਾਕ:- ਵਿਜੋਗ, ਜੁਦਾਈ।

2- ਖੁਰਸੰਦ:- ਖੁਸ਼, ਸੰਤੋਖੀ, ਸਬਰ ਜਾਂ ਰੱਬ ਦੀ ਰਜ਼ਾ ਵਿਚ ਰਹਿਣ ਵਾਲਾ।

3- ਖਲਕ:-ਪਰਮਾਤਮਾ ਦਾ ਪੈਦਾ ਕੀਤਾ ਹੋਇਆ ਜਾਂ ਕੁਦਰਤ ਜਾਂ ਖ਼ਲਕਤ

4- ਵਿਰਦ:- ਬੰਦਗੀ ਕਰਨਾਂ, ਪਾਠ ਜੋ ਰੋਜ਼ ਕੀਤਾ ਜਾਵੇ, ਚੇਲਾ ਜਾਂ ਮੁਰੀਦ।

5- ਖੁਦਾਇ:-ਖੁਦਾ, ਪ੍ਰਮਾਤਮਾ, ਪ੍ਰਭੂ, ਰੱਬ।

6- ਦੀਦਾਰ :- ਦਰਸ਼ਨ।

7- ਵਿਸਰਿਆ:-ਭੁਲਿਆ

8- ਭੁਇ:-ਜ਼ਮੀਨ।

9- ਤੌਹੀਦ:-ਰੱਬ ਨੂੰ ਇਕ ਮੰਨਣਾ।

10- ਰਸੂਲ:-ਹਜ਼ਰਤ ਮੁਹੰਮਦ ਸਾਹਿਬ ਜੀ

11- ਸ਼ੁਹਰਤ:-ਪ੍ਰਸਿੱਧੀ,

12- ਉਸਤਾਦ:-ਗੁਰੂ, ਮੁਰਸ਼ਦ

13- ਰੂਹ:- ਆਤਮਾ

14- ਕਲਬੂਤ:- ਸ਼ਰੀਰ, ਜਿਸਮ

15- ਜ਼ਿਕਰ:-ਬਿਆਨ, ਵਰਣਨ, ਬਿਰਤਾਂਤ

16- ਚਾਕ:-ਚੁਸਤ, ਫੁਰਤੀਲਾ। (ਹੀਰ ਦੇ ਕਿੱਸੇ ਵਿਚ ਚਾਕ ਸ਼ਬਦ ਰਾਂਝੇ ਲਈ ਵੀ ਵਰਤਿਆ ਗਿਆ ਹੈ)

17- ਥਾਪਨਾਂ:-ਆਸ਼ੀਰਵਾਦ

18- ਅਜ਼ਰਾਈਲ:-ਇਸਲਾਮੀ ਫ਼ਲਸਫ਼ੇ ਅਨੁਸਾਰ ਮੌਤ ਦਾ ਫਰੀਸ਼ਤਾ

19- ਅਮਲ:-ਕਰਮ, ਮਨੁੱਖ ਵਲੋਂ ਕੀਤੇ ਜਾਣ ਵਾਲੇ ਕੰਮ

20- ਸ਼ਿਕਮ:-ਪੇਟ ਢਿੱਡ

21- ਇਕਰਾਰ:- ਵਾਦਾ, ਤਸਦੀਕ

22- ਇਖ਼ਰਾਜ:- ਕਿਸੇ ਥਾਂ ਤੋਂ ਕੱਢ ਦੇਣਾ ਜਾਂ ਖ਼ਾਰਜ ਕਰਨਾ।

23- ਮਰਗੂਬ :- ਸੁੰਦਰ, ਸੁਹਣਾ, ਆਕਰਸ਼ਕ, ਖ਼ੂਬਸੂਰਤ।

24- ਦਰਵੇਸ਼:- ਫ਼ਕੀਰ

## 11.6 Self-Assessment Questions (SAQ)

1. ਵਾਰਿਸ ਸ਼ਾਹ ਦੀ ਹੀਰ ਵਿਚ ਇਸ਼ਕ ਹਕੀਕੀ ਬਾਰੇ ਕਿਸ ਤਰ੍ਹਾਂ ਦੇ ਵਿਚਾਰ ਮਿਲਦੇ ਹੈ? ਸੰਖੇਪ ਵਿਚ ਚਰਚਾ ਕਰੋ।
2. ਇਸ਼ਕ ਹਕੀਕੀ ਕੀ ਹੁੰਦਾ ਹੈ?
3. ਇਸ਼ਕ ਮਜ਼ਾਜੀ ਤੋਂ ਕੀ ਭਾਵ ਹੈ?
4. ਇਸ਼ਕ ਸ਼ਬਦ ਨੂੰ ਸਪਸ਼ਟ ਕਰੋ।

## 11.7 References/ ਸਹਾਇਕ ਪੁਸਤਕ ਸੂਚੀ

1. ਅੰਮ੍ਰਿਤ ਲਾਲ ਪਾਲ(ਡਾ.) 'ਵਾਰਿਸ ਸ਼ਾਹ ਜੀਵਨ ਤੇ ਰਚਨਾ', ਆਰ. ਐਸ. ਪਬਲਿਕੇਸ਼ਨਜ਼, ਪਟਿਆਲਾ 1999।
2. ਕਾਂਗ, ਕੁਲਬੀਰ ਸਿੰਘ, 'ਪੰਜਾਬੀ ਕਿੱਸਾ ਸਾਹਿਤ ਦਾ ਇਤਿਹਾਸ' ਪੰਜਾਬੀ ਅਕਾਦਮੀ ਦਿੱਲੀ 2005

3. ਕਾਂਗ, ਕੁਲਬੀਰ ਸਿੰਘ(ਡਾ.), ਸੁਖ਼ਨ ਦਾ ਵਾਰਿਸ, ਵਾਰਿਸ ਸ਼ਾਹ, ਵਾਰਿਸ ਸ਼ਾਹ ਫਾਂਉਡੇਸ਼ਨ, ਅੰਮ੍ਰਿਤਸਰ, 2001

4. ਘੁੰਮਣ, ਬਿਕਰਮ ਸਿੰਘ, 'ਕਿੱਸਾ ਹੀਰ ਰਾਂਝਾ, ਆਲੋਚਨਾ ਅਤੇ ਪਾਠ' ਰੂਹੀ ਪ੍ਰਕਾਸ਼ਨ ਅੰਮ੍ਰਿਤਸਰ, 2007

5. ਧਰਮਪਾਲ ਸਿੰਗਲ(ਡਾ.), ਬਦਨ ਬਲਦੇਵ ਸਿੰਘ(ਡਾ.), ਹੀਰ ਵਾਰਿਸ ਸ਼ਾਹ ਆਲੋਚਨਾਤਮਕ ਅਧਿਐਨ, ਦੀਪਕ ਪਬਲਿਸ਼ਰਜ਼, ਜਲੰਧਰ 2007

6. ਪ੍ਰੇਮੀ, ਗੁਰਦਿੱਤ ਸਿੰਘ, ਵਾਰਿਸ ਸ਼ਾਹ ਇਕ ਪਰਿਚਯ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀ. ਪਟਿਆਲਾ, 1984

## 11.8 Suggestive Learning

ਇਸ ਪਾਠ ਵਿਚ ਹੀਰ ਵਾਰਿਸ ਵਿਚਲੇ ਸੂਫ਼ੀ ਵਿਚਾਰਾਂ ਨੂੰ ਵਿਚਾਰਿਆ ਗਿਆ ਹੈ ਇਸ ਲਈ ਵਿਦਿਆਰਥੀ ਲਈ ਸੁਝਾਓ ਹੈ ਕਿ ਇਸ ਪਾਠ ਦੇ ਨਾਲ-ਨਾਲ ਉਹ ਸੂਫ਼ੀ ਸੰਕਲਪਾਂ ਬਾਰੇ ਵੀ ਪੜ੍ਹੇ।

**ਨੋਟ: Unit –II , Lesson no. 8 to 11 ਵਿਚੋਂ ਪ੍ਰੀਖਿਆ ਵਿਚ ਵਿਦਿਆਰਥੀਆਂ ਨੂੰ ਪੁਛੇ ਜਾਣ ਵਾਲੇ ਸੰਭਾਵਿਤ ਪ੍ਰਸ਼ਨਾਂ ਦਾ ਨਮੂਨਾ।**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ।**

1. ਵਾਰਿਸ ਸ਼ਾਹ ਦੀ ਹੀਰ ਦੇ ਅਧਿਆਤਮਕ ਪੱਖ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ।
2. ਵਾਰਿਸ ਸ਼ਾਹ ਦੀ ਹੀਰ ਵਿਚ ਪ੍ਰਸਤੁਤ ਸਮਾਜ ਬਾਰੇ ਉਦਾਹਰਨਾਂ ਸਹਿਤ ਚਰਚਾ ਕਰੋ।
3. ਵਾਰਿਸ ਸ਼ਾਹ ਦੀ ਹੀਰ ਦੀਆਂ ਕਾਵਿਕ ਵਿਸ਼ੇਸ਼ਤਾਵਾਂ ਜਾਂ ਕਲਾ ਪੱਖ ਸੰਬੰਧੀ ਉਦਾਹਰਨਾਂ ਸਹਿਤ ਜਾਣਕਾਰੀ ਦਿਉ।
4. ਵਾਰਿਸ ਸ਼ਾਹ ਦਾ ਪੰਜਾਬੀ ਸਾਹਿਤ ਵਿਚ ਸਥਾਨ ਨਿਸ਼ਚਿਤ ਕਰੋ।

**ਦਰਮਿਆਨੇ ਉੱਤਰਾਂ ਵਾਲੇ ਪ੍ਰਸ਼ਨ।**

1. ਵਾਰਿਸ ਸ਼ਾਹ ਦੀ ਹੀਰ ਵਿਚ ਇਸ਼ਕ ਹਕੀਕੀ ਦਾ ਵਰਣਨ ਮਿਲਦਾ ਹੈ, ਸੰਖੇਪ ਵਿਚ ਚਰਚਾ ਕਰੋ।
2. ਹੀਰ ਜਾਂ ਰਾਂਝੇ ਦਾ ਪਾਤਰ ਚਿਤ੍ਰਣ ਪੇਸ਼ ਕਰੋ।
3. ਹੀਰ ਵਾਰਿਸ ਵਿਚ ਵਰਤੇ ਰਸਾਂ ਬਾਰੇ ਚਰਚਾ ਕਰੋ ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

1. ਵਾਰਿਸ ਸ਼ਾਹ ਦਾ ਜਨਮ ਕਦੋਂ ਅਤੇ ਕਿਥੇ ਹੋਇਆ?
2. ਵਾਰਿਸ ਸ਼ਾਹ ਨੇ ਹੀਰ ਦਾ ਕਿੱਸਾ ਕਦੋਂ ਲਿਖਿਆ ?
3. ਵਾਰਿਸ ਸ਼ਾਹ ਦਾ ਕਿੱਸਾ ਦੁਖਾਂਤਕ ਹੈ ਜਾਂ ਸੁਖਾਂਤਕ?
4. ਵਾਰਿਸ ਸ਼ਾਹ ਦੇ ਮੁਰਸ਼ਦ ਕੌਣ ਸਨ?

| B.A. SEMESTER - 3rd | Lesson No. 12 |
|---|---|
| UNIT-III | COURSE No. : PB - 301 |

# (ਲੋਕਧਾਰਾ)

## (ਲੋਕਧਾਰਾ ਦੀ ਪਰਿਭਾਸ਼ਾ ਅਤੇ ਲੱਛਣ)

**Structure of The lesson**

12.1 ਉਦੇਸ਼ (Objective of the Lesson)

12.2 ਭੂਮਿਕਾ (Introduction)

12.3 ਲੋਕਧਾਰਾ ਦੀ ਪਰਿਭਾਸ਼ਾ

12.4 ਲੋਕਧਾਰਾ ਦੇ ਲੱਛਣ

12.5 ਲੋਕਧਾਰਾ ਦੇ ਸਿਰਜਕ

12.6 ਲੋਕਧਾਰਾ ਦਾ ਪ੍ਰਕਾਰਜ

12.7 ਲੋਕਧਾਰਾ ਦਾ ਵਰਗੀਕਰਣ

12.8 ਨਿਸ਼ਕਰਸ਼ (Conclusion)

12.9 ਔਖੇ ਸ਼ਬਦਾਂ ਦੇ ਅਰਥ (Key Words)

12.10 Self-Assessment Questions (SAQ)

12.11 (ਸਹਾਇਕ ਪੁਸਤਕਾਂ) References

12.12 Suggestive Learning

ਲੋਕਧਾਰਾ

### 12.2 ਭੂਮਿਕਾ

ਲੋਕਧਾਰਾ ਸ਼ਬਦ ਅੰਗ੍ਰੇਜ਼ੀ ਪਦ ਫੋਕਲੋਰ (Folklore) ਦੇ ਪੰਜਾਬੀ ਪਰਿਆਈ ਵਜੋਂ ਵਰਤਿਆ

ਗਿਆ ਹੈ। ਫੋਕਲੋਰ ਸ਼ਬਦ ਪਹਿਲੀ ਵਾਰ 1846 ਵਿਚ ਵਿਲੀਅਮ ਜੇ. ਥੋਮਸ (W.J. Thomas) ਵਲੋਂ ਵਰਤਿਆ ਗਿਆ ਸੀ। ਉਸ ਨੇ ਇਹ ਪਦ ਪੁਰਾਤਨ ਸ਼ਿਸ਼ਟਾਚਾਰ, ਰੀਤਾਂ, ਰਸਮਾਂ, ਵਹਿਮਾਂ-ਭਰਮਾਂ, ਵਾਰਾਂ ਅਤੇ ਮੁਹਾਵਰਿਆਂ ਲਈ ਵਰਤਿਆ। 1888 ਵਿਚ ਅਮਰੀਕਾ ਵਲੋਂ ਫੋਕਲੋਰ ਸੁਸਾਇਟੀ ਦਾ ਗਠਨ ਕੀਤਾ ਗਿਆ, ਜਿਸ ਸਦਕਾ ਇਸ ਪਦ ਨੂੰ ਹੋਰ ਵੱਧ ਕੇ ਸਵੀਕਾਰਿਆ ਗਿਆ।

ਫੋਕਲੋਰ ਲਈ ਪੰਜਾਬੀ ਵਿਚ ਸ਼ਬਦ 'ਲੋਕਧਾਰਾ' ਵਣਜਾਰਾ ਬੇਦੀ ਨੇ ਵਰਤਿਆ ਹੈ।ਪਦ 'ਲੋਕਧਾਰਾ' ਨੂੰ ਫੋਕਲੋਰ ਦਾ ਪਰਿਆਇ ਨਿਸ਼ਚਿਤ ਕਰਦੇ ਸਮੇਂ ਡਾ. ਵਣਜਾਰਾ ਬੇਦੀ ਦਾ ਕਥਨ ਹੈ ਕਿ "1950 ਵਿਚ ਮੈਂ 'ਫੋਕਲੋਰ' ਨੂੰ ਆਪਣੇ ਅਧਿਐਨ ਦਾ ਵਿਸ਼ਾ ਚੁਣਿਆ ਤਾਂ ਅਨੇਕਾਂ ਸਮੱਸਿਆਵਾਂ ਦੇ ਨਾਲ ਇਕ ਸਮੱਸਿਆ 'ਫੋਕਲੋਰ' ਦੇ ਪੰਜਾਬੀ ਪਰਿਆਈ ਦੀ ਉਤਪੰਨ ਹੋਈ। ਫੋਕਲੋਰ ਨੂੰ ਵਿਚਾਰਨ ਅਤੇ ਉਸ ਦੇ ਬਹੁ-ਬਿਧ ਰੂਪਾਂ ਦੇ ਚਰਿੱਤ੍ਰ ਨੂੰ ਸਮਝਣ ਮਗਰੋਂ ਮੈਂ 'ਲੋਕਧਾਰਾ' ਸ਼ਬਦ ਸਿਰਜਿਆ। ਉਦੋਂ ਫੋਕਲੋਰ ਦੇ ਤਿੰਨ ਵਿਸ਼ੇਸ਼ ਤੱਤ ਸਨ—ਲੋਕ ਸਭਿਆਚਾਰ, ਪਰੰਪਰਾ ਅਤੇ ਲੋਕਮਨ, ਫੋਕਲੋਰ ਲੋਕਾਂ ਦੀ ਸਮੱਗਰੀ ਹੈ, ਲੋਕਮਨ ਦੀ ਅਭਿਵਿਅਕਤੀ ਹੈ ਅਤੇ ਇਸ ਦਾ ਨਿਰਮਾਣ ਲੋਕਾਂ ਦੀ ਸਮੂਹਕ ਚੇਤਨਾ ਤੋਂ ਹੋਇਆ ਹੈ। ਇਸ ਲਈ ਲੋਰ ਸ਼ਬਦ ਲਈ ਇਕ ਨਵਾਂ ਸ਼ਬਦ ਘੜਣ ਦੀ ਜ਼ਰੂਰਤ ਸੀ। 'ਧਾਰਾ' ਸ਼ਬਦ ਮੈਨੂੰ ਲੋਕਮਨ ਅਤੇ ਪਰੰਪਰਾ ਦੇ ਅਸੀਮ ਪ੍ਰਵਾਹ ਦਾ ਬਦਲ ਜਾਪਿਆ। ਹਰ 'ਧਾਰਾ' ਪਿੱਛੇ ਇਕ ਇਤਿਹਾਸ ਹੁੰਦਾ ਹੈ ਅਤੇ ਪਰੰਪਰਾ ਦਾ ਪਾਸਾਰ। ਧਾਰਾ ਦਾ ਇਹ ਸੰਕਲਪ ਮੇਰੇ ਮਨ ਵਿਚ ਸੀ।" ਇਸ ਤਰ੍ਹਾਂ ਲੋਕਧਾਰਾ ਸ਼ਬਦ ਫੋਕਲੋਰ ਦੇ ਸੁਭਾਅ, ਬਣਤਰ ਅਤੇ ਅੰਦਰੂਨੀ ਜੁਗਤ ਨੂੰ ਵਿਅਕਤ ਕਰਨ ਲਈ ਉੱਤਮ ਹੈ।

ਲੋਕਧਾਰਾ ਦੀ ਸਿਰਜਣ ਪ੍ਰਕਿਰਿਆ ਵਿਚ ਨਿਜੱਤਵ ਨਾਲੋਂ ਸਮੂਹਿਕਤਾ ਦਾ, ਚਿੰਤਨ ਨਾਲੋਂ ਭਾਵੁਕਤਾ ਜਾਂ ਤਰਕਸ਼ੀਲਤਾ ਨਾਲੋਂ ਭਾਵਾਂ ਦੀ ਤੀਖਣਤਾ ਦਾ ਅਤੇ ਜਨਤਾ ਦੀ ਚੇਤੰਨ ਪ੍ਰਕਿਰਿਆ ਨਾਲੋਂ ਲੋਕ ਉਪਚਾਰਕਤਾ ਦਾ ਅੰਗ ਵਧੇਰੇ ਹੁੰਦਾ ਹੈ। ਲੋਕਧਾਰਾ ਮਾਨਵ ਦੀ ਅਚੇਤ ਜਾਂ ਅਰਧ ਚੇਤਨ ਅਵਸਥਾ ਦੀ ਪੈਦਾਵਾਰ ਹੋਣ ਕਾਰਨ ਅਕਸਰ ਸ਼ਰਧਾ, ਡਰ, ਤੌਖਲੇ, ਆਸਥਾ, ਕਲਪਨਾ ਅਤੇ ਸਮਾਜਕ, ਆਰਥਿਕ ਰੂੜੀਆਂ ਦੀ ਸ਼ਿਕਾਰ ਵਧੇਰੇ ਹੁੰਦੀ ਹੈ। ਲੋਕਧਾਰਾ ਮੂਲ ਰੂਪ ਵਿਚ ਲੋਕ-ਮਾਨਸਿਕਤਾ ਦਾ ਹੀ ਬਿੰਬ ਹੁੰਦੀ ਹੈ।

### 12.3 ਲੋਕਧਾਰਾ ਦੀ ਪਰਿਭਾਸ਼ਾ

ਲੋਕਧਾਰਾ ਨੂੰ ਪਰਿਭਾਸ਼ਤ ਕਰਨਾ ਇਕ ਕਠਿਨ ਕਾਰਜ ਹੈ, ਉਹ ਇਸ ਲਈ ਕਿਉਂਕਿ 'ਫੋਕਲੋਰ' ਇਕ ਸੰਕਲਪ ਨਹੀਂ ਸਗੋਂ ਵਰਤਾਰਾ ਹੈ। ਸੰਕਲਪ ਨੂੰ ਪਰਿਭਾਸ਼ਤ ਕਰਨਾ ਸੌਖਾ ਹੁੰਦਾ ਹੈ, ਪਰ ਵਰਤਾਰੇ ਨੂੰ ਪਰਿਭਾਸ਼ਤ ਕਰਨਾ ਕਠਨ ਹੈ।

ਬਹੁਤੇ ਵਿਦਵਾਨਾਂ ਨੇ ਲੋਕਧਾਰਾ ਦੇ ਪ੍ਰਮੁੱਖ ਲੱਛਣਾਂ ਅਤੇ ਸੀਮਾਂ-ਖੇਤਰ ਨੂੰ ਮੁੱਖ ਰੱਖ ਕੇ ਇਸਦੀ ਪਰਿਭਾਸ਼ਾ ਦਿੱਤੀ ਹੈ। ਲੋਕਧਾਰਾ ਦੀਆਂ ਵਿਭਿੰਨ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ;

**ੳ. ਇਨਸਾਈਕਲੋਪੀਡੀਆ ਬਰਟੇਨਿਕਾ ਅਨੁਸਾਰ;**

'ਲੋਕਧਾਰਾ ਆਮ ਲੋਕਾਂ ਦੇ ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ-ਭਰਮਾਂ, ਸ਼ਿਸ਼ਟਾਚਾਰਾਂ, ਰਸਮਾਂ-ਰੀਤਾਂ ਤੇ ਕਰਮ-ਕਾਂਡਾਂ ਲਈ ਵਰਗਗਤ ਨਾਂ ਦੇ ਰੂਪ ਵਿਚ ਵਰਤਿਆ ਜਾਂਦਾ ਹੈ।'

**ਅ. ਮਾਰੀਊਮ ਵਾਰਬੋ ਦਾ ਵਿਚਾਰ ਹੈ;**

'ਲੋਕਧਾਰਾ ਦਾ ਅਰਥ ਉਹ ਸਭ ਕੁਝ ਹੈ ਜੋ ਕਿ ਪੁਰਾਣੇ ਸਮਿਆਂ ਤੋਂ ਅੱਜ ਤੀਕ ਮਨੁੱਖੀ ਸਭਿਆਚਾਰ ਦਾ ਹਿੱਸਾ ਬਣਦਾ ਰਿਹਾ ਹੈ, ਇਸ ਦੀ ਸੰਚਾਰ ਪੁਰਾਣੀ ਪੀੜੀ ਤਕ ਬਿਨਾਂ ਕਿਸੇ ਪੁਸਤਕ ਪ੍ਰਕਾਸ਼ਨਾਂ ਜਾਂ ਸਕੂਲ ਅਧਿਆਪਕ ਦੇ ਹੁੰਦਾ ਹੈ।'

**ੲ. ਆਰਥਰ ਟੇਲਰ,**

'ਲੋਕਧਾਰਾ ਅਜਿਹੀ ਸਮੱਗਰੀ ਹੈ ਜੋ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਜ਼ਬਾਨੀ ਰੂਪ ਵਿਚ ਲੋਕ ਗੀਤਾਂ, ਲੋਕ ਕਹਾਣੀਆਂ, ਬੁਝਾਰਤਾਂ, ਅਖੌਤਾਂ ਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾ ਸੁਰੱਖਿਅਤ ਕੀਤੀ ਜਾਂਦੀ ਹੈ। ਇਹ ਰੀਤਾਂ-ਰਿਵਾਜਾਂ ਜਾਂ ਕੰਮ ਧੰਦਿਆਂ ਦੇ ਰੂਪ ਵਿਚ ਵੀ ਮਿਲਦੀ ਹੈ।'

**ਸ. ਵਣਜਾਰਾ ਬੇਦੀ**

ਵਣਜਾਰਾ ਬੇਦੀ ਨੇ ਫੋਕਲੋਰ ਦੀ ਥਾਂ ਲੋਕਧਾਰਾ ਸ਼ਬਦ ਵਰਤਿਆ ਹੈ। ਇਹ ਲੋਕਧਾਰਾ ਬਾਰੇ ਚਰਚਾ ਕਰਦੇ ਹੋਏ ਆਖਦੇ ਹਨ, 'ਲੋਕਧਾਰਾ ਲੋਕ ਸੰਸਕ੍ਰਿਤੀ ਦਾ ਪਾਸਾਰ ਅਤੇ ਲੋਕ ਮਨ ਦੀ ਸਹਿਜ ਅਭਿਵਿਕਤੀ ਹੋਣ ਕਰਕੇ ਕਿਸੇ ਜਾਤੀ ਦੀ ਸੰਸਕ੍ਰਿਤੀ ਦਾ ਮੂਲ ਸੱਚ ਹੈ।'

**ਹ. ਪਿਆਰਾ ਸਿੰਘ ਅਨੁਸਾਰ,**

'ਇਹ ਕਿਸੇ ਵੀ ਜਾਤੀ ਦੀ ਸੰਸਕ੍ਰਿਤੀ ਦਾ ਉਹ ਅੰਗ ਹੈ, ਜਿਸ ਵਿਚ ਇਸ ਦੇ ਘੜ੍ਹਨਹਾਰਿਆਂ ਦਾ ਅਲਿਖਤ ਇਤਿਹਾਸ, ਉਨ੍ਹਾਂ ਦੀਆਂ ਆਸ਼ਾਵਾਂ, ਨਿਰਾਸ਼ਾਵਾਂ, ਰੁਚੀਆਂ, ਵਿਸ਼ਵਾਸਾਂ, ਭਰਮਾਂ, ਪ੍ਰਾਪਤੀਆਂ, ਅਪ੍ਰਾਪਤੀਆਂ, ਰੜਕਾਂ, ਅਰੜਕਾਂ, ਬੋਲਾਂ, ਸੰਘਰਸ਼ਾਂ ਤੇ ਜ਼ਿੰਦਗੀ ਸੰਬੰਧੀ ਕਦਰਾਂ-ਕੀਮਤਾਂ ਦੀ ਕਹਾਣੀ ਪ੍ਰਤੀਬਿੰਬਤ ਹੁੰਦੀ ਹੈ।'

**ਕ. ਡਾ· ਕਰਨੈਲ ਸਿੰਘ ਥਿੰਦ**

ਡਾ· ਕਰਨੈਲ ਸਿੰਘ ਥਿੰਦ ਨੇ 'ਲੋਕਯਾਨ' ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਹੈ, 'ਪਰੰਪਰਾਗਤ ਰੂਪ ਵਿਚ ਪ੍ਰਾਪਤ ਸੰਸਕ੍ਰਿਤੀ ਦੇ ਅੰਗਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ-ਸਮੂਹ ਦਾ ਉਹ ਗਿਆਨ, ਜਿਸ ਵਿਚ ਲੋਕ ਮਾਨਸ ਦੀ ਅਭਿਅਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ-ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓਂ-ਪੀੜ੍ਹੀ ਅੱਗੇ ਤੋਰੇ, ਲੋਕਯਾਨ ਹੈ।'

ਲੋਕਧਾਰਾ ਦੇ ਵਿਭਿੰਨ ਵਿਭਾਵਾਂ, ਸੁਭਾਅ ਅਤੇ ਲੱਛਣਾਂ ਨੂੰ ਸਨਮੁੱਖ ਰੱਖ ਕੇ ਇਸ ਨੂੰ ਸੰਚਾਰਾਤਮਿਕ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਤ ਕੀਤਾ ਜਾ ਸਕਦਾ ਹੈ:

ਸਮੇਂ, ਸਥਾਨ ਅਤੇ ਮਨੁੱਖੀ ਪਰਿਸਥਿਤੀਆਂ ਦੇ ਪ੍ਰਸੰਗ ਵਿਚ ਲੋਕ-ਸਮੂਹ ਦੀ ਸਭਿਆਚਾਰਕ ਸੋਚਣੀ ਦਾ ਵਿਅਕਤ ਰੂਪ ਹੀ ਲੋਕਧਾਰਾ ਹੈ। ਇਸ ਪ੍ਰਗਟਾ ਲਈ ਵਰਤੀ ਗਈ ਸਮੱਗਰੀ ਅਤੇ ਮਾਧਿਅਮ ਦੀ ਕਿਸਮ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਨਿਰਧਾਰਤ ਕਰਦੀ ਹੈ।

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਲੋਕਧਾਰਾ ਲੋਕਾਂ ਦੇ ਇਕ ਸਮੂਹ ਦੀ ਰਚਨਾ ਹੈ ਜੋ ਉਸ ਦੇ ਜ਼ਬਾਨੀ ਗਿਆਨ ਤੇ ਵਰਤਾਰੇ ਦਾ ਸਮੂਹ ਹੈ। ਇਸ ਦਾ ਸਬੰਧ ਲੋਕ ਸਭਿਆਚਾਰ ਤੇ ਪਰੰਪਰਾ ਨਾਲ ਹੈ।

### 12.4 ਲੋਕਧਾਰਾ ਦੇ ਲੱਛਣ

ਕਿਸੇ ਵੀ ਜਨ ਸਮੂਹ ਦੀ ਲੋਕਧਾਰਾ ਉਸ ਦੇ ਵਿਸ਼ੇਸ਼ ਵਿਅਕਤ ਰੂਪਾਂ ਤੋਂ ਪਹਿਚਾਣੀ ਜਾਂਦੀ ਹੈ। ਇਹ ਵਿਸ਼ੇਸ਼ ਵਿਅਕਤ ਰੂਪ ਹੀ ਉਸ ਦੇ ਪ੍ਰਮੁੱਖ ਲੱਛਣ ਹੁੰਦੇ ਹਨ। ਲੋਕਧਾਰਾ ਦੇ ਲੱਛਣਾਂ ਦੀ ਗਿਣਤੀ ਦਸ ਜਾਂ ਗਿਆਰਾਂ ਹੁੰਦੀ ਹੈ, ਜਿਸ ਰਾਹੀਂ ਮਨੁੱਖੀ ਜੀਵਨ ਦੇ ਵੱਖ-ਵੱਖ ਸਰੋਕਾਰਾਂ ਬਾਰੇ ਜਾਣਕਾਰੀ ਹਾਸਿਲ ਹੁੰਦੀ ਹੈ। ਇਹ ਲੱਛਣ ਹਨ:

**ੳ.** **ਮੌਖਿਕਤਾ :** ਜੇਕਰ ਲੋਕਧਾਰਾ ਦੀ ਪਰਿਭਾਸ਼ਾ ਤੇ ਵਿਚਾਰ ਕਰੀਏ ਤਾਂ ਮੌਖਿਕਤਾ ਦਾ ਲੱਛਣ ਵਧੇਰੇ ਮਹੱਤਵਪੂਰਨ ਜਾਪਦਾ ਹੈ। ਜਿਸ ਸਭਿਆਚਾਰ ਵਿਚ ਭਾਸ਼ਾ ਦਾ ਕੋਈ ਲਿਖਤੀ ਰੂਪ ਨਹੀਂ ਹੈ। ਉਸ ਵਿਚ ਲਗਭਗ ਸਾਰਾ ਸੰਚਾਰ ਮੌਖਿਕ ਰੂਪ ਵਿਚ ਹੀ ਕੀਤਾ ਜਾਂਦਾ ਹੈ।

**ਅ.** **ਪਰੰਪਰਾ :** ਪਰੰਪਰਾ ਵੀ ਲੋਕਧਾਰਾ ਦਾ ਮਹੱਤਵਪੂਰਨ ਲੱਛਣ ਹੈ। ਪਰੰਪਰਾ ਨਾਲ ਮੇਲ ਤੋਂ ਬਿਨਾਂ ਲੋਕਧਾਰਾ ਜੀਵੰਤ ਨਹੀਂ ਰਹਿ ਸਕਦੀ। ਪਰੰਪਰਾ ਵਿਚ ਉਹੀ ਪੱਖ ਆਉਂਦੇ ਹਨ ਜੋ ਪੁਸ਼ਤ-ਦਰ-ਪੁਸ਼ਤ ਅੱਗੇ ਚਲਦੇ ਰਹਿੰਦੇ ਹਨ। ਲੋਕ ਸਮੂਹ ਦੇ ਗਿਆਨ ਵਿਚ ਪਰੰਪਰਾ ਦੇ ਅੰਸ਼ਾਂ ਦੀ ਹੋਂਦ ਹੀ ਲੋਕਧਾਰਾ ਹੈ। ਮਹਾਨ ਸਾਹਿਤਕਾਰਾਂ ਦੀਆਂ ਰਚਨਾਵਾਂ ਵਿਚ ਪਰੰਪਰਾਗਤ ਤੱਤਾਂ ਦਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਉਹ ਵੀ ਲੋਕਧਾਰਾ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਦੇ। ਇਸ ਲਈ ਲੋਕਧਾਰਾ ਵਿਚ ਲੋਕ ਜੀਵਨ ਦੀਆਂ ਪਰੰਪਰਾਵਾਂ ਨੂੰ ਹੀ ਦੇਖਿਆ ਜਾ ਸਕਦਾ ਹੈ।

**ੲ.** **ਲੋਕ ਮਨ :** ਲੋਕਧਾਰਾ ਦਾ ਤੀਜਾ ਵਿਸ਼ੇਸ਼ ਲੱਛਣ ਲੋਕਮਨ ਹੈ ਜੋ ਲੋਕਧਾਰਾ ਵਾਂਗ ਹੀ ਕਿਸੇ ਸਮੂਹ ਦੇ ਮੈਂਬਰਾਂ ਨੂੰ ਪਰੰਪਰਾ ਵਾਂਗ ਪੁਸ਼ਤ-ਦਰ-ਪੁਸ਼ਤ ਪ੍ਰਾਪਤ ਹੁੰਦਾ ਹੈ। ਲੋਕਧਾਰਾ ਨੂੰ ਜਨਮ ਦੇਣ ਵਾਲਾ ਮੂਲ ਤੱਤ 'ਲੋਕ ਮਾਨਸ' ਹੈ ਜੋ ਆਪਣੇ ਇਤਿਹਾਸਕ ਅਤੇ ਭੂਗੋਲਿਕ ਚੌਗਿਰਦੇ ਵਿਚ ਵਿਕਸਿਤ ਹੁੰਦਾ ਰਹਿੰਦਾ ਹੈ।

**ਸ.** **ਲੋਕ ਸੰਸਕ੍ਰਿਤੀ :** ਲੋਕ ਸੰਸਕ੍ਰਿਤੀ ਵੀ ਇਕ ਮਹੱਤਵਪੂਰਨ ਲੱਛਣ ਹੈ।ਲੋਕ ਸੰਸਕ੍ਰਿਤੀ ਲੋਕ ਜੀਵਨ ਦੀ ਆਤਮਾ ਹੈ ਅਤੇ ਇਸੇ ਦੁਆਰਾ ਲੋਕ ਜੀਵਨ ਦੇ ਉਨ੍ਹਾਂ ਸਾਰੇ ਸੰਸਕਾਰਾਂ ਦਾ ਬੋਧ ਹੁੰਦਾ ਹੈ, ਜਿਨ੍ਹਾਂ ਰਾਹੀਂ ਲੋਕ ਆਪਣੇ ਸਾਮੂਹਿਕ ਤੇ ਸਮਾਜਿਕ ਜੀਵਨ ਢੰਗ ਦਾ ਨਿਰਣਾ ਕਰਦੇ ਹਨ।

ਹ. **ਲੋਕ ਪ੍ਰਵਾਨਗੀ :** ਲੋਕਧਾਰਾ ਦਾ ਇਹ ਪ੍ਰਮੁੱਖ ਲੱਛਣ ਲੋਕ ਪ੍ਰਵਾਨਗੀ ਹੈ।ਲੋਕਧਾਰਾ ਦੀ ਸਮੱਗਰੀ ਵਿਚ ਬਹੁਤ ਕੁਝ ਲੋਕ ਸਮੂਹ ਦੁਆਰਾ ਹੀ ਹੋਂਦ ਵਿਚ ਆਉਂਦਾ ਹੈ। ਕੋਈ ਰਚਨਾ ਜੋ ਭਾਵੇਂ ਇਕ ਵਿਅਕਤੀ ਦੀ ਹੈ ਜਾਂ ਕਿ ਸਾਮੂਹਿਕ ਮੰਡਲੀ ਦੀ ਹੈ, ਜਦੋਂ ਤਕ ਲੋਕ ਸਮੂਹ ਉਸ ਨੂੰ ਪ੍ਰਵਾਨਗੀ ਦੇ ਕੇ ਅੱਗੇ ਨਹੀਂ ਤੋਰਦਾ, ਉਹ ਪੁਸ਼ਤ-ਦਰ-ਪੁਸ਼ਤ ਅੱਗੇ ਜਾਣ ਵਾਲੀ ਚੀਜ਼ ਨਹੀਂ ਬਣੇਗੀ, ਨਾ ਹੀ ਉਸ ਵਿਚ ਪਰੰਪਰਾ ਦੇ ਅੰਸ਼ ਸ਼ਾਮਿਲ ਹੋ ਸਕਣਗੇ।

ਕ. **ਪਰਿਵਰਤਨ :** ਪਰਿਵਰਤਨ ਲੋਕਧਾਰਾ ਦਾ ਪ੍ਰਭਾਵੀ ਲੱਛਣ ਹੈ। ਸਮੇਂ ਤੋਂ ਸਥਾਨ ਦੇ ਪ੍ਰਸੰਗ ਵਿਚ ਪਰਿਸਥਿਤੀਆਂ ਦੇ ਬਦਲਣ ਨਾਲ ਲੋਕਧਾਰਾ ਵਿਚ ਵੀ ਪਰਿਵਰਤਨ ਆਉਂਦੇ ਰਹਿੰਦੇ ਹਨ। ਇਨ੍ਹਾਂ ਪਰਿਵਰਤਨਾ ਦਾ ਕਾਰਨ ਬਾਹਰੀ ਪ੍ਰਭਾਵ ਅਤੇ ਅੰਦਰੂਨੀ ਵਿਰੋਧ ਦੋਵੇਂ ਹੁੰਦੇ ਹਨ। ਲੋਕਧਾਰਾ ਦੇ ਰੂਪਾਂ ਅਤੇ ਸ਼ੈਲੀਆਂ ਵਿਚ ਪਰਿਵਰਤਨ ਸਹਿਜੇ-ਸਹਿਜੇ ਆਉਂਦੇ ਹਨ। ਇਹ ਸਥਿਰ ਰਹਿੰਦੇ ਹਨ। ਲੋਕਧਾਰਾ ਦੀ ਪ੍ਰਕਿਰਿਆ ਨਿਰੰਤਰ ਪਰਿਵਰਤਨ ਵਿਚ ਰਹਿੰਦੀ ਹੈ।

## 12.5 ਲੋਕਧਾਰਾ ਦੇ ਸਿਰਜਕ

ਲੋਕਧਾਰਾ ਦੇ ਸਿਰਜਕ ਉਹ ਹੇਤੂ ਕਾਰਜ ਹਨ, ਜਿਹਨਾਂ ਵਿਚੋਂ ਅਤੇ ਜਿਹਨਾਂ ਦਾ ਸਹਾਰਾ ਲੈ ਕੇ 'ਲੋਕਧਾਰਾ' ਆਪਣੀ ਸਿਰਜਣਾ ਕਰਦੀ ਹੈ ਅਤੇ ਹੋਂਦ ਵਿਚ ਆਉਂਦੀ ਹੈ। ਲੋਕਧਾਰਾ ਦੇ ਸਿਰਜਕ ਮੁੱਖ ਤੌਰ ਤੇ ਤਿੰਨ ਹਨ:

1· ਰਹਿਣ-ਸਹਿਣ   2· ਲੋਕ-ਸਭਿਆਚਾਰ   3· ਚੌਗਿਰਦਾ

➢ **ਰਹਿਣ-ਸਹਿਣ**

ਲੋਕ-ਸਮੂਹ ਦਾ ਕੁਦਰਤ ਨਾਲ ਰੂਪਾਂਤਰਣ ਕਿਸ ਤਰ੍ਹਾਂ ਹੋਇਆ, ਉਸ ਦੀਆਂ ਵਿਸ਼ੇਸ਼ਤਾਵਾਂ ਕੀ ਹਨ, ਲੋਕਾਂ ਨੂੰ ਕਿਹੜੇ-ਕਿਹੜੇ ਕੁਦਰਤੀ ਵਸੀਲੇ ਪ੍ਰਾਪਤ ਹਨ ਜਿਨ੍ਹਾਂ ਰਾਹੀਂ ਲੋਕ ਆਪਣਾ ਜੀਵਨ ਕਿਸ ਤਰ੍ਹਾਂ ਨਿਸਚਿਤ ਕਰਦੇ ਹਨ ਆਦਿ ਤੋਂ ਭਾਵ ਰਹਿਣ-ਸਹਿਣ ਹੈ।

ਲੋਕਾਂ ਦਾ ਰਹਿਣ-ਸਹਿਣ ਲੋਕਧਾਰਾ ਦੇ 'ਮੋਟਿਫ਼ਾਂ' ਦੀ ਸਿਰਜਣ ਪ੍ਰਕਿਰਿਆ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਹ ਮੋਟਿਫ਼ ਅੱਗੋਂ ਲੋਕਧਾਰਾ ਦੇ ਵੱਖ-ਵੱਖ ਰੂਪਾਂ ਵਿਚ ਵਿਅਕਤ ਹੁੰਦੇ ਹਨ।

➢ **ਲੋਕ-ਸਭਿਆਚਾਰ**

ਲੋਕ ਸਭਿਆਚਾਰ, ਲੋਕਧਾਰਾ ਦੀ ਸਿਰਜਣਾ ਤੇ ਸੰਭਾਲ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ।ਇਸ ਵਿਚ ਲੋਕ-ਸਮੂਹ ਦੁਆਰਾ ਪੈਦਾ ਕੀਤੀਆਂ ਗਈਆਂ ਪਦਾਰਥਕ ਵਸਤੂਆਂ ਜੀਵਨ ਨੂੰ ਸੌਖਾ ਬਣਾਉਣ ਲਈ ਅਪਣਾਇਆ ਗਿਆ ਤਰੀਕਾ, ਪਦਾਰਥਕ ਵਸਤੂਆਂ ਦੀ ਪੈਦਾਵਾਰ ਤੇ ਵੰਡ ਲਈ ਉਸਾਰਿਆ ਗਿਆ ਸਮਾਜ ਪ੍ਰਬੰਧ, ਲੋਕ ਸਮੂਹ ਦੀ ਸਮੁੱਚੀ ਜੀਵਨ-ਸਥਿਤੀ ਅਤੇ ਇਸ

ਜੀਵਨ-ਸਥਿਤੀ ਤੇ ਉਸਰੀ ਮਨੋਸਥਿਤੀ ਸ਼ਾਮਲ ਹਨ। ਲੋਕਧਾਰਾ ਸਭਿਆਚਾਰ ਦੇ ਸਾਰੇ ਪਹਿਲੂਆਂ ਨੂੰ ਆਧਾਰ ਬਣਾ ਕੇ ਨਹੀਂ ਤੁਰਦੀ, ਇਸ ਦੇ ਆਧਾਰ ਦਾ ਮੁੱਖ-ਕੇਂਦਰ ਮਨੋ-ਸਥਿਤੀ ਹੈ। ਮਨੋ-ਸਥਿਤੀ, ਲੋਕਾਂ ਦੀ ਜੀਵਨ-ਸਥਿਤੀ ਤੇ ਆਧਾਰਿਤ ਹੁੰਦੀ ਹੈ। ਲੋਕਧਾਰਾ ਸਭਿਆਚਾਰਾਂ ਦੇ ਵਿਸ਼ਾਲ ਖੇਤਰ ਵਿਚੋਂ ਆਪਣੀ ਸਮੱਗਰੀ ਦੀ ਚੋਣ ਕਰਦੀ ਹੈ।

➢ **ਚੌਗਿਰਦਾ (Environment)**

ਚੌਗਿਰਦਾ ਉਨ੍ਹਾਂ ਸਾਰੀਆਂ ਪਰਿਸਥਿਤੀਆਂ ਦਾ ਕੁਲ ਜੋੜ ਹੈ, ਜਿਹੜੀਆਂ ਜੀਵਾਂ ਦੇ ਜੀਵਨ ਅਤੇ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ। ਚੌਗਿਰਦੇ ਦਾ ਭਾਵ ਉਹਨਾਂ ਬਾਹਰੀ ਪਰਿਸਥਿਤੀਆਂ ਅਤੇ ਪ੍ਰਭਾਵਾਂ ਤੋਂ ਹੈ ਜਿਹੜੀਆਂ ਲੋਕ-ਸਮੂਹ ਦੀ ਜ਼ਿੰਦਗੀ ਨੂੰ ਅਤੇ ਇਸ ਦੇ ਵਿਕਾਸ ਨੂੰ ਪ੍ਰਭਾਵਿਤ ਕਰਦੀਆਂ ਹਨ।

ਉਦਾਹਰਣ ਦੇ ਤੌਰ 'ਤੇ ਅਸੀਂ ਪੰਜਾਬੀ ਲੋਕਾਂ ਦੀ ਹਿਮਾਚਲ ਦੇ ਲੋਕਾਂ ਨਾਲ ਤੁਲਨਾ ਕਰਕੇ ਦੇਖ ਸਕਦੇ ਹਾਂ। ਪੰਜਾਬੀ ਲੋਕਾਂ ਦਾ ਆਧਾਰ ਖੇਤੀ ਹੈ। ਰੁੱਤਾਂ ਦੀ ਅਦਲਾ-ਬਦਲੀ, ਫਸਲ ਚੱਕਰ ਨੂੰ ਨਿਰਧਾਰਿਤ ਕਰਦੀ ਹੈ। ਭਾਵ ਕਿਸ ਮੌਸਮ ਵਿਚ ਕਿਹੜੀ ਫਸਲ ਬੀਜੀ ਜਾਣੀ ਹੈ। ਲੋਕਾਂ ਦਾ ਰਹਿਣ-ਸਹਿਣ ਵੀ ਇਨ੍ਹਾਂ ਫਸਲਾਂ ਅਨੁਸਾਰ ਚਲਦਾ ਹੈ।ਪਰ ਇਸ ਦੇ ਉਲਟ ਪਹਾੜੀ ਲੋਕਾਂ ਕੋਲ ਖੇਤੀਬਾੜੀ ਦੀ ਸਹੂਲਤ ਬਹੁਤ ਘਟ ਹੈ। ਇਹ ਲੋਕ ਜ਼ਿਆਦਾਤਰ ਚਰਵਾਹੇ ਹਨ ਜਾਂ ਬਾ.ਗਬਾਨੀ ਕਰਦੇ ਹਨ।

### 12.6 ਲੋਕਧਾਰਾ ਦਾ ਪ੍ਰਕਾਰਜ

ਲੋਕਧਾਰਾ ਕੋਈ ਆਮ ਪ੍ਰਕਿਰਿਆ ਨਹੀਂ, ਇਸ ਦੇ ਵੀ ਆਪਣੇ ਨਿਰੋਲ ਅਰਥ ਹਨ। ਇਹ ਸਭਿਆਚਾਰ ਅਤੇ ਸਮਾਜ ਵਿਚ ਬਹੁਤ ਹੀ ਸਾਰਥਿਕ ਭੂਮਿਕਾ ਨਿਭਾਉਂਦੀ ਹੈ। ਵਿਲੀਅਮ ਬਾਸਕਮ ਲੋਕਧਾਰਾ ਦੇ ਪ੍ਰਮੁੱਖ ਕਾਰਜ ਨਿਰਧਾਰਤ ਕਰਦਾ ਹੈ। ਕੁਝ ਹੋਰ ਵਿਦਵਾਨਾਂ ਨੇ ਵੀ ਲੋਕਧਾਰਾ ਦੇ ਪ੍ਰਕਾਰਜ ਨੂੰ ਸਪੱਸ਼ਟ ਕੀਤਾ ਹੈ, ਜਿਸ ਦਾ ਵਰਣਨ ਇਸ ਪ੍ਰਕਾਰ ਹੈ:

1. ਸਮਾਜਕ ਪ੍ਰਬੰਧ ਨੂੰ ਆਪਣੀ ਹੋਂਦ ਬਰਕਰਾਰ ਰੱਖਣ ਲਈ ਕੁਝ ਨਿਯਮਾਂ ਅਤੇ ਬੰਦਸ਼ਾਂ ਦੀ ਸਿਰਜਣਾ ਕਰਨੀ ਪੈਂਦੀ ਹੈ। ਜਿਸ ਦਾ ਪ੍ਰਤੀਕਰਮ ਪ੍ਰਗਟਾਉਣ ਅਤੇ ਪ੍ਰਚਾਰਨ ਦਾ ਪ੍ਰਮੁੱਖ ਵਸੀਲਾ ਲੋਕਧਾਰਾ ਹੈ।
2. ਵਿਦਿਅਕ ਪ੍ਰਬੰਧ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ, ਲੋਕਧਾਰਾ, ਸਿੱਖਿਆ ਦਾ ਪ੍ਰਮੁੱਖ ਮਾਧਿਅਮ ਰਿਹਾ ਹੈ।ਲੋਕਧਾਰਾ ਜ਼ਿੰਦਗੀ ਦੇ ਹਰ ਮਸਲੇ ਬਾਰੇ ਗਿਆਨ ਮੁਹੱਈਆ ਕਰਦਾ ਰਿਹਾ ਹੈ।
3. ਲੋਕਧਾਰਾ ਸਰਬ-ਸਾਂਝੇ ਵਰਤਾਰੇ ਨੂੰ ਪਰਪੱਕਤਾ ਪ੍ਰਦਾਨ ਕਰਨ ਲਈ ਅਹਿਮ ਭੂਮਿਕਾ ਨਿਭਾਉਂਦੀ ਹੈ। ਉਸ ਦਾ ਅਹਿਮ ਭਾਗ ਜਮਾਤੀ ਭੇਦ ਭਾਵਾਂ ਨੂੰ ਨਿੰਦਦਾ ਅਤੇ ਮਨੁੱਖੀ ਕਦਰਾਂ ਕੀਮਤਾਂ ਦਾ ਪਸਾਰ ਕਰਦਾ ਹੈ। ਇਸ ਤਰ੍ਹਾਂ ਲੋਕਧਾਰਾ ਸਭਿਅਤਾ ਦੇ ਵਿਕਾਸ

ਵਿਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ।

4. ਲੋਕਧਾਰਾ ਸਮੁੱਚੇ ਤੌਰ 'ਤੇ ਲੋਕ ਜੀਵਨ ਦੀ ਬਹੁਪੱਖੀ ਵੰਨਗੀ ਨੂੰ ਵਿਅਕਤ ਕਰਨ ਦਾ ਮਾਧਿਅਮ ਹੈ। ਇਹ ਮਨੁੱਖ ਦੀ ਚੇਤਨਾ ਅਤੇ ਅਚੇਤਨਾ ਨੂੰ ਸਾਂਝੇ ਰੂਪ ਵਿਚ ਜੋੜਨ ਦਾ ਕੰਮ ਕਰਦੀ ਹੈ। ਲੋਕਧਾਰਾ ਅਮਲੀ ਜੀਵਨ ਵਿਚ ਸਥਿਰਤਾ, ਸੁਧਾਰ, ਮਨੋਰੰਜਨ ਅਤੇ ਭਰਮ ਨਿਵਾਰਨ ਦਾ ਕੰਮ ਕਰਦੀ ਹੈ।

5. ਲੋਕ ਰਿਸ਼ਤਿਆਂ, ਕਠੋਰ ਪਰਿਸਥਿਤੀਆਂ ਅਤੇ ਵਾਤਾਵਰਣ ਦੀਆਂ ਸ਼ਰਤਾਂ ਰਾਹੀਂ ਵਿਚਰਦਾ ਹੋਇਆ ਲੋਕਮਨ ਕਈ ਵਾਰ ਤਣ ਜਾਂਦਾ ਹੈ। ਲੋਕਧਾਰਾ ਇਸ ਤਣਾਅ ਨੂੰ ਖ਼ਤਮ ਕਰਕੇ ਮਨੁੱਖ ਨੂੰ ਸਹਿਯੋਗ ਭਾਵ ਸਹਾਰਾ ਪ੍ਰਦਾਨ ਕਰਦੀ ਹੈ।

ਇਸ ਤਰ੍ਹਾਂ ਲੋਕਧਾਰਾ ਸਮਾਜ ਦੀ ਸਲਾਮਤੀ ਅਤੇ ਸੁਰੱਖਿਆ ਦਾ ਕਾਰਜ ਕਰਦੀ ਹੈ। ਇਹ ਕਾਰਜ ਉਨਾਂ ਹੀ ਮਹੱਤਵਪੂਰਨ ਹੈ ਜਿੰਨਾ ਕਿਸੇ ਮਰੀਜ਼ ਦੀ ਬਿਮਾਰੀ ਠੀਕ ਕਰਨ ਲਈ ਦਵਾਈ।


## 12.7 ਲੋਕਧਾਰਾ ਦਾ ਵਰਗੀਕਰਨ

ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਦੀ ਸਮੱਗਰੀ ਵੰਨ-ਸੁਵੰਨੀ ਅਤੇ ਅਨੇਕ ਵੰਨਗੀਆਂ ਵਿਚ ਪ੍ਰਾਪਤ ਹੈ। ਪੱਛਮੀ ਵਿਦਵਾਨ ਭਾਵੇਂ ਸਾਂਝੇ ਤੌਰ ਤੇ ਨਹੀਂ ਘੜ ਸਕੇ ਪਰ ਉਹ ਲੋਕਧਾਰਾ ਦੀ ਸਮੱਗਰੀ, ਇਸ ਦੀਆਂ ਵੰਨਗੀਆਂ, ਸੀਮਾ ਖੇਤਰ ਅਤੇ ਵਰਗੀਕਰਨ ਬਾਰੇ ਇਕੋ ਵਿਚਾਰ ਰੱਖਦੇ ਹਨ। ਲੋਕਧਾਰਾ ਦੀ ਸਮੱਗਰੀ ਵਿਚ ਵੰਨ-ਸੁਵੰਨੇ ਵਿਚਾਰ, ਵਿਅਕਤ ਕਲਾਵਾਂ, ਲੋਕ-ਵਿਸ਼ਵਾਸ, ਵਹਿਮ-ਭਰਮ, ਜਾਦੂ-ਟੂਣੇ ਅਤੇ ਮੰਤਰ ਵੀ ਆ ਜਾਂਦੇ ਹਨ। ਲੋਕਧਾਰਾ ਦਾ ਵਰਗੀਕਰਨ ਕੁਝ ਨਿਸ਼ਚਤ ਅਧਾਰਾਂ 'ਤੇ ਹੀ ਕੀਤਾ ਜਾ ਸਕਦਾ ਹੈ। ਲੋਕਧਾਰਾ ਦੇ ਵਰਗੀਕਰਨ ਲਈ ਤਿੰਨ ਆਧਾਰ ਵਰਤੇ ਜਾ ਸਕਦੇ ਹਨ:

1. ਸੰਰਚਨਾਤਮਿਕ (Structural)
2. ਕਾਰਜਾਤਮਿਕ (Functional)
3. ਸੰਚਾਰਾਤਮਿਕ (Communication)

### 1. ਸੰਰਚਨਾਤਮਿਕ ਆਧਾਰ

ਸੰਰਚਨਾਤਮਿਕ ਆਧਾਰ ਤੇ ਕੀਤੀ ਜਾਣ ਵਾਲੀ ਵਰਗ ਵੰਡ ਵਿਚ ਲੋਕਧਾਰਾ ਦੀ ਵੰਨਗੀ ਦੇ ਰੂਪ ਨੂੰ ਪ੍ਰਮੁੱਖ ਰੱਖਿਆ ਜਾਂਦਾ ਹੈ। ਲੋਕਧਾਰਾ ਦੇ ਵਿਭਿੰਨ ਰੂਪ ਵਿਭਿੰਨ ਵਰਗਾਂ ਵਿਚ ਰੱਖੇ ਜਾਂਦੇ ਹਨ ਅਤੇ ਸਮਾਨ ਰੂਪ ਇਕ ਵਰਗ ਵਿਚ ਰੱਖੇ ਜਾਂਦੇ ਹਨ। ਇਸ ਆਧਾਰ ਨੂੰ ਮੁੱਖ ਰੱਖ ਕੇ ਹੀ ਪੱਛਮੀ ਵਿਦਵਾਨਾਂ ਨੇ ਲੋਕਧਾਰਾ ਦੀ ਵਰਗ ਵੰਡ ਕੀਤੀ ਹੈ। ਇਸ ਆਧਾਰ ਨੂੰ ਮੁੱਖ ਰੱਖਦਿਆਂ ਡਾ· ਕਰਨੈਲ ਸਿੰਘ ਥਿੰਦ ਨੇ ਲੋਕਧਾਰਾ ਦੀ ਸਮੱਗਰੀ ਦਾ ਜੋ ਵਰਗੀਕਰਨ ਕੀਤਾ ਹੈ, ਉਸ ਦਾ ਸੰਖੇਪ ਵਿਚ ਵਰਣਨ ਇਸ ਪ੍ਰਕਾਰ ਹੈ:




- **ਲੋਕ ਸਾਹਿਤ :** ਇਸ ਵਿਚ ਲੋਕ ਕਾਵਿ, ਲੋਕ ਕਹਾਣੀਆਂ ਅਤੇ ਲੋਕ ਸਾਹਿਤ ਦੇ ਵਿਵਿਧ ਰੂਪ ਆ ਜਾਂਦੇ ਹਨ।
- **ਲੋਕ ਕਲਾ :** ਲੋਕ ਸੰਗੀਤ, ਲੋਕ ਨਾਟ, ਲੋਕ ਨ੍ਰਿਤ, ਮੂਰਤੀ ਕਲਾ ਅਤੇ ਲੋਕ ਕਲਾ ਜਿਸ ਵਿਚ ਲੋਕਾਂ ਦੇ ਹੁਨਰ ਦੀ ਝਲਕ ਮਿਲਦੀ ਹੈ।
- **ਅਨੁਸ਼ਾਸਨ :** ਲੋਕ ਰੀਤੀ ਰਿਵਾਜ਼ਾਂ, ਮੇਲੇ ਤੇ ਤਿਉਹਾਰਾਂ, ਪੂਜਾ ਵਿਧੀਆਂ, ਲੋਕ ਧਰਮ ਆਦਿ, ਜਿਸ ਵਿਚ ਲੋਕਾਂ ਦੀ ਵਿਸ਼ੇਸ਼ ਰੁਚੀ ਹੁੰਦੀ ਹੈ।
- **ਲੋਕ ਵਿਸ਼ਵਾਸ :** ਜਾਦੂ-ਟੂਣੇ ਅਤੇ ਜੰਤਰ-ਮੰਤਰ, ਤਾਵੀਜ਼ ਆਦਿ।
- **ਲੋਕ ਨਿਰਮਾਣ ਅਤੇ ਲੋਕ ਬੋਲੀ :** ਲੋਕ ਕਥਨ ਤੇ ਬੋਲੀ, ਬਾਜ਼ਾਰੀ ਬੋਲੀ, ਉਪਮਾਵਾਂ, ਲੋਕ ਰੂਪਕ, ਤੁਕਾਂ ਆਦਿ।
- **ਲੋਕ ਧੰਦੇ :** ਸਲਾਈ, ਕਢਾਈ, ਕਸ਼ੀਦਾਕਾਰੀ ਅਤੇ ਹੋਰ ਹੁਨਰ।
- **ਫੁਟਕਲ :** ਲੋਕ ਖੇਡਾਂ, ਲੋਕ ਸਾਜ਼, ਚਿੰਨ੍ਹ ਅਤੇ ਇਸ਼ਾਰੇ ਆਦਿ।

ਇਹ ਵਰਗ ਵੰਡ ਬਹੁਤ ਵਿਸਤ੍ਰਿਤ ਤੇ ਪਸਰੀ ਹੋਈ ਹੈ। ਕਈ ਵਾਰ ਇਕੋ ਰੂਪ ਹੇਠ ਵਿਭਿੰਨ ਵੰਨਗੀਆਂ ਸ਼ਾਮਲ ਕੀਤੀਆਂ ਜਾਂਦੀਆਂ ਹਨ। ਜਿਸ ਦਾ ਪਰਿਣਾਮ ਇਹ ਨਿਕਲਿਆ ਕਿ ਇਹ ਵਰਗੀਕਰਨ ਵਿਗਿਆਨਕ ਅਤੇ ਸਾਰਥਿਕ ਨਹੀਂ ਅਖਵਾ ਸਕਦਾ।

**2. ਕਾਰਜਾਤਮਿਕ ਆਧਾਰ**

ਪੱਛਮੀ ਵਿਦਵਾਨਾਂ ਨੇ ਲੋਕਧਾਰਾ ਦੀ ਸਮੱਗਰੀ ਨੂੰ ਕਾਰਜ ਖੇਤਰਾਂ ਦੇ ਆਧਾਰ 'ਤੇ ਵੀ ਵੰਡਿਆ ਹੈ, ਇਸ ਨੂੰ ਚਾਰ ਖੇਤਰਾਂ ਵਿਚ ਵੰਡਕੇ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ।

1· ਕਿਰਿਆ ਖੇਤਰ

2· ਭਾਸ਼ਾ ਖੇਤਰ


3· ਵਿਗਿਆਨਕ ਖੇਤਰ

4· ਸਾਹਿਤਕ ਖੇਤਰ

ਇਨ੍ਹਾਂ ਖੇਤਰਾਂ ਦਾ ਲੋਕਧਾਰਾ ਵਿਚ ਨਿਖੇੜ ਕਰਨਾ ਬਹੁਤ ਕਠਨ ਹੈ। ਲੋਕਧਾਰਾ ਲੋਕਮਨ ਦਾ ਪ੍ਰਗਟਾ ਹੈ। ਇਸ ਲਈ ਨਿਰੋਲ ਵਿਗਿਆਨ ਦਾ ਨਿਖੇੜ ਅਸੰਭਵ ਹੈ। ਭਾਸ਼ਾ ਖੇਤਰ ਅਤੇ ਸਾਹਿਤਕ ਖੇਤਰ ਦਾ ਆਪਸ ਵਿਚ ਰਲਵਾਂ ਮੇਲ ਹੈ। ਇਨ੍ਹਾਂ ਆਧਾਰਾਂ ਤੇ ਲੋਕਧਾਰਾ ਦੀ ਸਮੱਗਰੀ ਨੂੰ ਵੰਡ ਸਕਣਾ ਸੰਭਵ ਨਹੀਂ। ਇਸ ਲਈ ਇਹ ਆਧਾਰ ਲੋਕਧਾਰਾ ਦੀ ਵਰਗ ਵੰਡ ਦਾ ਪ੍ਰਚਲਤ ਆਧਾਰ ਨਹੀਂ ਬਣ ਸਕਦਾ।

**3. ਸੰਚਾਰਾਤਮਿਕ ਆਧਾਰ**

ਸੰਚਾਰਾਤਮਿਕ ਆਧਾਰ ਸੰਚਾਰ ਵਿਗਿਆਨ ਅਤੇ ਧਾਰਨ ਤੇ ਆਧਾਰਿਤ ਹੈ। ਲੋਕਧਾਰਾ ਦੀ ਅਭਿਵਿਅਕਤੀ ਨਿਰੋਲ ਉਚਾਰ ਦੁਆਰਾ ਹੀ ਨਹੀਂ ਹੁੰਦੀ, ਇਸ ਦੀ ਅਭਿਵਿਅਕਤੀ ਲਈ ਹੋਰ ਮਾਧਿਅਮ ਜਿਵੇਂ ਚਿੰਨ੍ਹ, ਕਿਰਿਆਵਾਂ, ਰੰਗ ਅਤੇ ਵਸਤਾਂ ਦਾ ਪ੍ਰਯੋਗ ਵੀ ਕੀਤਾ ਜਾ ਸਕਦਾ ਹੈ। ਲੋਕਧਾਰਾ ਦੀ ਸਮੱਗਰੀ ਦਾ ਸਹੀ ਵਰਗੀਕਰਨ ਸੰਬੰਧਿਤ ਵੰਨਗੀ ਦੀ ਅਭਿਵਿਅਕਤੀ ਲਈ ਵਰਤੇ ਜਾਂਦੇ ਮਾਧਿਅਮ ਦੀ ਕਿਸਮ ਨੂੰ ਆਧਾਰ ਬਣਾ ਕੇ ਕੀਤਾ ਜਾ ਸਕਦਾ ਹੈ। ਮਾਧਿਅਮ ਨੂੰ ਆਧਾਰ ਬਣਾ ਕੇ ਕੀਤਾ ਗਿਆ ਵਰਗੀਕਰਨ ਹੀ ਸੰਚਾਰਾਤਮਿਕ ਆਧਾਰ ਦਾ ਵਰਗੀਕਰਨ ਹੈ। ਲੋਕਧਾਰਾ ਦੇ ਪ੍ਰਗਟਾਅ ਲਈ ਚਾਰ ਮਾਧਿਅਮ ਵਰਤੇ ਜਾਂਦੇ ਹਨ, ਇਸ ਨੂੰ ਚਾਰ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ, ਜਿਵੇ:




**1· ਮੌਖਿਕ ਰੂਪ :**

ਭਾਸ਼ਾ ਦੇ ਉਚਾਰ ਦਾ ਸਹਾਰਾ ਲੈ ਕੇ ਵਿਅਕਤ ਹੋਣ ਵਾਲੀਆਂ ਵੰਨਗੀਆਂ ਇਸ ਵਰਗ ਵਿਚ ਆ ਜਾਂਦੀਆਂ ਹਨ। ਇਨ੍ਹਾਂ ਦਾ ਉਚਾਰਨ ਹੀ ਇਨ੍ਹਾਂ ਦੀ ਖਾਸੀਅਤ ਹੁੰਦੀ ਹੈ। ਇਸ ਵਿਚ ਲੋਕ ਸਾਹਿਤ ਦੇ ਵਿਭਿੰਨ ਰੂਪਾਂ ਜਿਵੇਂ, ਮਿਥਿਕ ਕਥਾਵਾਂ, ਗਾਥਾਵਾਂ, ਅਖੌਤਾਂ, ਮੁਹਾਵਰੇ, ਲੋਕ ਕਹਾਣੀਆਂ ਅਤੇ ਲੋਕ ਕਾਵਿ ਆਦਿ ਸ਼ਾਮਲ ਹੁੰਦੇ ਹਨ, ਮੌਖਿਕ ਪਰੰਪਰਾ ਲੋਕ ਸਾਹਿਤ ਨੂੰ ਜਨਮ ਦੇਂਦੀ ਹੈ।

**2· ਕਿਰਿਆਤਮਕ ਰੂਪ :**

ਲੋਕਧਾਰਾ ਦੇ ਇਸ ਰੂਪ ਵਿਚ ਕਿਰਿਆ ( action) ਦੀ ਪ੍ਰਧਾਨਗੀ ਹੁੰਦੀ ਹੈ। ਇਕ ਕਿਰਿਆ ਦੇ ਆਲੇ-ਦੁਆਲੇ ਲੋਕਧਾਰਾ ਦੇ ਹੋਰ ਰੂਪ ਪੇਸ਼ ਹੁੰਦੇ ਹਨ। ਕਿਰਿਆਤਮਕ ਰੂਪ ਵਿਚ ਰੀਤਾਂ, ਰਸਮਾਂ, ਰਿਵਾਜ, ਤਿੱਥ-ਤਿਉਹਾਰ, ਲੋਕ ਧਰਮ, ਲੋਕ ਵਿਸ਼ਵਾਸ ਆਦਿ ਆ ਜਾਂਦੇ ਹਨ।

**3· ਪ੍ਰਦਰਸ਼ਤ ਰੂਪ :**

ਪ੍ਰਦਰਸ਼ਨ ਕਰਨ ਵਾਲੀਆਂ ਵੰਨਗੀਆਂ ਇਸ ਰੂਪ ਵਿਚ ਆ ਜਾਂਦੀਆਂ ਹਨ ਭਾਵ ਉਹ ਜੋ ਅੱਖਾਂ ਨਾਲ ਦੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਦੀ ਅਮੀਰੀ ਪੇਸ਼ਕਾਰੀ ਦੇ ਢੰਗ, ਸਮਿਟਰੀ, ਡਿਜ਼ਾਈਨ ਆਦਿ 'ਤੇ ਨਿਰਭਰ ਕਰਦੀ ਹੈ।

- ਸ਼ਿਲਪਕਤਾ: ਦਸਤਕਾਰੀ, ਕਢਾਈ, ਮੂਰਤੀ ਕਲਾ, ਚਿੱਤਰ ਕਲਾ, ਬੁਣਾਈ ਆਦਿ।
- ਲੋਕ ਨਾਚ: ਗਿੱਧਾ, ਝੂਮਰ ਆਦਿ ਨਾਚਾਂ ਦੀਆਂ ਵੰਨਗੀਆਂ।
- ਲੋਕ ਨਾਟ: ਰਾਸਾਂ, ਸ੍ਵਾਂਗ, ਨਕਲਾਂ ਆਦਿ।

**4· ਅਖੰਡੀ ਰੂਪ :**

ਇਹ ਲੋਕਧਾਰਾ ਦੀ ਵਿਆਪਕ ਪਰੰਪਰਾ ਦੇ ਅੰਗ ਹੁੰਦੇ ਹਨ ਅਤੇ ਹਰ ਕਿਸੇ ਲੋਕਧਾਰਾ ਵਿਚ ਸਮਾਏ ਹੁੰਦੇ ਹਨ। ਇਨ੍ਹਾਂ ਦੀ ਆਪਣੀ ਕੋਈ ਵੱਖਰਤਾ ਨਹੀਂ ਹੁੰਦੀ। ਇਸ ਵਿਚ ਦੋ ਰੂਪ ਸ਼ਾਮਲ ਕੀਤੇ ਜਾ ਸਕਦਾ ਹੈ:

- **ਉਪਭਾਖਾ :** ਇਹ ਲੋਕਧਾਰਾ ਦੇ ਸਾਰੇ ਉਚਰਤ ਰੂਪਾਂ ਵਿਚ ਸਮਾਈ ਹੁੰਦੀ ਹੈ। ਉਪਭਾਖਾ ਨੂੰ ਲੋਕਧਾਰਾ ਦਾ ਅਖੰਡੀ ਰੂਪ ਸਵੀਕਾਰਿਆ ਜਾ ਸਕਦਾ ਹੈ ਕਿਉਂਕਿ ਸਾਰੇ ਉਚਰਤ ਰੂਪ ਉਪਭਾਵਾਂ ਦੇ ਨਿਯਮਾਂ ਦਾ ਪਾਲਣ ਕਰਦੇ ਹਨ। ਇਸ ਦੀ ਵਿਸ਼ੇਸ਼ ਮਹੱਤਤਾ ਇਸ ਲਈ ਹੈ ਕਿ ਇਹ ਲੋਕਧਾਰਾ ਦੇ ਉਚਰਤ ਰੂਪ ਦਾ ਕਾਰਨ ਵੀ ਹੈ ਅਤੇ ਅਭਿਵਿਅਕਤੀ ਦਾ ਸਾਧਨ ਵੀ।
- **ਲੋਕ ਸੰਗੀਤ :** ਪਰੰਪਰਾਗਤ ਰਾਗ, ਲੋਕ ਧੁਨਾਂ, ਤਰਜ਼ਾਂ ਅਤੇ ਲੋਕ ਸੰਗੀਤ ਦੀਆਂ ਸਮੁੱਚੀਆਂ ਵਿਧੀਆਂ ਵੀ ਲੋਕਧਾਰਾ ਦੇ ਅਖੰਡੀ ਰੂਪ ਵਿਚ ਸ਼ਾਮਲ ਹਨ।

## 12.8 ਨਿਸ਼ਕਰਸ਼

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ ।ਇਸ ਵਿਚ ਵੰਨ-ਸੁਵੰਨੀ ਸਮੱਗਰੀ ਪੇਸ਼ ਕੀਤੀ ਜਾਂਦੀ ਹੈ ਅਤੇ ਇਸ ਵਿਚਲੇ ਪੱਖਾਂ ਦਾ ਸੁਤੰਤਰ ਤੌਰ ਤੇ ਅਧਿਐਨ ਕੀਤਾ ਜਾ ਸਕਦਾ ਹੈ। ਹਰ ਪੱਖ ਦੇ ਨਿਵੇਕਲੇ ਨਿਯਮਾਂ ਦੀ ਕੀਤੀ ਜਾ ਸਕਦੀ ਹੈ। ਮਾਨਵ-ਵਿਗਿਆਨ ਦਾ ਇਨ੍ਹਾਂ ਪੱਖਾਂ ਨੂੰ ਉਜਾਗਰ ਕਰਨ ਵਿਚ ਬਹੁਤ ਵੱਡਾ ਯੋਗਦਾਨ ਹੈ।

## 12.9 ਔਖੇ ਅਰਥਾਂ ਵਾਲੇ ਸ਼ਬਦ (key words)

**ਸ਼ਿਸ਼ਟਾਚਾਰ** - ਚੰਗਾ ਵਿਵਹਾਰ

**ਅਭਿਵਿਅਕਤੀ** - ਪੇਸ਼ਕਾਰੀ ਜਾਂ ਪ੍ਰਸਤੁੱਤੀ

**ਉਪਚਾਰਕਤਾ** - ਨਿਯਮਾਂ ਅਨੁਸਾਰ ਵਰਤਾਓ

**ਤਰਕਸ਼ੀਲਤਾ** - ਦਲੀਲਾਂ ਸਹਿਤ ਵਿਚਾਰ

**ਤੀਖਣਤਾ** - ਤੇਜ਼

**ਤੌਖਲਾ** - ਡਰ ਜਾਂ ਅਵਿਸ਼ਵਾਸ

**ਅਵਸ਼ੇਸ਼ਾਂ** - ਰਹਿੰਦ-ਖੂਹੰਦ

**ਪੁਸ਼ਤ-ਦਰ-ਪੁਸ਼ਤ** - ਪੀੜ੍ਹੀ-ਦਰ-ਪੀੜ੍ਹੀ

**ਭੂਗੋਲਿਕ** - ਵਾਤਾਵਰਣਕ

**ਰੂਪਾਂਤਰਣ** - ਬਦਲਾਵ

**ਮੋਟਿਫ਼ਾਂ** - ਜਨ ਰੀਤੀਆਂ

**ਦਸਤਕਾਰੀ** - ਹੱਥ ਨਾਲ ਕੀਤਾ ਜਾਣ ਵਾਲਾ ਕੰਮ

**ਸ੍ਵਾਂਗ** - ਨਕਲ

## 12.10 Self Assesment Question (SAQ)

1. ਲੋਕਧਾਰਾ ਸ਼ਬਦ ਲਈ ਅੰਗ੍ਰੇਜ਼ੀ ਵਿਚ ਕਿਹੜਾ ਸ਼ਬਦ ਵਰਤਿਆ ਜਾਂਦਾ ਹੈ?
2. ਪੰਜਾਬੀ ਵਿਚ 'ਲੋਕਧਾਰਾ' ਸ਼ਬਦ ਦੀ ਪਹਿਲਾਂ ਵਰਤੋਂ ਕਿਸ ਵਿਦਵਾਨ ਨੇ ਕੀਤੀ?
3. ਲੋਕਧਾਰਾ ਦੀ ਕੋਈ ਇਕ ਪਰਿਭਾਸ਼ਾ ਦੱਸੋ?
4. ਲੋਕਧਾਰਾ ਦੇ ਪ੍ਰਮੁਖ ਲਛੱਣ ਕਿਹੜੇ ਹਨ?
5. ਲੋਕਧਾਰਾ ਦੇ ਮੌਖਿਕ ਰੂਪ ਕਿਹੜੇ ਹਨ?

## 12.11 ਸਹਾਇਕ ਪੁਸਤਕ ਸੂਚੀ (Referrences)


1. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, 1973
2. ਕਰਨੈਲ ਸਿੰਘ ਥਿੰਦ, ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
3. ਬਲਬੀਰ ਸਿੰਘ ਪੂੰਨੀ, ਲੋਕਧਾਰਾ ਅਧਿਐਨ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2001
4. ਬੇਦੀ, ਸੋਹਿੰਦਰ ਸਿੰਘ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁਕ ਟ੍ਰਸਟ, ਦਿੱਲੀ, 1971
5. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡੀਪੂ, ਪਟਿਆਲਾ, 1986


## 12.12 Suggestive Learming

ਵਿਦਿਆਰਥੀ ਨੂੰ ਸੁਝਾਓ ਹੈ ਕਿ ਇਸ ਪਾਠ ਨੂੰ ਪੜ੍ਹਦਿਆਂ ਉਹ ਆਪਣੇ ਆਲੇ ਦੁਆਲੇ ਤੋਂ ਲੋਕਧਾਰਾਈ ਸੱਮਗ੍ਰੀ ਅਤੇ ਆਪਣੀ ਲੋਕਧਾਰਾ ਦੀ ਜਾਣਕਾਰੀ ਨੂੰ ਇਕਤਰ ਕਰਨ ਤਾਂ ਜੋ ਉਹ ਵਿਹਾਰਕ ਤੌਰ ਤੇ ਇਸ ਨੂੰ ਸਮਝਣ ਵਿਚ ਆਸਾਨੀ ਹੋ ਸਕੇ।

# (ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ)

**Structure of The lesson**

13.1 ਉਦੇਸ਼ (Objective of the Lesson)

13.2 ਭੂਮਿਕਾ (Introduction)

13.3 ਪੰਜਾਬੀ ਲੋਕਾਂ ਦੀਆਂ ਰਹੁ-ਰੀਤਾਂ

13.3.1 ਜਨਮ ਸਮੇਂ ਦੀਆਂ ਰਹੁ-ਰੀਤਾਂ

13.3.2 ਵਿਆਹ ਸਮੇਂ ਦੀਆਂ ਰਹੁ-ਰੀਤਾਂ

13.3.3 ਮੌਤ ਨਾਲ ਸਬੰਧਿਤ ਰਹੁ-ਰੀਤਾਂ

13.4 ਨਿਸ਼ਕਰਸ਼ (Conclusion)

13.5 ਔਖੇ ਸ਼ਬਦਾਂ ਦੇ ਅਰਥ (Key Words)

13.6 Self-Assessment Questions (SAQ)

13.7 References

13.8 Suggestive Learning

## 13.2 ਭੂਮਿਕਾ (Introduction)

ਰਹੁ ਰੀਤਾਂ ਲੋਕਾਚਾਰ ਦਾ ਹੀ ਰੂਪ ਹੁੰਦੀਆਂ ਹਨ ਅਤੇ ਹਰ ਸਮਾਜ ਅੰਦਰ ਕੁਝ ਨਾ ਕੁਝ ਆਪਣੀ ਤਰ੍ਹਾਂ ਦੀਆਂ ਰਹੁ ਰੀਤਾਂ ਹੁੰਦੀਆਂ ਹਨ। ਵੱਖ-ਵੱਖ ਸੰਸਕ੍ਰਿਤੀਆਂ ਅਤੇ ਖੇਤਰਾਂ ਵਿਚ ਵੀ ਕਈ ਤਰ੍ਹਾਂ ਦੇ ਰਿਵਾਜ਼ ਪ੍ਰਚਲਿਤ ਹੁੰਦੇ ਹਨ ਜਿਨ੍ਹਾਂ ਵਿਚ ਕਾਫ਼ੀ ਭਿੰਨਤਾ ਵੇਖਣ ਨੂੰ ਮਿਲਦੀ ਹੈ।ਅਸਲ ਵਿਚ ਰੀਤੀ ਰਿਵਾਜ਼ ਵੀ ਲੋਕਾਂ ਦੇ ਤਜ਼ਰਬੇ ਨਾਲ ਸੰਬੰਧਿਤ ਹੁੰਦੇ ਹਨ ਅਤੇ ਲੰਮੇ ਸਮੇਂ ਦੇ ਸੰਘਰਸ਼ ਪਿੱਛੋਂ ਹੋਂਦ ਵਿਚ ਆਉਂਦੇ ਹਨ।

## 13.3 ਪੰਜਾਬੀ ਲੋਕਾਂ ਦੀਆਂ ਰਹੁ ਰੀਤਾਂ

ਰੀਤਾਂ-ਰਸਮਾਂ ਇਕ ਤਰ੍ਹਾਂ ਦਾ ਕਰਮ ਕਾਂਡ ਹੀ ਹੁੰਦਾ ਹੈ। ਅਰਥਾਤ ਕਿਸੇ ਨਿਸ਼ਚਿਤ ਅਵਸਰ ਜਾਂ ਕਾਰਜ ਨੂੰ ਲੋਕਾਂ ਵਲੋਂ ਨਿਰਧਾਰਿਤ ਵਿਧੀ ਅਨੁਸਾਰ ਨਿਭਾਉਣਾ ਰਸਮਾਂ ਅਦਾ ਕਰਨਾ ਅਖਵਾਉਂਦਾ ਹੈ। ਇਹ ਰਸਮਾਂ ਮਾਨਵੀ ਜੀਵਨ ਨੂੰ ਸੁਹਜ ਭਰਪੂਰ ਹੀ ਨਹੀਂ ਬਣਾਉਂਦੀਆਂ, ਸਗੋਂ ਇਨ੍ਹਾਂ ਰਸਮਾਂ ਨਾਲ ਜੁੜੇ ਭਾਵ-ਅਰਥ ਇਨ੍ਹਾਂ ਦੀ ਮਹੱਤਾ ਦਾ ਅਹਿਸਾਸ ਵੀ ਕਰਵਾਉਂਦੇ ਹਨ। ਰਹੁ-ਰੀਤਾਂ ਸਮਾਜਕ ਕਦਰ ਪ੍ਰਣਾਲੀ ਦਾ ਹੀ ਅੰਗ ਹੋਣ ਕਾਰਨ ਇਨ੍ਹਾਂ ਨੂੰ ਘੱਟ ਜਾਂ ਵੱਧ ਮਾਤਰਾ ਵਿਚ ਹਰ ਪੀੜੀ ਨਿਭਾਉਂਦੀ ਰਹੀ ਹੈ। ਇਨ੍ਹਾਂ ਦੀ ਪਾਲਣਾ ਕਰਨਾ ਭਾਵੇਂ ਸਿੱਧੇ ਤੌਰ 'ਤੇ ਲਾਜ਼ਮੀ ਨਹੀਂ ਹੁੰਦਾ ਪਰ ਕਿਉਂਕਿ ਸਾਰੇ ਲੋਕ ਨਿਭਾਉਂਦੇ ਹਨ, ਇਸ ਲਈ ਲੋਕਾਂ ਕੋਲੋਂ ਨੁਕਤਾਚੀਨੀ ਕਰਾਉਣ ਲਈ ਵੀ ਕੋਈ ਤਿਆਰ ਨਹੀਂ ਹੁੰਦਾ, ਇਸ ਲਈ ਰਸਮਾਂ ਦਾ ਸਿਲਸਿਲਾ ਚਲਦਾ ਰਹਿੰਦਾ ਹੈ।

ਮਨੁੱਖ ਦੇ ਇਸ ਸੰਸਾਰ ਵਿਚ ਆਉਣ ਤੋਂ ਪਹਿਲਾਂ ਤੋਂ ਲੈ ਕੇ ਮਰਨ ਤੋਂ ਪਿੱਛੋਂ ਤੱਕ ਕੋਈ ਨਾ ਕੋਈ ਰਸਮ ਜ਼ਰੂਰ ਜੁੜੀ ਹੁੰਦੀ ਹੈ। ਗਿਆਨੀ ਗੁਰਦਿੱਤ ਸਿੰਘ ਦੇ ਸ਼ਬਦਾਂ ਵਿਚ ਰਸਮਾਂ ਤੇ ਰੀਤਾਂ ਦੀ ਪੂਰਤੀ ਦਾ ਇਹ ਕਾਰਜ ਕ੍ਰਮ ਜਦੋਂ ਜੀਵ ਜੰਮਿਆ ਵੀ ਨਹੀਂ ਹੁੰਦਾ ਉਦੋਂ ਤੋਂ ਸ਼ੁਰੂ ਹੋ ਕੇ ਜਿੰਨਾ ਚਿਰ ਉਸ ਦੇ ਸਿਵੇ ਉੱਤੇ ਸੁਆਹ ਦੀ ਆਖਰੀ ਚੁਟਕੀ ਤੱਕ ਨਹੀਂ ਰਹਿੰਦੀ ਹੈ ਅਤੇ ਸਿਵੇ ਵਾਲੀ ਥਾਂ ਦਾ ਥੱਲਾਂ ਤੱਕ ਘਰੋੜਿਆਂ ਨਹੀਂ ਜਾਂਦਾ, ਉਸ ਤੋਂ ਪਿੱਛੋਂ ਤੱਕ ਵੀ ਇਹ ਫ਼ਰਜ਼ ਦੀਵਾ ਜਗ੍ਹਾ ਜਗ੍ਹਾ ਕੇ ਸਾਵਧਾਨੀ ਨਾਲ ਨਿਭਾਇਆ ਜਾਂਦਾ ਹੈ।

ਇਨ੍ਹਾਂ ਰਹੁ-ਰੀਤਾਂ ਦਾ ਆਰੰਭ ਕਦੋਂ ਹੋਇਆ, ਕਿਉਂ ਹੋਇਆ ਤੇ ਕਿਵੇਂ ਹੋਇਆ? ਵਰਗੇ ਸਵਾਲ ਅਕਸਰ ਹਰ ਇਕ ਦੇ ਮਨ ਵਿਚ ਪੈਦਾ ਹੁੰਦੇ ਹਨ। ਇਨ੍ਹਾਂ ਸਵਾਲਾਂ ਦਾ ਤਸੱਲੀਬਖ਼ਸ਼ ਜਵਾਬ ਤਲਾਸ਼ ਕਰਨਾ ਕਾਫ਼ੀ ਕਠਿਨ ਕਾਰਜ ਹੈ। ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚੋਂ ਬਹੁਤੀਆਂ ਰਸਮਾਂ ਦਾ ਆਰੰਭ ਸਥਾਈ ਵਿਆਹ ਪ੍ਰਥਾ ਤੋਂ ਮਗਰੋਂ ਹੋਇਆ ਹੋਵੇਗਾ ਕਿਉਂਕਿ ਜੀਵਨ ਦੇ ਤਿੰਨ ਮਹੱਤਵਪੂਰਨ ਪੜਾਵਾਂ (ਜਨਮ, ਵਿਆਹ ਅਤੇ ਮੌਤ) ਨਾਲ ਸੰਬੰਧਿਤ ਰਸਮਾਂ ਨੂੰ ਨਿਭਾਉਣ ਦੀ ਜ਼ਿੰਮੇਵਾਰੀ 'ਵਿਸ਼ੇਸ਼' ਅਤੇ 'ਨਿਸ਼ਚਿਤ' ਰਿਸ਼ਤਿਆਂ ਨੂੰ ਹੀ ਸੌਂਪੀ ਗਈ ਹੈ। ਇਸ ਲਈ ਮੁੱਖ ਤੌਰ ’ਤੇ ਪੰਜਾਬ ਦੀਆਂ ਜਨਮ, ਵਿਆਹ ਅਤੇ ਮੌਤ ਸੰਬੰਧੀ ਰਸਮਾਂ ਦਾ ਉਲੇਖ ਕਰਨਾ ਲਾਜ਼ਮੀ ਬਣਦਾ ਹੈ।

### ਪੰਜਾਬੀ ਰਹੁ ਰੀਤਾਂ ਦਾ ਵਰਗੀਕਰਨ

### 13.3.1 ਜਨਮ ਸਮੇਂ ਦੀਆਂ ਰਸਮਾਂ

ਪੰਜਾਬ ਵਿਚ ਇਕ ਔਰਤ ਦੇ ਗਰਭਵਤੀ ਹੁੰਦਿਆਂ ਹੀ ਉਸ ਦਾ ਰੱਖ-ਰਖਾਓ ਸ਼ੁਰੂ ਹੋ ਜਾਂਦਾ ਹੈ। ਧਾਗੇ ਤਵੀਤ ਕਰਵਾਏ ਜਾਂਦੇ ਹਨ ਅਤੇ ਕਈ ਲੋਕ ਵਿਸ਼ਵਾਸਾਂ ਦੀ ਪਾਲਣਾ ਕੀਤੀ ਜਾਂਦੀ ਹੈ ਪਰ ਸਭ ਤੋਂ ਪਹਿਲੀ ਰਸਮ ਉਦੋਂ ਅਦਾ ਕੀਤੀ ਜਾਂਦੀ ਹੈ ਜਦੋਂ ਔਰਤ ਦੇ ਪੇਕੇ ਘਰ, ਉਸ ਦੇ ਗਰਭਵਤੀ ਹੋਣ ਦਾ ਸੁਨੇਹਾ 'ਮਿੱਠਾ ਬੋਹੀਆ' ਭੇਜ ਕੇ ਦਿੱਤਾ ਜਾਂਦਾ ਹੈ। ਇਸ ਦੌਰਾਨ ਪੇਕਿਆਂ

ਵਲੋਂ ਚੌਲ, ਸ਼ੱਕਰ ਅਤੇ ਕਪੜੇ ਭੇਜੇ ਜਾਂਦੇ ਹਨ। ਲਾਗੀ ਨੂੰ ਵੀ ਯਥਾਯੋਗ ਲਾਗ ਦਿੱਤਾ ਜਾਂਦਾ ਹੈ। ਚੌਲ ਉਪਜਤਾ ਦਾ ਚਿੰਨ੍ਹ ਹੈ। ਉਪਜਤਾ ਨਾਲ ਸੰਬੰਧਿਤ ਸਾਰੀਆਂ ਰਸਮਾਂ ਵਿਚ ਹਲਦੀ ਅਤੇ ਚੌਲ ਇਸ ਭਾਵਨਾ ਦਾ ਸੰਚਾਰ ਕਰਦੇ ਹਨ। ਸਤਵੇਂ ਮਹੀਨੇ, ਸਹੁਰਿਆਂ ਤੋਂ ਔਰਤ ਨੂੰ ਵਿਦਾ ਕਰਕੇ ਪੇਕੇ ਭੇਜਿਆ ਜਾਂਦਾ ਹੈ। ਆਮ ਤੌਰ ਤੇ ਇਹ ਰਸਮ ਪਹਿਲੇ ਜਣੇਪੇ ਵੇਲੇ ਹੀ ਅਦਾ ਕੀਤੀ ਜਾਂਦੀ ਹੈ।

ਜਦੋਂ ਕਿਸੇ ਘਰ ਬੱਚਾ ਪੈਦਾ ਹੁੰਦਾ ਹੈ, ਉਦੋਂ ਉਸ ਘਰ ਵਿਚ ਅਖੰਡ ਜੋਤ ਵਾਲਾ ਦੀਵਾ ਜਗਾ ਦਿੱਤਾ ਜਾਂਦਾ ਹੈ। ਇਹ ਕੰਮ ਭੂਤ-ਪ੍ਰੇਤ ਤੋਂ ਬਚਾਅ ਲਈ ਕੀਤਾ ਜਾਂਦਾ ਹੈ। ਜਨਨੀ ਦੇ ਮੰਜੇ ਹੇਠਾਂ ਲੋਹੇ ਦੀ ਦਾਤਰੀ, ਪਾਣੀ ਦਾ ਭਰਿਆ ਮਟਕਾ ਰਖਿਆ ਜਾਂਦਾ ਹੈ ਅਤੇ ਉਸ ਦੇ ਸਰ੍ਹਾਣੇ ਸਰ੍ਹੋਂ ਦੇ ਦਾਣੇ ਕਿਸੇ ਲੀਰ ਵਿਚ ਬੰਨ੍ਹ ਕੇ ਰੱਖੇ ਜਾਂਦੇ ਹਨ। ਇਸੇ ਤਰ੍ਹਾਂ ਘਰ ਦੇ ਦਰਵਾਜ਼ੇ ਉੱਤੇ ਸ਼ਰੀਹ ਜਾਂ ਅੰਬ ਦੇ ਪੱਤੇ ਬੰਨ੍ਹ ਦਿੱਤੇ ਜਾਂਦੇ ਹਨ ਤਾਂ ਕਿ ਆਉਣ ਜਾਣ ਵਾਲਿਆਂ ਨੂੰ ਪਤਾ ਲਗ ਜਾਵੇ ਕਿ ਇਸ ਘਰ ਨਵੇਂ ਬੱਚੇ ਨੇ ਜਨਮ ਲਿਆ ਹੈ। ਇਸੇ ਤਰ੍ਹਾਂ ਵੱਖ-ਵੱਖ ਕਿਸਮ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ ਜਿਸ ਤਰ੍ਹਾਂ ਕਿ:

- **ਦੁੱਧ ਚੁੰਘਣ ਦੀ ਰਸਮ**

ਇਹ ਰਸਮ ਉਸ ਸਮੇਂ ਕੀਤੀ ਜਾਂਦੀ ਹੈ ਜਦੋਂ ਬੱਚਾ ਪਹਿਲੀ ਵਾਰ ਦੁੱਧ ਪੀਣ ਲੱਗਦਾ ਹੈ। ਇਹ ਰਸਮ ਆਮ ਤੌਰ ਤੇ ਘਰ ਦੀ ਕਿਸੇ ਕੁਆਰੀ ਕੁੜੀ ਦੇ ਹੱਥੀਂ ਕਰਵਾਈ ਜਾਂਦੀ ਹੈ ਅਰਥਾਤ ਕੁਆਰੀ ਕੁੜੀ ਮਾਂ ਦੀਆਂ ਦੁਧੀਆਂ ਵਿਚੋਂ ਕੁਝ ਦੁੱਧ ਪਹਿਲਾਂ ਕੱਢ ਕੇ ਫੇਰ ਬੱਚੇ ਦੇ ਮੂੰਹ ਵਿਚ ਧਾਰਾਂ ਮਾਰਦੀ ਹੈ। ਲਗਦਾ ਹੈ ਇਹ ਰਸਮ ਕੁਆਰੀ ਕੁੜੀ ਨੂੰ ਮਾਨਸਿਕ ਤੌਰ 'ਤੇ ਭਵਿੱਖ ਦੇ ਜੀਵਨ ਲਈ ਤਿਆਰ ਕਰਨ ਵਾਸਤੇ ਕੀਤੀ ਜਾਂਦੀ ਹੈ।

- **ਗੁੜ੍ਹਤੀ ਦੇਣ ਦੀ ਰਸਮ**

ਪੰਜਾਬ ਦੇ ਲਕਭਗ ਸਾਰੇ ਪਰਿਵਾਰਾਂ ਵਿਚ ਗੁੜ੍ਹਤੀ ਦੇਣ ਦੀ ਰਸਮ ਕੀਤੀ ਜਾਂਦੀ ਹੈ। ਆਮ ਤੌਰ 'ਤੇ ਇਹ ਵਿਸ਼ਵਾਸ ਬਣਿਆ ਹੋਇਆ ਹੈ ਕਿ ਬੱਚੇ ਦੀ ਸ਼ਖ਼ਸੀਅਤ ਉਸ ਵਿਅਕਤੀ ਵਰਗੀ ਬਣ ਜਾਂਦੀ ਹੈ ਜੋ ਉਸ ਨੂੰ ਗੁੜ੍ਹਤੀ ਦਿੰਦਾ ਹੈ। ਇਸ ਰਸਮ ਦੌਰਾਨ ਕਿਸੇ ਮਿੱਟੀ ਜਾਂ ਕਾਂਸੀ ਦੀ ਕੌਲੀ ਵਿਚ ਗੰਗਾ ਜਲ ਜਾਂ ਅੰਮ੍ਰਿਤ ਪਾ ਕੇ ਉਸ ਵਿਚ ਸ਼ਹਿਦ ਆਦਿ ਪਾਇਆ ਜਾਂਦਾ ਹੈ ਅਤੇ ਰੂੰ ਨਾਲ ਪੰਜ ਤੁਪਕੇ ਬੱਚੇ ਦੇ ਮੂੰਹ ਵਿਚ ਪਾ ਦਿੱਤੇ ਜਾਂਦੇ ਹਨ।

- **ਬਾਹਰ ਵਧਾਉਣ**

ਗੁੜ੍ਹਤੀ ਤੋਂ ਬਾਅਦ 'ਬਾਹਰ ਵਧਾਉਣ' ਦੀ ਇਕ ਮਹੱਤਵਪੂਰਨ ਰਸਮ ਹੈ। ਇਸ ਦਿਨ ਚੌਕਾ ਲਿੱਪ ਕੇ ਔਰਤ ਨੂੰ ਦਲੀਜ਼ ਤੋਂ ਬਾਹਰ ਕੱਢਿਆ ਜਾਂਦਾ ਹੈ। 'ਬਾਹਰ ਵਧਾਉਣ' ਸਮੇਂ ਔਰਤ ਨੂੰ ਨੁਹਾਇਆ ਜਾਂਦਾ ਹੈ। ਜਦੋਂ ਔਰਤ ਘਰ ਦੀ ਦਲੀਜ਼ ਤੋਂ ਬਾਹਰ ਪੈਰ ਰੱਖਦੀ ਹੈ ਤਾਂ ਕੋਲਿਆਂ 'ਤੇ ਤੇਲ ਚੋਇਆ ਜਾਂਦਾ ਹੈ ਤੇ ਦਲੀਜ਼ ਲਿੱਪੀ ਜਾਂਦੀ ਹੈ। ਇਸੇ ਤਰ੍ਹਾਂ ਕਈ ਹੋਰ ਰਸਮਾਂ ਜਨਮ ਸਮੇਂ ਅਦਾ ਕੀਤੀਆਂ ਜਾਂਦੀਆਂ ਹਨ। ਜਿਸ ਤਰ੍ਹਾਂ ਕਿ ਨਾਮਕਰਣ, ਛਟੀ ਦੀ ਰਸਮ ਆਦਿ।

ਜਨਮ ਸਮੇਂ ਦੀਆਂ ਇਹ ਰੀਤਾਂ, ਇਲਾਕਾ, ਜਾਤ ਅਤੇ ਕਬੀਲੇ ਅਨੁਸਾਰ ਵੱਖ-ਵੱਖ ਹੋ ਸਕਦੀਆਂ ਹਨ ਪਰ ਸਾਰੀਆਂ ਰਸਮਾਂ ਪਿੱਛੇ ਰੱਖਿਆ ਅਤੇ ਉਪਜਤਾ ਦੀ ਭਾਵਨਾ ਕੰਮ ਕਰਦੀ ਹੈ।

### 13.3.2 ਵਿਆਹ ਨਾਲ ਸੰਬੰਧਿਤ ਰਹੁ ਰੀਤਾਂ

ਵਿਆਹ ਸੰਸਕਾਰ ਮਨੁੱਖੀ ਜੀਵਨ ਦਾ ਇਕ ਮਹੱਤਪੂਰਨ ਸੰਸਕਾਰ ਹੈ। ਜਨਮ ਸੰਸਕਾਰ ਤੋਂ ਪਿੱਛੋਂ ਜੇ ਕਿਸੇ ਸੰਸਕਾਰ ਨੂੰ ਵਧੇਰੇ ਮਹੱਤਵ ਦਿੱਤਾ ਜਾਂਦਾ ਹੈ ਉਹ ਵਿਆਹ ਸੰਸਕਾਰ ਹੀ ਹੈ। ਡਾ. ਨਰੇਸ਼ ਅਨੁਸਾਰ, "ਹਰ ਕੌਮ ਅਤੇ ਹਰ ਸਮਾਜ ਵਿਚ ਸ਼ਾਦੀ ਦਾ ਮੌਕਾ ਬੜਾ ਮੁਬਾਰਕ ਮੌਕਾ ਗਿਣਿਆ ਜਾਂਦਾ ਹੈ। ਇਸ ਮੌਕੇ 'ਤੇ ਪ੍ਰਚਲਿਤ ਰਸਮਾਂ ਨੂੰ ਜੇਕਰ ਗਹੁ ਨਾਲ ਵਿਚਾਰੀਏ ਤਾਂ ਪਤਾ ਲੱਗਦਾ ਹੈ ਕਿ ਸਦੀਆਂ ਦਾ ਪੈਂਡਾ ਮਾਰ ਕੇ ਸਾਡੇ ਤਕ ਪੁੱਜੀਆਂ ਇਹ ਰਸਮਾਂ ਆਪਣੀ ਬੁੱਕਲ ਵਿਚ ਸਮਾਜ ਦਾ ਇਤਿਹਾਸ ਅਤੇ ਸਭਿਅਤਾ ਨੂੰ ਸੁਰੱਖਿਅਤ ਸਾਂਭੀ ਬੈਠੀਆਂ ਹਨ।ਸਭ ਤੋਂ ਵੱਧ ਰਸਮਾਂ ਰੀਤਾਂ ਵਿਆਹ ਵੇਲੇ ਕੀਤੀਆਂ ਜਾਂਦੀਆਂ ਹਨ।ਇਹ ਰਸਮਾਂ ਰੀਤਾਂ ਵਿਆਹ ਦੇ ਮਾਹੋਲ ਅਤੇ ਉਤਸ਼ਾਹ ਨੂੰ ਹੋਰ ਤੀਬਰ ਕਰ ਦਿੰਦੀਆਂ ਹਨ।ਇਹ ਰੀਤਾਂ ਵਿਆਹ ਨੂੰ ਇਕ ਦਿਲਚਸਪ ਲੀਲ੍ਹਾ ਬਣਾ ਦੇਦੀਆਂ ਹਨ।ਵਿਆਹ ਦੀਆਂ ਰੀਤਾਂ ਬਹੁਤੀਆਂ ਵਿਆਹ ਵਾਲੀ ਜੋੜੀ ਦੀ ਲੰਮੀ ਉਮਰ, ਸਦੀਵੀ ਹੁਲਾਸ, ਵੰਸ਼ ਪਰੰਪਰਾ ਨੂੰ ਤੁਰਦੇ ਰੱਖਣ ਅਤੇ ਮਾੜੀਆਂ ਰੂਹਾਂ ਤੌਂ ਬਚਾਉਣ ਦੀ ਭਾਵਨਾ ਨਾਲ ਕੀਤੀਆ ਜਾਂ ਨਿਭਾਈਆਂ ਜਾਂਦੀਆਂ ਹਨ। ਪੰਜਾਬ ਵਿਚ ਵਿਆਹ ਨਾਲ ਸੰਬੰਧਿਤ ਕਈ ਤਰ੍ਹਾਂ ਦੀਆਂ ਰਹੁ ਰੀਤਾਂ ਵੇਖਣ ਨੂੰ ਮਿਲਦੀਆਂ ਹਨ ਜਿਨ੍ਹਾਂ ਵਿਚੋਂ ਪ੍ਰਚਲਿਤ ਪ੍ਰਮੁੱਖ ਰਸਮਾਂ ਹੇਠ ਲਿਖੇ ਅਨੁਸਾਰ ਹਨ:

- **ਮੰਗਨੀ/ਕੁੜਮਾਈ**

ਵਰ ਲੱਭਣ ਦਾ ਕੰਮ ਕੁੜੀ ਦੇ ਜਵਾਨ ਹੋਣ 'ਤੇ ਸ਼ੁਰੂ ਕਰ ਲਿਆ ਜਾਂਦਾ ਹੈ। ਇਹ ਕੰਮ ਕਿਸੇ ਨਾਈ ਨੂੰ ਸਪੁਰਦ ਕੀਤੇ ਜਾਣ ਦਾ ਰਿਵਾਜ਼ ਪਿੰਡਾਂ ਵਿਚ ਮਿਲਦਾ ਹੈ। ਇਸ ਤੋਂ ਬਾਅਦ ਗਲ ਪੱਕੀ ਕਰਨ ਲਹੀ ਮੰਗਨੀ ਦੀ ਰਸਮ ਕੀਤੀ ਜਾਂਦੀ ਹੈ। ਵਿਆਹ ਸਮੇਂ ਵਿਚੋਲੇ ਦਾ ਵਿਸ਼ੇਸ਼ ਆਦਰ ਕਰਨ ਦਾ ਰਿਵਾਜ਼ ਹੈ। ਉਸ ਨੂੰ ਕੁੜੀ ਵਾਲਿਆਂ ਵਲੋਂ ਕੋਈ ਨਾ ਕੋਈ ਚੀਜ਼ ਤੋਹਫ਼ੇ ਵਜੋਂ ਦਿੱਤੀ ਜਾਂਦੀ ਹੈ।

- **ਛੁਹਾਰਾ ਪਾਉਣ ਦੀ ਰਸਮ**

ਇਸ ਰਸਮ ਵਿਚ ਕੁੜਮਾਈ ਵਾਲੇ ਦਿਨ ਮੁੰਡੇ ਦੇ ਮੂੰਹ ਵਿਚ ਛਵਾਰਾ ਪਾਇਆ ਜਾਂਦਾ ਹੈ ਅਤੇ ਸ਼ਗਨ ਸਮੇਂ ਫਰਿਜ਼, ਟੀ·ਵੀ·, ਕੱਪੜੇ ਅਤੇ ਹੋਰ ਸਾਜ-ਸਮਾਨ ਵੀ ਦਿੱਤਾ ਜਾਂਦਾ ਹੈ। ਇਵੇਂ ਹੀ ਮੁੰਡੇ ਵਾਲੇ ਕੁੜੀ ਲਈ ਕੱਪੜੇ ਲੈ ਕੇ ਆਉਂਦੇ ਹਨ। ਇਸ ਨੂੰ ਚੁੰਨੀ ਚੜ੍ਹਾਉਣੀ ਆਖਦੇ ਹਨ। ਛਵਾਰਾ ਪਾਉਣ ਦੀ ਰਸਮ ਵਿਸ਼ੇਸ਼ ਤੌਰ 'ਤੇ ਕੁੜੀ ਦੇ ਭਰਾ ਤੋਂ ਕਰਵਾਈ ਜਾਂਦੀ ਹੈ। ਅੱਜ ਕਲ ਮੁੰਦਰੀ ਪਾਉਣ ਦੀ ਰਸਮ ਵੀ ਕੀਤੀ ਜਾਂਦੀ ਹੈ।

- **ਸਾਹਾ ਕਢਵਾਉਣਾ**

ਕੁੜਮਾਈ ਤੋਂ ਪਿੱਛੋਂ ਕੋਈ ਸ਼ੁਭ ਮਹੂਰਤ ਦੇਖ ਕੇ ਵਿਆਹ ਦੀ ਤਾਰੀਖ਼ ਪੱਕੀ ਕੀਤੀ ਜਾਂਦੀ

ਸੀ। ਇਸ ਨੂੰ 'ਸਾਹਾ ਕਢਵਾਉਣਾ' ਆਖਦੇ ਸਨ। ਇਸ ਤੋਂ ਪਿੱਛੋਂ ਵਿਆਹ ਤੋਂ ਕੁਝ ਦਿਨ ਪਹਿਲਾਂ ਕੁੜੀ ਵਾਲੇ 'ਸਾਹੇ ਦੀ ਚਿੱਠੀ' ਜਾਂ 'ਲਗਨ' ਲਿਖਾ ਕੇ ਉਸ ਚਿੱਠੀ ਨੂੰ ਦੁੱਧ, ਚੌਲ, ਹਲਦੀ, ਖੰਮ੍ਹਣੀ ਵਿੱਚ ਲਪੇਟ ਕੇ ਨਾਈ ਜਾਂ ਵਿਚੋਲੇ ਹੱਥ ਮੁੰਡੇ ਵਾਲਿਆਂ ਦੇ ਘਰ ਭੇਜਦੇ ਹਨ। ਸਾਹੇ ਦੀ ਚਿੱਠੀ ਪਿੱਛੋਂ ਦੋਵਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਆਰੰਭ ਹੋ ਜਾਂਦੀਆਂ ਹਨ। ਕੁੜੀ ਦੇ ਵਿਆਹ ਨੂੰ ਤਾਂ ਸਾਰੇ ਪਿੰਡ, ਭਾਈਚਾਰੇ ਦਾ ਸਾਂਝਾ ਕੰਮ ਸਮਝਿਆ ਜਾਂਦਾ ਸੀ। ਸਾਰੇ ਮਿਲ ਜੁਲ ਕੇ ਕਾਰਜ ਵਿੱਚ ਜੁਟ ਜਾਂਦੇ ਸਨ। ਜਿਸ ਦਿਨ ਤੋਂ ਸ਼ਗਨ ਭੇਜ ਦਿੱਤਾ ਜਾਂਦਾ ਹੈ, ਉਸੇ ਦਿਨ ਤੋਂ ਮੁੰਡਾ-ਕੁੜੀ ਦਾ ਘਰੋਂ ਬਾਹਰ ਨਿਕਲਣਾ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਇਸ ਨੂੰ 'ਸਾਹੇ ਲੱਤ ਬੰਨ੍ਹਣਾ' ਕਿਹਾ ਜਾਂਦਾ ਹੈ।

- **ਗੀਤ ਗਾਉਣ ਦੀ ਰਸਮ**

ਵਿਆਹ ਸਮੇਂ ਮੁੰਡੇ ਵਾਲੇ ਘਰ ਘੋੜੀਆਂ ਅਤੇ ਕੁੜੀ ਵਾਲੇ ਘਰ 'ਸੁਹਾਗ' ਗਾਏ ਜਾਂਦੇ ਹਨ। 'ਸੁਹਾਗ' ਕਾਵਿ ਰੂਪ ਕਲਪਨਾਂ ਦੀ ਸਿਖ਼ਰ ਹੁੰਦੇ ਹਨ ਜਿਸ ਵਿਚ 'ਬੇਟੀ ਚੰਨਣ ਦੇ ਬੂਟੇ ਓਹਲੇ ਖਲੋਂਦੀ ਹੈ 'ਤੇ ਕਨ੍ਹਈਆ ਵਰ ਦੀ ਲੋਚਾ ਕਰਦੀ ਹੈ'। ਇਸ ਤੋਂ ਵਡੇਰੀ ਉਸ ਦੀ ਕੋਈ ਮੰਗ ਨਹੀਂ ਹੁੰਦੀ। ਜਦੋਂ ਕਿ 'ਘੋੜੀਆਂ' ਵਿਚ ਹਾਥੀਆਂ ਦੇ ਸੰਗਲ ਫੜੇ ਜਾਂਦੇ ਹਨ। ਦੰਮਾਂ ਦੀਆਂ ਬੋਰੀਆਂ ਸੰਭਾਲੀਆਂ ਜਾਂਦੀਆਂ ਹਨ। ਕੁੜੀ ਵਾਲੇ ਘਰ ਗਾਏ ਜਾਂਦੇ ਸੁਹਾਗ ਗੀਤ ਦੀ ਇਕ ਉਦਾਹਰਣ ਇਸ ਪ੍ਰਕਾਰ ਹੈ:

**ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਜਾਣਾ।**
**ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ।**
**ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਡੋਲਾ ਨਹੀਂ ਲੰਘਦਾ।**
**ਇੱਕ ਇੱਟ ਪੁਟ ਦੇਵਾਂ, ਧੀਏ ਘਰ ਜਾ ਆਪਣੇ।**
**ਤੇਰੇ ਬਾਗਾਂ ਦੇ ਵਿੱਚ ਵਿੱਚ ਵੇ, ਬਾਬਲ ਡੋਲਾ ਨਹੀਂ ਲੰਘਦਾ।**
**ਇੱਕ ਟਾਹਲੀ ਪੁਟਾਂ ਦੇਵਾਂ, ਧੀਏ ਘਰ ਜਾ ਆਪਣੇ।**
**ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਗੁੱਡੀਆਂ ਕੌਣ ਖੇਡੇ।**
**ਮੇਰੀਆਂ ਖੇਡਣ ਪੋਤਰੀਆਂ, ਧੀਏ ਘਰ ਜਾ ਆਪਣੇ।**
**ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ, ਬਾਬਲ ਚਰਖਾ ਕੌਣ ਕੱਤੇ?**
**ਮੇਰੀਆਂ ਕੱਤਣ ਪੋਤਰੀਆਂ, ਧੀਏ ਘਰ ਜਾ ਆਪਣੇ।**

ਮੁੰਡੇ ਵਾਲੇ ਘਰ ਗਾਈਆਂ ਜਾਂਦੀਆਂ ਘੋੜੀਆਂ ਦੀ ਹੇਠ ਲਿਖੀ ਉਦਾਹਰਣ ਇਸ ਪ੍ਰਕਾਰ ਹੈ:

**"ਚੁਗ ਲਿਆਇਉ ਚੰਬਾ ਤੇ ਗੁਲਾਬ ਜੀ ਚੁਗ ਲਿਆਇਉ,**
**ਜੀ ਗੁੰਦ ਲਿਆਇਉ ਸਿਰਾਂ ਦੇ ਜੀ ਸਿਹਰੇ।**

ਇਹਦੀ ਨਾਰ ਚੰਬੇ ਦੀ ਤਾਰ ਜੀ ਚੁਗ ਲਿਆਇਉ,
ਜੀ ਗੁੰਦ ਲਿਆਇਉ ਸਿਰਾਂ ਦੇ ਜੀ ਸਿਹਰੇ।"
"ਵੀਰਾ ਕੀ ਕੁਝ ਪੜ੍ਹਦੀਆਂ ਸਾਲੀਆਂ
ਵੀਰਾ ਕੀ ਕੁਝ ਪੜ੍ਹੇ ਤੇਰੀ ਨਾਰ ਜੀ ਚੁਗ ਲਿਆਇਉ,

- **ਚੱਕੀ ਰੱਖਣ ਦੀ ਰਸਮ**

ਇਹ ਇਕ ਬਹੁਤ ਹੀ ਮਹਤਵਪੂਰਣ ਰਸਮ ਹੈ।ਵਿਆਹ ਦੇ ਸਮੇਂ ਆਟਾ, ਮੈਦਾ ਆਦਿ ਪੀਹਣ ਜਾਂ ਦਾਲ ਆਦਿ ਦਲਣ ਲਈ ਚੱਕੀ ਰੱਖੀ ਜਾਂਦੀ ਸੀ।ਚੱਕੀ ਉਤੇ ਪੀਹਣ ਦਲਣ ਦਾ ਕੰਮ ਸੱਤ ਸੁਹਾਗਣਾਂ ਰਲ ਕੇ ਕਰਦੀਆਂ ਹਨ। ਕੰਮ ਆਰੰਭ ਕਰਣ ਤੋਂ ਪਹਿਲਾਂ ਸੱਤ ਸੁਹਾਗਣਾਂ ਮਿਲ ਕੇ ਇਕ ਲੋਕ ਗੀਤ ਗਾਉਂਦੀਆਂ ਹਨ:

ਸੱਤ ਸੁਹਾਗਣਾਂ ਸੱਤ ਗਲੇ
ਚੱਕੀ ਹੱਥ ਲੁਆ।
ਕਿਥੋਂ ਲਿਆਂਦੀ ਚੱਕੀ ਨੀ ਰਾਣੀਏ
ਕਿਥੋਂ ਲਿਆਂਦਾ ਹੱਥਾ।
ਧੁਰੋਂ ਲਾਹੌਰੋਂ ਚੱਕੀ ਲਿਆਂਦੀ
ਪਟਿਆਲਿਉਂ ਲਿਆਂਦਾ ਹੱਥਾ

- **ਮਹਿੰਦੀ**

ਮਹਿੰਦੀ ਦੀ ਰਸਮ ਵਿਚ ਵਿਆਹ ਵਾਲੀ ਕੁੜੀ ਲਈ ਉਸ ਦੇ ਸਹੁਰੇ ਘਰ ਤੋਂ ਮਹਿੰਦੀ ਭੇਜੀ ਜਾਂਦੀ ਹੈ। ਸਹੁਰੇ ਘਰੋਂ ਭੇਜੀ ਗਈ ਮਹਿੰਦੀ ਹੀ ਕੁੜੀ ਦੇ ਹੱਥਾਂ 'ਤੇ ਲਗਾ ਕੇ ਇਹ ਰਸਮ ਕੀਤੀ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ ਜੇਕਰ ਵਿਆਹ ਵਾਲੀ ਕੁੜੀ ਦੇ ਹੱਥਾਂ 'ਤੇ ਲੱਗੀ ਮਹਿੰਦੀ ਦਾ ਰੰਗ ਗੂੜ੍ਹਾ ਚੜੇ ਤਾਂ ਸਹੁਰੇ ਘਰੋਂ ਬਹੁਤ ਪਿਆਰ ਮਿਲਦਾ ਹੈ।

- **ਜਾਗੋ**

ਮੰਹਿਦੀ ਵਾਲੀ ਰਾਤ ਨੂੰ ਨਾਨਕਿਆਂ ਅਤੇ ਦਾਦਕਿਆਂ ਵੱਲੋਂ ਜਾਗੋ ਕੱਢੀ ਜਾਂਦੀ ਹੈ, ਜੋ ਕਦੇ ਸਾਰੇ ਪਿੰਡ ਵਿੱਚ ਘੁਮਾਈ ਜਾਂਦੀ ਸੀ, ਪਰ ਅੱਜ ਕੱਲ੍ਹ ਸ਼ਰੀਕੇ ਦੇ ਘਰਾਂ ਤੱਕ ਸੀਮਤ ਹੋ ਗਈ ਹੈ। ਜਾਗੋ ਵਿਆਹ ਦਾ ਅਸਲੀ ਸ਼ਿੰਗਾਰ ਹੁੰਦੀ ਹੈ। ਜਾਗੋਂ ਕੱਢਣ ਦੇ ਕਾਰਜ ਵਿੱਚ ਮਾਮੀ ਦੀ ਮੁੱਖ ਭੁਮਿਕਾ ਹੁੰਦੀ ਹੈ:

ਏਸ ਪਿੰਡ ਦੇ ਪੰਚੋ ਵੇ ਸਰਪੰਚੋ ਲੰਬੜਦਾਰੋ
ਬਈ ਮੇਲ ਆਇਆ ਚੰਦ ਕੁਰ ਦੇ
ਜ਼ਰਾ ਹੱਟ ਕੇ ਪਰ੍ਹਾਂ ਦੀ ਲੰਘ ਜਾਇਓ

ਬਈ ਵੱਡੀ ਮਾਮੀ ਜ਼ੈਲਦਾਰਨੀ
ਕਿਤੇ ਮਾਮੀ ਦੇ ਨਾ ਹੱਥ ਲੱਗ ਜਾਇਓ
ਬਈ ਵੱਡੀ ਮਾਮੀ ਜ਼ੈਲਦਾਰਨੀ।'

- **ਵੱਟਣੇ ਦੀ ਰਸਮ**

'ਵੱਟਣਾ ਮਲਣਾ' ਤੇ 'ਨਾਈ ਧੋਈ' ਵਰਗੀ ਰਸਮ ਵਿਚ ਲਾੜੇ ਲਾੜੀ ਨੂੰ ਵਧੇਰੇ ਖ਼ੂਬਸੂਰਤ ਦਿਖ ਵਾਲੇ ਬਣਾਉਣ ਦੇ ਯਤਨ ਹੁੰਦੇ ਹਨ ਤਾਂ ਜੋ ਵਿਆਹ ਸਮੇਂ ਉਹ ਹਾਸੇ ਮਜ਼ਾਕ ਦੇ ਕੇਂਦਰ ਨਾ ਬਣਨ। ਵਿਆਹ ਵਾਲੇ ਦਿਨ ਸੂਰਜ ਚੜ੍ਹਨ ਤੋਂ ਪਹਿਲਾਂ ਮੁੰਡੇ ਜਾਂ ਕੁੜੀ ਦੀ ਨ੍ਹਾਈ ਧੋਈ ਦੀ ਰਸਮ ਹੁੰਦੀ ਹੈ। ਮਾਮਾ, ਭਾਣਜੇ-ਭਾਣਜੀ ਨੂੰ ਖਾਰਿਓਂ ਲਾਹੁੰਦਾ ਹੈ। ਇਸ ਦਾ ਜ਼ਿਕਰ ਸਾਡੇ ਲੋਕ ਗੀਤਾਂ ਵਿੱਚ ਮਿਲਦਾ ਹੈ:

ਧੰਨ ਨੀਂ ਮਾਏ ਜਣੇਦੀਏ
ਜਿਸ ਇਹ ਬੇਟੀ ਜਾਈ
ਮੈਲੇ ਕੁਚੈਲੇ ਕੱਪੜੇ
ਬੇਟੀ ਮਾਈਏ ਪਾਈ
ਧੰਨ ਨੀਂ ਮਾਏ ਜਣੇਦੀਏ
ਜਿਸ ਇਹ ਬੇਟੀ ਜਾਈ
ਤੇਲ ਤੇ ਵੱਟਣਾ ਮਲ ਕੇ ਬੇਟੀ ਖਾਰੇ ਚੜ੍ਹਾਈ।'

- **ਚੂੜਾ ਚੜਾਉਣਾ**

ਇਹ ਰਸਮ ਕੁੜੀ ਦੇ ਵਿਆਹ ਸਮੇਂ ਕੀਤੀ ਜਾਂਦੀ ਹੈ। ਵਿਆਹ ਵਾਲੇ ਦਿਨ ਕੁੜੀ ਨੂੰ ਹੱਥਾਂ ਵਿਚ ਚੂੜਾ ਚੜਾਇਆ ਜਾਂਦਾ ਹੈ ਇਹ ਰਸਮ ਕੁੜੀ ਦੇ ਮਾਮਿਆਂ ਵਲੋਂ ਅਦਾ ਕੀਤੀ ਜਾਂਦੀ ਹੈ।

'ਫੁੱਲਾਂ ਭਰੀ ਚੰਗੇਰ ਇਕ ਫੁੱਲ ਤੋੜੀਂਦਾ
ਐਸੇ ਵੇਲੇ ਦੇ ਨਾਲ ਮਾਮਾ ਲੋੜੀਂਦਾ।'

- **ਸਿਹਰਾ ਬੰਨਣਾ**

ਸਿਹਰਾ ਬੰਨਣ ਦੀ ਰਸਮ ਵਿਆਹ ਵਾਲੇ ਮੁੰਡੇ ਦੀਆਂ ਭੈਣਾਂ ਵਲੋਂ ਕੀਤੀ ਜਾਂਦੀ ਹੈ ਲਾੜੇ ਦੇ ਚਿਹਰੇ ਨੂੰ ਸਿਹਰੇ ਨਾਲ ਲੁਕਾ ਦੇਣਾ ਵੀ ਅਸਲ ਵਿਚ ਦੇਖਣ ਵਾਲਿਆਂ ਲਈ ਉਤਸੁਕਤਾ ਪੈਦਾ ਕਰਨ ਦੀ ਵਿਧੀ ਹੈ। ਦੂਜਾ ਅਜਿਹੇ ਲੱਛਣਾ ਸਦਕਾ ਲਾੜਾ ਆਮ ਬਰਾਤੀਆਂ ਨਾਲੋਂ ਵੱਖਰੀ ਦਿੱਖ ਵਾਲਾ ਵੀ ਲੱਗਦਾ ਹੈ।

- **ਸੁਰਮਾ ਪਵਾਈ**

ਸੁਰਮਾ ਪਵਾਈ ਵੀ ਲਾੜੇ ਨਾਲ ਸੰਬੰਧਿਤ ਰਸਮ ਹੈ ਜਿਸ ਵਿਚ ਉਸਨੂੰ ਸੁਰਮਾ ਪਾਇਆ ਜਾਂਦਾ ਹੈ। ਇਹ ਰਸਮ ਵਿਸ਼ੇਸ਼ ਤੌਰ 'ਤੇ ਲਾੜੇ ਦੀ ਭਰਜਾਈ ਕਰਦੀ ਹੈ। ਜੋ ਅਸਲ ਵਿਚ 'ਅੱਖਾਂ

ਚਾਰ ਕਰਨ' ਦੀ ਮੁੱਢਲੀ ਟਰੇਨਿੰਗ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੈ। ਭਰਜਾਈਆਂ ਵੱਲੋਂ ਦਿਓਰ ਦੇ ਸੁਰਮਾ ਪਾਇਆ ਜਾਂਦਾ ਹੈ ਅਤੇ ਸੁਰਮਾ ਪਵਾਈ ਦਾ ਸ਼ਗਨ ਲਿਆ ਜਾਂਦਾ ਹੈ। ਉਸ ਤੋਂ ਬਾਅਦ ਮੁੰਡੇ ਦੀ ਮਾਂ ਅਤੇ ਹੋਰ ਸ਼ਰੀਕੇ ਦੀਆਂ ਔਰਤਾਂ ਸਲਾਮੀ ਪਾਉਂਦੀਆਂ ਹਨ। ਮੁੰਡੇ ਦੇ ਵਿਆਹ ਵਿੱਚ ਸਰਬਾਲ੍ਹੇ ਦੀ ਭੁਮਿਕਾ ਵੀ ਬਹੁਤ ਅਹਿਮ ਹੁੰਦੀ ਹੈ। ਇਨ੍ਹਾਂ ਰਸਮਾਂ ਤੋਂ ਬਾਅਦ ਬਰਾਤ ਕੁੜੀ ਵਾਲਿਆਂ ਦੇ ਘਰ ਵੱਲ ਰਵਾਨਾ ਹੁੰਦੀ ਹੈ।

- **ਘੋੜੀ ਚੜਾਅ**

ਲਾੜਾ ਘੋੜੀ 'ਤੇ ਸਵਾਰ ਹੋ ਕੇ ਵਿਆਹ ਵਾਲੇ ਘਰ ਜਾਂਦਾ ਹੈ। ਬਹੁਤ ਸਾਰੇ ਸਮਾਜਕ ਸਮੂਹ 'ਘੋੜੀ' ਦੀ ਰਸਮ ਬਰਾਤ ਚੜ੍ਹਨ ਤੋਂ ਇਕ ਦਿਨ ਪਹਿਲਾਂ ਆਪਣੇ ਕਿਸੇ ਧਾਰਮਿਕ ਸਥਾਨ ਤਕ ਦੀ ਯਾਤਰਾ ਕਰਕੇ ਸਮਾਮਤ ਕਰ ਲੈਂਦੇ ਹਨ। ਘੋੜੀ ਦੀ ਸਵਾਰੀ ਦਾ ਕਾਰਨ ਇਹ ਦੱਸਿਆ ਜਾਂਦਾ ਹੈ ਕਿ ਘੋੜੀ 'ਔਰਤ' ਦਾ ਪ੍ਰਤੀਕ ਹੈ। ਮਰਦ ਦਾ ਘੋੜੀ ਤੇ ਸਵਾਰ ਹੋਣਾ ਇਸਤਰੀ ਉੱਤੇ ਹਾਵੀ ਹੋਣ ਦਾ ਪ੍ਰਤੀਕਾਤਮਕ ਪ੍ਰਗਟਾਵਾ ਹੈ। ਮਰਦਾਵੀਂ ਸ਼ਕਤੀ ਤੋਂ ਸੱਖਣਾ ਮਰਦ ਘੋੜੀ ਚੜ੍ਹਣ ਦੇ ਕਾਬਲ ਨਹੀਂ ਹੁੰਦਾ। 'ਉਹ ਦਿਨ ਡੁੱਬਾ, ਜਦ ਘੋੜੀ ਚੜਿਆ ਕੁੱਬਾ', ਇਹ ਅਖਾਣ ਅਕਸਰ ਬੋਲਿਆ ਜਾਂਦਾ ਰਿਹਾ ਹੈ।

- **ਮਿਲਣੀ ਦੀ ਰਸਮ**

ਮਿਲਣੀ ਦੀ ਰਸਮ ਇਕ ਤਰ੍ਹਾਂ ਨਾਲ ਲੋਕਾਂ ਅਤੇ ਬਰਾਦਰੀ ਸਾਹਮਣੇ ਆਪਸੀ ਜਾਣ-ਪਛਾਣ ਕਰਨ ਦੀ ਕਿਰਿਆ ਹੁੰਦੀ ਹੈ। ਇਸ ਰਸਮ ਉੱਤੇ ਕੁੜੀ ਵਾਲਿਆਂ ਵਲੋਂ ਮੁੰਡੇ ਦੇ ਨਜ਼ਦੀਕੀਆਂ ਨੂੰ ਕੰਬਲ, ਗਰਮ ਚਾਦਰਾਂ ਅਤੇ ਰੁਪਏ ਆਦਿ ਦਿੱਤੇ ਜਾਂਦੇ ਹਨ। ਗੱਲ ਵਿਚ ਹਾਰ ਪਾਏ ਜਾਂਦੇ ਹਨ ਅਤੇ ਦੋਵੇਂ ਧਿਰਾਂ ਗਲਵਕੜੀਆਂ ਪਾ ਕੇ ਮਿਲਦੀਆਂ ਹਨ। ਸਿੱਖ ਪਰਿਵਾਰਾਂ ਵਿਚ ਇਸ ਰਸਮ ਸਮੇਂ ਸ਼ਬਦ 'ਹਮ ਘਰ ਸਾਜਣ ਆਏ' ਉਚਾਰਿਆ ਜਾਂਦਾ ਹੈ।

- **ਲਾਵਾਂ ਤੇ ਫੇਰੇ**

ਪੰਜਾਬ ਦੇ ਹਿੰਦੂ ਪਰਿਵਾਰਾਂ ਵਿਚ ਵੇਦੀ ਦੇ ਫੇਰੇ ਹੁੰਦੇ ਹਨ ਅਤੇ ਸਿੱਖ ਪਰਿਵਾਰਾਂ ਵਿਚ ਗੁਰੂ ਗ੍ਰੰਥ ਸਾਹਿਬ ਤੋਂ ਲਾਵਾਂ ਪੜ੍ਹੀਆਂ ਜਾਂਦੀਆਂ ਹਨ। ਹਿੰਦੂ ਪਰਿਵਾਰਾਂ ਵਿਚ ਲਾਵਾਂ-ਫੇਰੇ ਲਈ ਅਗਨੀ ਬਾਲੀ ਜਾਂਦੀ ਹੈ ਅਤੇ ਨਾਲ-ਨਾਲ ਮੰਤਰ ਪੜ੍ਹੇ ਜਾਂਦੇ ਹਨ।ਮੁੰਡਾ-ਕੁੜੀ ਅਗਨੀ ਜਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਆਲੇ ਦੁਆਲੇ ਫੇਰੇ ਲੈਂਦੇ ਹਨ। ਮੁਸਲਿਮ ਸਮਾਜ ਵਿਚ ਕਾਜ਼ੀ ਦੀ ਮੌਜੂਦਗੀ 'ਚ ਨਿਕਾਹ ਪੜਾਇਆ ਜਾਂਦਾ ਹੈ ।

- **ਵਿਦਾਈ ਜਾਂ ਡੋਲੀ ਦੀ ਰਸਮ**

ਕੰਨਿਆ ਨੂੰ ਵਿਦਾ ਕਰਨ ਦਾ ਦ੍ਰਿਸ਼ ਬਹੁਤ ਹੀ ਭਾਵੁਕ ਹੁੰਦਾ ਹੈ। ਉਸ ਦੇ ਨਜ਼ਦੀਕੀ ਸਾਕ ਸੰਬੰਧੀਆਂ ਦੀਆਂ ਅੱਖਾਂ ਵਿਚ ਅਥਰੂ ਹੁੰਦੇ ਹਨ। ਇਹਨਾਂ ਵਿਚ ਖ਼ੁਸ਼ੀ ਦਾ ਰੰਗ ਵੀ ਹੁੰਦਾ ਹੈ ਅਤੇ ਗ਼ਮੀ ਦਾ ਵੀ। ਵਿਆਹ ਦੀ ਖੁਸ਼ੀ ਅਤੇ ਵਿਛੋੜੇ ਦਾ ਗ਼ਮ। ਇਸ ਮੌਕੇ ਪੰਜਾਬੀ ਲੋਕ ਗੀਤਾਂ

ਰਾਹੀਂ ਵਿਛੋੜੇ ਦੀ ਸਿੱਕ ਨੂੰ ਬਿਆਨ ਕੀਤਾ ਜਾਂਦਾ ਹੈ।ਜਿਵੇਂ:

**ਗਲੀਆਂ ਤਾਂ ਹੋਈਆਂ ਬਾਬਲ ਭੀੜੀਆਂ**
**ਮੈਨੂੰ ਅੰਗਣਾ ਹੋਇਆ ਪ੍ਰਦੇਸ।**
**ਸਾਂਭ ਬਾਬਲ ਘਰ ਆਪਣਾ,**
**ਧੀ ਚਲੀ ਵੇ ਬਿਗਾਨੇ ਦੇਸ।**

- **ਪਾਣੀ ਵਾਰਨਾ**

ਕਈ ਤਰ੍ਹਾਂ ਦੇ ਰੀਤੀ ਰਿਵਾਜ ਸਹੁਰੇ ਘਰ ਪਹੁੰਚਣ ਤੋਂ ਮਗਰੋਂ ਕੀਤੇ ਜਾਂਦੇ ਹਨ। ਕੁੜੀ ਦੀ ਸੱਸ ਸ਼ਗਨਾਂ ਭਰੀ ਥਾਲੀ ਲੈ ਕੇ ਉਸ ਦਾ ਮੂੰਹ ਮਿੱਠਾ ਕਰਾਉਂਦੀ ਹੈ ਅਤੇ ਦਲੀਜ਼ 'ਤੇ ਤੇਲ ਚੋ ਕੇ ਬਹੂ ਦੇ ਸਿਰ ਉੱਤੇ ਪਾਣੀ ਵਾਰ-ਵਾਰ ਕੇ ਪੀਂਦੀ ਹੈ। 'ਪਾਣੀ ਵਾਰਨਾ' ਲਾੜੀ ਦਾ ਸੁਆਗਤ ਹੈ, ਸ਼ੁੱਭ ਕਾਮਨਾ ਦਾ ਪ੍ਰਤੀਕ ਹੈ।

- **ਕੰਗਣਾ ਤੇ ਛਟੀਆਂ ਖੇਡਣ ਦੀ ਰਸਮ।**

ਸਹੁਰੇ ਘਰ ਆ ਕੇ ਨਵ-ਵਿਆਹੀ ਮੁਟਿਆਰ ਆਪਣੇ ਪਤੀ ਨਾਲ ਕੰਗਣਾ ਖੇਡਦੀ ਹੈ। ਪਰਾਤ ਵਿਚ ਚੌਲਾਂ ਤੇ ਹਲਦੀ ਨੂੰ ਪਾਣੀ ਵਿਚ ਘੋਲ ਲਿਆ ਜਾਂਦਾ ਹੈ। ਫਿਰ ਇਸ ਵਿਚ ਇਕ ਕੰਗਣ ਸੁੱਟ ਦਿੱਤਾ ਜਾਂਦਾ ਹੈ ਜਿਸ ਨੂੰ ਲਾੜਾ ਅਤੇ ਵਹੁਟੀ ਦੋਵੇਂ ਲੱਭਦੇ ਹਨ। ਜਿਸ ਦੇ ਹੱਥ ਕੰਗਣਾ ਆ ਜਾਵੇ ਉਸ ਨੂੰ ਜਿੱਤਿਆ ਗਿਆ ਮੰਨਿਆ ਜਾਂਦਾ ਹੈ। ਛੱਟੀਆਂ ਖੇਡਣ ਦੀ ਰਸਮ ਡੋਲੀ ਆਉਣ ਤੋਂ ਅਗਲੇ ਦਿਨ ਕੀਤੀ ਜਾਂਦੀ ਹੈ। ਜਠੇਰਿਆਂ ਜਾਂ ਸਨੀਆਂ ਦੀ ਪੂਜਾ ਪਿੱਛੋਂ ਵਹੁਟੀ ਤੇ ਲਾੜਾ ਇਕ ਦੂਜੇ ਨੂੰ ਸਤ-ਸਤ ਛੱਟੀਆਂ ਮਾਰਦੇ ਹਨ।

### 13.3.3 ਮੌਤ ਨਾਲ ਸੰਬੰਧਿਤ ਰਹੁ-ਰੀਤਾਂ

ਮੌਤ ਜੀਵਨ ਦੀ ਇਕ ਅਟੱਲ ਸੱਚਾਈ ਹੈ। ਜਿਹੜਾ ਜੀਵ ਜਨਮ ਲੈ ਕੇ ਇਸ ਸੰਸਾਰ ਅੰਦਰ ਆਇਆ ਹੈ, ਉਸ ਨੇ ਇਕ ਦਿਨ ਮਰਨਾ ਜ਼ਰੂਰੀ ਹੈ। ਸਿਆਣਿਆਂ ਨੇ ਇਸ ਸੰਸਾਰ ਨੂੰ ਇਕ ਸਰਾਂ ਨਾਲ ਉਪਮਾ ਦਿੱਤੀ ਹੈ, ਜਿਥੇ ਕੁਝ ਦਿਨ ਠਹਿਰ ਕੇ ਪ੍ਰਾਣੀ ਅਗਲੇ ਰਾਹ ਟੁਰ ਪੈਂਦਾ ਹੈ। ਮੌਤ ਨਾਲ ਸੰਬੰਧਿਤ ਰਸਮਾਂ ਵੀ ਮਾਹੌਲ ਤੇ ਲੋੜ ਅਨੁਸਾਰ ਹੀ ਸਿਰਜੀਆਂ ਗਈਆਂ ਹਨ। ਜਦੋਂ ਬਜ਼ੁਰਗ ਪ੍ਰਾਣ ਤਿਆਗਦੇ ਹਨ ਤਾਂ ਮੋਡਾ ਨਿਵਾਉਣਾ ਜਾਂ ਮੋਡਾ ਦੇਣ ਦੀ ਲੋੜ ਅਤੇ ਮਰਨ ਵਾਲੇ ਦੇ ਮੂੰਹ ਵਿਚ 'ਗੰਗਾ ਜਲ' ਪਾਉਣਾ ਸ਼ੁੱਭ ਮੰਨਿਆ ਜਾਂਦਾ ਹੈ। ਗੰਗਾ ਜਲ ਪਵਿੱਤਰਤਾ ਦਾ ਪ੍ਰਤੀਕ ਹੈ, ਕਾਇਆ ਸ਼ੁੱਧ ਹੋ ਜਾਵੇ ਤਾਂ ਉਸ ਨੂੰ ਅੱਗੇ ਰੁਕਾਵਟ ਪੈਦਾ ਨਹੀਂ ਹੁੰਦੀ। ਇਹ ਰਸਮ ਪੁੱਤਰ ਅਦਾ ਕਰਦਾ ਹੈ।

ਪ੍ਰਾਣ ਤਿਆਗਣ ਤੋਂ ਪਹਿਲਾਂ ਹੀ ਮ੍ਰਿਤਕ ਦੇਹ ਨੂੰ ਭੁੰਜੇ ਲਾਹ ਲਿਆ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਪੰਜ ਤੱਤਾਂ ਦਾ ਬਣਿਆ ਸਰੀਰ ਮੁੜ ਇਨ੍ਹਾਂ ਤੱਤਾਂ ਵਿਚ ਹੀ ਮਿਲ ਜਾਣਾ ਹੈ। ਇਸ ਲਈ ਇਸ ਨੂੰ ਧਰਤੀ ਮਾਂ ਦੀ ਵਿਸ਼ਾਲ ਗੋਦ ਵਿਚ ਲਿਟਾ ਦਿੱਤਾ ਜਾਂਦਾ ਹੈ। ਮ੍ਰਿਤਕ ਦੇਹ

ਦੀ ਨਾਈ ਧੋਈ ਕਰਵਾ ਕੇ ਉਸ ਦੀ ਉਮਰ ਅਤੇ ਲਾਲਸਾ ਅਨੁਸਾਰ ਬਸਤਰ ਪਹਿਨਾਏ ਜਾਂਦੇ ਹਨ ਤਾਂ ਜੋ ਕੋਈ ਅਧੂਰੀ ਰੀਝ ਮੁੜ ਆਤਮਾ ਨੂੰ ਪਰੇਸ਼ਾਨ ਨਾ ਕਰੇ।

ਇਸੇ ਤਰ੍ਹਾਂ ਬਹੁਤ ਸਾਰੀਆਂ ਰਸਮਾਂ ਨੇ ਜਿਹੜੀਆਂ ਮੌਤ ਤੋਂ ਬਾਅਦ ਨਿਭਾਈਆਂ ਜਾਂਦੀਆਂ ਹਨ ਜਿਸ ਤਰ੍ਹਾਂ ਕਿ:

- **ਵੈਣ ਪਾਉਣੇ**

ਮੌਤ ਪਿੱਛੋਂ ਵੈਣ ਪਾਉਣ ਦਾ ਰਿਵਾਜ਼ ਪੰਜਾਬ ਵਿਚ ਬਹੁਤ ਪੁਰਾਣਾ ਹੈ। ਘਰ ਦੀਆਂ ਔਰਤਾਂ ਲੰਮੇ-ਲੰਮੇ ਘੁੰਡ ਕੱਢ ਕੇ ਉਸ ਵੇਲੇ ਵੈਣ ਆਰੰਭ ਕਰ ਦਿੰਦੀਆਂ ਹਨ।ਉੱਚੇ 'ਸੁਰਾਂ' ਵਿਚ ਅਜਿਹੇ ਦਿਲ ਖਿੱਚਵੇਂ ਢੰਗ ਨਾਲ ਵੈਣ ਪਾਉਂਦੀਆਂ ਹਨ ਕਿ ਪੱਥਰ ਵੀ ਪਿਘਲ ਜਾਣ। ਇਸ ਦੀ ਇਕ ਉਦਾਹਰਣ ਇਸ ਪ੍ਰਕਾਰ ਹੈ:

**''ਕਿਥੇ ਤੁਰ ਗਿਓਂ ਪਾ ਕੇ ਲੰਮੀ ਜੁਦਾਈ ਵੇ।**
**ਮੇਰਿਆਂ ਦੇਸ਼ਾਂ ਦਿਆ ਰਾਜਿਆ ਬਾਬਲਾ।**
**ਬੁਢੜੇ ਵਾਰੇ ਤੈਨੂੰ ਟੁਰਨੀਆਂ ਪੈ ਗਈਆਂ ਲੰਮੀਆਂ ਵਾਟਾਂ**
**ਵੇ ਮੇਰਿਆ ਰਾਜਿਆ ਬਾਬਲਾ''**

ਇਉਂ ਹੀ ਧੀ ਦੇ ਸੰਸਾਰ ਛੱਡ ਜਾਣ ਤੋਂ ਉਪਰੰਤ ਪਾਈਆਂ ਜਾਣ ਵਾਲ਼ੀਆਂ ਅਲਾਹੁਣੀਆਂ ਵੱਖ ਵੱਖ ਹਨ। ਉਦਾਹਰਣ ਲਈ:

**ਤੈਨੂੰ ਕੀ ਹੋਇਆ ਕੀ ਹੋਇਆ,ਬੀਬੀ ਮੋਰਨੀਏ---**
**ਹਾਇਆ ਧੀਏ ਮੋਰਨੀਏ ਤੈਨੂੰ ਕੀ ਹੋਇਆ ਹੈਰਾਨ ਹਾਂ ਧੀਏ ਮੋਰਨੀਏ--**
**ਹਾਇਆ ਧੀਏ ਮੋਰਨੀਏ ਤੈਨੂੰ ਮਾਰੁ ਝੋਲਾ ਵੱਗਿਆ ਬੀਬੀ ਮੋਰਨੀਏ---**
**ਹਾਇਆ ਧੀਏ ਮੋਰਨੀਏ**

- **ਵੱਡਾ ਕਰਨ ਦੀ ਰਸਮ :**

ਜੇ ਕੋਈ ਬਜ਼ੁਰਗ ਆਪਣਾ ਜੀਵਨ ਵਧੀਆ ਅਤੇ ਅਨੰਦ ਮਈ ਢੰਗ ਨਾਲ ਬਤੀਤ ਕਰਕੇ ਪੋਤਰਿਆਂ, ਪੜਪੋਤਰਿਆਂ ਵਾਲਾ ਹੋਕੇ ਮਰੇ ਤਾਂ ਉਸ ਨੂੰ ਵੱਡਾ ਕੀਤਾ ਜਾਂਦਾ ਹੈ। ਉਸਦੀ ਅਰਥੀ ਸ਼ਿੰਗਾਰ ਕੇ ਕੱਢੀ ਜਾਂਦੀ ਹੈ। ਜਿਸਨੂੰ ਬਬਾਣ ਕਹਿੰਦੇ ਹਨ। ਸ਼ਮਸ਼ਾਨ ਵਿਚ ਚਿਤਾ ਤਿਆਰ ਕਰਕੇ, ਦੇਹ ਉਪਰ ਰੱਖੀ ਜਾਂਦੀ ਹੈ ਅਤੇ ਵੱਡੇ ਪੁਤਰ ਜਾਂ ਭਰਾ ਵਲੋਂ ਅੱਗ ਲਗਾਈ ਜਾਂਦੀ ਹੈ। ਔਰਤਾਂ ਦਾ ਚਿਖਾ ਨੂੰ ਅੱਗ ਲਾਉਣਾ ਵਰਜਿਤ ਹੈ।

- **ਕਪਾਲ ਕਿਰਿਆ**

ਚਿਖਾ ਨੂੰ ਲੱਗੀ ਤੇ ਭੜਕ ਰਹੀ ਅੱਗ, ਮੁਰਦੇ ਵਿਚ ਖੂਨ ਤੇ ਚਰਬੀ ਹੋਣ ਕਾਰਨ ਦੇਖਦਿਆਂ-ਦੇਖਦਿਆਂ ਮੱਘ ਜਾਂਦੀ ਹੈ। ਚਿਖਾ ਵਿਚੋਂ ਇਕ ਲੱਕੜੀ ਕੱਢ ਕੇ ਅਰਥੀ ਉੱਤੇ ਜ਼ਿੰਮੇਵਾਰੀ ਨਿਭਾਉਣ

ਵਾਲਾ ਬੰਦਾ ਜਲ ਰਹੇ ਮੁਰਦੇ ਦੇ ਸਿਰ 'ਤੇ ਮਾਰ-ਮਾਰ ਕੇ 'ਕਪਾਲ ਕਿਰਿਆ' ਕਰ ਦਿੰਦਾ ਹੈ। 'ਕਪਾਲ ਕਿਰਿਆ' ਕਰਨ ਮਗਰੋਂ ਸਮਝ ਲਿਆ ਜਾਂਣਾ ਹੈ ਕਿ ਹੁਣ ਮੁਰਦਾ ਪੂਰੀ ਤਰ੍ਹਾਂ ਮੱਚ ਗਿਆ ਹੈ। ਨਾਲ ਆਏ ਆਦਮੀ ਇਧਰੋਂ ਇਧਰੋਂ ਡੱਕੇ ਤੋੜ ਕੇ ਚਿਖਾ ਵਿਚ ਸੁੱਟ ਕੇ ਬਿਨਾਂ ਪਿੱਛੇ ਦੇਖਿਆਂ ਮੁੜ ਜਾਂਦੇ ਹਨ। ਡੱਕੇ ਤੋੜਨ ਦਾ ਭਾਵ ਹੈ—ਅੱਜ ਤੋਂ ਸਭਨਾਂ ਦਾ ਇਸ ਬੰਦੇ ਨਾਲੋਂ ਰਿਸ਼ਤਾ ਟੁੱਟ ਗਿਆ ਹੈ।

- **ਫੁੱਲ ਪਾਉਣ ਦੀ ਰਸਮ**

ਅੰਤਿਮ ਸੰਸਕਾਰ ਤੋਂ ਤਿੰਨ ਦਿਨ ਬਾਅਦ ਫੁੱਲ ਚੁਣੇ ਜਾਂਦੇ ਹਨ ਅਤੇ ਫਿਰ ਫੁੱਲ ਪਾਉਣ ਦੀ ਰਸਮ ਕੀਤੀ ਜਾਂਦੀ ਹੈ। ਜਿਸ ਵਿਚ ਮੁਰਦੇ ਦੀਆਂ ਅਸਥੀਆਂ ਨੂੰ ਇਕੱਠਾ ਕਰਕੇ ਕਿਸੇ ਧਾਰਮਿਕ ਸਥਾਨ ਤੇ ਜਾ ਕੇ ਜਲ ਪ੍ਰਵਾਹ ਕਰਨਾ ਹੁੰਦਾ ਹੈ।ਸਿੱਖ ਪਰਿਵਾਰਾਂ ਵਿਚ ਫੁੱਲ ਕੀਰਤਪੁਰ ਸਾਹਿਬ ਅਤੇ ਹਿੰਦੂ ਪਰਿਵਾਰਾਂ ਵਿਚ ਗੰਗਾ ਜਾ ਕੇ ਪ੍ਰਵਾਹੇ ਜਾਣ ਦਾ ਚਲਣ ਰਿਹਾ ਹੈ।ਮੁਸਲਮਾਨੀ ਸਮਾਜ ਵਿਚ ਇਸ ਰਸਮ ਦਾ ਕੋਈ ਮਹਤੱਵ ਨਹੀਂ ਹੈ ਕਿਉਂਕਿ ਮੁਸਲਮਾਨ ਮ੍ਰਿਤਕ ਦੇਹ ਨੂੰ ਅਗਣ ਭੇਂਟ ਕਰਨ ਦੀ ਥਾਂ ਦਫ਼ਨ ਕਰਦੇ ਹਨ। ਇਸਲਾਮੀ ਵਿਚਾਰ ਅਨੁਸਾਰ ਮ੍ਰਿਤਕ ਦੇਹ ਨੂੰ ਜਿੰਨੀ ਛੇਤੀ ਹੋ ਸਕੇ ਦਫਨ ਕਰ ਦੇਣਾ ਚਾਹੀਦਾ ਹੈ। ਇਸ ਲਈ ਬਹੁਤੀ ਵਾਰ ਦੂਰ ਦੇ ਰਿਸ਼ਤੇਦਾਰਾਂ ਤਕ ਨੂੰ ਵੀ ਨਹੀ ਉਡੀਕਿਆ ਜਾਂਦਾ।ਮੁਸਲਮਾਨ ਚਾਲ੍ਹੀ ਦਿਨ ਸੋਗ ਮਨਾਉਂਦੇ ਹਨ ਜਿਸ ਮਗਰੋਂ 'ਚਲੀਹੇ' ਦੀ ਰਸਮ ਅਦਾ ਕੀਤੀ ਜਾਂਦੀ ਹੈ।

- **ਦਸਵਾਂ, ਗਿਆਰਵਾਂ ਜਾ ਤੇਰਵਾਂ ਦੀ ਰਸਮ**

ਸੰਸਕਾਰ ਤੋਂ ਬਾਅਦ ਚੌਥੇ ਦੀ ਰਸਮ ਨਿਭਾਈ ਜਾਂਦੀ ਹੈ।ਇਸ ਦਿਨ ਘਰ ਪਰਿਵਾਰ ਤੇ ਸ਼ਰੀਕੇ ਦੇ ਲੋਕ ਇੱਕਠੇ ਹੋ ਕੇ ਕੇਸੀ ਇਸ਼ਨਾਨ ਕਰਦੇ ਹਨ।ਇਸ ਉਪਰੰਤ ਦਸਵੇਂ, ਗਿਆਰਵੇਂ ਜਾ ਤੇਰਵੇਂ ਦੀ ਰਸਮ ਅਦਾ ਕੀਤੀ ਜਾਂਦੀ ਹੈ।ਸਿੱਖਾਂ ਵਿਚ ਦਸਵੇਂ ਦਿਨ ਗੁਰੂਦੁਆਰੇ ਜਾ ਕੇ ਮ੍ਰਿਤਕ ਦੀ ਆਤਮਾ ਲਈ ਅੰਤਿਮ ਅਰਦਾਸ ਕੀਤੀ ਜਾਂਦੀ ਹੈ। ਜੇ ਕਰ ਕਿਸੇ ਬਜੁਰਗ ਦੀ ਮੌਤ ਹੋ ਗਈ ਹੋਵੇ ਤਾਂ ਘਰ ਦੇ ਵੱਡੇ ਪੁੱਤਰ ਨੂੰ ਪਗੜੀ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਹੈ। ਇਸ ਦਿਨ ਬਰਾਦਰੀ ਭਾਈਚਾਰੇ ਨੂੰ ਰੋਟੀ ਵੀ ਖੁਆਈ ਜਾਂਦੀ ਹੈ। ਹਿੰਦੂ ਪਰਿਵਾਰਾਂ ਵਿਚ ਉਠਾਲੇ ਦੀ ਰਸਮ ਕੀਤੀ ਜਾਂਦੀ ਹੈ ਜਿਸ ਵਿਚ ਮ੍ਰਿਤਕ ਦੀ ਆਤਮਕ ਸ਼ਾਂਤੀ ਲਈ ਗਾਇਤ੍ਰੀ ਮੰਤਰ ਦਾ ਉਚਾਰਣ ਕੀਤਾ ਜਾਂਦਾ ਹੈ।ਜਨਮ ਅਤੇ ਵਿਆਹ ਵਾਂਗ ਹੀ ਪੰਜਾਬ ਵਿਚ 'ਮਰਨ' ਨਾਲ ਸੰਬੰਧਿਤ ਬਹੁਤ ਸਾਰੀਆਂ ਰਸਮਾਂ ਪ੍ਰਚਲਿਤ ਹਨ ਜਿਨ੍ਹਾਂ ਦਾ ਮਨੋਰਥ ਅਗਲੇ ਲੋਕ ਨੂੰ ਜਾਂਦੇ ਪ੍ਰਾਣੀ ਦੀ ਸਹਾਇਤਾ ਕਰਨ ਜਾਂ ਉਸ ਦੇ ਪੱਥ ਨੂੰ ਸੁਖਾਵਾਂ ਬਣਾਉਣਾ ਹੈ।

## 13.4 ਨਿਸ਼ਕਰਸ਼

ਸੋ ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਇਹ ਸਾਰੇ ਰਸਮੋ-ਰਿਵਾਜ ਪੰਜਾਬੀ ਸੱਭਿਆਚਾਰ ਦੀ ਜਿੰਦ-ਜਾਨ ਹਨ, ਅੱਜ ਕੁਝ ਨੂੰ ਛੱਡ ਕੇ ਬਹੁਤੇ ਅਸਲੀ ਰੂਪ ਨਾਲੋਂ ਬਦਲ ਚੁੱਕੇ ਹਨ। ਅਜੋਕੇ ਸਮੇਂ ਅਸੀਂ ਪੈਸੇ ਪਿੱਛੇ ਭੱਜਦੇ-ਭੱਜਦੇ ਰੀਤੀ ਰਿਵਾਜਾਂ ਨਾਲੋਂ ਟੁੱਟ ਰਹੇ ਹਾਂ। ਇਹ

ਰੀਤੀ ਰਿਵਾਜ ਹੌਲੀ-ਹੌਲੀ ਸਾਡੇ ਵਿਰਸੇ ਵਿੱਚੋਂ ਲੋਪ ਹੋ ਰਹੇ ਹਨ। ਅੱਜ ਲੋੜ ਹੈ ਆਪਣੇ ਅਮੀਰ ਵਿਰਸੇ ਨੂੰ ਸੰਭਾਲਣ ਅਤੇ ਆਉਣ ਵਾਲੀ ਪੀੜ੍ਹੀ ਤੱਕ ਪਹੁੰਚਾਉਣ ਦੀ ਤਾਂ ਜੋ ਇਹ ਰਸਮੋ ਰਿਵਾਜ ਪੀੜ੍ਹੀਆਂ ਦਾ ਸਫਰ ਤੈਅ ਕਰ ਸਕਣ।

## 13.5 ਔਖੇ ਸ਼ਬਦਾਂ ਦੇ ਅਰਥ (Key Words)

**ਅਸਥੀਆਂ** - ਸੜ ਚੁਕੇ ਮ੍ਰਿਤਕ ਦੀਆਂ ਬੱਚੀਆਂ ਹੱਡੀਆਂ, ਦੇਹ- ਸਰੀਰ, ਬਾਬਲਾ- ਪਿਤਾ ਜਾਂ ਬਾਪ

**ਅੰਗਣਾ** - ਵਿਹੜਾ, ਨਾਰ-ਔਰਤ ਜਾਂ ਪਤਨੀ, ਕਨ੍ਹਈਆ- ਭਗਵਾਨ ਕ੍ਰਿਸ਼ਨ ਜੀ, ਸੰਸਕ੍ਰਿਤੀਆਂ - ਸਭਿਆਚਾਰ, ਤਜ਼ਰਬਾ- ਅਨੁਭਵ

## 13.6 Self-Assessment Questions (SAQ)

1. ਬੱਚੇ ਦੇ ਜੰਮਣ ਨਾਲ ਸੰਬੰਧਿਤ ਕਿਹੜੀਆਂ ਰਸਮਾਂ ਹਨ?
2. ਵਟਨੇ ਦੀ ਰਸਮ ਕੌਣ ਨਿਭਾਉਂਦਾ ਹੈ?
3. ਕਪਾਲ ਕਿਰਿਆ ਤੋਂ ਕੀ ਭਾਵ ਹੈ ?
4. 'ਵੱਡਾ ਕਰਨਾ' ਰਸਮ ਕਿਸ ਨਾਲ ਸਬੰਧਿਤ ਹੈ?
5. ਵਿਆਹ ਵਾਲੇ ਮੁੰਡੇ ਦੇ ਸਿਹਰਾ ਕੌਣ ਬੰਨਦਾ ਹੈ?

## 13.7 References


1. ਬਲਬੀਰ ਸਿੰਘ ਪੂੰਨੀ, ਲੋਕਧਾਰਾ ਅਧਿਐਨ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2001
2. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ, ਪਟਿਆਲਾ, 1986


## 13.8 Suggestive Learning

ਵਿਦਿਆਰਥੀ ਨੂੰ ਉਪਰੋਕਤ ਦਰਸ਼ਾਈਆਂ ਗਈਆਂ ਸਾਰੀਆਂ ਰਹੁ-ਰੀਤਾਂ ਸੰਬੰਧੀ ਵਿਸਤ੍ਰਿਤ ਜਾਣਕਾਰੀ ਪ੍ਰਾਪਤ ਕਰਨ ਲਈ ਪੰਜਾਬੀ ਲੋਕਧਾਰਾ ਨਾਲ ਸਬੰਧਿਤ ਵੱਖ- ਵੱਖ ਵਿਦਵਾਨਾਂ ਦੀਆਂ ਪੁਸਤਕਾਂ ਦਾ ਅਧਿਐਨ ਜ਼ਰੂਰ ਕਰਨਾ ਚਾਹੀਦਾ ਹੈ

# (ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ)

**Structure of The lesson**

14.1 ਉਦੇਸ਼ (Objective of the Lesson)

14.2 ਭੂਮਿਕਾ (Introduction)

14.3 ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ

14.4 ਪੰਜਾਬੀ ਲੋਕ ਸਾਹਿਤ ਦਾ ਵਰਗੀਕਰਣ

14.4.1 ਲੋਕ ਕਾਵਿ

14.4.2 ਲੋਕ ਕਹਾਣੀਆਂ

14.4.3 ਲੋਕ ਪ੍ਰਮਾਣ

14.5 ਨਿਸ਼ਕਰਸ਼ (Conclusion)

14.6 ਔਖੇ ਸ਼ਬਦਾਂ ਦੇ ਅਰਥ (Key Words)

14.7 Self-Assessment Questions (SAQ)

14.8 References

14.9 Suggestive Learning

## 14.1 ਉਦੇਸ਼ (Objective of the Lesson)

ਇਸ ਪਾਠ ਵਿਚ ਅਸੀਂ ਲੋਕਧਾਰਾ ਦੇ ਇਕ ਪ੍ਰਮੁੱਖ ਵਰਗ ਲੋਕ ਸਾਹਿਤ ਬਾਰੇ ਵਿਚਾਰ ਚਰਚਾ ਕਰਦੇ ਹੋਏ ਦੇਖਾਂਗੇ ਕਿ ਇਸ ਦੀ ਸਿਰਜਣਾ ਕਿਸ ਤਰ੍ਹਾਂ ਹੁੰਦੀ ਹੈ ਅਤੇ ਇਸ ਵਿਚ ਲੋਕ ਮਨ ਦੀ ਅਭਿਵਿਅਕਤੀ ਕਿਵੇਂ ਹੁੰਦੀ ਹੈ? ਇਸ ਦੇ ਨਾਲ-ਨਾਲ ਅਸੀਂ ਲੋਕ ਸਾਹਿਤ ਦਾ ਵਰਗੀਕਰਨ ਵੀ ਕਰਾਂਗੇ।

## 14.2 ਭੂਮਿਕਾ (Introduction)

ਲੋਕਧਾਰਾਈ ਵਰਤਾਰਿਆਂ ਵਿਚ ਲੋਕ ਸਾਹਿਤ ਸਭ ਤੋਂ ਵੱਧ ਮਹੱਤਾ ਰੱਖਣ ਵਾਲਾ ਵਰਤਾਰਾ ਹੈ। ਇਹ ਲੋਕ ਮਨ ਦੀ ਸਹਿਜ ਅਤੇ ਕਲਾਤਮਕ ਅਭਿਵਿਅਕਤੀ ਦਾ ਪ੍ਰਮੁੱਖ ਸਾਧਨ ਹੈ।ਲੋਕ ਸਾਹਿਤ ਉਦੋਂ ਤੋਂ ਹੀ ਹੋਂਦ ਵਿਚ ਆਇਆ ਜਦੋਂ ਤੋਂ ਮਨੁੱਖ ਨੇ ਭਾਸ਼ਾਈ ਪੱਧਰ 'ਤੇ ਵਿਚਰਨਾ ਸ਼ੁਰੂ ਕੀਤਾ। ਲੋਕ ਸਾਹਿਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ ਲੋਕ ਮਾਨਸ ਦੀ ਸਹਿਜ-ਸੁਭਾਵਿਕ ਅਭਿਵਿਅਕਤੀ ਹੈ, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿੱਚ ਹੋਇਆ ਹੁੰਦਾ ਹੈ।ਲੋਕ ਸਾਹਿਤ ਦੀ ਕਿਸੇ ਵੀ ਰਚਨਾ ਨਾਲ ਕਿਸੇ ਵੀ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ ਤੇ ਇਹ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ-ਪੀੜ੍ਹੀ ਅੱਗੇ ਚੱਲਦਾ ਰਹਿੰਦਾ ਹੈ।

## 14.3 ਲੋਕ ਸਾਹਿਤ ਦੀ ਸਿਰਜਣ ਪ੍ਰਕਿਰਿਆ

ਲੋਕ ਸਾਹਿਤ ਲੋਕ ਮਾਨਸਿਕਤਾ ਦੇ ਨੇੜੇ ਦੀਆਂ ਸੂਖ਼ਮ ਤੇ ਅਚੇਤ ਭਾਵਨਾਵਾਂ ਨੂੰ ਸਮਝਦਾ ਹੈ ਤੇ ਲੋਕ ਪ੍ਰਵਾਨਗੀ ਹਸਿਲ ਕਰਕੇ ਪੀੜ੍ਹੀ-ਦਰ-ਪੀੜ੍ਹੀ ਅੱਗੇ ਸੰਚਾਰਦਾ ਹੈ।ਲੋਕ ਸਾਹਿਤ ਦੀ ਕੋਈ ਰਚਨਾ, ਜੋ ਲੋਕ ਸਮੂਹ ਦੁਆਰਾ ਹੋਂਦ ਵਿੱਚ ਆਈ ਹੋਵੇ ਤੇ ਭਾਵੇਂ ਕਿਸੇ ਇੱਕ ਵਿਅਕਤੀ ਵਿਸ਼ੇਸ਼ ਦੀ ਕ੍ਰਿਤ ਹੋਵੇ, ਲੋਕ-ਮਾਨਸ ਦੇ ਸਮਾਨ ਤੱਤਾਂ ਨਾਲ ਯੁਕਤ ਹੋ ਕੇ 'ਲੋਕ' ਦੇ ਆਪਣੇ ਹੀ ਵਿਅਕਤਿਤਵ ਦੀ ਕ੍ਰਿਤ ਸਮਝੀ ਜਾਣ ਲੱਗ ਪੈਂਦੀ ਹੈ, ਇਸ ਤਰ੍ਹਾਂ ਲੋਕ ਜੀਵਨ ਦੀ ਅਮੁੱਕ ਬਾਣੀ ਦਾ ਜੀਉਂਦਾ ਖਜਾਨਾ ਆਉਣ ਵਾਲੀ ਪੀੜ੍ਹੀ ਦੇ ਮਨ੍ਹਾਂ ਵਿੱਚ ਅੱਜ ਵੀ ਅਨੰਤ ਰੂਪ ਵਿੱਚ ਸੁਰੱਖਿਅਤ ਚਲਿਆ ਆਉਂਦਾ ਹੈ।ਲੋਕ ਸਾਹਿਤ ਰਾਹੀਂ ਕਿਸੇ ਦੇਸ਼ ਦੀ ਨੁਹਾਰ ਪੂਰੀ ਤਰ੍ਹਾਂ ਦਿਸ ਪੈਂਦੀ ਹੈ।ਪੰਜਾਬੀ ਲੋਕ ਗੀਤਾਂ ਅਤੇ ਲੋਕ ਕਹਾਣੀਆਂ ਦੇ ਅਧਿਐਨ ਤੋਂ ਸਾਫ਼ ਪਤਾ ਲਗਦਾ ਹੈ ਕਿ ਇਨ੍ਹਾਂ ਦੀ ਸਮਾਜਕ, ਸਾਹਿਤਕ ਅਤੇ ਇਤਿਹਾਸਕ ਮਹਾਨਤਾ ਵੀ ਹੈ। ਦਵਿੰਦਰ ਸਤਿਆਰਥੀ ਲੋਕ ਸਾਹਿਤ ਨੂੰ ਮਨੁੱਖ ਦੇ ਹਮੇਸ਼ਾ ਜੀਊਂਦੇ ਰਹਿਣ ਦੀ ਚੇਤਨਤਾ ਦਾ ਜੀਊਂਦਾ ਜਾਗਦਾ ਸਬੂਤ ਦੱਸਦਾ ਹੈ। ਇੰਝ ਸਮੂਹਕ ਸਿਰਜਣਾ, ਲੋਕ ਰੂੜ੍ਹੀਆਂ, ਪਰੰਪਰਾਈ ਤੱਤ ਲੋਕ ਸਾਹਿਤ ਦੇ ਲੱਛਣ ਬਣ ਜਾਂਦੇ ਹਨ''।

ਲੋਕ ਸਾਹਿਤ ਦੇ ਆਰੰਭ ਬਾਰੇ ਲੋਕ ਸਾਹਿਤ ਸ਼ਾਸਤ੍ਰੀਆਂ ਵਿਚ ਕੋਈ ਇਕ ਰਾਏ ਨਹੀਂ ਅਤੇ ਨਾਂ ਹੀ ਇਸ ਸਿੱਟੇ ਤੇ ਪਹੁੰਚਿਆ ਜਾ ਸਕਿਆ ਹੈ ਕਿ ਆਖਿਰ ਉਹ ਕਿਹੜੇ ਕਾਰਨ ਸੀ ਜੋ ਲੋਕ ਸਾਹਿਤ ਦੇ ਮੁੱਢ ਬਝੱਣ ਵਿਚ ਪ੍ਰਮੁੱਖ ਸਨ।ਪਰ ਫਿਰ ਵੀ ਬਹੁਤੇ ਵਿਦਵਾਨਾਂ ਦਾ ਇਹ ਮੰਨਣਾ ਹੈ ਕਿ ਆਦਿ ਮਨੁੱਖ ਕੁਦਰਤ ਦੇ ਕਹਿਰ ਤੋਂ ਬਚਣ ਲਈ ਟੂਣੇ, ਟੋਟਕੇ, ਜੰਤਰ, ਮੰਤਰ, ਧਾਗੇ-ਤਵੀਜ਼ ਆਦਿ ਦੀ ਵਰਤੋਂ ਕਰਦਾ ਸੀ ਤਾਂ ਇਹ ਆਰੰਭਕ ਲੋਕ ਸਾਹਿਤ ਦੀ ਹੀ ਵੰਨਗੀ ਹੁੰਦੀ ਸੀ। ਜਦੋਂ ਉਹ ਕੁਦਰਤ ਦੇ ਉਸਾਰੂ ਪ੍ਰਭਾਵ ਨੂੰ ਖੁਸ਼ ਕਰਨ ਲਈ ਭਾਸ਼ਾ ਅਤੇ ਬੋਲ ਰਾਹੀਂ ਭੇਟਾ, ਸ਼ਬਦ, ਕੀਰਤਨ, ਆਰਤੀ ਜਾਂ ਅਰਦਾਸ ਵਰਗੀ ਕੋਈ ਚੀਜ਼ ਇਸਤੇਮਾਲ ਕਰਦਾ ਹੋਵੇਗਾ ਤਦ ਵੀ ਉਹ ਲੋਕ ਸਾਹਿਤ ਦੀ ਸਿਰਜਣਾ ਕਰ ਰਿਹਾ ਹੁੰਦਾ ਹੋਵੇਗਾ।ਇਸੇ ਲਈ ਵਿਦਵਾਨਾਂ ਦਾ ਇਹ ਮੱਤ ਹੈ ਕਿ ਲੋਕ ਸਾਹਿਤ ਦਾ ਆਰੰਭ ਜਾਂ ਅੰਤ ਨਿਸ਼ਚਿਤ ਕਰਨਾ ਸੰਭਵ ਨਹੀਂ ਹੈ ਅਤੇ ਨਾ ਹੀ ਲੋਕ ਸਾਹਿਤ ਨੂੰ ਕਿਸੇ ਵਿਅਕਤੀ ਵਿਸ਼ੇਸ਼ ਜਾਂ ਖਿੱਤੇ ਵਿਸ਼ੇਸ਼ ਤਕ ਸੀਮਿਤ ਕੀਤਾ ਜਾ

ਸਕਦਾ। ਲੋਕ ਸਾਹਿਤ ਕਿਸੇ ਘਟਨਾ ਦਾ ਜਾਂ ਕਾਰਜ ਦਾ ਫੌਰੀ ਨਤੀਜਾ ਜਾਂ ਪ੍ਰਤੀਕਰਮ ਨਹੀਂ ਹੁੰਦਾ ਸਗੋਂ ਲੋਕ ਸਾਹਿਤ ਦੀ ਰਚਨਾ ਤੇ ਇਸ ਦੀ ਪ੍ਰਵਾਨਗੀ ਲਈ ਮਾਨਵੀ ਜੀਵਨ ਦੀ ਪਰੰਪਰਾ ਦਾ ਲੰਬਾ ਇਤਿਹਾਸ ਕਾਰਜਸ਼ੀਲ ਹੁੰਦਾ ਹੈ। ਲੋਕ ਸਾਹਿਤ ਵਿਸ਼ਾਲ ਮਾਨਵੀ ਜੀਵਨ ਦੇ ਉਸ ਸ਼ਿਸ਼ੇ ਵਾਂਗ ਹੁੰਦਾ ਹੈ ਜਿਸ ਵਿਚੋਂ ਜੀਵਨ ਦੇ ਹਰ ਪਹਿਲੂ ਨੂੰ ਹੂਬਹੂ ਦੇਖਿਆ ਜਾ ਸਕਦਾ ਹੈ। ਇਸ ਦੀ ਸਿਰਜਣਾ ਵੀ ਮਾਨਵੀ ਜੀਵਨ ਨਾਲ ਸਬੰਧਿਤ ਅਲਗ-ਅਲਗ ਵਰਤਾਰਿਆਂ ਅਤੇ ਕਰਮਾਂ ਵਿਚੋਂ ਨਾਲੋ ਨਾਲ ਹੁੰਦੀ ਜਾਂਦੀ ਹੈ। ਹੇਠ ਲਿਖੇ ਹਿੱਸੇ ਵਿਚ ਅਸੀਂ ਲੋਕ ਸਾਹਿਤ ਦਾ ਵਰਗੀਕਰਣ ਕਰਦਿਆਂ ਇਹ ਦੇਖਾਂਗੇ ਕਿ ਕਿਵੇਂ ਮਾਨਵੀ ਜਿੰਦਗੀ ਦੇ ਭਾਂਤ- ਭਾਂਤ ਦੇ ਕੰਮਾਂ-ਕਾਜਾਂ ਵਿਚੋਂ ਲੋਕ ਸਾਹਿਤ ਸਹਿਜੇ ਹੀ ਸਿਰਜਿਆ ਜਾਂਦਾ ਹੈ।

## 14.4 ਪੰਜਾਬੀ ਲੋਕ ਸਾਹਿਤ ਦਾ ਵਰਗੀਕਰਣ

### 14.4.1 ਪੰਜਾਬੀ ਲੋਕ ਕਾਵਿ

ਲੋਕ ਕਾਵਿ ਕਿਸੇ ਵੀ ਸਭਿਆਚਾਰ ਦਾ ਉਹ ਧੁਰਾ ਹੁੰਦਾ ਹੈ, ਜਿਸ ਦੁਆਲੇ ਉਸ ਦੀ ਬੋਲੀ ਦਾ ਸਾਹਿਤ ਘੁੰਮਦਾ ਤੇ ਵਧਦਾ ਫੁਲਦਾ ਹੈ । ਇਸ ਵਿੱਚ ਲੋਕਾਂ ਦੇ ਦੁੱਖਾਂ-ਸੁੱਖਾਂ, ਤਾਂਘਾਂ, ਬੇਬਸੀਆਂ ਅਤੇ ਆਮ ਜੀਵਨ ਤੇ ਉਸਦੇ ਆਲੇ ਦੁਆਲੇ ਦਾ ਪ੍ਰਗਟਾਵਾ ਹੁੰਦਾ ਹੈ । ਪਿਛਲੇ ਸਮੇਂ ਲੋਕਾਂ ਨੇ ਜੋ ਕਾਵਿ-ਰਚਨਾ ਕੀਤੀ, ਉਸ ਵਿੱਚੋਂ ਜੋ ਲੋਕਾਂ ਦੇ ਮਨਾਂ ਵਿੱਚ ਲਹਿ ਗਈ ਉਹ ਲੋਕ ਕਾਵਿ ਬਣ ਗਈ ।ਅੱਜ ਦੀ ਕਾਵਿ-ਰਚਨਾ ਵਿੱਚੋਂ ਵੀ ਭਵਿੱਖ ਦਾ ਲੋਕ ਕਾਵਿ ਜਨਮ ਲਵੇਗਾ ।ਲੋਕ ਕਾਵਿ ਵਿਚ ਲੋਕਾਂ ਦੇ ਖਾਣ ਪੀਣ, ਪਹਿਨਣ, ਸਦਾਚਾਰ, ਟੈਬੂ, ਟੋਟਮ, ਹਾਰ ਸ਼ਿੰਗਾਰ, ਰਾਜਨੀਤੀ, ਦਰਸ਼ਨ ਭਾਵ ਕਿ ਹਰ ਉਹ ਮਾਨਸਿਕ ਸਿਰਜਣਾ ਸ਼ਾਮਿਲ ਹੋ ਜਾਂਦੀ ਹੈ ਜੋ ਸਭਿਆਚਾਰ ਦਾ ਅੰਗ ਹੈ। ਲੋਕ ਕਾਵਿ ਵਿਚ ਪੇਸ਼ਕਾਰੀ ਦਾ ਇਕ ਮਹੱਤਵਪੂਰਣ ਪੱਖ ਇਹ ਹੈ ਕਿ ਸਭਿਆਚਾਰ ਇਸ ਲੋਕ ਕਾਵਿ ਵਿਚ ਸੁਹਜ ਜਾਂ ਸੁੰਦਰਤਾ ਦੀ ਉਚੇਰੀ ਪੱਧਰ ਤੇ ਜਾ ਪਹੁੰਚਦਾ ਹੈ। ਇਥੇ ਖਾਣ, ਪੀਣ, ਪਹਿਨਣ ਆਦਿ ਦੀਆਂ ਵਸਤਾਂ, ਵਸਤਾਂ ਨਾ ਰਹਿ ਕੇ ਸੁਹਜਾਤਮਿਕ ਸਿਰਜਣਾਵਾਂ ਬਣ ਜਾਂਦੀਆਂ ਹਨ।

ਜੰਮਣ ਤੋਂ ਮੌਤ ਤਕ ਪੰਜਾਬ ਦੇ ਜੀਵਨ ਦਾ ਕੋਈ ਵੀ ਪੱਖ ਅਜਿਹਾ ਨਹੀਂ ਹੈ, ਜਿਸ ਸੰਬੰਧੀ ਲੋਕ ਗੀਤ ਉਪਲੱਬਧ ਨਾ ਹੋਵੇ। ਇਨ੍ਹਾਂ ਲੋਕ ਗੀਤਾ ਦੀ ਵਿਸ਼ਾਲ ਭਾਵਨਾ ਨੂੰ ਮੁੱਖ ਰੱਖਕੇ ਇਹ ਧਾਰਨਾ ਆਮ ਪ੍ਰਚਲਿਤ ਹੈ ਕਿ ਪੰਜਾਬੀ ਗੀਤਾਂ ਵਿੱਚ ਜੰਮਦਾ ਹੈ: ਲੋਰੀਆਂ, ਥਾਲਾਂ, ਧਮਾਲਾਂ ਵਿੱਚ ਇਸ ਦਾ ਪਾਲਣ ਪੋਸ਼ਣ ਹੁੰਦਾ ਹੈ: ਘੋੜੀਆਂ, ਸੁਹਾਗਾਂ, ਸਿੱਠਣੀਆਂ ਛੰਦਾਂ ਅਤੇ ਗਿੱਧਿਆਂ ਵਿੱਚ ਵਿਆਹਿਆ ਜਾਂਦਾ ਹੈ: ਅਤੇ ਇਸ ਦਾ ਅੰਤਿਮ ਸੰਸਕਾਰ ਵੀ ਆਲਹੁਣੀਆਂ ਤੇ ਕੀਰਨਿਆਂ ਦੇ ਰੂਪ ਵਿੱਚ ਗੀਤਾਂ ਰਾਹੀਂ ਹੀ ਹੁੰਦਾ ਹੈ। ਬਹੁਤ ਸਾਰ ਗੀਤ ਅਜਿਹੇਸ਼ ਵੀ ਹਨ ਜਿਹੜੇ ਨਿਤਾ ਪ੍ਰਤਿ ਦੇ ਕਾਰ-ਵਿਹਾਰ ਦਿਨ-ਦਿਹਾਰ, ਹਾਰ ਸ਼ਿੰਗਾਰ, ਮਿਲਾਪ, ਵਿਛੋੜਾ, ਦੁੱਖ-ਸੁੱਖ, ਆਨੰਦ ਨਾਲ ਸੰਬੰਧਿਤ ਹਨ। ਰੁੱਤਾਂ, ਮੇਲਿਆਂ, ਪਸ਼ੂ ਪੰਛੀਆਂ ਅਤੇ ਰੁੱਖਾਂ ਆਦਿ ਬਾਰੇ ਵੀ ਗੀਤ ਮਿਲਦੇ ਮਿਲੇ ਹਨ। ਪ੍ਰੀਤ ਕਹਾਣੀਆਂ ਅਤੇ ਸੂਰਮਗਤੀ ਦੇ ਪ੍ਰਸੰਗ ਵਿੱਚ ਗੀਤ ਮਿਲਦੇ ਹਨ। ਪ੍ਰੇਮ ਭਾਵਨਾ ਨੂੰ ਪ੍ਰਗਟਾਉਣ ਵਾਲਾ ਗੀਤ ਆਦਿ।

ਪੰਜਾਬੀ ਵਿੱਚ ਕਿੰਨੀਆਂ ਹੀ ਵੰਨਗੀਆਂ ਦਾ ਲੋਕ-ਕਾਵਿ ਮਿਲਦਾ ਹੈ । ਜਿਸ ਵਿੱਚ ਲੋਕ ਗੀਤ, ਘੋੜੀਆਂ, ਸੁਹਾਗ, ਲੋਰੀਆਂ, ਕਿੱਕਲੀ, ਥਾਲ, ਲੋਰੀ, ਢੋਲੇ, ਮਾਹੀਆ, ਬੋਲੀਆਂ, ਟੱਪੇ ਆਦਿ ਸ਼ਾਮਿਲ ਹਨ ।ਇਨ੍ਹਾਂ ਵਿਚੋਂ ਕੁਝ ਕੁ ਬਾਰੇ ਜਾਣਕਾਰੀ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹੈ:

- **ਲੋਰੀਆਂ**

ਲੋਰੀ ਨੂੰ ਮਨੁੱਖ ਦਾ ਪਹਿਲਾ ਲੋਕ ਗੀਤ ਹੋਣ ਦਾ ਮਾਣ ਪ੍ਰਾਪਤ ਹੈ । ਬੱਚੇ ਨੂੰ ਦੁੱਧ ਪਿਆਉਣ ਵੇਲੇ, ਖਿਡਾਉਂਦਿਆਂ ਹੋਇਆਂ, ਨਹਾਉਂਦਿਆਂ ਹੋਇਆਂ, ਰੋਂਦੇ ਨੂੰ ਹਸਾਉਣ ਲਈ ਤੇ ਸੁਲਾਉਣ ਸਮੇਂ ਲੋਰੀਆਂ ਗਾਈਆਂ ਜਾਂਦੀਆਂ ਹਨ।ਇਹ ਛੋਟੀ ਉਮਰ ਦੇ ਬੱਚਿਆਂ ਨੂੰ ਸੰਗੀਤਮਈ ਤੇ ਲੈਅ ਬੱਧ ਢੰਗ ਨਾਲ ਸੁਣਾਈਆਂ ਜਾਂਦੀਆਂ ਹਨ।ਲੋਰੀ ਸ਼ਬਦ ਨੂੰ ਮਾਂ, ਦਾਦੀ, ਨਾਨੀ, ਭੈਣ, ਤਾਈ, ਚਾਚੀ, ਮਾਸੀ ਅਤੇ ਭੁਆ ਜਾਂ ਹੋਰ ਨੇੜਲੇ ਸਕੇ-ਸਬੰਧੀਆਂ ਅਤੇ ਪੇਸ਼ੇਵਰ ਔਰਤਾਂ ਨਾਲ ਜੋੜਿਆ ਜਾਂਦਾ ਹੈ । ਹਰ ਲੋਰੀ ਵਿੱਚੋਂ ਸ਼ਹਿਦ ਦੀ ਮਿਠਾਸ ਅਤੇ ਰਾਤ ਰਾਣੀ ਦੀ ਮਹਿਕ ਤੇ ਨਿਰਛਲ ਪਿਆਰ ਡੁਲ੍ਹ ਡੁਲ੍ਹ ਪੈਂਦਾ ਹੈ ।

**ਲੋਰੀ ਲੱਕੜੇ, ਊਂ...ਊਂ...**
**ਤੇਰੀ ਮਾਂ ਸਦੱਕੜੇ, ਊਂ...ਊਂ...**

**ਲੋਰ ਮਲੋਰੀ, ਦੁੱਧ-ਕਟੋਰੀ,**
**ਪੀ ਲੈ ਨਿੱਕਿਆ, ਲੋਕਾਂ ਤੋਂ ਚੋਰੀ।**
**ਲੋਰੀ ਲੱਕੜੇ, ਊਂ...ਊਂ...**
**ਮੇਰੀ ਜਾਨ ਸਦੱਕੜੇ, ਊਂ...ਊਂ...**

**ਲੋਰੀ ਦੇਨੀਂ ਆਂ, ਚੜ੍ਹ ਕੇ ਚੁਬਾਰੇ,**
**ਨਿੱਕੇ ਦੀ ਮਾਂ ਪਈ ਰਾਜ ਗੁਜ਼ਾਰੇ।**
**ਲੋਰੀ ਲੱਕੜੇ, ਊਂ...ਊਂ...**
**ਮੇਰੀ ਜਾਨ ਸਦੱਕੜੇ, ਊਂ...ਊਂ...**

- **ਕਿੱਕਲੀ**

ਕਿੱਕਲੀ ਪੰਜਾਬੀ ਕੁੜੀਆਂ ਦੀ ਲੋਕ ਖੇਡ ਵੀ ਹੈ ਤੇ ਲੋਕ ਨਾਚ ਵੀ ਹੈ। ਰੋੜੇ ਖੇਡਦਿਆਂ ਨਿਕੇ ਵੀਰਾਂ, ਭੈਣਾਂ ਨੂੰ ਖਿਡਾਉਂਦੀਆਂ ਅਤੇ ਗੁੱਡੇ ਗੁੱਡੀਆਂ ਦੇ ਕਾਜ ਰਚਾਉਂਦੀਆਂ ਹੋਈਆਂ ਕੁੜੀਆਂ ਦਾ ਮਨ ਜਦੋਂ ਹੁਲਾਰਾ ਖਾ ਕੇ ਮਸਤੀ ਦੇ ਵੇਗ ਵਿਚ ਆਉਂਦਾ ਹੈ ਤਾਂ ਉਹ ਜੋਟੇ ਬਣਾ ਕੇ ਇਕ-ਦੂਜੇ ਦੇ ਹੱਥਾਂ ਨੂੰ ਕੰਘੀਆਂ ਪਾ ਕੇ ਘੁੰਮਣ ਲਗ ਜਾਂਦੀਆਂ ਹਨ। ਕਿਉਂਕਿ ਬੱਚਿਆਂ ਨੂੰ ਹੁਟੇ ਲੈਣ ਵਿਚ ਖਾਸ ਆਨੰਦ ਆਉਂਦਾ ਹੈ ਜਿਸ ਕਰਕੇ ਉਹ ਲਾਟੂ ਚਲਾਉਂਦੇ, ਭੰਬੀਰੀਆਂ ਘੁਮਾਉਂਦੇ, ਚਕਰ ਚੂੰਡੇ ਤੇ ਚੰਡੋਲ ਝੂਟਦੇ ਹਨ। ਗੇੜ ਦੀ ਰਫ਼ਤਾਰ ਨਾਲ ਉਹ ਕਿੱਕਲੀ ਦੇ ਗੀਤ ਵੀ ਗਾਉਂਦੀਆਂ ਹਨ।-

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿਟੇ ਮੂੰਹ ਜਵਾਈ ਦਾ।

- **ਥਾਲ**

ਥਾਲ ਪੰਜਾਬੀ ਕੁੜੀਆਂ ਦੀ ਹਰਮਨ ਪਿਆਰੀ ਲੋਕ ਖੇਡ ਹੈ। ਥਾਲ ਖੇਡ ਲੀਰਾਂ ਤੇ ਧਾਗਿਆਂ ਨਾਲ ਬਣੀ ਖਿਦੋ ਜਾਂ ਖੇਹਨੂੰ ਨਾਲ ਖੇਡੀ ਜਾਂਦੀ ਹੈ। ਇਹ ਖੇਡ ਲਈ ਕੁੜੀਆਂ ਰਲ ਕੇ ਖੇਡਦੀਆਂ ਹਨ। ਇਸ ਖੇਡ ਵਿੱਚ ਇੱਕ ਕੁੜੀ ਇੱਕ ਹੱਥ ਨਾਲ ਖਿਦੋ ਨੂੰ ਹਵਾ ਵਿੱਚ ਉਛਾਲਦੀ ਹੈ ਤੇ ਫਿਰ ਸੱਜੇ ਹੱਥ ਦੀ ਤਲੀ ਤੇ ਬੋਚ ਕੇ ਉਸਨੂੰ ਇਕਹਿਰੇ ਤਾਲ ਨਾਲ ਆਪਣੀ ਤਲੀ ਤੇ ਵਾਰ-ਵਾਰ ਬੜ੍ਹਕਾਉਂਦੀ ਹੋਈ ਨਾਲੋਂ ਨਾਲ ਇਸੇ ਤਾਲ ਨਾਲ ਥਾਲ ਦੇ ਬੋਲ ਬੋਲਦੀ ਹੈ। ਜਦੋਂ ਇਕ ਥਾਲ ਮੁੱਕ ਜਾਂਦਾ ਹੈ ਤਾਂ ਦੂਜਾ ਥਾਲ ਸ਼ੁਰੂ ਹੋ ਜਾਂਦਾ ਹੈ। ਜਿਥੇ ਵੀ ਖਿੱਦੋ ਡਿਗ ਪਵੇ ਉਥੇ ਹੀ ਖੇਡਣ ਵਾਲੀ ਕੁੜੀ ਦੀ ਹਾਰ ਹੋ ਜਾਂਦੀ ਹੈ ਅਤੇ ਅਗਲੀਆਂ ਕੁੜੀਆਂ ਥਾਲ ਪਾਉਣੇ ਆਰੰਭ ਕਰ ਦਿੰਦੀਆਂ ਹਨ। ਜਿਸ ਕੁੜੀ ਨੇ ਸਭ ਤੋਂ ਵੱਧ ਥਾਲ ਪਾਏ ਹੋਣ ਉਸਨੂੰ ਜੇਤੂ ਮੰਨਿਆ ਜਾਂਦਾ ਹੈ।

**ਮਾਂ ਮਾਂ ਗੁੱਤ ਕਰ, ਧੀਏ ਭੈਣੇ ਚੁੱਪ ਕਰ**
**ਮਾਂ ਮਾਂ ਵਿਆਹ ਕਰ, ਧੀਏ ਭੈਣੇ ਰਾਹ ਕਰ**
**ਮਾਂ ਮਾਂ ਜੰਵਆਈ, ਧੀਏ ਭੈਣੇ ਕਿੱਥੇ ਆਈ**
**ਆਈ ਪਿੱਪਲ ਦੇ ਹੇਠ, ਨਾਲੇ ਸਹੁਰਾ ਨਾਲੇ ਜੇਠ**
**ਨਾਲੇ ਮਾਂ ਦਾ ਜਵਾਈ, ਖਾਂਦਾ ਲੁੱਚੀ ਤੇ ਕੜ੍ਹਾਈ**
**ਸਉਂਦਾ ਲੇਫ਼ ਤੇ ਤਲਾਈ, ਪੀਂਦਾ ਦੁੱਧ ਤੇ ਮਲਾਈ**
**ਭੈੜਾ ਰੁੱਸ ਰੁੱਸ ਜਾਂਦਾ, ਸਾਨੂੰ ਸ਼ਰਮ ਪਿਆ ਦਵਾਂਦਾ**
**ਆਲ ਮਾਲ ਥਾਲ ਹੋਇਆ ਬੀਬੀ ਪੂਰਾ ਥਾਲ**

- **ਘੋੜੀਆਂ**

ਵਿਆਹ ਦੇ ਦਿਨੀਂ ਮੁੰਡੇ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਣ ਵਾਲੇ ਲੋਕ-ਗੀਤਾਂ ਨੂੰ ਘੋੜੀਆਂ ਕਹਿੰਦੇ ਹਨ। ਇਨ੍ਹਾਂ ਵਿੱਚ ਮੁੰਡੇ ਦੀ ਮਾਂ, ਭੈਣ ਤੇ ਹੋਰ ਨਜ਼ਦੀਕੀ ਰਿਸ਼ਤੇ ਦੀਆਂ ਇਸਤਰੀਆਂ ਮੁੰਡੇ ਦੇ ਖ਼ਾਨਦਾਨ ਦੀ ਵਡਿਆਈ ਤੇ ਵਿਆਹ ਦੇ ਰੂਪ ਵਿੱਚ ਇਸ ਖ਼ਾਨਦਾਨ ਦੀ ਸ਼ਾਨ ਦਾ ਵਰਨਣ ਕਰਦੀਆਂ ਹਨ। ਮੁੰਡੇ ਨਾਲ ਉਸ ਦੇ ਮਾਪਿਆਂ ਤੇ ਸਾਕ-ਸੰਬੰਧੀਆਂ ਦੇ ਮੋਹ ਦਾ ਰਿਸ਼ਤਾ ਤੇ ਲਾਡ-ਪਿਆਰ ਦੱਸਿਆ ਹੁੰਦਾ ਹੈ ਅਤੇ ਉਸ ਦੇ ਭਵਿੱਖ ਬਾਰੇ ਸ਼ੁਭ-ਕਾਮਨਾਵਾਂ ਪ੍ਰਗਟ ਕੀਤੀਆਂ ਹੁੰਦੀਆਂ ਹਨ। ਘੋੜੀਆਂ ਨੂੰ ਇਸਤਰੀਆਂ ਰਲ ਕੇ ਗਾਉਂਦੀਆਂ ਹਨ ਅਤੇ ਲੋੜ ਮੁਤਾਬਕ ਇਹਨਾਂ ਵਿੱਚੋਂ ਸ਼ਬਦਾਂ ਅਤੇ ਵਾਕੰਸ਼ਾਂ ਵਿੱਚ ਵਾਧੇ ਘਾਟੇ ਹੁੰਦੇ ਰਹਿੰਦੇ ਹਨ। ਬਾਕੀ ਲੋਕ-ਗੀਤਾਂ ਵਾਂਗ ਘੋੜੀਆਂ ਵੀ ਹਰ ਇਲਾਕੇ ਦੀ ਆਪਣੀ ਬੋਲੀ ਵਿੱਚ ਹੁੰਦੀਆਂ ਹਨ ਅਤੇ

ਬਣਤਰ ਪੱਖੋਂ ਸਰਲ ਹੁੰਦੀਆਂ ਹਨ । ਇਨ੍ਹਾਂ ਵਿਚ ਦੁਹਰਾ, ਪ੍ਰਕਿਰਤਿਕ ਛੋਹਾਂ, ਲੈਅ ਅਤੇ ਰਵਾਨੀ ਹੁੰਦੀ ਹੈ।ਹੇਠ ਲਿਖੀ ਉਦਾਹਰਨ ਇਸ ਪ੍ਰਕਾਰ ਹੈ:

**ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ,**
**ਚਾਂਦੀ ਦੇ ਪੈਂਖੜ ਪਾਏ ਰਾਮਾ,**
**ਬਾਬਾ ਵਿਆਹੁਣ ਪੋਤੇ ਨੂੰ ਚੱਲਿਆ,**
**ਲੱਠੇ ਨੇ ਖੜ-ਖੜ ਲਾਈ ਰਾਮਾ।**

**ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ,**
**ਚਾਂਦੀ ਦੇ ਪੈਂਖੜ ਪਾਏ ਰਾਮਾ,**
**ਬਾਬਲ ਵਿਆਹੁਣ ਪੁੱਤ ਨੂੰ ਚੱਲਿਆ,**
**ਦੰਮਾਂ ਨੇ ਛਣ-ਛਣ ਲਾਈ ਰਾਮਾ।**

**ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ,**
**ਚਾਂਦੀ ਦੇ ਪੈਂਖੜ ਪਾਏ ਰਾਮਾ,**
**ਮਾਮਾ ਵਿਆਹੁਣ ਭਾਣਜੇ ਨੂੰ ਚੱਲਿਆ,**
**ਛਾਪਾਂ ਨੇ ਲਿਸ-ਲਿਸ ਲਾਈ ਰਾਮਾ।**

**ਸੋਨੇ ਦੀ ਘੋੜੀ ਤੇ ਰੇਸ਼ਮ ਡੋਰਾਂ,**
**ਚਾਂਦੀ ਦੇ ਪੈਂਖੜ ਪਾਏ ਰਾਮਾ,**
**ਚਾਚਾ ਵਿਆਹੁਣ ਭਤੀਜੇ ਨੂੰ ਚੱਲਿਆ,**
**ਰਥਾਂ, ਗੱਡੀਆਂ ਨੇ ਖੜ-ਖੜ ਲਾਈ ਰਾਮਾ।**

- **ਸੁਹਾਗ**

ਵਿਆਹ ਦੇ ਦਿਨਾਂ ਵਿੱਚ ਕੁੜੀ ਦੇ ਘਰ ਇਸਤਰੀਆਂ ਵੱਲੋਂ ਗਾਏ ਜਾਂਦੇ ਲੋਕ-ਗੀਤਾਂ ਨੂੰ ਸੁਹਾਗ ਕਹਿੰਦੇ ਹਨ। ਇਹ ਲੋਕ-ਗੀਤ ਵਿਆਹੀ ਜਾਣ ਵਾਲੀ ਕੁੜੀ ਦੇ ਮਨੋਭਾਵਾਂ, ਵਿਆਹ ਦੀ ਕਾਮਨਾ, ਸੋਹਣੇ ਵਰ ਅਤੇ ਚੰਗੇ ਘਰ ਦੀ ਲੋਚਾ, ਪੇਕੇ ਅਤੇ ਸਹੁਰੇ ਘਰ ਨਾਲ ਇੱਕ-ਰਸ ਵਿਆਹੁਤਾ ਜ਼ਿੰਦਗੀ ਦੀ ਕਲਪਨਾ, ਮਾਪਿਆਂ ਦਾ ਘਰ ਛੱਡੇ ਜਾਣ ਦਾ ਉਦਰੇਵਾਂ ਅਤੇ ਸੱਭਿਆਚਾਰਿਕ ਪ੍ਰਭਾਵਾਂ ਹੇਠ ਬੁਣੇ ਸੁਪਨਿਆਂ ਆਦਿ ਦੇ ਪ੍ਰਗਟਾ ਹੁੰਦੇ ਹਨ। ਸੁਹਾਗ ਕੁੜੀਆਂ ਅਤੇ ਇਸਤਰੀਆਂ ਰਲ ਕੇ ਗਾਉਂਦੀਆਂ ਹਨ। ਗਾਉਣ ਦੀਆਂ ਲੋੜਾਂ ਅਨੁਸਾਰ ਇਹਨਾਂ ਵਿੱਚ ਸ਼ਬਦਾਂ, ਵਾਕੰਸ਼ਾਂ ਜਾਂ ਵਾਕਾਂ ਦਾ ਦੁਹਰਾਉ ਹੁੰਦਾ ਹੈ। ਇਲਾਕੇ ਅਨੁਸਾਰ ਸ਼ਬਦਾਂ ਦਾ ਰੂਪ ਕੁਝ ਬਦਲ ਜਾਂਦਾ ਹੈ ।ਸੁਹਾਗ ਭਾਵ ਅਤੇ ਬਣਤਰ ਪੱਖੋਂ ਸਰਲ ਹੁੰਦੇ ਹਨ। ਇਨ੍ਹਾਂ ਵਿਚ ਦੁਹਰਾ, ਪ੍ਰਕਿਰਤਿਕ ਛੋਹਾਂ, ਲੈਅ ਅਤੇ ਰਵਾਨੀ ਹੁੰਦੀ ਹੈ।ਉਦਾਹਰਨ ਇਸ ਪ੍ਰਕਾਰ ਹੈ:

**ਸਾਡਾ ਚਿੜੀਆਂ ਦਾ ਚੰਬਾ ਵੇ,**
**ਬਾਬਲ ਅਸਾਂ ਉੱਡ ਵੇ ਜਾਣਾ ।**

ਸਾਡੀ ਲੰਮੀ ਉਡਾਰੀ ਵੇ,
ਬਾਬਲ ਕਿਹੜੇ ਦੇਸ ਵੇ ਜਾਣਾ ।

ਤੇਰੇ ਮਹਿਲਾਂ ਦੇ ਵਿੱਚ ਵਿੱਚ ਵੇ,
ਬਾਬਲ ਡੋਲਾ ਨਹੀਂ ਲੰਘਦਾ ।
ਇੱਕ ਇੱਟ ਪੁਟਾ ਦੇਵਾਂ,
ਧੀਏ ਘਰ ਜਾ ਆਪਣੇ ।

ਤੇਰੇ ਬਾਗ਼ਾਂ ਦੇ ਵਿੱਚ ਵਿੱਚ ਵੇ,
ਬਾਬਲ ਗੁੱਡੀਆਂ ਕੌਣ ਖੇਡੇ ?
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾ ਆਪਣੇ ।

- **ਸਿੱਠਣੀਆਂ**

ਗਾਲੀ ਗਲੋਚ ਤੇ ਮਖੋਲ ਦੇ ਗੀਤਾਂ ਨੂੰ ਸਿੱਠਣੀਆਂ ਆਖਦੇ ਹਨ। ਸਿੱਠ ਦਾ ਅਰਥ ਮਸ਼ਕਰੀ ਜਾਂ ਮਖੌਲ ਹੁੰਦਾ ਹੈ। ਜਿਹੜਾ ਕਾਵਿ ਦੂਜੀ ਧਿਰ ਨੂੰ ਠਿੱਠ ਕਰਨ ਲਈ ਪ੍ਰਯੋਗ ਹੁੰਦਾ ਹੈ। ਉਸ ਨੂੰ ਸਿਠਣੀ ਕਿਹਾ ਜਾਂਦਾ ਹੈ। ਇਸ ਵਿਚ ਤਾਹਨੇ ਮਿਹਣੇ ਤੇ ਭੰਡੀ ਆਦਿ ਮੁਖ ਰੂਪ ਵਿਚ ਪ੍ਰਯੋਗ ਹੁੰਦੇ ਹਨ। ਨਾਨਕੇ, ਦਾਦਕਿਆਂ ਆਦਿ ਵਿਆਹ ਸ਼ਾਦੀਆਂ ਵਿਚ ਇਕ ਦੂਸਰੇ ਨੂੰ ਸਿਠਣੀਆਂ ਦੇਂਦੇ ਹਨ।

ਖਾਧੇ ਸੀ ਲੱਡੂ, ਜੰਮੇ ਸੀ ਡੱਡੂ,
ਡੱਡੂ ਖਿਡਾਵਣ ਗਈਆਂ ਨੀ, ਤੇਰੀਆਂ ਦਾਦਕੀਆਂ।

- **ਅਲਾਹੁਣੀ**

ਅਲਾਹੁਣੀ ਸਲਾਹੁਤ ਜਾਂ ਉਸਤਤਿ ਦਾ ਗੀਤ ਹੁੰਦਾ ਹੈ।ਉਹ ਗੀਤ ਜਿਸ ਵਿਚ ਕਿਸੇ ਮ੍ਰਿਤਕ ਦੇ ਗੁਣ ਗਾਏ ਜਾਣ।

ਵੇ ਤੂੰ ਕਾਹਨੂੰ ਮੋਇਓਂ
ਹਾਇਆ ਵੇ ਤੂੰ ਕਾਹਨੂੰ ਮੋਇਓਂ
ਸੁੰਦਰ ਸ਼ੈਲ ਜਵਾਨਾ ਤੂੰ ਕਾਹਨੂੰ ਮੋਇਓਂ

- **ਬੋਲੀਆਂ**

ਬੋਲੀ ਵੀ ਲੋਕ ਕਾਵਿ ਦਾ ਇਕ ਲੋਕਪ੍ਰਿਯ ਰੂਪ ਹੈ। ਬੋਲੀ ਤਿੰਨ ਕਿਸਮਾਂ ਵਿਚ ਪ੍ਰਾਪਤ ਹੁੰਦੀ ਹੈ: ਲੰਬੀ ਬੋਲੀ, ਨਿੱਕੀ ਬੋਲੀ ਅਤੇ ਦੋ-ਤੁਕੀ ਬੋਲੀ।

ਅੱਧੀ ਤੇਰੀ ਆਂ ਮੁਲਾਹਜ਼ੇਦਾਰਾ

**ਅੱਧੀ ਆਂ ਗਰੀਬ ਜੱਟ ਦੀ।**

**ਜਾਂ**

**ਰੂਹ ਲੈ ਗਿਆ ਦਿਲਾਂ ਦਾ ਜਾਨੀ**
**ਹੱਡ ਸਾਨੂੰ ਚੁੱਕਣੇ ਪਏ।**

- **ਟੱਪੇ**

ਟੱਪੇ, ਗੀਤ ਨੁਮਾ ਟੋਟਕੇ ਹੁੰਦੇ ਹਨ। ਇਸ ਕਾਵਿ ਰੂਪ ਦੇ ਅੰਤਰਗਤ ਦੋ ਤੁਕੀ ਬੋਲੀ ਵੀ ਸ਼ਾਮਿਲ ਕਰ ਲਈ ਜਾਂਦੀ ਹੈ।ਇਹ ਲੰਬੀ ਹੇਕ 'ਚ ਗਾਏ ਜਾਂਦੇ ਹਨ। ਜਿਵੇਂ;

**ਮੀਂਹ ਵਰਦਾ ਏ ਕਿੱਕਰਾਂ ਤੇ**
**ਇਕ ਵਾਰੀ ਮਿਲ ਵੇ ਰੱਬਾ**
**ਮੁੜ ਕਦੇ ਵੀ ਨਾ ਵਿਛੜਾਂਗੇ।**

ਉਪਰੋਕਤ ਤੋਂ ਇਲਾਵਾ ਹੋਰ ਵੀ ਕਈ ਕਿਸਮ ਦੇ ਲੋਕ ਕਾਵਿ ਹਨ ਜੋ ਵੱਖ ਵੱਖ ਮੌਕਿਆਂ ਅਤੇ ਅਨੁਸ਼ਠਾਨਾਂ ਆਦਿ ਦੇ ਲਈ ਸਿਰਜੇ ਗਏ ਹਨ। ਜਿਵੇਂ: ਸਗ, ਹੇਅਰਾ, ਲੋਕ ਵਾਰਾਂ ਆਦਿ ਜਿਨਾਂ ਵਿਚੋਂ ਪੰਜਾਬੀ ਜਨ-ਜੀਵਨ ਦੇ ਭੰਰਵੇਂ ਨਕਸ਼ ਉਘੜ ਕੇ ਸਾਹਮਣੇ ਆਉਂਦੇ ਹਨ।

### 14.4.2 ਲੋਕ ਕਹਾਣੀਆਂ/ਲੋਕ ਕਥਾਵਾਂ :

ਲੋਕ ਕਾਵਿ ਤੋਂ ਬਾਅਦ ਲੋਕ ਕਹਾਣੀਆਂ ਹੀ ਲੋਕ ਸਾਹਿਤ ਦਾ ਇਕ ਪ੍ਰਮੁੱਖ ਅਤੇ ਵੱਡਾ ਭਾਗ ਹੈ। ਲੋਕ ਕਹਾਣੀਆਂ ਦੀ ਵਿਸ਼ੇਸ਼ਤਾ ਇਸ ਦੇ ਵਿਰਤਾਂਤਕ ਹੋਣ ਵਿਚ ਹੈ।ਵਿਰਤਾਂਤ ਇਸ ਦਾ ਇਕ ਪ੍ਰਮੁੱਖ ਲੱਛਣ ਹੈ।ਸਿੱਖਿਆ, ਉਪਦੇਸ਼ ਜਾਂ ਨਸੀਹਤ ਦੇਣਾ, ਇਨ੍ਹਾਂ ਲੋਕ ਕਹਾਣੀਆਂ ਦਾ ਮੁੱਖ ਮਨੋਰਥ ਹੁੰਦਾ ਹੈ।ਨਾਟਕੀਅਤਾ, ਰੌਚਿਕਤਾ ਅਤੇ ਫੈਂਟਸੀ ਵਰਗੇ ਲੱਛਣ ਜਾਂ ਗੁਣਾਂ ਕਰਕੇ ਲੋਕ ਕਹਾਣੀਆਂ ਵਧੇਰੇ ਰੋਚਕ ਅਤੇ ਪ੍ਰਚਿਲਤ ਹੁੰਦੀਆਂ ਹਨ।ਲੋਕ ਕਹਾਣੀ ਲੋਕ ਮਨ ਦੀ ਤਰਜਮਾਨੀ ਕਰਦੀ ਹੈ ਅਤੇ ਮਾਨਵੀ ਸਮਾਜ ਦੇ ਲੱਗਭੱਗ ਹਰ ਪੱਖ ਦੀ ਜਾਣਕਾਰੀ ਦਿੰਦੀ ਹੋਈ ਮਾਨਵੀ ਸਮਾਜ ਨੂੰ ਉਤਮ ਗੁਣਾਂ ਨੂੰ ਧਾਰਨ ਕਰਨ ਦੀ ਯੁਗਤ ਸਿਖਾਉਂਦੀ ਹੈ। ਲੋਕ ਕਹਾਣੀ ਰਾਹੀਂ ਨਾ ਕੇਵਲ ਇਕ ਬੱਚੇ ਬਲਕਿ ਸਮੁਚੇ ਸਮਾਜ ਨੂੰ ਸਿਹਤਮੰਦ ਮੁਲਾਂ ਅਤੇ ਵਰਜਣਾਵਾਂ ਬਾਰੇ ਸੁਚੇਤ ਕੀਤਾ ਜਾਂਦਾ ਹੈ। ਲੋਕ ਕਹਾਣੀਆਂ ਦੇ ਕਈ ਵਰਗ ਮਿਲਦੇ ਹਨ ਜਿਵੇਂ; ਮਿਥਕ ਕਥਾਵਾਂ, ਦੰਤ ਕਥਾਵਾਂ, ਨੀਤੀ ਕਥਾਵਾਂ,ਪਰੀ ਕਥਾਵਾਂ, ਜਨੌਰ ਕਥਾਵਾਂ, ਮੁੱਢੀਆਂ ਅਤੇ ਪ੍ਰੇਤ ਕਥਾਵਾਂ।

ਇੰਨਾਂ ਵਿਚੋਂ ਮਿਥਕ ਕਥਾਵਾਂ ਦਾ ਸਬੰਧ ਅਧਿਆਤਮਕ ਜੀਵਨ ਨਾਲ ਹੁੰਦਾ ਹੈ।ਇਸ ਤਰ੍ਹਾਂ ਦੀਆਂ ਕਹਾਣੀਆਂ ਨੂੰ ਪਰੰਪਰਾਗਤ ਕਹਾਣੀਆਂ ਵੀ ਕਿਹਾ ਜਾਂਦਾ ਹੈ ਜੋ ਧਾਰਮਿਕ ਵਿਸ਼ਵਾਸਾਂ ਵਿਚੋਂ ਜਨਮ ਲੈਂਦੀਆਂ ਹਨ। ਦੰਦ ਕਥਾਵਾਂ ਦਾ ਸ਼ਾਬਦਿਕ ਅਰਥ ਹੈ ਉਹ ਸੁਣੀ ਸੁਣਾਈ ਗਲ ਜੋ ਲੋਕ ਚਰਚਾ ਦਾ ਵਿਸ਼ਾ ਬਣ ਗਈ ਹੋਵੇ ਪਰ ਜਿਸ ਦਾ ਕੋਈ ਇਤਿਹਾਸਕ ਪ੍ਰਮਾਣ ਨਾ ਮਿਲਦਾ ਹੋਵੇ॥ ਜਿੰਨ, ਭੁਤ, ਪ੍ਰੇਤ, ਬੋਣੈ, ਭੁਤਨੀਆਂ, ਛੈਵਾਂ ਅਤੇ ਚੜੇਲਾਂ, ਆਦਿ ਅਮਾਨਵੀ ਪਾਤਰਾਂ

ਨਾਲ ਜੁੜੀਆਂ ਰਹੱਸਮਈ ਜੁਗਤ ਦੀਆਂ ਚਮਤਕਾਰੀ ਘਟਨਾਵਾਂ ਨਾਲ ਸੰਬੰਧਿਤ ਪਰੰਪਰਾਗਤ ਬਿਰਤਾਂਤ ਨੂੰ ਪ੍ਰੇਤ ਕਥਾਵਾਂ ਦੀ ਲੜੀ ਵਿੱਚ ਰੱਖਿਆ ਜਾ ਸਕਦਾ ਹੈ। ਇਸ ਦੇ ਉਲਟ ਮਾਨਵਵਾਦੀ ਤੇ ਦੇਵ ਪ੍ਰਤਿਰਤੀਆਂ ਵਾਲੀਆਂ ਪਰੀ ਪਾਤਰਾਂ ਨਾਲ ਸਬੰਧਿਤ ਕਹਾਣੀਆਂ ਨੂੰ ਪਰੀ ਕਹਾਣੀਆਂ ਦੀ ਸ਼੍ਰੇਣੀ ਵਿਚ ਰਖਿਆ ਜਾਂਦਾ ਹੈ।

### 14.4.3 ਲੋਕ ਪ੍ਰਮਾਣ :

ਲੋਕ ਪ੍ਰਮਾਣ ਵੀ ਲੋਕ ਸਾਹਿਤ ਦੀ ਇਕ ਪ੍ਰਮੁੱਖ ਵੰਨਗੀ ਹੈ।ਇਨ੍ਹਾਂ ਵਿਚ ਪ੍ਰਮੁਖ ਤੌਰ 'ਤੇ ਮੁਹਾਵਰੇ, ਅਖਾਣ, ਬੁਝਾਰਤਾਂ ਅਤੇ ਸਿਆਣਪਾਂ ਹੁੰਦੇ ਹਨ।ਇਨ੍ਹਾਂ ਵਿਚ ਸਮੂਹਕ ਅਨੁਭਵ ਹੁੰਦਾ ਹੈ। ਇਹ ਕਿਸੇ ਇਕਲੇ ਆਦਮੀ ਦੇ ਨਿਰਣੇ ਨੂੰ ਪੇਸ਼ ਨਹੀਂ ਕਰਦੇ। ਲੋਕ ਪ੍ਰਮਾਣਾਂ ਦੀ ਸੁਰ ਕਾਵਿਕ ਹੁੰਦੀ ਹੈ।ਲੋਕ ਪ੍ਰਮਾਣਾ ਦਾ ਵਰਗੀਕਰਣ ਅਤੇ ਜਾਣਕਾਰੀ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹੈ:

- **ਮੁਹਾਵਰਾ :**

ਮੁਹਾਵਰਾ ਲੋਕ ਪ੍ਰਮਾਣ ਦਾ ਇਕ ਬਹੁਤ ਹੀ ਹਰਮਨ ਪਿਆਰਾ ਵਰਗ ਹੈ। ਇਹ ਲੋਕ ਸੱਚਾਈਆਂ ਨੂੰ ਪੇਸ਼ ਕਰਦੇ ਹਨ।ਕਿਸੇ ਅਪ੍ਰਤੱਖ ਤੱਥ ਜਾਂ ਸਿਆਣਪ ਦਾ ਪ੍ਰਮਾਣ ਦੇਣ ਲਈ ਵਰਤੇ ਗਏ ਸੰਖੇਪ, ਚੁਸਤ ਰੂੜ੍ਹੀਗਤ ਅਤੇ ਕਾਵਿਕ ਜੁੱਟ ਜਦੋਂ ਕਿਸੇ ਵਿਸ਼ੇਸ਼ ਸੰਦਰਭ 'ਚ ਵਰਤੇ ਜਾਂਦੇ ਹਨ ਤਾਂ ਉਸਨੂੰ ਮੁਹਾਵਰਾ ਕਿਹਾ ਜਾਂਦਾ ਹੈ, ਜਿਵੇਂ; ਤਿੱਤਰ ਹੋਣਾ, ਅੱਖਾਂ ਕੱਢਨਾ, ਕੂੰਡਾ ਕਰਨਾ ਆਦਿ।

- **ਅਖਾਣ :**

ਅਖਾਣ, ਅਖੌਤ, ਲੋਕੋਕਤੀ, ਕਹਾਵਤ ਆਦਿ ਵੱਖ-ਵੱਖ ਭਾਸ਼ਾਵਾਂ ਦੇ ਇਕੋ ਅਰਥ ਰਖਣ ਵਾਲੇ ਸ਼ਬਦ ਹਨ। ਇਹ ਸ਼ਬਦ ਅਜਿਹੇ ਸੰਕਲਪ ਨਾਲ ਜੁੜਿਆ ਹੋਇਆ ਹੈ, ਜਿਸ ਅੰਦਰ ਸਿਆਣੇ ਪੁਰਖਾਂ ਦੇ ਜੀਵਨ ਅਨੁਭਵ ਦੇ ਆਧਾਰ 'ਤੇ ਪ੍ਰਾਪਤ ਕੀਤੇ ਸੱਚ ਦੀ ਪੇਸ਼ਕਾਰੀ ਹੋਈ ਮਿਲਦੀ ਹੈ।

- **ਸੋ ਸੁਨਿਆਰ ਦੀ, ਇਕ ਲੁਹਾਰ ਦੀ**
- **ਜਾਤ ਦੀ ਕੋਹੜ ਕਿਰਲੀ ਸ਼ਤੀਰਾਂ ਨੂੰ ਜੱਫੇ**

- **ਬੁਝਾਰਤਾਂ:**

ਅਖਾਣ ਤੇ ਮੁਹਾਵਰੇ ਵਾਂਗ ਹੀ ਬੁਝਾਰਤ ਵਿਚ ਵੀ ਸਮਾਜਕ ਸੱਚ ਦੀ ਅਭਿਵਿਅਕਤੀ ਹੁੰਦੀ ਹੈ। ਬੁਝਾਰਤਾਂ ਦਾ ਸੰਬੰਧ ਬੌਧਿਕਤਾ ਨਾਲ ਹੁੰਦਾ ਹੈ। ਇਹ ਅਜਿਹੇ ਗੁੰਝਲਦਾਰ ਪ੍ਰਸ਼ਣ ਹੁੰਦੇ ਹਨ ਜਿਨਾਂ ਅੰਦਰ ਹੀ ਸਾਰਾ ਸੱਚ ਤੇ ਉਤਰ ਲੁਕਿਆ ਹੁੰਦਾ ਹੈ। ਇਹ ਮਾਨਵੀ ਚੇਤਨਾ ਨੂੰ ਵਧਾਉਂਦੀਆਂ ਹਨ।ਜਿਵੇਂ;

- ਨਿੱਕਾ ਜਿਹਾ ਕਾਕਾ, ਘਰ ਦਾ ਰਾਖਾ (ਤਾਲਾ)
- ਨਿੱਕੀ ਜੇਹੀ ਕੁੜੀ, ਲੈ ਪਰਾਂਦਾ ਤੁਰੀ (ਸੂਈ ਤਾਗਾ)

- **ਲੋਕ ਸਿਆਣਪਾਂ:**

ਇਹ ਵੀ ਮਨੁੱਖੀ ਜੀਵਨ ਦੇ ਵਿਸ਼ਾਲਤਰ ਅਨੁਭਵ ਅਤੇ ਕੌੜੇ-ਮਿੱਠੇ ਤਜਰਬੇਆਂ ਦਾ ਸਿੱਟਾ ਹੁੰਦੇ ਹਨ। ਅਸਲ 'ਚ ਇਹ ਜਿੰਦਗੀ ਦਾ ਨਸੀਹਤਨਾਮਾ ਹੁੰਦੇ ਹਨ। ਜਿਵੇਂ:

- **ਅਤਿ ਭਲਾ ਨਾ ਬੋਲਣਾ, ਅਤਿ ਭਲੀ ਨਾ ਚੁੱਪ**
  **ਅਤਿ ਭਲਾ ਨਾ ਮੇਘਲਾ, ਅਤਿ ਭਲੀ ਨਾ ਧੁੱਪ।**

## 14.5 ਨਿਸ਼ਕਰਸ਼

ਨਿਸ਼ਕਰਸ਼ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਲੋਕ ਸਾਹਿਤ ਇਕ ਵਿਸ਼ਾਲ ਤੇ ਗਹਿਰੇ ਸਾਗਰ ਦੀ ਤਰ੍ਹਾਂ ਹੈ ਜਿਸ ਦਾ ਵਹਾਵ ਨਿਰੰਤਰ ਤੇ ਅਸੀਮ ਹੈ। ਇਹ ਲੋਕ ਜੀਵਨ ਦੀ ਸੱਚੀ-ਸੁੱਚੀ ਨੁਹਾਰ ਪੇਸ਼ ਕਰਨ ਵਾਲੀ ਇਕ ਅਨੋਖੀ ਆਰਸੀ ਹੈ, ਜਿਸ ਵਿਚੋਂ ਸਾਨੂੰ ਸੱਚਮੁੱਚ ਆਪਣੀਆਂ ਪਰੰਪਰਾਵਾਂ ਤੇ ਆਪਣੇ ਪੁਰਖਿਆਂ ਦਾ ਮੁਹਾਂਦਰਾ ਨਜ਼ਰ ਆ ਜਾਂਦਾ ਹੈ।

## 14.6 ਔਖੇ ਸ਼ਬਦਾਂ ਦੇ ਅਰਥ (Key Words)

**ਅਮੁੱਕ** - ਨਾਂ ਮੁਕੱਣ ਵਾਲਾ

**ਲੋਕ ਰੁੜ੍ਹੀਆਂ** - ਲੋਕ ਵਿਵਹਾਰ ਦੇ ਉਹ ਤਰੀਕੇ ਜੋ ਪਰੰਪਰਗਤ ਹੁੰਦੇ ਹਨ।

**ਸੁਰਮਗਤੀ** - ਸੂਰਮੇ ਦੀ ਬਹਾਦੁਰੀ

**ਭੇਟਾ** - ਹਿੰਦੂ ਦੇਵੀ ਦੇਵਤਿਆਂ ਨਾਲ ਸਬੰਧਿਤ ਲੋਕ ਗੀਤ

**ਟੈਬੂ** - ਉਹ ਸਮਾਜਿਕ ਨਿਯਮ ਜਿਨਾਂ ਦੀ ਕਿਸੇ ਵੀ ਸੂਰਤ ਵਿਚ ਉਲੰਘਨਾਂ ਨਹੀਂ ਕੀਤੀ ਜਾ ਸਕਦੀ।

**ਟੋਟਮ,-** ਕੁਲ ਦੇਵਤਾ ਜਾਂ ਦੇਵੀ

**ਸਦਾਚਾਰ** - ਚੰਗਾ ਵਿਵਹਾਰ

**ਪ੍ਰਕਿਰਤਿਕ** - ਕੁਦਰਤੀ

**ਦੰਮਾਂ** - ਪੈਸੇ

**ਮੀਂਹ** - ਬਾਰਸ਼ ਜਾਂ ਬੱਦਲ

**ਮੁੱਢੀਆਂ** - ਮਨੁੱਖ ਨਾਲ ਸਬੰਧਿਤ ਲੋਕ ਕਹਾਣੀਆਂ

ਵਿਸ਼ਾਲਤਰ – ਵੱਡ ਅਕਾਰੀ

## 14.7 Self-Assessment Questions (SAQ)

1. ਲੋਕ ਸਾਹਿਤ ਕੀ ਹੁੰਦਾ ਹੈ?
2. ਸੁਹਾਗ ਕਿਸ ਨੂੰ ਕਹਿੰਦੇ ਹਨ?
3. ਘੋੜੀਆਂ ਤੋਂ ਕੀ ਭਾਵ ਹੈ?
4. ਲੋਰੀ ਕਿਸ ਨੂੰ ਅਤੇ ਕਦੋਂ ਦਿੱਤੀ ਜਾਂਦੀ ਹੈ?
5. ਮੁਹਾਬਰੇ ਤੋਂ ਕੀ ਭਾਵ ਹੈ?

## 14.8 References


1. ਕਰਨੈਲ ਸਿੰਘ ਥਿੰਦ, ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ 1973
2. ਕਰਨੈਲ ਸਿੰਘ ਥਿੰਦ, ਲੋਕਯਾਨ ਅਧਿਐਨ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
3. ਜਸਵਿੰਦਰ ਸਿੰਘ (ਡਾ.) ਪੰਜਾਬੀ ਲੋਕ-ਸਾਹਿਤ ਸ਼ਾਸਤਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003
4. ਡਾ.ਨਾਹਰ ਸਿੰਘ: ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 1993.
5. ਬੇਦੀ, ਸੋਹਿੰਦਰ ਸਿੰਘ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁਕ ਟ੍ਰਸਟ, ਦਿੱਲੀ, 1971
6. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ, ਪਟਿਆਲਾ, 1986


## 14.9 Suggestive Learning

ਵਿਦਿਆਰਥੀ ਇਸ ਪਾਠ ਨੂੰ ਪੜਨ ਉਪਰੰਤ ਇਸ ਪਾਠ ਵਿਚ ਲੋਕ ਸਾਹਿਤ ਦੇ ਦਸੇ ਵੱਖ-ਵੱਖ ਰੂਪਾਂ ਦੇ ਮੂਲ ਪਾਠ ਨੂੰ ਵੀ ਪੜ੍ਹੇ, ਜਿਵੇਂ ਲੋਕ ਕਹਾਣੀਆਂ, ਲੋਕ ਗੀਤ ਅਤੇ ਲੋਕ ਪ੍ਰਮਾਣ ਆਦਿ। ਇਸ ਨਾਲ ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਹੋਵੇਗਾ।

# (ਪੰਜਾਬੀ ਲੋਕ ਨਾਚ ਪਰੰਪਰਾ; ਨਿਕਾਸ ਤੇ ਵਿਕਾਸ)

**Structure of The lesson**


15.1 ਉਦੇਸ਼ (Objective of the Lesson)

15.2 ਭੂਮਿਕਾ (Introduction)

15.3 ਲੋਕ ਨਾਚ ਦੀ ਪਰਿਭਾਸ਼ਾ

15.4 ਲੋਕ ਨਾਚ; ਸਰੂਪ ਤੇ ਲੱਛਣ

15.5 ਪੰਜਾਬੀ ਲੋਕ ਨਾਚ ਪਰੰਪਰਾ; ਨਿਕਾਸ ਤੇ ਵਿਕਾਸ

15.6 ਪੰਜਾਬ ਦੇ ਪ੍ਰਮੁੱਖ ਲੋਕ ਨਾਚ

15.6.1 ਭੰਗੜਾ

15.6.2 ਗਿੱਧਾ

15.6.3 ਲੁੱਡੀ

15.6.4 ਝੂੰਮਰ

15.6.5 ਕਿੱਕਲੀ

15.6.6 ਸੰਮੀ

15.7 ਨਿਸ਼ਕਰਸ਼ (Conclusion)

15.8 ਔਖੇ ਸ਼ਬਦਾਂ ਦੇ ਅਰਥ (Key Words)

15.9 Self-Assessment Questions (SAQ)

15.10 References

15.11 Suggestive Learning

## 15.1 ਉਦੇਸ਼ (Objective of the Lesson)

ਲੋਕ ਨਾਚ ਲੋਕਧਾਰਾ ਦੀ ਇਕ ਪ੍ਰਮੁੱਖ ਇਕਾਈ ਹੈ, ਜਿਸ ਬਾਰੇ ਅਸੀਂ ਇਸ ਅਧਿਆਏ ਦੇ ਪਹਿਲੇ ਪਾਠ 'ਲੋਕਧਾਰਾ: ਪਰਿਭਾਸ਼ਾ ਤੇ ਲੱਛਣ, ਵਿਚ ਲੋਕਧਾਰਾਈ ਵਰਤਾਰਿਆਂ ਦੇ ਕੀਤੇ ਵਰਗੀਕਰਣ ਵਿਚ ਸੰਖੇਪ ਜਾਣਕਾਰੀ ਦਿਤੀ ਹੈ। ਇਸ ਪਾਠ ਵਿਚ ਅਸੀਂ ਲੋਕ ਨਾਚ ਨੂੰ ਪਰਿਭਾਸ਼ਤ ਕਰਦੇ ਹੋਏ, ਪੰਜਾਬੀ ਲੋਕ ਨਾਚਾਂ ਬਾਰੇ ਚਰਚਾ ਕਰਾਂਗੇ।

## 15.2 ਭੂਮਿਕਾ (Introduction)

ਲੋਕ ਨਾਚ ਲੋਕਧਾਰਾ ਦਾ ਇਕ ਪ੍ਰਮੁੱਖ ਅੰਗ ਹੈ ਇਹ ਲੋਕ ਸਮੂਹ ਦੀ ਸਿਰਜਣ ਕਲਾ ਦੀ ਇਕ ਅਜਿਹੀ ਵੰਨਗੀ ਹੈ ਜੋ ਲੋਕ ਮਾਨਸ ਦੇ ਸਮੁੱਚੇ ਹਾਵਾਂ-ਭਾਵਾਂ ਨੂੰ ਸ਼ਰੀਰਕ ਮੁਦਰਾਵਾਂ ਦੇ ਪ੍ਰਗਟਾਉ ਰਾਹੀਂ ਪ੍ਰਸਤੁਤ ਕਰਦੀ ਹੈ। ਖੁਸ਼ੀ ਮਨੁੱਖ ਦਾ ਕੁਦਰਤੀ ਭਾਵ ਹੈ ਅਤੇ ਨਾਚ ਉਸ ਦੀ ਕੁਦਰਤੀ ਅਭਿਵਿਅਕਤੀ ਹੈ। ਜਦੋਂ ਮਨੁੱਖ ਖੁਸ਼ ਹੁੰਦਾ ਹੈ ਤਾਂ ਆਪ ਮੁਹਾਰੇ ਹੀ ਨੱਚਣ ਲੱਗ ਪੈਂਦਾ ਹੈ। ਉਸ ਦੇ ਹੱਥ, ਪੈਰ, ਸਰੀਰ ਦੇ ਸਾਰੇ ਅੰਗ ਕੁਦਰਤੀ ਸੰਗੀਤ ਅਤੇ ਤਾਲ ਵਿਚ ਬੱਝ ਜਾਂਦੇ ਹਨ। ਇਸ ਲਈ ਖੁਸ਼ੀ ਨਾਚ ਦਾ ਕੇਂਦਰ ਹੈ।ਪੰਜਾਬ ਦੀ ਸਭਿਅਤਾ ਸੰਸਾਰ ਦੀਆਂ ਅਤਿ ਪ੍ਰਾਚੀਨ ਸਭਿਆਤਾਵਾਂ ਵਿਚੋਂ ਹੈ। ਪੰਜਾਬ ਨੂੰ ਭਾਰਤੀ ਸਭਿਅਤਾ ਦਾ ਭੰਗੂੜਾਂ ਵੀ ਕਿਹਾ ਜਾਂਦਾ ਹੈ। ਇਤਿਹਾਸਕ ਅਤੇ ਰਾਜਸੀ ਕਾਰਨਾਂ ਕਰਕੇ ਪੰਜਾਂ ਪਾਣੀਆਂ ਦੇ ਇਸ ਦੇਸ਼ ਦੀਆਂ ਭੂਗੋਲਿਕ ਹੱਦਾਂ ਭਾਵੇਂ ਬਦਲਦੀਆਂ ਰਹੀਆਂ ਹਨ ਪਰ ਇਸ ਵਿਸ਼ਾਲ ਭੂ-ਖੰਡ ਨੇ ਆਪਣੇ ਲੋਕ ਵਿਰਸੇ ਨੂੰ ਸੰਭਾਲੀ ਰੱਖਿਆ ਹੈ। ਪੰਜਾਬ ਦੇ ਲੋਕ ਨਾਚ ਵੀ ਸਮੇਂ ਦੇ ਨਾਲ ਅੱਗੇ ਚਲਦੇ ਆਏ ਹਨ। ਇਨ੍ਹਾਂ ਨਾਚਾਂ ਵਿਚ ਸਮੂਹਕ ਸੋਚ, ਸਮੂਹਕ ਜਜ਼ਬੇ ਅਤੇ ਸਮੂਹਕ ਖੁਸ਼ੀ ਦਾ ਅਹਿਸਾਸ ਪੰਨਪਦਾ ਦਿਸ ਆਉਂਦਾ ਹੈ ਅਤੇ ਪੰਜਾਬੀਆਂ ਦੇ ਖੁਸ਼ੀ ਭਰਪੂਰ ਜੀਵਨ ਦੀ ਇਹ ਨੁਮਾਇੰਦਗੀ ਕਰਦੇ ਹਨ। ਇਨ੍ਹਾਂ ਦਾ ਆਨੰਦ ਮਾਣ ਕੇ ਸ਼ਰੀਰਕ ਥਕਾਵਟ ਦੂਰ ਹੋ ਜਾਂਦੀ ਹੈ। ਇਨ੍ਹਾਂ ਨੂੰ ਸਿੱਖਣ ਲਈ ਕਿਸੇ ਸਿਖਲਾਈ ਜਾਂ ਉਚੇਚੀ ਟ੍ਰੇਨਿੰਗ ਦੀ ਲੋੜ ਨਹੀਂ ਹੁੰਦੀ ਨਾ ਹੀ ਇਨ੍ਹਾਂ ਵਿਚ ਕਿਸੇ ਤਰ੍ਹਾਂ ਦੀ ਬਾਹਰੀ ਮਿਲਾਵਟ ਨਜ਼ਰ ਆਉਂਦੀ ਹੈ।

## 15.3 ਲੋਕ ਨਾਚ ਦੀ ਪਰਿਭਾਸ਼ਾ

ਪੰਜਾਬ ਦੇ ਲੋਕ ਨਾਚਾਂ ਬਾਰੇ ਚਰਚਾ ਕਰਨ ਤੋਂ ਪਹਿਲਾਂ ਲੋਕ ਨਾਚ ਸੰਬੰਧੀ ਵੱਖ-ਵੱਖ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਤੇ ਲੱਛਣਾਂ ਸੰਬੰਧੀ ਵਿਚਾਰ ਕਰਨੀ ਲਾਜ਼ਮੀ ਬਣਦੀ ਹੈ।

**ਪਰਿਭਾਸ਼ਾਵਾਂ**

- **ਡਾ. ਵਣਜਾਰਾ ਬੇਦੀ;**

ਲੋਕ ਨਾਚ ਬਾਰੇ ਡਾ. ਵਣਜਾਰਾ ਬੇਦੀ ਦੀ ਧਾਰਣਾ ਹੈ ਕਿ "ਲੋਕ ਨਾਚ ਜਾਤੀ ਦੇ ਚਰਿੱਤਰ

ਤੇ ਸਮੂਹਿਕ ਜਜ਼ਬਿਆਂ ਦਾ, ਅੰਗਾਂ ਦੇ ਤਾਲ ਬੱਧ ਲਹਿਰਾਓ ਤੇ ਹਾਵਾਂ ਭਾਵਾਂ ਰਾਹੀਂ ਕੀਤਾ ਪ੍ਰਗਟਾਓ ਹੈ। ਇਨ੍ਹਾਂ ਵਿਚ ਲੋਕ ਆਤਮਾ ਸਾਹ ਲੈਂਦੀ ਹੈ ਤੇ ਤ੍ਰਿਪਤ ਹੁੰਦੀ ਹੈ।"

- **ਪ੍ਰੋ. ਭੁਪਿੰਦਰ ਸਿੰਘ ਖਹਿਰਾ**

ਪ੍ਰੋ. ਭੁਪਿੰਦਰ ਸਿੰਘ ਖਹਿਰਾ ਲੋਕ ਨਾਚ ਸਬੰਧੀ ਵਿਚਾਰ ਦਿੰਦੇ ਲਿਖਦੇ ਹਨ ਕਿ "ਲੋਕ ਨਾਚ ਉਹ ਨਾਚ ਹੈ, ਜਿਸ ਨੂੰ ਸਾਧਾਰਨ ਲੋਕ ਨੱਚਦੇ ਹੋਣੇ, ਜਿਸ ਦਾ ਸੰਚਾਲਣ ਸਨਾਤਨੀ ਨਿਯਮਾਂ ਦੀ ਥਾਂ ਮਨ ਅੰਦਰਲੀ ਖੁਸ਼ੀ ਕਰਦੀ ਹੋਵੇ। ਲੋਕ ਨਾਚ ਲੋਕਾਂ ਦੇ ਮਨ ਦੇ ਵਲਵਲਿਆਂ ਅਤੇ ਭਾਵਾਂ ਦੀ ਤਰਜ਼ਮਾਨੀ ਕਰਦਾ ਹੈ।"

ਇਕ ਹੋਰ ਵਿਦਵਾਨ ਦਾ ਕਹਿਣਾ ਹੈ ਕਿ, "ਲੋਕ ਨਾਚ ਰਾਸ਼ਟਰ ਦਾ ਦਰਪਣ ਹੁੰਦੇ ਹਨ ਜਿਸ ਵਿਚੋਂ ਰਾਸ਼ਟਰ ਦੀ ਕਲਾ, ਸਮਾਜ, ਸੰਸਕ੍ਰਿਤੀ ਅਤੇ ਰੀਤੀ ਰਿਵਾਜ਼ਾਂ ਨੂੰ ਦੇਖਿਆ ਜਾ ਸਕਦਾ ਹੈ।"

- **ਨਵਤੇਜ ਪੁਆਧੀ**

ਨਵਤੇਜ ਪੁਆਧੀ ਨੇ ਲੋਕ ਨਾਚ ਬਾਰੇ ਲਿਖਿਆ ਹੈ ਕਿ ''ਲੋਕ ਨਾਚ ਮਨੁੱਖੀ ਜੀਵਨ ਦੀ ਉਹ ਵਿਧੀ ਹੈ, ਜਿਸ ਰਾਹੀਂ ਉਹ ਨੱਚ-ਟੱਪ ਕੇ ਆਪਣੀਆਂ ਖੁਸ਼ੀਆਂ ਲੋਕਾਂ ਵਿਚ ਖਿਲਾਰ ਸਕਦਾ ਹੈ।''

ਉੱਪਰੋਕਤ ਦਿੱਤੀਆਂ ਪਰਿਭਾਸ਼ਾਵਾਂ ਤੋਂ ਅਸੀਂ ਇਸ ਨਿਰਣੇ 'ਤੇ ਪੁੱਜਦੇ ਹਾਂ ਕਿ ਲੋਕ ਨਾਚ ਮਨੋਰੰਜਨਾਂ ਦਾ ਸਾਧਨ ਹੀ ਨਹੀਂ ਇਹ ਕਿਸੇ ਖਿੱਤੇ ਦੇ ਜਨ-ਸਮੂਹ ਦੀ ਸਮਾਜਕ, ਸਭਿਆਚਾਰਕ, ਨੈਤਿਕ, ਧਾਰਮਿਕ ਤੇ ਇਤਿਹਾਸਕ ਜੀਵਨ ਦੀਆਂ ਸਰਬਾਂਗੀ ਪਰਤਾਂ ਦਾ ਸਰੀਰਕ ਮੁਦਰਾਵਾਂ ਦੇ ਮਾਧਿਅਮ ਰਾਹੀਂ ਅੰਦਰੂਨੀ ਭਾਵਨਾਂ ਦਾ ਬਾਹਰੀ ਪ੍ਰਗਟਾ ਹੈ ਜੋ ਪੀੜ੍ਹੀ-ਦਰ-ਪੀੜ੍ਹੀ ਹੋਰ ਲੋਕ ਕਲਾਵਾਂ ਵਾਂਗ ਚਲਦਾ ਰਹਿੰਦਾ ਹੈ। ਇਸ ਨਾਚ ਨੂੰ ਨੱਚਣ ਵਾਸਤੇ ਸਮੇਂ ਸਥਾਨ ਦੀ ਕੋਈ ਪਾਬੰਦੀ ਨਹੀਂ ਹੁੰਦੀ। ਇਸ ਦਾ ਸਾਜ ਸੰਗੀਤ ਪਹਿਰਾਵਾ ਜਨ ਸਾਧਾਰਨ ਦੀ ਪਹੁੰਚ ਤਕ ਹੀ ਹੁੰਦਾ ਹੈ। ਲੋਕ ਨਾਚ ਰੋਜ਼ਾਨਾ ਜੀਵਨ ਵਿਚ ਵਾਪਰਦੀਆਂ ਘਟਨਾਵਾਂ ਪਰਿਸਥਿਤੀਆਂ ਅਤੇ ਹੋਰ ਕਦਰਾਂ ਕੀਮਤਾਂ ਤੋਂ ਪ੍ਰਭਾਵਿਤ ਹੁੰਦਾ ਰਹਿੰਦਾ ਹੈ।

## 15.4 ਲੋਕ ਨਾਚ ਸਰੂਪ ਤੇ ਲੱਛਣ

ਲੋਕ ਨਾਚ ਨੂੰ ਕਲਾਸੀਕਲ ਨਾਚ ਤੋਂ ਵੱਖਰਾਇਆ ਜਾ ਸਕਦਾ ਹੈ। ਇਸ ਦੇ ਆਪਣੇ ਲੱਛਣ ਹੁੰਦੇ ਹਨ, ਜੋ ਇਸ ਨੂੰ ਸ਼ਾਸਤਰੀ ਨਾਚ ਤੋਂ ਅਲੱਗ ਦਰਸਾਉਂਦੇ ਹਨ। ਲੋਕ ਨਾਚ ਸਹਿਜ ਸੁਭਾ ਹੁੰਦਾ ਹੈ ਇਸ ਨੂੰ ਨੱਚਣ ਲਈ ਕਿਸੇ ਵਿਸ਼ੇਸ਼ ਕਿਸਮ ਦੇ ਨਿਯਮਾਂ ਦੀ ਟਰੇਨਿੰਗ ਨਹੀਂ ਲੈਣੀ ਪੈਂਦੀ। ਇਸ ਵਿਚ ਹਰ ਅਦਾ ਅਤੇ ਐਕਸ਼ਨ ਸਵੀਕਾਰ ਕੀਤਾ ਜਾ ਸਕਦਾ ਹੈ ਪਰ ਇਸ ਵਿਚ ਕੁਦਰਤੀ ਤਾਲ ਦਾ ਹੋਣਾ ਲਾਜ਼ਮੀ ਹੈ ਇਹ ਆਪ-ਮੁਹਾਰੇ ਦਾ ਬੇਰੋਕ ਪ੍ਰਗਟਾ ਹੈ। ਇਸ ਵਿਚ ਕਿਸੇ ਬੰਧਨ ਦੀ ਪਾਲਨਾ ਨਹੀਂ ਹੁੰਦੀ ਸਗੋਂ ਸ਼ੋਂਕ ਦਾ ਪ੍ਰਦਰਸ਼ਨ ਹੁੰਦਾ ਹੈ ਅਤੇ ਇਹ ਨੱਚਣ ਲਈ ਹੁੰਦਾ ਹੈ

ਦਿਖਾਉਣ ਲਈ ਨਹੀਂ। ਇਸ ਲਈ ਜਿਹੜੇ ਅੱਜ ਕਲ ਅਸੀਂ ਗਿੱਧੇ ਭੰਗੜੇ ਸਟੇਜਾਂ 'ਤੇ ਦੇਖਦੇ ਹਾਂ ਇਹ ਲੋਕ ਨਾਚ ਦੀ ਪਰਿਭਾਸ਼ਾ ਦੇ ਅੰਤਰਗਤ ਨਹੀਂ ਆ ਸਕਦੇ ਬੇਸ਼ੱਕ ਇਹਨਾਂ ਵਿਚ ਲੋਕ ਨਾਚ ਦੀਆਂ ਅਦਾਵਾਂ ਨਕਲ ਕਰਕੇ ਪ੍ਰਦਰਸ਼ਿਤ ਕੀਤੀਆਂ ਗਈਆਂ ਹੁੰਦੀਆਂ ਹਨ।

ਲੋਕ ਨਾਚਾਂ ਵਿਚ ਲੋਕ ਭਾਈਚਾਰੇ ਦੇ ਚੰਗੇ ਨੈਤਿਕ ਗੁਣਾਂ ਦਾ ਧਾਰਨੀ, ਪਿਆਰ, ਏਕਤਾ, ਬਹਾਦਰੀ ਆਦਿ ਅਨੇਕਾਂ ਗੁਣ ਹੁੰਦੇ ਹਨ ਜੋ ਇਸ ਨੂੰ ਕਲਾਸੀਕਲ ਨਾਚ ਤੋਂ ਵੱਖਰਾ ਕਰਦੇ ਹਨ। ਸੰਖੇਪ ਰੂਪ ਵਿਚ ਜੇਕਰ ਗੱਲ ਕਰੀਏ ਤਾਂ ਸੁਭਾਵਿਕਤਾ, ਢੁੱਕਵੀਂ ਪੁਸ਼ਾਕ ਤੇ ਮਖੌਟੇ, ਮਰਦਾਵੇਂ ਤੇ ਜਨਾਨੇ, ਸਾਂਝੇ ਤੇ ਵੱਖਰੇ-ਵੱਖਰੇ ਰੂਪ, ਲੌਕਿਕਤਾ, ਸਾਧਾਰਨ ਜੀਵਨ ਦੀ ਨੇੜਤਾ, ਵੱਧ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ, ਨਾਟਕੀ ਰੰਗਣ, ਨਿਧੜਕ ਮੁਦਰਾਵਾਂ ਦਾ ਪ੍ਰਗਟਾ, ਸਾਜ ਸੰਗੀਤ ਦੀ ਘੱਟ ਲੋੜ, ਧਰਮ ਨਿਰਪੇਖਤਾ ਆਦਿ ਲੋਕ ਨਾਚਾਂ ਦੇ ਪ੍ਰਮੁੱਖ ਲੱਛਣ ਹਨ।

### 15.5 ਪੰਜਾਬੀ ਲੋਕ ਨਾਚ ਪਰੰਪਰਾ; ਨਿਕਾਸ ਤੇ ਵਿਕਾਸ

'ਪੰਜਾਬ ਦੇ ਲੋਕ ਨਾਚ' ਇਕ ਅਜਿਹਾ ਵਿਸ਼ਾ ਹੈ, ਜਿਸ ਦਾ ਇਤਿਹਾਸਕ ਅਧਿਐਨ ਬਹੁਤ ਘੱਟ ਹੋਇਆ ਹੈ ਭਾਵੇਂ ਹੜਪਾ ਸਭਿਅਤਾ ਸਮੇਂ ਦੀ ਨਰਤਕੀ ਦੀ ਮੂਰਤੀ ਮਿਲਦੀ ਹੈ ਪਰ ਅਜੇ ਤਕ ਇਹ ਅਧਿਐਨ ਨਹੀਂ ਹੋ ਸਕਿਆ ਕਿ ਉਸ ਕਾਲ ਵਿਚ ਕਿਹੜੇ-ਕਿਹੜੇ ਲੋਕ ਨਾਚ ਹਰਮਨ ਪਿਆਰੇ ਰਹੇ ਹਨ। ਹਾਂ ਕਿੱਸਾ ਕਾਵਿ ਵਿਚ ਇਸ ਦੇ ਸੰਕੇਤ ਜ਼ਰੂਰ ਮਿਲਦੇ ਹਨ। ਉਦਾਹਰਣ ਵਜੋਂ ਵਾਰਿਸ ਆਪਣੇ ਹੀਰ ਰਾਂਝਾ ਦੇ ਕਿੱਸੇ ਵਿਚ ਲਿਖਦਾ ਹੈ:

**ਆਣ ਵੜੇ ਹਾਂ ਉਜੜੇ ਪਿੰਡ ਅੰਦਰ**
**ਕੋਈ ਕੁੜੀ ਨਾ ਝ੍ਰਿਵੰਣ ਗਾਉਂਦੀ ਹੈ।**
**ਕਾਈ ਇਕੱਲੀ ਪਾਇ ਕੇ, ਘੱਤ ਸੰਮੀ**
**ਅੱਡੀ ਮਾਰ ਨਾ ਧਰਮ ਕੰਬਾਉਂਦੀ ਹੈ।**[3]

ਮਹਾਰਾਜਾ ਰਣਜੀਤ ਸਿੰਘ ਕਾਲ ਦੇ ਇਤਿਹਾਸ ਦਾ ਅਧਿਐਨ ਕਰਦੇ ਸਮੇਂ ਇਸ ਗਲ ਵਲ ਸੰਕੇਤ ਮਿਲਦਾ ਹੈ ਕਿ ਇਸ ਕਾਲ ਵਿਚ ਵੱਡੇ-ਵੱਡੇ ਸ਼ਹਿਰਾਂ ਵਿਚ ਨਰਤਕੀਆਂ ਸਨ ਅਤੇ ਲਾਹੌਰ ਦੀਆਂ ਨਰਤਕੀਆਂ ਵੱਡੇ ਲੋਕਾਂ ਦਾ ਮਨੋਰੰਜਨ ਕਰਦੀਆਂ ਸਨ। ਲੋਕ ਨਾਚ 'ਗਿੱਧਾ' ਇਸ ਕਾਲ ਵਿਚ ਬਹੁਤ ਹਰਮਨ ਪਿਆਰਾ ਸੀ। ਇਸ ਤੋਂ ਇਲਾਵਾ ਅੰਗਰੇਜ਼ੀ ਰਾਜ ਸਮੇਂ ਵੀ ਪੰਜਾਬੀ ਲੋਕ ਨਾਚ ਪ੍ਰਚਲਿਤ ਸੀ।

ਹਜ਼ਾਰਾਂ ਸਾਲ ਪਹਿਲਾਂ ਜਦ ਇਹ ਨਾਚ ਹੋਂਦ ਵਿਚ ਆਏ ਤਾਂ ਕੋਈ ਸਾਜ਼ ਨਹੀਂ ਸਨ। ਹੱਥਾਂ ਦੀਆਂ ਤਾਲੀਆਂ ਤੇ ਉਂਗਲੀਆਂ ਦੀਆਂ ਚੁਟਕੀਆਂ ਰਾਹੀਂ ਤਾਲ ਪੈਦਾ ਕੀਤਾ ਜਾਂਦਾ। ਧੀਰੇ-ਧੀਰੇ ਲੋਕ ਸਾਜ਼ ਵੀ ਇਨ੍ਹਾਂ ਨਾਲ ਜੁੜਦੇ ਗਏ, ਜਿਨ੍ਹਾਂ ਦੀ ਵਰਤੋਂ ਕੁਝ ਨਾਚਾਂ ਨਾਲ ਅੱਜ ਵੀ ਕੀਤੀ ਜਾਂਦੀ ਹੈ। ਨਾ ਹੀ ਸ਼ੁਰੂ ਵਿਚ ਕਿਸੇ ਵਿਸ਼ੇਸ਼ ਪਹਿਰਾਵੇ ਦੀ ਲੋੜ ਸਮਝੀ ਗਈ ਪਰ ਸਮੇਂ ਦੇ ਨਾਲ-ਨਾਲ ਪਹਿਰਾਵੇ ਤੇ ਹਾਰ ਸ਼ਿੰਗਾਰ ਦੀ ਵਰਤੋਂ ਵਿਚ ਵੀ ਤਬਦੀਲੀ ਆਉਂਦੀ ਗਈ। ਹੱਥਾਂ ਤੇ ਬਾਹਾਂ ਦੇ ਇਸ਼ਾਰੇ ਤੇ ਪੈਰਾਂ ਦੀ ਧਮਾਲ ਦੇ ਨਾਲ ਮੂੰਹ ਵਿਚੋਂ ਓਇ-ਓਇ, ਬੱਲੇ-ਬੱਲੇ

ਦੀਆਂ ਆਵਾਜ਼ਾਂ ਦੇ ਨਾਲ ਕਿਲਕਾਰੀਆਂ ਵਜਦੀਆਂ, ਬੱਕਰੇ ਬੁਲਾਏ ਜਾਂਦੇ। ਇਨ੍ਹਾਂ ਦੇ ਨਾਲ ਹੀ ਢੋਲ ਦੀ ਤਾਲ 'ਤੇ ਘੁੰਗਰੂਆਂ ਦੀ ਛਣਕਾਰ ਨੇ ਸੰਗੀਤਕ ਰੰਗ ਭਰਨਾ ਸ਼ੁਰੂ ਕਰ ਦਿੱਤਾ। ਕੁਝ ਇਕ ਨੂੰ ਛੱਡ ਕੇ ਬਾਕੀ ਦੇ ਲੋਕ ਨਾਚਾਂ ਵਿਚ ਲੋਕ ਗੀਤ, ਬੋਲੀਆਂ, ਟੱਪੇ ਆਦਿ ਗਾਏ ਜਾਂਦੇ ਹਨ ਜੋ ਸੰਬੰਧਿਤ ਨਾਚਾਂ ਦੀ ਪੇਸ਼ਕਾਰੀ ਨੂੰ ਖ਼ੂਬਸੂਰਤ ਬਣਾਉਂਦੇ ਹਨ। ਕੁਝ ਨਿਰੋਲ ਇਸਤਰੀਆਂ ਦੇ ਅਤੇ ਕੁਝ ਔਰਤਾਂ ਤੇ ਮਰਦ ਰਲ ਕੇ ਨੱਚਦੇ ਹਨ। ਕੁਝ ਕੇਵਲ ਬੱਚਿਆਂ ਦੇ ਨਾਚ ਹਨ।

ਪੰਜਾਬ ਦੇ ਲੋਕ ਨਾਚਾਂ ਵਿਚ ਪੰਜਾਬੀ ਜੀਵਨ ਦੀ ਝਲਕ ਪੂਰੀ ਤਰ੍ਹਾਂ ਦਿਸ ਆਉਂਦੀ ਹੈ। ਇਹ ਪੰਜਾਬ ਦੇ ਲੋਕ ਜੀਵਨ ਦੀ ਅਗਵਾਈ ਕਰਦੇ ਹਨ ਅਤੇ ਸਮੁੱਚੇ ਪੰਜਾਬੀਆਂ ਦਾ ਸਾਂਝਾ ਸਭਿਆਚਾਰਕ ਵਿਰਸਾ ਹਨ। ਇਨ੍ਹਾਂ ਵਿਚੋਂ ਬੱਚਿਆਂ ਦੀ ਮਾਸੂਮੀਅਤ ਤੇ ਭੋਲਾਪਨ, ਜਵਾਨਾਂ ਦਾ ਮਰਦਾਉਣਾ, ਮੁਟਿਆਰਾਂ ਦਾ ਅੱਲੜਪੁਣਾ, ਸਾਫ਼ ਦਿਸ ਆਉਂਦਾ ਹੈ। ਮੌਸਮੀ ਮੇਲਿਆਂ, ਧਾਰਮਿਕ ਸਮਾਗਮਾਂ, ਦਿਨ-ਦਿਹਾਰਾਂ, ਤਿਉਹਾਰਾਂ ਅਤੇ ਹੋਰ ਕਈ ਮੌਕਿਆਂ ਸਮੇਂ ਇਨ੍ਹਾਂ ਨਾਚਾਂ ਦਾ ਪੂਰਾ ਆਨੰਦ ਮਾਣਿਆ ਜਾਂਦਾ ਹੈ। ਪੰਜਾਬੀਅਤ ਅਤੇ ਪੰਜਾਬੀਆਂ ਦੀ ਠੀਕ ਪਹਿਚਾਣ ਇਨ੍ਹਾਂ ਨਾਚਾਂ ਵਿਚੋਂ ਭਲੀਭਾਂਤ ਮਿਲਦੀ ਹੈ।

ਪੰਜਾਬ ਇਕ ਕਿਸਾਨੀ ਪ੍ਰਧਾਨ ਰਾਜ ਹੈ। ਇਥੋਂ ਦੇ ਮੌਸਮ ਰੰਗੀਲੇ ਤੇ ਸੁਹਾਵਣੇ ਹਨ। ਬਗ਼ੈਰ ਕਿਸੇ ਉਚੇਚੀ ਸਿਖਲਾਈ ਦੇ ਸਾਧਾਰਨ ਤੇ ਸਿੱਧੇ-ਸਾਦੇ ਨਾਚਾਂ ਲਈ ਨਾ ਤਾਂ ਬਨਾਵਟੀ ਸਜਾਵਟਾਂ ਦੀ ਲੋੜ ਹੈ ਅਤੇ ਨਾ ਹੀ ਉਚੇਚੀ ਸਟੇਜ ਦੀ। ਅਜਿਹੇ ਕਾਰਜ ਤਾਂ ਕਲਾਸਕੀ ਨਾਚਾਂ ਨੂੰ ਸ਼ੋਭਾ ਦਿੰਦੇ ਹਨ, ਜਿਥੇ ਨਾਚ ਨੂੰ ਵਿਅਕਤੀਗਤ ਤੌਰ ਤੇ ਪੇਸ਼ ਕੀਤਾ ਜਾਂਦਾ ਹੈ ਪਰੰਤੂ ਬਦਕਿਸਮਤੀ ਨਾਲ ਇਤਿਹਾਸਕ ਕਾਰਨਾਂ ਕਰਕੇ ਪੰਜਾਬ ਵਿਚ ਕਲਾਸਕੀ ਕਲਾਵਾਂ ਕਾਫ਼ੀ ਪਛੜੀਆਂ ਰਹੀਆਂ ਹਨ। ਪੰਜਾਬ ਦੇ ਲੋਕ ਨਾਚਾਂ ਦੇ ਮਹੱਤਵ ਨੂੰ ਮੁੱਖ ਰੱਖਦਿਆਂ ਹੋਇਆਂ 1947 ਤੋਂ ਪਿਛੋਂ ਇਨ੍ਹਾਂ ਦੀ ਖੋਜ, ਅਧਿਐਨ ਤੇ ਸਰਵੇਖਣ ਸੰਬੰਧੀ ਕੁਝ ਯਤਨ ਹੋਏ ਹਨ।

1947 ਈ· ਤਕ ਪੰਜਾਬ ਦਾ ਭੂਗੋਲਿਕ ਖੇਤਰ ਕਾਫ਼ੀ ਵਿਸ਼ਾਲ ਸੀ। ਵੰਡ ਤੋਂ ਪਿਛੋਂ ਹਿਮਾਚਲ ਤੇ ਹਰਿਆਣਾ ਪ੍ਰਾਂਤ ਪੂਰਬੀ ਪੰਜਾਬ ਦਾ ਹਿੱਸਾ ਸਨ। ਇਸ ਲਈ ਜੋਗਿੰਦਰ ਸਿੰਘ ਨੇ ਪੰਜਾਬ, ਹਿਮਾਚਲ ਦੀ ਵੀ ਜਾਣਕਾਰੀ ਦਿੱਤੀ ਹੈ। ਇਥੇ ਉਨ੍ਹਾਂ ਲੋਕ ਨਾਚਾਂ ਦਾ ਸੰਖੇਪ ਵਿਚ ਵਰਗੀਕਰਨ ਕੀਤਾ ਜਾ ਰਿਹਾ ਹੈ ਜਿਹੜੇ ਇਸ ਸਮੇਂ ਪਾਕਿਸਤਾਨੀ ਅਤੇ ਭਾਰਤੀ ਪੰਜਾਬ ਵਿਚ ਮਿਲਦੇ ਹਨ।

## 15.6 ਪੰਜਾਬ ਦੇ ਪ੍ਰਮੁੱਖ ਲੋਕ ਨਾਚ

### 15.6.1 ਭੰਗੜਾ

ਭੰਗੜਾ ਪੰਜਾਬ ਵਿਚ ਆਮ ਪਾਇਆ ਜਾਣ ਵਾਲਾ ਲੋਕ ਨਾਚ ਹੈ। ਡਾ. ਵਣਜਾਰਾ ਬੇਦੀ ਅਨੁਸਾਰ, "ਪੰਜਾਬ ਦੇ ਲੋਕ ਨਾਚਾਂ ਵਿਚੋਂ ਸਭ ਤੋਂ ਵਧ ਦਿਲ-ਟੁੰਬਵਾਂ ਤੇ ਪਿਆਰਾ ਨਾਚ ਭੰਗੜਾ ਹੈ। ਪੰਜਾਬ ਦੇ ਅਲਬੇਲੇ ਗੱਭਰੂਆਂ ਦੇ ਉਭਰਦੇ ਜੋਸ਼, ਮੱਚ-ਮੱਚ ਪੈਂਦੇ ਵਲਵਲਿਆਂ ਤੇ ਛਲਕਦੀ ਖ਼ੁਸ਼ੀ ਦਾ ਪ੍ਰਤੀਕ ਹੋਣ ਕਰਕੇ ਭੰਗੜਾਂ ਪੰਜਾਬੀਆਂ ਦਾ ਕੌਮੀ ਨਾਚ ਮੰਨਿਆ ਜਾਂਦਾ ਹੈ। ਇਹ ਮੁੰਡੇ ਪਾਉਂਦੇ ਹਨ ਅਤੇ ਇਸ ਨੂੰ ਮੁੰਡਿਆਂ ਦਾ ਲੋਕ ਨਾਚ ਕਿਹਾ ਜਾ ਸਕਦਾ ਹੈ। ਭੰਗੜੇ ਲਈ

ਕੋਈ ਖਾਸ ਪਹਿਰਾਵਾ ਤਾਂ ਨਿਸ਼ਚਿਤ ਨਹੀਂ ਪਰ ਪੰਜਾਬੀ ਨਵੇਂ ਰੇਸ਼ਮੀ ਚਮਕਦਾਰ ਕੁੜਤੇ, ਤਿੱਲੇ ਵਾਲੀਆਂ ਜੁੱਤੀਆਂ, ਫਰਾਟੇਦਾਰ ਚਾਦਰੇ ਅਤੇ ਪੱਗਾਂ ਦੀ ਖੂਨੀ ਪੇਚ ਬੰਨ ਕੇ, ਕੈਂਠੇ ਨਤੀਆਂ ਪਾ ਕੇ ਝੂਮਦੇ ਆਉਂਦੇ ਹਨ। ਇਸ ਵਿਚ ਚਿਮਟਾ, ਕਾਟੋ, ਅਲਗੋਜ਼ਾ, ਤੂੰਬਾ, ਢੋਲ ਆਦਿ ਲੋਕ ਸਾਜ਼ ਹੁੰਦੇ ਹਨ। ਭੰਗੜਾ ਢੋਲ ਦੀ ਤਾਲ 'ਤੇ ਨਚਿਆ ਜਾਂਦਾ ਹੈ।ਲੋਕ ਧਾਰਾਈ ਵਿਦਵਾਨਾਂ ਵਿਚ ਭੰਗੜੇ ਦੀ ਉਤਪਤੀ ਬਾਰੇ ਵਿਭਿੰਨ ਮੱਤ ਪ੍ਰਚੱਲਤ ਹਨ। ਇਥੋਂ ਤਕ ਕਿ ਇਕੋ ਵਿਦਵਾਨ ਵੀ ਕਈ ਵਾਰ ਇਕੋ ਲੇਖ ਵਿਚ ਵਿਭਿੰਨ ਮੱਤ ਪ੍ਰਸਤੁਤ ਕਰ ਦਿੰਦੇ ਹਨ। ਉਦਾਹਰਨ ਵਜੋਂ ਪ੍ਰਸਿੱਧ ਲੋਕਧਾਰਾ ਵਿਗਿਆਨੀ ਵਣਜਾਰਾ ਬੇਦੀ ਦੀਆਂ ਇਕੋ ਲੇਖ ਵਿਚੋਂ ਤਿੰਨ ਟਿਪਣੀਆਂ ਹਨ।

1. ਪੰਜਾਬ ਦੇ ਲੋਕ-ਨਾਚ ਸੁਭਾਅ ਵਿਚ ਲੌਕਿਕ ਹਨ। ਇਨ੍ਹਾਂ ਨੂੰ ਧਰਮ ਦੀ ਲਾਗ ਨਹੀਂ ਲੱਗੀ। ਇਨ੍ਹਾਂ ਦਾ ਆਰੰਭ, ਮੁੱਢ ਕਦੀਮ, ਕਿਸੇ ਧਾਰਮਿਕ ਰਹੁਰੀਤ ਜਾਂ ਉਪਜਾਊ ਸ਼ਕਤੀ ਵਧਾਣ ਦੀ ਕਿਸੇ ਕਾਮਨਾ ਤੋਂ ਹੀ ਬੱਝਿਆ ਹੋਵੇ।

2. ਭੰਗੜੇ ਵਿਚ ਇਕ ਬੀਰ-ਰਸੀ ਘੁਕਰ ਹੈ, ਇਸ ਨਾਚ ਵਿਚ 'ਵਾਰ' ਦੀ ਭਾਵਨਾ ਸਮਾਈ ਹੋਈ ਹੈ।

3. ਇਹ ਲੋਕ-ਨਾਚ ਪੰਜਾਬ ਦੀ ਕਿਸਾਨੀ ਸੰਸਕ੍ਰਿਤੀ ਜਿੰਨਾ ਹੀ ਪ੍ਰਾਚੀਨ ਹੈ। ਪਹਿਲਾਂ ਪਹਿਲਾਂ ਜਦੋਂ ਪੰਜਾਬੀਆਂ ਨੇ ਹਰੀਆਂ ਫਸਲਾਂ ਨੂੰ ਸੁਨਹਿਰੀ ਸਿੱਟੇ ਪੈਂਦੇ ਵੇਖੇ ਤਾਂ ਉਨ੍ਹਾਂ ਦਾ ਮਨ ਹੁਲਾਰੇ ਵਿਚ ਆ ਕੇ ਨੱਚ ਖਲੋਤਾ। ਲੰਮੀ ਘਾਲਣਾ ਤੇ ਕਰੜੀ ਮਿਹਨਤ ਨੂੰ ਸੁਨਹਿਰੀ ਫਲ ਲੱਗਿਆ ਵੇਖ, ਕਿਸ ਦਾ ਦਿਲ ਨਹੀਂ ਨੱਚ ਉਠਦਾ? ਮੁੱਢ ਵਿਚ ਇਹ ਨਾਚ, ਫਸਲਾਂ ਦੀ ਉਪਜਾਊ ਸ਼ਕਤੀ ਵਧਾਉਣ ਲਈ ਕੀਤੀਆਂ ਰੀਤੀ ਰਸਮਾਂ ਸਮੇਂ ਖੁੱਲੇ ਖੇਤਾਂ ਵਿਚ ਨੱਚਿਆ ਜਾਂਦਾ ਸੀ।

ਸਾਰੇ ਵਿਦਵਾਨਾਂ ਦੇ ਵਿਚਾਰਾਂ ਦਾ ਸਾਰ ਰੂਪ ਇਹ ਨਿਕਲਦਾ ਹੈ ਕਿ ਇਸ ਨਾਚ ਦਾ ਸੰਬੰਧ ਵਿਸਾਖੀ ਨਾਲ ਵਧੇਰੇ ਸਵੀਕਾਰਿਆ ਜਾਂਦਾ ਹੈ। ਵਿਸਾਖੀ ਉੱਤੇ ਕਣਕ ਪੱਕੀ ਵੇਖ ਕੇ ਕਿਸਾਨ ਆਪਣੀ ਖ਼ੁਸ਼ੀ ਦਾ ਪ੍ਰਗਟਾ ਭੰਗੜੇ ਰਾਹੀਂ ਕਰਦਾ ਹੈ ਜਿਵੇਂ ਕਿ:

**ਕਣਕਾਂ ਦੇ ਮੂੰਹ ਤੇ ਆ ਗਈ ਲਾਲੀ**
**ਖੁਸ਼ੀ ਭਰੇ ਕਿਨਾਰੇ**
**ਜਿਉਂ ਗਿੱਧੇ ਵਿਚ ਨੱਚਣ ਕੁੜੀਆਂ**
**ਫਸਲਾਂ ਲੈਣ ਹੁਲਾਰੇ**
**ਭੰਗੜਾਂ ਪਾ ਮੁੰਡਿਆ**
**ਤੈਨੂੰ ਕਣਕ ਸੈਨਤਾਂ ਮਾਰੇ।"**[4]

ਭੰਗੜੇ ਦਾ ਸੰਬੰਧ ਮਹਿਜ਼ ਕਣਕ ਦੀ ਕਟਾਈ ਤਕ ਹੀ ਸੀਮਿਤ ਨਹੀਂ। ਕੁੜਮਾਈ, ਵਿਆਹ, ਮੇਲੇ ਤੇ ਤਿਉਹਾਰਾਂ ਅਤੇ ਭਾਈਚਾਰਕ ਸਮਾਗਮਾਂ ਦੇ ਮੌਕੇ ਤੇ ਵੀ ਭੰਗੜਾਂ ਪਾਇਆ ਜਾਂਦਾ ਹੈ।

### 15.6.2 ਗਿੱਧਾ

ਗਿੱਧਾ ਪੰਜਾਬੀ ਕੁੜੀਆਂ ਦਾ ਸ਼੍ਰੋਮਣੀ ਲੋਕ ਨਾਚ ਹੈ। ਇਹ ਪੰਜਾਬ ਦੇ ਮਾਲਵੇ ਖੇਤਰ ਵਿਚ ਵਧੇਰੇ ਪ੍ਰਚਲਿਤ ਹੈ। ਮੁੱਖ ਤੌਰ 'ਤੇ ਗਿੱਧਾ ਔਰਤਾਂ ਦਾ ਨਾਚ ਹੈ ਪਰ ਛਪਾਰ ਦੇ ਮੇਲੇ ਤੇ ਮਰਦ ਵੀ ਗਿੱਧਾ ਪਾਉਂਦੇ ਦੇਖੇ ਜਾ ਸਕਦੇ ਹਨ। ਮਾਲਵੇ ਖੇਤਰ ਵਿਚ ਸਾਵਣ ਦੀਆਂ ਤੀਆਂ ਨੂੰ ਖਾਸ ਤੌਰ 'ਤੇ ਗਿੱਧਾ ਪਾਇਆ ਜਾਂਦਾ ਹੈ।ਗਿੱਧਾ ਮਨ ਦੀ ਖੁਸ਼ੀ ਅਤੇ ਮਸਤੀ ਵਿਚ ਪਾਇਆ ਜਾਂਦਾ ਹੈ, ਇਸ ਲਈ ਇਹ ਖਾਸ ਨਿਯਮਾਂ ਦਾ ਮੁਹਤਾਜ਼ ਨਹੀਂ। ਕੁੜੀਆਂ ਘੇਰਾ ਬਣਾ ਲੈਂਦੀਆਂ ਹਨ, ਪਰ ਇਕ ਦੋ ਕੁੜੀਆਂ ਵਾਰੀ-ਵਾਰੀ ਘੇਰੇ ਦੇ ਵਿਚਕਾਰ ਵੀ ਆ ਕੇ ਨੱਚ ਸਕਦੀਆਂ ਹਨ, ਇਸ ਬਾਰੇ ਕੋਈ ਪਾਬੰਦੀ ਨਹੀਂ। ਗਿੱਧੇ ਲਈ ਮੁੱਖ ਸਾਜ ਢੋਲਕੀ ਦੀ ਵਰਤੋਂ ਕੀਤੀ ਜਾਂਦੀ ਹੈ।

### 15.6.3 ਲੁੱਡੀ

ਲੁੱਡੀ ਪਹਾੜੀ ਪੰਜਾਬ ਦੇ ਉੱਤਰ ਪੱਛਮੀ ਖੇਤਰ ਦਾ ਨਾਚ ਹੈ। ਇਹ ਲੋਕ ਨਾਚ ਪੋਠੋਹਾਰ, ਜਿਹਲਮ, ਗੁਜਰਾਂਵਾਲੇ ਦੇ ਕੁਝ ਭਾਗ ਤੋਂ ਸਿਆਲਕੋਟ ਦੇ ਉਪਰਲੇ ਭਾਗਾਂ ਵਿਚ ਨਚਿਆ ਜਾਂਦਾ ਰਿਹਾ ਹੈ। ਬਹੁਤ ਵੱਡੀ ਪ੍ਰਾਪਤੀ ਦੀ ਖੁਸ਼ੀ ਲੁੱਡੀ ਪਾ ਕੇ ਪ੍ਰਗਟ ਕੀਤੀ ਜਾਂਦੀ ਹੈ। ਇਸ ਦਾ ਤਾਲ ਵੱਖਰਾ ਹੁੰਦਾ ਹੈ। ਤਾੜੀ ਮਾਰਨਾ, ਮੋਢੇ ਹਿਲਾਉਣੇ, ਅੱਖਾਂ ਮਟਕਾਉਣਾ ਇਸ ਦੇ ਵੱਖਰੇ ਕਿਸਮ ਦੇ ਅੰਦਾਜ਼ ਹਨ, ਲੁੱਡੀ ਤੀਵੀਂ-ਮਰਦ ਦੋਵਾਂ ਵਿਚ ਪ੍ਰਚਲਿਤ ਹੈ।

### 15.6.4 ਝੂੰਮਰ

ਝੂੰਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਇਲਾਕੇ ਦਾ ਪ੍ਰਸਿੱਧ ਲੋਕ ਨਾਚ ਹੈ। ਇਸ ਵਿਚ ਸ਼ੇਖਪੁਰਾ, ਲਾਇਲਪੁਰ ਅਤੇ ਝੰਗ ਦੇ ਇਲਾਕੇ ਸ਼ਾਮਿਲ ਹਨ। ਝੂੰਮਰ ਵੀ ਭੰਗੜੇ ਵਾਂਗ ਢੋਲ ਨਾਲ ਪਾਇਆ ਜਾਂਦਾ ਹੈ। ਇਹ ਕਾਫ਼ੀ ਲੋਕ ਪ੍ਰਿਅ ਰਿਹਾ ਹੈ ਅਤੇ ਤਿੰਨ ਤਾਲਾਂ ਵਿਚ ਪਾਇਆ ਜਾਂਦਾ ਹੈ। ਇਸ ਦੀਆਂ ਤਿੰਨ ਤਾਲਾਂ ਵਿਚ ਪਹਿਲੀ ਨੂੰ ਝੂੰਮਰ ਦੀ ਤਾਲ, ਦੂਜੀ ਨੂੰ ਵੀਣਾ ਫੜਣਾ ਅਤੇ ਤੀਜੀ ਨੂੰ ਧਮਾਲ ਕਿਹਾ ਜਾਂਦਾ ਹੈ।

### 15.6.5 ਕਿੱਕਲੀ

ਇਹ ਖੇਡ ਵੀ ਹੈ ਅਤੇ ਲੋਕ ਨਾਚ ਵੀ। ਕਿੱਕਲੀ ਪੰਜਾਬ ਦੀਆਂ ਅੱਲੜ੍ਹ ਮੁਟਿਆਰਾਂ ਅਤੇ ਬੱਚੀਆਂ ਦਾ ਲੋਕ ਨਾਚ ਹੈ। ਜਿਸ ਨੂੰ ਨੱਚਣ ਲਈ ਕਿਸੇ ਸੰਗੀਤ ਦੀ ਲੋੜ ਨਹੀਂ, ਕਿਸੇ ਵਿਸ਼ੇਸ਼ ਤਾਲ ਦੀ ਲੋੜ ਨਹੀਂ। ਬਸ ਜੇ ਕੋਈ ਤਾਲ ਹੈ ਤਾਂ ਕੇਵਲ ਗੀਤ ਦੇ ਬੋਲਾਂ ਦੀ। ਕੁੜੀਆਂ ਹੱਥ ਵਿਚ ਹੱਥ ਪਾ ਖੇਡਦੀਆਂ ਹਨ ਅਤੇ ਹੇਠੋਂ ਪੈਰ ਵੀ ਮਿਲਾ ਲੈਂਦੀਆਂ ਹਨ। ਉਦਾਹਰਣ ਵਜੋਂ:

**ਕਿੱਕਲੀ ਕਲੀਰ ਦੀ**
**ਪੱਗ ਮੇਰੇ ਵੀਰ ਦੀ**
**ਦੁਪੱਟਾ ਮੇਰੇ ਭਾਈ ਦਾ**
**ਫਿੱਟੇ ਮੂੰਹ ਜਵਾਈ ਦਾ**[5]

### 15.6.6 ਸੰਮੀ

ਸੰਮੀ ਮੁਟਿਆਰਾਂ ਦਾ ਨਾਚ ਹੈ। ਇਹ ਵੀ ਸਾਂਦਲਵਾਰ ਦੀ ਧਰਤੀ 'ਤੇ ਨਚਿਆ ਜਾਂਦਾ ਹੈ। ਇਸ ਨਾਚ ਦਾ ਨਾਂ ਇਕ ਕੁੜੀ ਸੰਮੀ ਦੇ ਨਾਂ ਉੱਤੇ ਪਿਆ ਦੱਸਿਆ ਜਾਂਦਾ ਹੈ। ਜਦੋਂ ਉਸ ਦਾ ਮਾਹੀ ਉਸ ਨੂੰ ਛੱਡ ਕੇ ਦੂਰ ਚਲਾ ਗਿਆ ਤਾਂ ਉਹ ਮਾਹੀ ਦੀ ਯਾਦ ਵਿਚ ਨੱਚਿਆ ਗਾਇਆ ਕਰਦੀ ਸੀ। ਬਾਅਦ ਵਿਚ ਇਹ ਨਾਚ ਲੋਕ ਕਲਾ ਦੇ ਖੇਤਰ ਵਿਚ ਸ਼ਾਮਿਲ ਹੋ ਗਿਆ। ਚੱਕਰ, ਤਾੜੀ, ਚੁਟਕੀ ਨਾਲ ਪਾਇਆ ਜਾਣ ਵਾਲਾ ਇਹ ਸਾਦਾ ਜਿਹਾ ਨਾਚ ਹੈ।

ਇਸੇ ਤੋਂ ਇਲਾਵਾ ਧਮਾਲ, ਧਰੀਸ, ਸਪੇਰਾ ਨਾਚ, ਬਨਾਵਟੀ ਘੋੜਾ ਨਾਚ ਆਦਿ ਦੇ ਨਾਂ ਲਏ ਜਾ ਸਕਦੇ ਹਨ ਜਿਹੜੇ ਪੰਜਾਬ ਦੇ ਲੋਕ ਨਾਚਾਂ ਦੇ ਘੇਰੇ ਵਿਚ ਆਉਂਦੇ ਹਨ।

ਪਰਿਵਰਤਨ ਕੁਦਰਤ ਦਾ ਨਿਯਮ ਹੈ ਜਿਵੇਂ ਕਿ ਪਹਿਲਾਂ ਸੰਕੇਤ ਕੀਤਾ ਜਾ ਚੁੱਕਾ ਹੈ, ਪੰਜਾਬ ਦੇ ਲੋਕ ਨਾਚਾਂ ਵਿਚ ਵੀ ਕਾਫੀ ਤਬਦੀਲੀ ਆਈ ਹੈ। ਸਾਇੰਸ ਦੀ ਤਰੱਕੀ, ਮਸ਼ੀਨੀਕਰਨ, ਸ਼ਹਿਰੀਕਰਨ ਅਤੇ ਸਨਅਤੀਕਰਨ, ਉਦਯੋਗੀਕਰਨ ਨੇ ਸਮਾਜਕ ਜੀਵਨ ਵਿਚ ਇਨਕਲਾਬ ਲੈ ਆਉਂਦਾ ਹੈ। ਜੀਵਨ ਦੇ ਹਰ ਖੇਤਰ ਵਿਚ ਬਹੁਤ ਕੁਝ ਨਵਾਂ ਨਜ਼ਰ ਆ ਰਿਹਾ ਹੈ। ਪਹਿਲਾਂ ਫਿਲਮਾਂ ਅਤੇ ਹੁਣ ਟੀ.ਵੀ. ਨੇ ਲੋਕ ਨਾਚਾਂ ਦਾ ਹੁਲੀਆ ਹੀ ਵਿਗਾੜ ਦਿੱਤਾ ਹੈ। ਸਾਧਾਰਨ ਪੇਂਡੂ ਜੀਵਨ ਤੋਂ ਚਲ ਕੇ ਹੁਣ ਇਹ ਨਾਚ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀਆਂ ਸਟੇਜਾਂ ਤਕ ਪੁੱਜ ਗਏ ਹਨ। ਵੱਖ-ਵੱਖ ਪੱਧਰ ਤੇ ਲੋਕ ਨਾਚਾਂ ਦੇ ਮੁਕਾਬਲੇ ਹੁੰਦੇ ਹਨ। ਮਾਹਿਰ (Trained) ਅਧਿਆਪਕਾਂ ਦੀ ਨਿਗਰਾਨੀ ਅਧੀਨ ਟੀਮਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪੇਸ਼ਕਾਰੀ ਲਈ ਨਿਯਮਾਂ ਦੀ ਪਾਲਣਾ ਜ਼ਰੂਰੀ ਹੁੰਦੀ ਹੈ। ਯੂਨੀਵਰਸਿਟੀ ਦੁਆਰਾ ਆਯੋਜਿਤ ਕੀਤੇ ਜਾਂਦੇ ਯੁਵਕ ਮੇਲਿਆਂ ਵਿਚ ਵੀ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਭਾਗ ਲੈਂਦੀਆਂ ਹਨ। ਮੁਕਾਬਲੇ ਵਿਚ ਸਾਰਾ ਜ਼ੋਰ ਨਵੀਆਂ ਬੋਲੀਆਂ ਘੜਨ ਅਤੇ ਨਵੇਂ ਐਕਸ਼ਨਾਂ ਦੀ ਪੇਸ਼ਕਾਰੀ ਉੱਪਰ ਦਿੱਤਾ ਜਾਂਦਾ ਹੈ।

## 15.7 ਨਿਸ਼ਕਰਸ਼ (Conclusion)

ਆਮ ਜੀਵਨ ਵਿਚ ਵੀ ਕਿਸੇ ਖੁਸ਼ੀ ਦੇ ਮੌਕੇ ਔਰਤਾਂ ਤੇ ਮਰਦ ਗਿੱਧਾ ਜਾਂ ਭੰਗੜਾ ਪਾਉਂਦੇ ਦਿਸ ਆਉਂਦੇ ਹਨ। ਪੰਜਾਬ ਵਿਚ ਕੋਈ ਵੀ ਸਭਿਆਚਾਰਕ ਪ੍ਰੋਗਰਾਮ ਲੋਕ ਨਾਚਾਂ ਦੀ ਪ੍ਰਦਰਸ਼ਨੀ ਬਗ਼ੈਰ ਅਧੂਰਾ ਹੈ।ਪੰਜਾਬ ਦੇ ਲੋਕ ਨਾਚ ਲੋਕ ਕਲਾ ਦੀ ਹੀ ਪ੍ਰਮੁੱਖ ਵੰਨਗੀ ਹੈ। ਇਨ੍ਹਾਂ ਵਿਚ ਸਰਲਤਾ, ਸਮੂਹਿਕਤਾ ਸੁਭਾਵਿਕਤਾ ਵਰਗੇ ਲੱਛਣ ਹੁੰਦੇ ਹਨ। ਜੋ ਦੇਖਣ ਵਾਲੇ ਨੂੰ ਸੁਹਜ ਸੁਆਦ ਪ੍ਰਦਾਨ ਕਰਦੇ ਹਨ। ਸਮਾਜਕ ਜੀਵਨ ਨਾਲ ਇਨ੍ਹਾਂ ਦਾ ਗਹਿਰਾ ਸੰਬੰਧ ਹੁੰਦਾ ਹੈ।

## 15.8 ਔਖੇ ਸ਼ਬਦਾਂ ਦੇ ਅਰਥ (Key Words)

**ਮੁਦਰਾਵਾਂ** – ਕਿਸੇ ਖਾਸ ਭਾਵਾਂ ਨੂੰ ਪੇਸ਼ ਕਰਨ ਲਈ ਹੱਥਾਂ ਪੈਰਾਂ ਜਾਂ ਸ਼ਰੀਰਕ ਅੰਗਾਂ ਦੀਆਂ ਹਰਕਤਾਂ।

**ਰਾਜਸੀ** – ਰਾਜਨੀਤੀ ਨਾਲ ਸਬੰਧਿਤ।

**ਸੰਸਕ੍ਰਿਤੀ** - ਸਭਿਆਚਾਰ

**ਸੰਚਾਲਣ** - ਚਲਾਉਣ ਵਾਲਾ

**ਸਨਾਤਨੀ** - ਪੁਰਾਤਨ ਜਾਂ ਕਲਾਸੀਕਲ

**ਲੌਕਿਕ** - ਦਿਸਦੇ ਸੰਸਾਰ ਸੰਬੰਧੀ

**ਸ਼ਮੂਲੀਅਤ** - ਹਿੱਸੇਦਾਰੀ

**ਅਲਗੋਜ਼ਾ** - ਬੰਸਰੀ ਵਰਗਾ ਲੋਕ ਸਾਜ਼

**ਸਾਂਦਲਵਾਰ** - ਅਜੋਕੇ ਪਾਕਿਸਤਾਨ ਵਿਚ ਇਕ ਵਿਸ਼ੇਸ਼ ਭੂ-ਖੰਡ

## 15.9 Self-Assessment Questions (SAQ)

1. ਮਰਦਾਂ ਨਾਲ ਸਬੰਧਿਤ ਲੋਕ ਨਾਚ ਕਿਹੜੇ ਹਨ ?
2. ਲੁੱਡੀ ਲੋਕ ਨਾਚ ਬਾਰੇ ਤੁਸੀਂ ਕੀ ਜਾਣਦੇ ਹੋ?
3. ਲੋਕ ਨਾਚ ਦੇ ਪ੍ਰਮੁੱਖ ਲਛੱਣ ਕਿਹੜੇ ਹਨ?

## 15.10 References


1. ਬਲਬੀਰ ਸਿੰਘ ਪੂੰਨੀ, ਲੋਕਧਾਰਾ ਅਧਿਐਨ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2001
2. ਬੇਦੀ, ਸੋਹਿੰਦਰ ਸਿੰਘ, ਪੰਜਾਬ ਦੀ ਲੋਕਧਾਰਾ, ਨੈਸ਼ਨਲ ਬੁਕ ਟ੍ਰਸਟ, ਦਿੱਲੀ, 1971
3. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ, ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ, ਪਟਿਆਲਾ, 1986


## 15.11 Suggestive Learning

ਵਿਦਿਆਰਥੀ ਨੂੰ ਵਿਭਿੰਨ ਪੰਜਾਬੀ ਲੋਕ ਨਾਚਾਂ ਦੀਆਂ ਕਲਾਵਾਂ ਨੂੰ ਜਾਨਣ ਲਈ ਇੰਟਰਨੈਟ ਅਤੇ ਟੀ. ਵੀ. ਡਾਕੂਮੈਂਟਰੀ ਨੂੰ ਦੇਖਨਾ ਚਾਹੀਦਾ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੰਜਾਬੀ ਲੋਕ ਨਾਚਾਂ ਸਬੰਧੀ ਇਕ ਵਿਸ਼ੇਸ਼ ਫਿਲਮ ਤਿਆਰ ਕੀਤੀ ਗਈ ਹੈ ਜਿਸ ਰਾਹੀਂ ਵਿਦਿਆਰਥੀ ਲੋਕ ਨਾਚਾਂ ਸਬੰਧੀ ਆਪਣੇ ਗਿਆਨ ਵਿਚ ਵਾਧਾ ਕਰ ਸਕਦੇ ਹਨ।

| | |
|---|---|
| **B.A. SEMESTER - 3rd** | **Lesson No. 16** |
| **UNIT-III** | **COURSE No. : PB - 301** |

# (ਪੰਜਾਬ ਦੀਆਂ ਲੋਕ ਖੇਡਾਂ)

**Structure of The lesson**

16.1 ਉਦੇਸ਼ (Objective of the Lesson)

16.2 ਭੂਮਿਕਾ (Introduction)

16.3 ਪੰਜਾਬੀ ਲੋਕ ਖੇਡਾਂ : ਪਰਿਭਾਸ਼ਾ ਅਤੇ ਲੱਛਣ

16.4 ਪੰਜਾਬੀ ਲੋਕ ਖੇਡਾਂ ਦਾ ਵਰਗੀਕਰਣ

- 16.4.1 ਬਾਲ ਮੁੰਡਿਆਂ ਦੀ ਲੋਕ ਖੇਡਾਂ
- 16.4.2 ਬਾਲ ਕੁੜੀਆਂ ਦੀਆਂ ਲੋਕ ਖੇਡਾਂ
- 16.4.3 ਨੌਜੁਵਾਨ ਮੁੰਡਿਆਂ ਦੀਆਂ ਲੋਕ ਖੇਡਾਂ
- 16.4.4 ਬਜੁਰਗਾਂ ਦੀਆਂ ਲੋਕ ਖੇਡਾਂ

16.5 ਨਿਸ਼ਕਰਸ਼ (Conclusion)

16.6 Self-Assessment Questions (SAQ)

16.7 References

16.8 Suggestive Learning

## 16.1 ਉਦੇਸ਼ (Objective of the Lesson)

ਇਸ ਪਾਠ ਦਾ ਉਦੇਸ਼ ਪੰਜਾਬੀ ਲੋਕ ਖੇਡਾਂ ਦੀ ਜਾਣਕਾਰੀ ਦੇਣਾ ਹੈ ਅਤੇ ਨਾਲ ਹੀ ਪੰਜਾਬੀ ਲੋਕ ਖੇਡਾਂ ਦੀ ਖੇਡ ਵਿਧੀ ਨੂੰ ਸਮਝਾਉਣਾ ਅਤੇ ਲੋਕ ਖੇਡਾਂ ਦੇ ਸਿਹਤ ਅਤੇ ਸਮਾਜਿਕ-ਸਭਿਆਚਾਰਕ ਮਹੱਤਵ ਨੂੰ ਪਾਠਕਾਂ ਸੱਨਮੁੱਖ ਰਖਨਾ ਹੈ।

## 16.2 ਭੂਮਿਕਾ

ਮਨੁੱਖ ਦੇ ਮਾਨਸਿਕ ਅਤੇ ਸ਼ਰੀਰਕ ਵਿਕਾਸ, ਯੋਗਤਾਵਾਂ, ਸਮਰਥਾਵਾਂ ਅਤੇ ਉਸ ਦੇ ਵਿਅਕਤੀਤੱਵ ਦੀ ਪੱਧਰ ਸਭ ਤੋਂ ਵੱਧ ਉਸ ਦੇ ਬਚਪਨ ਵਿਚ ਪ੍ਰਾਪਤ ਕੀਤੇ ਅਨੁਭਵਾਂ ਅਤੇ ਢੰਗ ਤਰੀਕਿਆਂ 'ਤੇ ਨਿਰਭਰ ਕਰਦੀ ਹੈ। ਇਸ ਪੱਖ ਤੋਂ ਬਾਲ ਖੇਡਾਂ ਅਤਿ ਮਹੱਤਵਪੂਰਨ ਬਣ ਜਾਂਦੀਆਂ ਹਨ ਕਿਉਂਕਿ ਕਿਸੇ ਮਨੁੱਖ ਦੇ ਮਾਨਸਿਕ ਅਤੇ ਸ਼ਰੀਰਕ ਵਿਕਾਸ ਵਿਚ ਬਾਲ ਖੇਡਾਂ ਬੁਨਿਆਦੀ ਰੋਲ ਅਦਾ ਕਰਦੀਆਂ ਹਨ। ਸਭ ਤੋਂ ਮਹੱਤਵਪੂਰਨ ਪੱਖ ਇਹ ਵੀ ਹੈ ਕਿ ਇਹ ਬਾਲ ਖੇਡਾਂ ਹੀ ਹਨ ਜੋ ਕਿਸੇ ਬੰਦੇ ਅੰਦਰ ਸਮਾਜਿਕ ਅਤੇ ਸਭਿਆਚਾਰਕ ਸਮਝ ਨੂੰ ਵਧਣ-ਫੁਲਣ 'ਚ ਸਹਾਈ ਹੁੰਦੀਆਂ ਹਨ ਕਿਉਂਕਿ ਬਾਲ ਮਨ ਦਾ ਇਕ ਲੱਛਣ ਇਹ ਵੀ ਹੈ ਕਿ ਬਾਲ ਸਿਰਜਣਾਤਮਕ ਖੇਡ-ਕਾਰਜਾਂ ਦੁਆਰਾ ਚੁਗਿਰਦੇ ਦੇ ਸੰਸਾਰ ਤੋਂ ਜਾਣੂੰ ਹੁੰਦਾ ਹੈ। ਇਹ ਬਾਲ ਖੇਡਾਂ ਹੀ ਹਨ ਜੋ ਮਨੁੱਖ ਨੂੰ ਮੁੱਢਲੇ ਰੂਪ ਵਿਚ ਸਮਾਜਿਕ, ਸਿਆਣਾ ਅਤੇ ਆਪਣੇ ਸਭਿਆਚਾਰਕ ਪ੍ਰਬੰਧ ਦਾ ਅਨੁਯਾਈ ਬਣਾਉਣ ਵਿਚ ਸਹਾਈ ਹੁੰਦੀਆਂ ਹਨ।

ਖੇਡਾਂ ਵਿਚ ਅਨੁਸ਼ਾਸਨ ਪੈਦਾ ਕਰਨ ਦੀ ਅਥਾਹ ਸ਼ਕਤੀ ਹੈ। ਖੇਡਾਂ ਦੇ ਵੱਖ-ਵੱਖ ਨਿਯਮਾਂ ਅਧੀਨ ਖੇਡਦੇ ਬੱਚੇ, ਚੰਗੇ ਨਾਗਰਿਕ ਬਣਨਾ ਸਿਖਦੇ ਹਨ। ਖੇਡਾਂ ਰਾਹੀਂ ਹੀ ਬੱਚਿਆਂ ਅੰਦਰ, ਆਪਣੇ ਤੋਂ ਵੱਡਿਆਂ ਦੀ ਅਧੀਨਗੀ ਵਿਚ ਰਹਿਣਾ, ਨਿਯਮਾਂ ਦਾ ਪਾਲਣ ਕਰਨਾ, ਖੇਡਾਂ ਦੁਆਰਾ ਮੁਸ਼ਕਲਾਂ ਦਾ ਸਾਹਮਣਾ ਕਰਨਾ, ਸਮੂਹਕ ਗਰੁੱਪਾਂ ਵਿਚ ਕਾਰਜ ਕਰਨਾ, ਸਾਥੀਆਂ ਲਈ ਭਰਾਤਰੀ ਭਾਵਨਾਵਾਂ ਆਦਿ ਦੇ ਨਾਲ-ਨਾਲ ਸਹਾਨਭੂਮੀ ਵਰਗੇ ਗੁਣ ਪੈਦਾ ਹੁੰਦੇ ਹਨ।

ਖੇਡਾਂ ਜਿਥੇ ਸਰੀਰਕ, ਬੌਧਿਕ, ਸਮਾਜਿਕ ਅਤੇ ਸਭਿਆਚਾਰਕ ਵਿਕਾਸ ਦੇ ਪੱਖ ਤੋਂ ਮਨੁੱਖ ਲਈ ਬੁਨਿਆਦੀ ਰੋਲ ਅਦਾ ਕਰਦੀਆਂ ਹਨ ਉਥੇ ਇਹ ਨਿਤਾ ਪ੍ਰਤੀ ਜੀਵਨ ਦੀਆਂ ਤਣਾਉਪੂਰਣ ਸਥਿਤੀਆਂ ਤੋਂ ਮੁਕਤੀ ਪਾਉਣ ਦਾ ਇਕ ਸਰਲ ਅਤੇ ਸਾਧਾ ਸਾਧਨ ਵੀ ਸਮਝਿਆ ਗਿਆ ਹੈ। ਜ਼ਿੰਦਗੀ ਦੇ ਅਕੇਵਿਆਂ ਅਤੇ ਥਕੇਵਿਆਂ ਦੇ ਪਲਾਂ ਤੋਂ ਨਿਜ਼ਾਤ ਪਾਉਣ ਲਈ ਖੇਡਾਂ ਬੇਹਤਰੀਨ ਸਾਧਨ ਹਨ ਕਿਉਂਕਿ ਖੇਡਾਂ, ਮਨੋਰੰਜਨ ਦੇ ਸੁਖਾਵੇਂ ਸਿਧਾਂਤ ਰਾਹੀਂ ਮਨੁੱਖ ਆਪਣੇ ਮਨਮਰਜ਼ੀ ਦੇ ਸੰਸਾਰ ਵਿਚ ਵਿਚਰਦਾ ਹੋਇਆ ਆਨੰਦ ਪ੍ਰਾਪਤ ਕਰ ਸਕਦਾ ਹੈ।

## 16.3 ਲੋਕ ਖੇਡਾਂ: ਪਰਿਭਾਸ਼ਾ ਅਤੇ ਲੱਛਣ

ਲੋਕ ਖੇਡਾਂ ਦੇ ਘੇਰੇ ਵਿਚ ਉਹੋ ਖੇਡਾਂ ਆਉਂਦੀਆਂ ਹਨ ਜਿਹੜੀਆਂ ਪੇਂਡੂ ਮਾਹੌਲ ਵਿਚ ਬਾਲ/ ਬੱਚੇ ਜਦੋਂ ਚਾਹੁਣ ਆਸਾਨੀ ਨਾਲ ਖੇਡ ਸਕਦੇ ਹੋਣ। ਅਜਿਹੀਆਂ ਲੋਕ-ਖੇਡਾਂ ਦੀ ਗਿਣਤੀ ਕਾਫ਼ੀ ਹੈ। ਲੋਕ ਖੇਡਾਂ ਤੋਂ ਭਾਵ ਉਨ੍ਹਾਂ ਖੇਡਾਂ ਤੋਂ ਹੈ ਜਿਹੜੀਆਂ ਪਰੰਪਰਾਵਾਦੀ ਤਰੀਕੇ ਨਾਲ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਖੇਡਾਂ ਨੂੰ ਖੇਡਣ ਲਈ ਨਾ ਤਾਂ ਕਿਸੇ ਖਾਸ ਕਿਸਮ ਦੀ ਉਚੇਰੀ ਸਿਖਿਆ ਦੀ ਲੋੜ ਹੁੰਦੀ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਪਹਿਰਾਵੇ ਦੀ। ਲੋਕ ਖੇਡਾਂ, ਲੋਕ ਜੀਵਨ ਦਾ ਪਰੰਪਰਕ ਹਿੱਸਾ ਹੋਣ ਕਰਕੇ ਇਕ ਤੋਂ ਬਾਅਦ ਦੂਸਰੀ ਪੀੜ੍ਹੀ ਵਲੋਂ ਠੀਕ ਉਸੇ ਤਰ੍ਹਾਂ ਅਪਣਾ ਲਈਆਂ ਜਾਂਦੀਆਂ ਹਨ ਜਿਵੇਂ ਬੱਚਾ, ਬੋਲਣਾ, ਖਾਣਾ ਪੀਣਾ, ਤੁਰਨਾ ਅਤੇ ਸੰਬੋਧਨ ਹੋਣਾ ਸਿਖ ਲੈਂਦਾ ਹੈ। ਹਰੇਕ ਸਮਾਜ ਵਿਚ ਲੋਕ ਖੇਡਾਂ ਦੇ ਰੂਪ ਵਾਸਤੇ ਨਿਯਮ ਵੱਖਰੇ-ਵੱਖਰੇ ਹੁੰਦੇ ਹਨ।

ਲੋਕ ਖੇਡਾਂ ਵਿਚ ਨਿਯਮ ਕੋਈ ਬਹੁਤੇ ਕਰੜੇ ਜਾਂ ਸਖ਼ਤ ਤਾਂ ਨਹੀਂ ਹੁੰਦੇ ਪਰ ਅਜਿਹਾ ਵੀ ਨਹੀਂ ਹੁੰਦਾ ਕਿ ਇਸ ਵਿਚ ਕਿਸੇ ਕਿਸਮ ਦੀ ਧੱਕੇਸ਼ਾਹੀ ਜਾਂ ਮਨ-ਮਰਜ਼ੀ ਹੁੰਦੀ ਹੋਵੇ। ਬਲਕਿ ਖਿਡਾਰੀ ਨੂੰ ਅਨੁਸ਼ਾਸਿਤ ਢੰਗ ਨਾਲ ਉਨ੍ਹਾਂ ਸਾਰੇ ਨਿਯਮਾਂ ਦੀ ਪਾਲਨਾ ਕਰਨੀ ਪੈਂਦੀ ਹੈ ਜਿਹੜੇ ਲੋਕਾਚਾਰ ਪੱਧਰ ਦੇ ਹੀ ਹੁੰਦੇ ਹਨ। ਉਦਾਹਰਣ ਦੇ ਤੌਰ 'ਤੇ ਜੇ ਕੋਈ ਖਿਡਾਰੀ ਖੇਡ ਦੌਰਾਨ ਆਪਣੀ ਵਾਰੀ ਤੋਂ ਮੁੱਕਰ ਜਾਂਦਾ ਹੈ ਤਾਂ ਸਾਥੀ ਖਿਡਾਰੀਆਂ ਵਲੋਂ ਉਸ ਨੂੰ ਡਰਾਇਆ ਜਾਂਦਾ ਹੈ, ਉਸ ਸਿਰ 'ਰੱਬ ਦਾ ਭਾਰ ਚੜ੍ਹੇਗਾ' ਜਾਂ ਉਸ ਨੂੰ ਪਾਪ ਲੱਗੇਗਾ। ਜੇਕਰ ਕੋਈ ਆਕੜਖਾਂ ਖਿਡਾਰੀ ਆਪਣੀ ਚੌਧਰ ਦਰਸਾਉਣ ਲਈ ਆਪਣੀ ਵਾਰੀ ਤੋਂ ਮੁਕਰੇ ਤਾਂ ਸਾਰੇ ਸਾਥੀ ਇਕੋ ਸੁਰ ਵਿਚ ਬੋਲਦੇ ਹਨ।

**ਸਾਡੀ ਮਿੱਤ ਦੱਬਣਾ,**
**ਘਰ ਦੇ ਚੂਹੇ ਦੱਬਣਾ,**
**ਇਕ ਚੂਹਾ ਰਹਿ ਗਿਆ,**
**ਸਿਪਾਹੀ ਫੜ ਕੇ ਲੈ ਗਿਆ,**
**ਸਿਪਾਹੀ ਨੇ ਮਾਰੀ ਇੱਟ,**
**ਚਾਹੇ ਰੋ ਚਾਹੇ ਪਿੱਟ,**
**ਪਰ ਦੇ ਸਾਡੀ ਮਿੱਤ।**

**ਲੱਛਣ :**

ਲੋਕ ਖੇਡਾਂ ਦੇ ਕੁਝ ਸਰਬ ਪ੍ਰਵਾਣਿਤ ਅਤੇ ਸਾਂਝੇ ਲੱਛਣ ਹੁੰਦੇ ਹਨ ਜੋ ਥੋੜੇ ਬਹੁਤੇ ਫਰਕ ਨਾਲ ਲਗਭਗ ਹਰੇਕ ਸਭਿਆਚਾਰ ਜਾਂ ਸਮਾਜਕ ਸਮੂਹ ਦੀਆਂ ਲੋਕ ਖੇਡਾਂ ਵਿਚ ਦੇਖਣ ਨੂੰ ਮਿਲਦੇ ਹਨ। ਜਿਵੇਂ:

(ੳ) ਲੋਕ ਖੇਡਾਂ ਵਿਚ ਵਰਤੀ ਜਾਂਦੀ ਭਾਸ਼ਾ ਸਥਾਨਕ ਰੰਗਤ ਵਾਲੀ ਹੁੰਦੀ ਹੈ। ਲੋਕ ਖੇਡਾਂ ਵਿਚ ਕਿਸੇ ਖਾਸ ਕਿਸਮ ਦੀ ਜਾਂ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ ਦੀ ਭਾਸ਼ਾ ਦੀ ਵਰਤੋਂ ਨਹੀਂ ਹੁੰਦੀ ਬਲਕਿ ਲੋਕ ਖੇਡਾਂ ਵਿਚ ਖਿਡਾਰੀ ਆਪਣੀ ਮਾਂ ਬੋਲੀ ਨੂੰ ਹੀ ਵਰਤਦੇ ਹਨ। ਜਿਵੇਂ ਲੋਕ ਖੇਡ ਦੌਰਾਨ ਵਾਰੀ ਦੇਣ ਨੂੰ ਕਈ ਇਲਾਕਿਆਂ ਵਿਚ 'ਮਿੱਤ ਦੇਣਾ', 'ਦਾਈ ਦੇਣਾ' ਜਾਂ 'ਮਾਟੀ ਦੇਣਾ' ਵੀ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਵੱਖ-ਵੱਖ ਇਲਾਕਿਆਂ ਵਿਚ ਇਕੋ ਖੇਡ ਲਈ ਵਰਤੇ ਜਾਂਦੇ ਨਾਂ ਵੀ ਵੱਖ-ਵੱਖ ਹਨ।

(ਅ) ਲੋਕ ਖੇਡਾਂ ਅਕਸਰ ਘਰਾਂ ਤੋਂ ਬਾਹਰ ਖੁੱਲ੍ਹੀ ਥਾਂ ਜਾਂ ਖੁਲ੍ਹੇ ਪਿੱੜ ਵਿਚ ਖੇਡੀਆਂ ਜਾਂਦੀਆਂ ਹਨ। ਲੋਕ ਖੇਡਾਂ ਲਈ ਕੋਈ ਨਿਸ਼ਚਿਤ ਸਥਾਨ ਜਾਂ ਸਟੇਡੀਅਮ ਆਦਿ ਦੀ ਲੋੜ ਨਹੀਂ ਹੁੰਦੀ। ਖਿਡਾਰੀ ਆਪਣੀ ਸਹੂਲਤ ਅਨੁਸਾਰ ਕਿਤੇ ਵੀ ਖੇਡ ਸਕਦੇ ਹਨ।

(ੲ) ਲੋਕ ਖੇਡਾਂ ਅੰਦਰ ਭਾਵੇਂ ਕੋਈ ਰੈਫ਼ਰੀ ਜਾਂ ਜੱਜ ਨਹੀਂ ਹੁੰਦਾ ਪਰ ਫਿਰ ਵੀ ਲੋਕ

ਖੇਡਾਂ ਦਾ ਆਪਣਾ ਇਕ ਨੇਮ ਵਿਧਾਨ ਹੁੰਦਾ ਹੈ, ਜਿਸ ਦੀ ਪਾਲਣਾ ਕਰਨਾ ਹਰ ਖਿਡਾਰੀ ਦਾ ਸਦਾਚਾਰਕ ਜਾਂ ਲੋਕਾਚਾਰੀ ਫ਼ਰਜ਼ ਬਣਦਾ ਹੈ। ਲੋਕ ਖੇਡਾਂ ਦਾ ਇਹ ਨੇਮ-ਵਿਧਾਨ ਹੀ ਕਿਸੇ ਖਿਡਾਰੀ ਅੰਦਰ ਅਨੁਸ਼ਾਸਨ ਅਤੇ ਸਮਾਜਿਕ ਨਿਯਮਾਂ ਦੀ ਭਾਲਨਾ ਦੀ ਭਾਵਨਾ ਨੂੰ ਦ੍ਰਿੜ੍ਹ ਕਰਵਾਉਂਦਾ ਹੈ।

(ਸ) ਲੋਕ ਖੇਡਾਂ ਦਾ ਸਮਾਂ ਨਿਸ਼ਚਿਤ ਨਹੀਂ ਹੁੰਦਾ। ਜਿਵੇਂ ਹਾਕੀ ਜਾਂ ਫੁੱਟਬਾਲ ਖੇਡਣ ਲਈ 70 ਮਿੰਟ ਦਾ ਇਕ ਨਿਸ਼ਚਿਤ ਸਮਾਂ ਹੈ ਅਤੇ ਹਰ 35 ਮਿੰਟ ਬਾਅਦ ਵਿਸ਼ਰਾਮ ਹੈ। ਪਰ ਇਹ ਜ਼ਰੂਰੀ ਲਹੀਂ ਕਿ 'ਬਾਂਦਰ ਕੀਲਾ' ਜਾਂ 'ਲੁੱਕਣ ਮੀਟੀ' ਅੱਧਾ ਘੰਟਾ ਜਾਂ ਘੰਟਾ ਭਰ ਖੇਲੀ ਜਾਵੇਗੀ। ਲੋਕ ਖੇਡਾਂ ਦਾ ਸਮਾਂ ਜਾਂ ਤਾਂ ਖਿਡਾਰੀਆਂ ਦੀ ਰੁਚੀ 'ਤੇ ਨਿਰਭਰ ਕਰਦਾ ਹੈ ਤੇ ਜਾਂ ਫਿਰ ਖੇਡ ਦੇ ਨਿਯਮਾਂ 'ਤੇ।

(ਹ) ਲੋਕ ਖੇਡਾਂ ਦੇਖਣ ਵਿਚ ਮਨੋਰੰਜਨ ਦਾ ਸਾਧਨ ਲੱਗਦੀਆਂ ਹਨ। ਪਰ ਲੋਕ ਖੇਡਾਂ ਅਸਿੱਧੇ ਤੌਰ 'ਤੇ ਸਮਾਜਿਕ ਵਿਵਹਾਰ ਨੂੰ ਸਿਖਾਉਣ ਦਾ ਪ੍ਰਬੱਲ ਸਾਧਨ ਵੀ ਹਨ।

(ਕ) ਲੋਕ ਖੇਡਾਂ ਵਿਚ ਉਮਰ ਕੋਈ ਵਿਸ਼ੇਸ਼ ਔਕੜ ਨਹੀਂ ਹੁੰਦੀ। ਬਾਲ ਉਮਰ ਤੋਂ ਲੈ ਕੇ ਬਜ਼ੁਰਗਾਂ ਤੱਕ ਦੀਆਂ ਆਪਣੀਆਂ ਖੇਡਾਂ ਹਨ। ਹਾਂ ਬਾਲ ਉਮਰ ਦੇ ਮੁੰਡਿਆਂ ਦੀਆਂ ਖੇਡਾਂ ਦੀ ਗਿਣਤੀ ਨੌਜਵਾਨ ਵਰਗ ਦੇ ਮੁੰਡੇ ਜਾਂ ਬਾਲ ਉਮਰ ਦੀਆਂ ਕੁੜੀਆਂ ਜਾਂ ਫਿਰ ਬਜ਼ੁਰਗ ਉਮਰ ਦੇ ਪੁਰਸ਼ਾਂ ਦੀਆਂ ਖੇਡਾਂ ਨਾਲੋਂ ਕਿਧਰੇ ਵਧੇਰੇ ਹੁੰਦੀ ਹੈ।

## 16.4 ਪੰਜਾਬੀ ਲੋਕ ਖੇਡਾਂ ਦਾ ਵਰਗੀਕਰਣ

ਪੰਜਾਬੀ ਲੋਕ ਖੇਡਾਂ ਦਾ ਘੇਰਾ ਬਹੁਤ ਹੀ ਵਿਸਤ੍ਰਿਤ ਅਤੇ ਵਿਸ਼ਾਲ ਹੈ। ਪੰਜਾਬੀ ਲੋਕ ਖੇਡਾਂ ਦੀ ਵਿਸ਼ਾਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲਾਇਆ ਜਾ ਸਕਦਾ ਹੈ ਕਿ ਇਥੇ ਹਰ ਉਮਰ ਦੇ ਲੋਕਾਂ ਲਈ ਵਿਭਿੰਨ ਖੇਡਾਂ ਉਪਲਬਧ ਹਨ। ਉਮਰ ਹੀ ਨਹੀਂ ਸਗੋਂ ਲਿੰਗ ਭਾਵ ਮਰਦ ਅਤੇ ਔਰਤ ਦੋਵਾਂ ਵਰਗਾਂ ਦੀਆਂ ਆਪਣੀਆਂ-ਆਪਣੀਆਂ ਲੋਕ ਖੇਡਾਂ ਹਨ। ਇਸ ਤੱਥ ਨੂੰ ਮੁੱਖ ਰੱਖਦਿਆਂ ਅਸੀਂ ਲੋਕ ਖੇਡਾਂ ਨੂੰ ਹੇਠ ਲਿਖੇ ਅਨੁਸਾਰ ਵਰਗੀਕ੍ਰਿਤ ਕਰ ਸਕਦੇ ਹਾਂ।

### 16.4.1 ਬਾਲ ਮੁੰਡਿਆਂ ਜਾਂ ਛੋਟੀ ਉਮਰ ਦੇ ਮੁੰਡਿਆਂ ਦੀ ਲੋਕ ਖੇਡਾਂ।

1. ਖਿੱਦੋ ਖੂੰਡੀ
2. ਗੁੱਲੀ ਡੰਡਾ
3. ਬਾਂਦਰ ਕੀਲਾ
4. ਲੁੱਕਣ ਮੀਟੀ
5. ਪਿੱਠੂ

### 16.4.2 ਬਾਲ ਕੁੜੀਆਂ ਦੀਆਂ ਲੋਕ ਖੇਡਾਂ

1. ਕੋਟਲਾ ਛਪਾਈ
2. ਅੱਡੀ ਟੱਪਾ
3. ਛਟਾਪੂ
4. ਭੰਡਾ ਭੰਡਾਰੀਆ
5. ਤੇਰਾ ਮੇਰਾ ਮੇਲ ਨਹੀਂ।

### 16.4.3 ਨੌਜੁਵਾਨ ਮੁੰਡਿਆਂ ਦੀਆਂ ਲੋਕ ਖੇਡਾਂ

1. ਕਬੱਡੀ
2. ਸੌਂਚੀ
3. ਛਾਲ
4. ਘੋਲ/ਕੁਸ਼ਤੀ
5. ਰੱਸਾ-ਕੱਸੀ

### 16.4.4 ਬਜ਼ੁਰਗਾਂ ਦੀਆਂ ਲੋਕ ਖੇਡਾਂ

1. ਚੋਪੜ/ਸ਼ਤਰੰਜ
2. ਬਾਰਾਂ ਟਾਹਣੂ
3. ਤਾਸ਼

ਉਪਰੋਕਤ ਵਰਗੀਕ੍ਰਿਤ ਲੋਕ ਖੇਡਾਂ ਦੀ ਖੇਡ ਵਿਧੀ ਸਮੇਤ ਭਰਪੂਰ ਜਾਣਕਾਰੀ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹੈ

### 16.4.1 ਬਾਲ ਮੁੰਡਿਆਂ ਦੀਆਂ ਲੋਕ ਖੇਡਾਂ

ਬਾਲਪਨ ਜਾਂ ਬਚਪਨ ਵਿਚ ਕੁੜੀਆਂ ਅਤੇ ਮੁੰਡਿਆਂ ਵਿਚ ਕੋਈ ਵਿਸ਼ੇਸ਼ ਸ਼ਰੀਰਕ ਅੰਤਰ ਨਹੀਂ ਹੁੰਦਾ, ਇਸੇ ਲਈ ਬਹੁਤ ਸਾਰੀਆਂ ਲੋਕ ਖੇਡਾਂ ਮੁੰਡੇ ਅਤੇ ਕੁੜੀਆਂ ਸਾਂਝੇ ਰੂਪ ਵਿਚ ਹੀ ਖੇਡਦੇ ਹਨ। ਪਰ ਵਧਦੀ ਉਮਰ ਦੇ ਨਾਲ-ਨਾਲ ਮਾਪੇ ਕੁੜੀਆਂ ਨੂੰ ਮੁੰਡਿਆਂ ਨਾਲ ਸਾਂਝੇ ਤੌਰ 'ਤੇ ਖੇਡਣ ਤੋਂ ਰੋਕਣ ਲੱਗ ਪੈਂਦੇ ਹਨ। ਇਹੀ ਉਹ ਸਮਾਂ ਹੁੰਦਾ ਹੈ ਜਦੋਂ ਕੁੜੀਆਂ ਆਪਣੇ ਹਾਣ ਦੀਆਂ ਦੂਸਰੀਆਂ ਕੁੜੀਆਂ ਨਾਲ ਵੱਖਰੀਆਂ ਖੇਡਾਂ ਖੇਡਣ ਲੱਗ ਪੈਂਦੀਆਂ ਹਨ ਅਤੇ ਮੁੰਡੇ ਆਪਣੇ ਹਾਣੀਆਂ ਨਾਲ ਆਪਣੀਆਂ ਖੇਡਾਂ ਖੇਡਦੇ ਹਨ। ਇਨ੍ਹਾਂ ਵਿਚੋਂ ਕੁਝ ਪ੍ਰਮੁੱਖ ਖੇਡਾਂ ਇਸ ਪ੍ਰਕਾਰ ਹਨ:

## 1. ਖਿੱਦੋ ਖੂੰਡੀ

ਖਿੱਦੋ-ਖੂੰਡੀ ਪੇਂਡੂ ਗਭਰੀਟਾਂ ਦੀ ਮਨਪਸੰਦ ਖੇਡ ਹੈ। ਇਹ ਖੇਡ ਕਿਸੇ ਵੀ ਰੱਕੜ ਭੂੰਇ ਜਾਂ ਨਿਆਈਂ ਵਿਚਲੇ ਕਿਸੇ ਸਮਤਲ ਮੈਦਾਨ ਵਿਚ ਬਾਲ ਮੁੰਡੇ ਜਾਂ ਗਭਰੀਟ ਦੋ ਟੋਲੇ ਜਾਂ ਟੀਮਾਂ ਬਣਾ ਕੇ ਖੇਡਦੇ ਹਨ। ਇਹ ਖੇਡ ਅਸਲ ਵਿਚ ਅਜੋਕੀ ਹਾਕੀ ਦਾ ਹੀ ਮੁੱਢਲਾ ਰੂਪ ਆਖੀ ਜਾ ਸਕਦੀ ਹੈ ਪਰ ਹਾਕੀ ਦੀ ਖੇਡ ਵਾਂਗ ਖਿੱਦੋ-ਖੂੰਡੀ ਦੇ ਨਿਯਮ ਕੋਈ ਬਹੁਤੇ ਕਰੜੇ ਨਹੀਂ ਹੁੰਦੇ। ਇਸ ਖੇਡ ਵਿਚ ਖਿਡਾਰੀ ਹਾਕੀ ਦੀ ਖੇਡ ਵਿਚ ਵਰਤੀ ਜਾਣ ਵਾਲੀ ਗੇਂਦ ਦੀ ਥਾਂ ਪੁਰਾਣੇ ਕਪੜਿਆਂ ਦੀ ਲੀਰਾਂ ਅਤੇ ਸੂਤ ਦੇ ਧਾਗੇ ਦੀਆਂ ਧੜਾਮਾ ਪਾ ਕੇ ਬਣਾਈ ਖਿੱਦੋ ਅਤੇ ਹਾਕੀ ਦੀ ਥਾਂ ਲੱਗਭਗ ਹਾਕੀ ਵਰਗੀ ਹੀ ਖੂੰਡੀ ਨੂੰ ਵਰਤਦੇ ਹਨ। ਖੇਡਣ ਦਾ ਤਰੀਕਾ ਵੀ ਲਗਭਗ ਹਾਕੀ ਵਰਗਾ ਹੀ ਹੁੰਦਾ ਹੈ। ਖੇਡ ਖੇਡਣ ਵਾਲੇ ਮੁੰਡੇ ਦੋ ਟੀਮਾਂ ਬਣਾ ਲੈਂਦੇ ਹਨ। ਦੋਵੇਂ ਟੀਮਾਂ ਆਪਣਾ-ਆਪਣਾ ਪਾਸਾ ਮਲ ਲੈਂਦੀਆਂ ਹਨ। ਕਿਸੇ ਟੀਮ ਜਾਂ ਟੋਲੀ ਦੇ ਜਿੱਤਣ ਲਈ ਜ਼ਰੂਰੀ ਹੈ ਕਿ ਉਹ ਖਿੱਦੋ ਨੂੰ ਵਾਰ-ਵਾਰ ਟੱਲਾਂ ਲਾਂਦਿਆਂ ਵਿਰੋਧੀ ਟੋਲੀ ਵਲੋਂ ਮਿੱਥੀ ਗੋਲ ਵਰਗੀ ਥਾਂ ਵਿਚੋਂ ਦੀ ਲੰਘਾਏ। ਜਿਹੜੀ ਟੀਮ ਜਾਂ ਟੋਲੀ ਸਭ ਤੋਂ ਵੱਧ ਵਾਰ ਖਿੱਦੋ ਨੂੰ ਨਿਸ਼ਚਤ ਕੀਤੀ ਥਾਂ ਵਿਚੋਂ ਦੀ ਲੰਘਾਂਦੀ ਹੈ ਉਹ ਹੀ ਜੇਤੂ ਹੁੰਦੀ ਹੈ। ਇਸ ਖੇਡ ਨੂੰ ਖੇਡਣ ਦਾ ਹਾਕੀ ਵਾਂਗ ਕੋਈ ਨਿਸ਼ਚਿਤ ਸਮਾਂ ਨਹੀਂ ਹੁੰਦਾ। ਖੇਡ ਉਦੋਂ ਤੱਕ ਚਲਦੀ ਰਹਿੰਦੀ ਹੈ ਜਦੋਂ ਤੱਕ ਖਿਡਾਰੀ ਥੱਕ ਨਾ ਜਾਣ ਜਾਂ ਫਿਰ ਖਿੱਦੋ ਲੀਰੋ ਲੀਰ ਨਾ ਹੋ ਜਾਏ। ਖਿੱਦੋ-ਖੂੰਡੀ ਨੂੰ ਪੰਜਾਬ ਦੇ ਮਾਲਵੇ ਦੇ ਖੇਤਰ ਵਿਚ ਫਿੰਡ-ਖੂੰਡੀ ਦਾ ਨਾਂ ਵੀ ਦਿੱਤਾ ਜਾਂਦਾ ਹੈ।

## 2. ਗੁੱਲੀ ਡੰਡਾ

ਗੁੱਲੀ ਡੰਡਾ, ਕਿਸ਼ੋਰ ਉਮਰ ਦੇ ਬੱਚਿਆਂ ਦੀ ਬਹੁਤ ਹੀ ਲੋਕਪ੍ਰਿਯ ਖੇਡ ਹੈ। ਕੁੜੀਆਂ ਲਈ ਇਹ ਖੇਡ ਵਰਜਿਤ ਰਹੀ ਹੈ। ਮੁੰਡਿਆਂ ਵਿਚ ਇਸ ਖੇਡ ਪ੍ਰਤੀ ਜਿਤਨੀ ਦਿਲਚਸਪੀ ਦੇਖੀ ਜਾਂਦੀ ਹੈ, ਮਾਪੇ ਉਨ੍ਹਾਂ ਹੀ ਬੱਚਿਆਂ ਨੂੰ ਇਸ ਖੇਡ ਨੂੰ ਖੇਡਣ ਤੋਂ ਵਰਜਦੇ ਹਨ। ਇਸ ਵਰਜਣਾ ਦਾ ਪ੍ਰਮੁੱਖ ਕਾਰਨ ਗੁੱਲੀ ਦੁਆਰਾ ਮੂੰਹ ਜਾਂ ਅੱਖ 'ਤੇ ਸੱਟ ਲੱਗਣ ਦਾ ਡਰ ਹੈ। ਵਸਤੂ ਪੱਖੋਂ ਇਸ ਖੇਡ ਵਿਚ ਗੁੱਲੀ ਅਤੇ ਡੰਡਾ ਹੀ ਲੋੜੀਂਦੇ ਹਨ। ਮੁੰਡਿਆਂ ਦੁਆਰਾ ਗੁੱਲੀ ਜਾਂ ਤਾਂ ਆਪ ਘੜ ਲਈ ਜਾਂਦੀ ਹੈ ਜਾਂ ਫਿਰ ਤਰਖਾਣ ਤੋਂ ਘੜਵਾ ਲਈ ਜਾਂਦੀ ਹੈ। ਗੁੱਲੀ ਦੀ ਲੰਬਾਈ 6 ਤੋਂ 8 ਇੰਚ ਹੁੰਦੀ ਹੈ। ਗੁੱਲੀ ਦੇ ਦੋਵੇਂ ਸਿਰੇ ਘੜ ਕੇ ਤਿੱਖੇ ਕੀਤੇ ਜਾਂਦੇ ਹਨ। ਡੰਡਾ ਦੋ ਕੁ ਫੁੱਟ ਲੰਬਾ ਹੁੰਦਾ ਹੈ। ਇਸ ਖੇਡ ਨੂੰ ਖੇਡਣ ਲਈ ਦੋ ਟੋਲੀਆਂ ਬਣਾ ਲਈਆਂ ਜਾਂਦੀਆਂ ਹਨ। ਖੇਡਣ ਵਾਲੀ ਥਾਂ ਤੇ ਜ਼ਮੀਨ ਵਿਚ ਇਕ ਗਿੱਠ ਲੰਮੀ ਅਤੇ ਦੋ ਉਂਗਲਾਂ ਚੌੜੀ 'ਰਾਬ' ਪੁੱਟੀ ਜਾਂਦੀ ਹੈ। ਇਸ 'ਰਾਬ' ਦਾ ਤਲ ਕਿਸ਼ਤੀ ਵਰਗਾ ਹੁੰਦਾ ਹੈ ਜੋ ਵਿਚਕਾਰੀ ਡੂੰਘਾ ਅਤੇ ਸਿਰਿਆਂ ਤੋਂ ਜ਼ਮੀਨੀ ਪੱਧਰ 'ਤੇ ਹੁੰਦਾ ਹੈ। ਪਹਿਲਾਂ ਵਾਰੀ ਖੇਡਣ ਵਾਲਾ ਖਿਡਾਰੀ ਗੁੱਲੀ ਨੂੰ ਰਾਬ ਉੱਤੇ ਰੱਖ ਕੇ ਡੰਡੇ ਦੀ ਨੋਕ ਨਾਲ ਦੂਰ ਬਗਾਹ ਕੇ ਸੁੱਟਦਾ ਹੈ। ਵਿਰੋਧੀ ਧਿਰ ਦੇ ਖਿਡਾਰੀ ਗੁੱਲੀ ਨੂੰ ਦਬੋਚਨ ਦੀ ਕੋਸ਼ਿਸ਼ ਕਰਦੇ ਹਨ।

ਹਵਾ ਵਿਚ ਹੀ ਗੁੱਲੀ ਨਾ ਫੜੇ ਜਾਣ ਦੀ ਸੂਰਤ 'ਚ ਵਿਰੋਧੀ ਧਿਰ ਦਾ ਕੋਈ ਖਿਡਾਰੀ ਗੁੱਲੀ

ਨਾਲ ਡੰਡੇ ਉੱਤੇ ਨਿਸ਼ਾਨਾ ਲਗਾਉਂਦਾ ਹੈ। ਜੇ ਨਿਸ਼ਾਨਾ ਲੱਗ ਜਾਵੇ ਤਾਂ ਵਾਰੀ ਬਦਲ ਜਾਂਦੀ ਹੈ। ਜੇਕਰ ਨਿਸ਼ਾਨਾ ਨਾ ਲੱਗੇ ਤਾਂ ਵਾਰੀ ਵਾਲੀ ਧਿਰ ਗੁੱਲੀ ਦੇ ਇਕ ਸਿਰੇ ਗੁੱਲੀ ਨੂੰ ਡੰਡਾ ਮਾਰਦਾ ਹੈ ਤੇ ਉੱਛਲੀ ਹੋਈ ਗੁੱਲੀ ਤੇ ਜ਼ੋਰਦਾਰ ਚੋਟ ਕਰਦਾ ਹੈ। ਇਹ ਪ੍ਰਕਿਰਿਆ ਉਦੋਂ ਤੱਕ ਚਲਦੀ ਰਹਿੰਦੀ ਹੈ ਜਦੋਂ ਤੱਕ ਚੋਟ ਲਗਦੀ ਰਹਿੰਦੀ ਹੈ। ਜਿਥੇ ਜਾ ਕੇ ਗੁੱਲੀ ਰੁੱਕਦੀ ਹੈ ਉਥੋਂ 'ਰਾਵ' ਤੱਕ ਡੰਡੇ ਨੂੰ ਮਿਣ ਲਏ ਜਾਂਦੇ ਹਨ, ਇਹੋ ਨੰਬਰ ਬਣਦੇ ਹਨ। ਇਹ ਸਿਲਸਿਲਾ ਇਸੇ ਤਰ੍ਹਾਂ ਹੀ ਜਦੋਂ ਤੱਕ ਜੀਅ ਕਰੇ ਚਲਦਾ ਰਹਿੰਦਾ ਹੈ।

### 3. ਬਾਂਦਰ ਕੀਲਾ

ਪੰਜਾਬੀ ਬਾਲ ਖੇਡਾਂ ਵਿਚ ਬਾਂਦਰ ਕੀਲਾ ਸਭ ਤੋਂ ਵੱਧ ਦਿਲਚਸਪ ਖੇਡ ਹੈ। ਇਹ ਖੇਡ ਬਰਸਾਤ ਜਾਂ ਫਿਰ ਸਰਦ ਰੁੱਤੇ ਸ਼ਾਮ ਦੇ ਸਮੇਂ ਕਿਸੇ ਖੁੱਲੇ ਮੈਦਾਨ ਵਿਚ ਮੌਜ-ਮਸਤੀ ਦੇ ਉਦੇਸ਼ ਨਾਲ ਖੇਡੀ ਜਾਂਦੀ ਹੈ। ਇਸ ਖੇਡ ਨੂੰ ਖੇਡਣ ਲਈ ਸਭ ਤੋਂ ਪਹਿਲਾਂ ਇਕ ਕਿੱਲਾ ਗੱਡ ਲਿਆ ਜਾਂਦਾ ਹੈ। ਫਿਰ ਉਸ ਕਿੱਲੇ ਨਾਲ ਦੋ ਜਾਂ ਤਿੰਨ ਗਜ਼ ਦੀ ਲੰਮੀ ਰੱਸੀ ਬੰਨ੍ਹ ਲਈ ਜਾਂਦੀ ਹੈ। ਕਿੱਲੇ ਕੋਲ ਸਾਰੇ ਖਿਡਾਰੀ ਆਪਣੀਆਂ ਜੁੱਤੀਆਂ ਉਤਾਰ ਕੇ ਰੱਖ ਦਿੰਦੇ ਹਨ। ਵਾਰੀ ਵਾਲਾ ਮੁੰਡਾ ਕੋਹਲੂ ਦੇ ਬਲਦ ਵਾਂਗ ਰੱਸੀ ਲੈ ਕੇ ਕਿੱਲੇ ਦੁਆਲੇ ਚੱਕਰ ਕੱਟਦਾ ਹੋਇਆ ਜੁੱਤੀਆਂ ਦੀ ਰਾਖੀ ਕਰਦਾ ਹੈ। ਦੂਜੇ ਖਿਡਾਰੀ ਇਕ-ਇਕ ਕਰਕੇ ਜੁੱਤੀਆਂ ਚੁੱਕਦੇ ਜਾਂਦੇ ਹਨ। ਵਾਰੀ ਵਾਲਾ ਮੁੰਡਾ ਕਿੱਲੇ ਨਾਲ ਬੱਧੀ ਰੱਸੀ ਨੂੰ ਬਿਨਾਂ ਛੱਡੇ ਜੁੱਤੀਆਂ ਚੁੱਕਣ ਵਾਲੇ ਮੁੰਡਿਆਂ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ। ਜੇਕਰ ਉਹ ਕਾਮਯਾਬ ਹੋ ਜਾਵੇ ਤਾਂ ਛੂਹੇ ਜਾਣ ਵਾਲਾ ਮੁੰਡਾ ਵਾਰੀ ਦਿੰਦਾ ਹੈ ਨਹੀਂ ਤਾਂ ਇਹ ਖੇਡ ਸਾਰੀਆਂ ਜੁੱਤੀਆਂ ਚੁੱਕੇ ਜਾਣ ਤੱਕ ਚਲਦੀ ਰਹਿੰਦੀ ਹੈ। ਜਦੋਂ ਅਖ਼ੀਰ ਵਾਲੀ ਜੁੱਤੀ ਵੀ ਚੁੱਕੀ ਜਾਂਦੀ ਹੈ ਤਾਂ ਵਾਰੀ ਵਾਲਾ ਮੁੰਡਾ ਕਿੱਲੇ ਨਾਲ ਬੱਝੀ ਰੱਸੀ ਛੱਡ ਕੇ 25 ਤੋਂ 30 ਮੀਟਰ ਦੀ ਦੂਰੀ 'ਤੇ ਨਿਸ਼ਚਿਤ ਕੀਤੀ ਥਾਂ ਵੱਲ ਦੌੜਦਾ ਹੈ। ਇਸ ਦੌਰਾਨ ਦੂਸਰੇ ਖਿਡਾਰੀ ਚੁੱਕੀਆਂ ਹੋਈਆਂ ਜੁੱਤੀਆਂ ਦੌੜਦੇ ਹੋਏ ਵਾਰੀ ਵਾਲੇ ਖਿਡਾਰੀ ਦੇ ਸਿਰ ਅਤੇ ਸਰੀਰ 'ਤੇ ਮਾਰਦੇ ਹਨ। ਨਿਸ਼ਚਿਤ ਕੀਤੀ ਥਾਂ 'ਤੇ ਪਹੁੰਚ ਕੇ ਹੀ ਉਸ ਦੀ ਮਾਰ ਕੁਟਾਈ ਬੰਦ ਹੁੰਦੀ ਹੈ। ਇਹ ਸਿਲਸਿਲਾ ਵਾਰ-ਵਾਰ ਇਸੇ ਤਰ੍ਹਾਂ ਉਦੋਂ ਤੱਕ ਚਲਦਾ ਰਹਿੰਦਾ ਹੈ ਜਦੋਂ ਤੱਕ ਬੱਚੇ ਥੱਕ ਨਹੀਂ ਜਾਂਦੇ। ਇਸ ਖੇਡ ਵਿਚ ਨਾ ਤਾਂ ਖੇਡ ਦਾ ਸਮਾਂ ਨਿਸ਼ਚਿਤ ਹੈ ਅਤੇ ਨਾ ਹੀ ਖਿਡਾਰੀਆਂ ਦੀ ਕੋਈ ਗਿਣਤੀ। ਇਹ ਖੇਡ ਕੇਵਲ ਮੁੰਡਿਆਂ ਦੀ ਹੈ। ਕੁੜੀਆਂ ਇਸ ਖੇਡ ਨੂੰ ਨਹੀਂ ਖੇਡਦੀਆਂ।

### 4. ਲੁੱਕਣ ਮੀਟੀ

ਲੁੱਕਣ ਮੀਟ੍ਹੀ ਮੁੰਡਿਆਂ ਵਲੋਂ ਖੇਡੀ ਜਾਂਦੀ ਇਕ ਹਰਮਨ ਪਿਆਰੀ ਖੇਡ ਹੈ। ਇਹ ਖੇਡ ਅਕਸਰ ਸ਼ਾਮ ਦੇ ਸਮੇਂ ਜਾਂ ਗਹਿਰੀ ਰਾਤ ਵੇਲੇ ਖੇਡੀ ਜਾਂਦੀ ਹੈ। ਕਿਉਂਕਿ ਹਨੇਰੇ ਵਿਚ ਲੁਕਣਾ ਆਸਾਨ ਹੁੰਦਾ ਹੈ।

ਖੇਡ ਵਿਚ ਭਾਗ ਲੈਣ ਵਾਲੇ ਮੁੰਡੇ ਹੱਥਾਂ ਦੀ ਪੁੱਠ ਸਿੱਧ ਦੁਆਰਾ ਪੁੱਗਦੇ ਹਨ ਅਤੇ ਪੁੱਗਣ ਤੋਂ ਰਹਿ ਗਏ ਹਾਣੀ ਨੇ ਮੀਟ੍ਹੀ ਦੇਣੀ ਹੁੰਦੀ ਹੈ। ਕੋਈ ਇਕ ਮੁੰਡਾ ਮੀਟੀ ਦੇਣ ਵਾਲੇ ਹਾਣੀ ਦੀਆਂ ਹੱਥਾਂ ਦੀਆਂ ਤਲੀਆਂ ਹੇਠ ਅੱਖਾਂ ਬੰਦ ਕਰਦਾ ਹੈ। ਇਸ ਦੌਰਾਨ ਬਾਕੀ ਦੇ ਹਾਣੀ ਤੇਜ਼ ਕਦਮੀ

ਕਿਸੇ ਗੁਪਤ ਥਾਂ ਆਦਿ 'ਚ ਲੁੱਕ ਜਾਂਦੇ ਹਨ। ਅੱਖਾਂ ਬੰਦ ਕੀਤੇ ਹਾਣੀ ਨੂੰ ਜਦੋਂ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਸਾਰੇ ਲੁੱਕ-ਛਿੱਪ ਗਏ ਹਨ ਤਾਂ ਉਹ ਉੱਚੀ ਆਵਾਜ਼ ਵਿਚ ਪੁਕਾਰਦਾ ਹੈ:

**ਲੁੱਕ ਛਿੱਪ ਜਾਣਾ ਮਕਈ ਦਾ ਦਾਣਾ।**
**ਰਾਜੇ ਦੀ ਬੇਟੀ ਆਈ ਜੇ।**

ਜੇਕਰ ਕਿਸੇ ਹਾਣੀ ਨੂੰ ਲੁੱਕਣ ਦੀ ਥਾਂ ਨਾ ਲੱਭੀ ਹੋਵੇ ਤਾਂ ਉਹ ਅੱਗੋ ਉੱਚੀ ਆਵਾਜ਼ ਵਿਚ ਕਹਿ ਸਕਦਾ ਹੈ ਕਿ:

**ਉਏ ਨਹੀਂ ਬਈ ਨਹੀਂ**
**ਹਾਲੇ ਲੋਕੀਂ ਜਾਗਦੇ।**

ਜੇਕਰ ਅਗੋਂ ਕੋਈ ਆਵਾਜ਼ ਨਾ ਆਵੇ ਤਾਂ ਸਮਝ ਲਿਆ ਜਾਂਦਾ ਕਿ ਸਭ ਮੁੰਡੇ ਜਾਂ ਹਾਣੀ ਲੁੱਕ ਗਏ ਹਨ। ਤਦ ਮੀਟ੍ਹੀ ਦੇਣ ਵਾਲੇ ਦੀਆਂ ਅੱਖਾਂ ਤੋਂ ਹੱਥਾਂ ਨੂੰ ਚੁੱਕ ਦਿੱਤਾ ਜਾਂਦਾ ਹੈ। ਮੀਟ੍ਹੀ ਦੇਣ ਵਾਲਾ ਹਾਣੀ ਲੁੱਕੇ ਹੋਏ ਹਾਣੀਆਂ ਦੀ ਭਾਲ ਕਰਦਾ ਹੈ। ਕਿਸੇ ਹਾਣੀ ਦੇ ਲੱਭ ਜਾਣ ਪਿੱਛੋਂ ਮੀਟ੍ਹੀ ਲੱਭੇ ਜਾਣ ਵਾਲੇ ਸਿਰ ਚਲੀ ਜਾਂਦੀ ਹੈ ਅਤੇ ਖੇਡ ਮੁੱਢੋਂ-ਮੁੱਢ ਸ਼ੁਰੂ ਕੀਤੀ ਜਾਂਦੀ ਹੈ। ਸਾਧਾਰਨ ਜਿਹੀ ਲੱਗਣ ਵਾਲੀ ਖੇਡ ਆਪਣੇ ਅੰਦਰ ਇਕ ਵਿਸ਼ੇਸ਼ ਗੁਣ ਸਮੋਈ ਬੈਠੀ ਹੁੰਦੀ ਹੈ। ਆਪਣੇ ਦੁਸ਼ਮਣ ਤੋਂ ਲੁੱਟਣ ਦਾ ਅਭਿਆਸ ਅਤੇ ਦੁਸ਼ਮਣ ਨੂੰ ਲੱਭਣ ਦੀ ਜੁਗਤ ਇਸ ਲੋਕ ਖੇਡ ਦਾ ਮਹੱਤਵਪੂਰਨ ਪੱਖ ਹੈ।

### 5. ਪਿੱਠੂ

ਪਿੱਠੂ ਛੋਟੇ ਬੱਚਿਆਂ ਦੀ ਬਹੁਤ ਹੀ ਪਿਆਰੀ ਲੋਕ ਖੇਡ ਰਹੀ ਹੈ। ਨਿੱਕੀ-ਨਿੱਕੀ ਉਮਰ ਦੇ ਮੁੰਡੇ ਪੁਰਾਣੇ ਸਮੇਂ ਵਿਚ ਖਿੱਦੋ ਨਾਲ ਅਨੇਕ ਕਿਸਮ ਦੀਆਂ ਖੇਡਾਂ ਖੇਡਦੇ ਸਨ। ਪਿੱਠੂ ਵੀ ਖਿੱਦੋ ਨਾਲ ਖੇਡੀ ਜਾਣ ਵਾਲੀ ਖੇਡ ਹੈ। ਇਹ ਖੇਡ ਵੀ ਸਮੂਹਕ ਰੂਪ ਵਿਚ ਖੇਡੀ ਜਾਂਦੀ ਹੈ। ਇਸ ਖੇਡ ਵਿਚ ਖਿਡਾਰੀਆਂ ਦੀ ਕੋਈ ਨਿਸ਼ਚਿਤ ਗਿਣਤੀ ਨਹੀਂ ਹੁੰਦੀ।

ਇਸ ਖੇਡ ਨੂੰ ਖੇਡਣ ਲੱਗਿਆਂ ਪਹਿਲਾਂ ਇਕ ਗੋਲ ਚੱਕਰ ਲਗਾ ਕੇ ਉਸ ਵਿਚ ਠੀਕਰੀਆਂ ਦੀ ਇਕ ਪਾਲ ਖੜੀ ਕਰ ਲਈ ਜਾਂਦੀ ਹੈ। ਇਸ ਗੋਲ ਚੱਕਰ ਤੋਂ ਡੇਢ ਕੁ ਮੀਟਰ ਦੇ ਫਾਸਲੇ ਉੱਤੇ ਇਕ ਲਕੀਰ ਖਿੱਚੀ ਜਾਂਦੀ ਹੈ ਜੋ ਕਿ ਹੱਦ ਮੰਨੀ ਜਾਂਦੀ ਹੈ। ਉਸ ਹੱਦ ਉੱਤੇ ਖਲੋ ਕੇ ਠੀਕਰੀਆਂ ਦੀ ਪਾਲ ਦਾ ਨਿਸ਼ਾਨਾਂ ਲਾਇਆ ਜਾਂਦਾ ਹੈ ਸਾਰੀ ਦੀ ਸਾਰੀ ਪਾਲ ਨੂੰ ਸੁੱਟਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਪਰ ਵਿਰੋਧੀ ਧਿਰ ਖਿੱਦੋ ਨੂੰ ਦਬੋਚ ਕੇ ਪਾਲ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਹੈ। ਠੀਕਰੀਆਂ ਡਿੱਗ ਜਾਣ ਤਾਂ ਖੁਦੋ ਮਾਰਨ ਵਾਲਾ ਖਿਡਾਰੀ ਪਾਲ ਬਣਾਉਣ ਵਾਲੇ ਖਿਡਾਰੀ ਉੱਤੇ ਖੁਦੋ ਦਾ ਨਿਸ਼ਾਨਾ ਲਾਉਂਦਾ ਹੈ। ਜੇ ਖਿਦੋ ਲੱਗਣ ਤੋਂ ਪਹਿਲਾਂ ਪਾਲ ਬਣ ਜਾਵੇ ਤਾਂ ਉਸ ਦੀ ਇਕ ਵਾਰੀ ਵੱਧ ਜਾਂਦੀ ਹੈ ਤੇ ਜੇ ਖਿੱਦੋ ਹਵਾ 'ਚ ਹੀ ਫੜੀ ਜਾਵੇ ਤਾਂ ਵੀ ਵਾਰੀ ਬਦਲ ਜਾਂਦੀ ਹੈ।

ਇਨ੍ਹਾਂ ਲੋਕ ਖੇਡਾਂ ਤੋਂ ਇਲਾਵਾ ਵੀ ਹੋਰ ਬਹੁਤ ਸਾਰੀਆਂ ਖੇਡਾਂ ਹਨ ਜੋ ਬਾਲ ਉਮਰ ਦੇ ਮੁੰਡਿਆਂ ਵਲੋਂ ਵੜੇ ਸ਼ੋਂਕ ਅਤੇ ਉਤਸ਼ਾਹ ਨਾਲ ਖੇਡੀਆਂ ਜਾਂਦੀਆਂ ਹਨ। ਇਨ੍ਹਾਂ ਖੇਡਾਂ ਵਿਚ ਪੀਲ-ਪਲਾਂਘਣ (ਡੰਡਾ-ਡੁੱਕ), ਗਟਾਰ ਫਸਗੀ, ਟਿਬਲਾ-ਟਿਬਲੀ, ਕੱਲੀ ਜੋਟਾ ਅਤੇ ਅੰਨ੍ਹਾਂ ਝੋਟਾ ਆਦਿ ਪ੍ਰਮੁੱਖ ਹਨ।

### 16.4.2 ਬਾਲ ਕੁੜੀਆਂ ਦੀਆਂ ਖੇਡਾਂ

ਬਾਲ ਉਮਰ ਦੀਆਂ ਕੁੜੀਆਂ ਦੀਆਂ ਖੇਡਾਂ ਦੀ ਗਿਣਤੀ ਮੁੰਡਿਆਂ ਦੀਆਂ ਖੇਡਾਂ ਦੇ ਮੁਕਾਬਲੇ ਘੱਟ ਹੈ ਤੇ ਖੇਡਾਂ ਵੰਨ-ਸੁਵੰਨੀਆਂ ਵੀ ਕੋਈ ਬਹੁਤੀਆਂ ਨਹੀਂ ਹਨ। ਬਾਲ ਕੁੜੀਆਂ ਦੀਆਂ ਖੇਡਾਂ ਸਿਧੀਆਂ ਸਾਦੀਆਂ ਸੁਹਜ ਭਰਪੂਰ ਹੁੰਦੀਆਂ ਹਨ। ਇਨ੍ਹਾਂ ਖੇਡਾਂ ਵਿਚ ਤਾਕਤ ਦੀ ਥਾਂ ਨਜ਼ਾਕਤ ਉੱਤੇ ਵਧੇਰੇ ਬਲ ਦਿੱਤਾ ਜਾਂਦਾ ਹੈ। ਮੁੰਡਿਆਂ ਦੇ ਮੁਕਾਬਲੇ ਕੁੜੀਆਂ ਘੱਟ ਦੌੜਦੀਆਂ ਹਨ। ਇਸ ਕਾਰਨ ਬਾਲ ਕੁੜੀਆਂ ਦੀਆਂ ਖੇਡਾਂ ਵਿਚ ਭੱਜ-ਦੌੜ ਦਾ ਅੰਸ਼ ਵੀ ਘੱਟ ਹੁੰਦਾ ਹੈ। ਬਾਲ ਕੁੜੀਆਂ ਦੀਆਂ ਖੇਡਾਂ ਵਿਚ ਖੇਡ ਕਰਮ ਦੀ ਗਤੀ ਧੀਮੀ ਹੁੰਦੀ ਹੈ। ਕੁੜੀਆਂ ਦੀਆਂ ਖੇਡਾਂ ਵਿਚ ਸ਼ੋਰ-ਸ਼ਰਾਬਾ ਅਤੇ ਹੱਲਾ-ਗੁੱਲਾ ਘੱਟ ਹੁੰਦਾ ਹੈ। ਇਹ ਖੇਡਾਂ ਬਹੁਤੀਆਂ ਘਰ ਦੇ ਅੰਦਰ ਅਤੇ ਬਾਹਰ ਥੋੜੀ ਜਗ੍ਹਾ ਵਿਚ ਹੀ ਖੇਡੀਆਂ ਜਾ ਸਕਦੀਆਂ ਹਨ। ਕੁੜੀਆਂ ਨਾਲ ਸੰਬੰਧਿਤ ਪ੍ਰਮੁੱਖ ਖੇਡਾਂ ਅਤੇ ਉਨ੍ਹਾਂ ਨੂੰ ਖੇਡਣ ਦੀ ਵਿਧੀ ਹੇਠ ਲਿਖੇ ਅਨੁਸਾਰ ਇਸ ਪ੍ਰਕਾਰ ਹੈ:

#### 1. ਕੋਟਲਾ ਛਪਾਕੀ

ਕੋਟਲਾ ਛਪਾਕੀ ਜਾਂ ਕਾਜ਼ੀ ਕੋਟਲੇ ਦੀ ਮਾਰ ਖੇਡ ਉਂਜ ਤਾਂ ਬਾਲ ਉਮਰ ਦੇ ਮੁੰਡੇ ਕੁੜੀਆਂ ਦੋਵੇਂ ਖੇਡ ਸਕਦੇ ਹਨ। ਪਰ ਇਹ ਖੇਡ ਕੁੜੀਆਂ ਵਲੋਂ ਵਧੇਰੇ ਦਿਲਚਸਪੀ ਨਾਲ ਖੇਡੀ ਜਾਂਦੀ ਹੈ। ਇਸ ਖੇਡ ਵਿਚ ਖੇਡਣ ਵਾਲਿਆਂ ਦੀ ਕੋਈ ਨਿਸ਼ਚਿਤ ਗਿਣਤੀ ਨਹੀਂ ਹੁੰਦੀ। ਇਹ ਗਿਣਤੀ ਦੱਸਾਂ ਤੋਂ ਲੈ ਕੇ ਪੱਚੀ ਤੱਕ ਵੀ ਹੋ ਸਕਦੀ ਹੈ। ਇਹ ਖੇਡ ਕਿਸੇ ਵੀ ਰੁੱਤ ਵਿਚ ਖੇਡੀ ਜਾ ਸਕਦੀ ਹੈ।ਖੇਡ ਦੀ ਵਿਧੀ ਇਸ ਪ੍ਰਕਾਰ ਹੈ ਕਿ ਸਾਰੇ ਬੱਚੇ ਗੋਲ ਦਾਇਰੇ ਵਿਚ ਬੈਠ ਜਾਂਦੇ ਹਨ। ਪਗੜੀ ਜਾਂ ਚੁੰਨੀ ਨੂੰ ਵੱਟ ਚਾੜ੍ਹ ਕੇ ਕੋਟਲਾ ਬਣਾਇਆ ਜਾਂਦਾ ਹੈ। ਜਿਸ ਬੱਚੇ ਦੀ ਦਾਈ ਜਾਂ ਵਾਰੀ ਹੋਵੇ ਉਹ ਕੋਟਲੇ ਨੂੰ ਲੁਕਾ ਕੇ ਗੋਲ ਦਾਇਰੇ ਦੇ ਆਲੇ-ਦੁਆਲੇ ਘੁੰਮਦਾ ਹੈ ਅਤੇ ਚੁੱਪ-ਚੁਪੀਤੇ ਕੋਟਲੇ ਨੂੰ ਕਿਸੇ ਇਕ ਬੱਚੇ ਦੇ ਪਿੱਛੇ ਰੱਖ ਦਿੰਦਾ ਹੈ। ਇਸ ਪ੍ਰਕਿਰਿਆ ਦੌਰਾਨ ਉਹ ਇਕ ਗੀਤ ਵੀ ਗਾਈ ਜਾਂਦਾ/ਜਾਂਦੀ ਹੈ:

**ਕਾਜ਼ੀ ਕੋਟਲੇ ਦੀ ਮਾਰ,**
**ਕਾਜ਼ੀ ਹੋ ਗਿਆ ਬਿਮਾਰ,**
**ਜੁੰਮੇ ਰਾਤ ਆਈ ਐ,**
**ਜਿਹੜਾ ਅੱਗੇ ਪਿੱਛੇ ਵੇਖੇ,**
**ਉਹਦੀ ਸ਼ਾਮਤ ਆਈ ਐ।**

ਇਸ ਦੌਰਾਨ ਜਿਸ ਬੱਚੇ ਪਿੱਛੇ ਕੋਟਲਾ ਰੱਖਿਆ ਹੁੰਦਾ ਹੈ ਅਗਰ ਉਸ ਨੂੰ ਪਤਾ ਨਾ ਲੱਗੇ

ਤਾਂ ਕੋਟਲਾ ਰੱਖਣ ਵਾਲਾ ਬੱਚਾ ਕੋਟਲਾ ਚੁੱਕੇ ਉਦੋਂ ਤੱਕ ਉਸ ਦੇ ਕੋਟਲਾ ਮਾਰਦਾ ਹੈ ਜਦੋਂ ਤੱਕ ਉਹ ਚੱਕਰ ਪੂਰਾ ਕਰਕੇ ਮੁੜ ਆਪਣੀ ਥਾਂ 'ਤੇ ਨਾ ਬਹਿ ਜਾਵੇ ਤੇ ਜੇਕਰ ਕਿਸੇ ਬੱਚੇ ਨੂੰ ਪਤਾ ਲੱਗ ਜਾਵੇ ਕਿ ਉਸ ਦੇ ਪਿੱਛੇ ਕੋਟਲਾ ਰੱਖਿਆ ਗਿਆ ਹੈ ਤਾਂ ਉਹ ਕੋਟਲਾ ਚੁੱਕ ਕੇ ਕੋਟਲਾ ਰੱਖਣ ਵਾਲੇ ਹਾਣੀ ਮਗਰ ਉਸ ਨੂੰ ਮਾਰਨ ਲਈ ਦੌੜਦਾ ਹੈ। ਇਸ ਤਰ੍ਹਾਂ ਇਹ ਖੇਡ ਕਈ ਕਈ ਘੰਟੇ ਖ਼ੁਸ਼ੀ-ਖ਼ੁਸ਼ੀ ਚਲਦੀ ਰਹਿੰਦੀ ਹੈ।

### 2. ਅੱਡੀ ਟੱਪਾ

ਅੱਡੀ ਟੱਪਾ ਕੁੜੀਆਂ ਦੀ ਬਹੁਤ ਹੀ ਪਿਆਰੀ ਖੇਡ ਹੈ। ਇਸ ਖੇਡ ਵਿਚ ਕੁੜੀਆਂ ਦੋ ਟੋਲੀਆਂ ਵਿਚ ਵੰਡੀਆਂ ਜਾਂਦੀਆਂ ਹਨ। ਹਰ ਇਕ ਟੋਲੀ ਵਿਚ ਕੁੜੀਆਂ ਦੀ ਗਿਣਤੀ 5 ਤੋਂ 6 ਤੱਕ ਹੋ ਸਕਦੀ ਹੈ। ਖੇਡ, ਖੇਡਦੇ ਸਮੇਂ ਵਾਰੀ ਵਾਲੀ ਟੋਲੀ ਦੀਆਂ ਦੋ ਲੰਬੀਆਂ ਕੁੜੀਆਂ ਆਮਨੇ-ਸਾਮਨੇ ਬੈਠ ਕੇ ਲੱਤਾਂ ਜੋੜ ਸਮੁੰਦਰ ਬਣਾ ਲੈਂਦੀਆਂ ਹਨ ਅਤੇ ਦੂਸਰੀ ਟੋਲੀ ਦੀਆਂ ਕੁੜੀਆਂ ਨੇ ਲੱਤਾਂ ਨਾਲ ਬਣਾਏ ਉਸ ਸਮੁੰਦਰ ਨੂੰ ਟਪਣਾ ਹੁੰਦਾ ਹੈ। ਹਰ ਵਾਰ ਸਮੁੰਦਰ ਨੂੰ ਸਫਲਤਾ ਨਾਲ ਟੱਪਣ 'ਤੇ  ਨਵੀਂ ਚੁਣੋਤੀ ਦਿੱਤੀ ਜਾਂਦੀ ਹੈ। ਪਹਿਲਾਂ ਪੈਰ ਜੋੜੇ ਜਾਂਦੇ ਹਨ ਫਿਰ ਪੈਰਾਂ ਉੱਤੇ ਪੈਰ ਰੱਖ ਲਏ ਜਾਂਦੇ ਹਨ, ਫਿਰ ਦੋਵੇਂ ਸਿਰਾਂ ਨੂੰ ਜੋੜ ਕੇ ਉੱਚੀ ਬੁਰਜ ਬਣਾ ਲਈ ਜਾਂਦੀ ਹੈ। ਇਸ ਦੌਰਾਨ ਵਿਰੋਧੀ ਟੋਲੀ ਦੀਆਂ ਕੁੜੀਆਂ ਵਾਰੀ ਵਾਰੀ ਹਰ ਸਟੇਜ 'ਤੇ ਛਾਲਾਂ ਮਾਰਦੀਆਂ ਹਨ। ਜੇ ਉਹ ਟੱਪ ਜਾਣ ਤਾਂ ਸਫਲ ਪਰ ਜੇ ਟੱਪਣ ਸਮੇਂ ਕਿਸੇ ਕੁੜੀ ਦਾ ਕੋਈ ਅੰਗ ਜਾਂ ਕੱਪੜਾ ਥੱਲੇ ਬੈਠੀਆਂ ਦੇ ਕਿਸੇ ਅੰਗ ਨਾਲ ਲੱਗ ਜਾਂ ਛੂਹ ਜਾਵੇ ਤਾਂ ਉਸ ਟੋਲੀ ਦੀ ਵਾਰੀ ਖ਼ਤਮ ਹੋ ਜਾਂਦੀ ਹੈ। ਜਿਸ ਸਟੇਜ 'ਤੇ ਵਾਰੀ ਖ਼ਤਮ ਹੁੰਦੀ ਹੈ ਉਸੇ ਸਟੇਜ ਤੋਂ ਦੂਸਰੀ ਟੋਲੀ ਵਿਰੋਧੀ ਟੋਲੀ ਨੂੰ ਚੁਣੋਤੀ ਦਿੰਦੀ ਹੈ। ਇਸ ਤਰ੍ਹਾਂ ਇਹ ਖੇਡ ਸਰੀਰਕ ਵਰਜਿਸ਼ ਅਤੇ ਚੇਤੰਨਤਾ ਦੇ ਭਾਵ ਪੈਦਾ ਕਰਦੀ ਹੈ।

### 3. ਛਟਾਪੂ

ਬਾਲ ਉਮਰ ਦੀਆਂ ਕੁੜੀਆਂ ਦੀ ਹਰਮਨ ਪਿਆਰੀ ਖੇਡ ਹੈ ਛਟਾਪੂ। ਇਹ ਲੋਕ ਖੇਡ ਨਿਰੋਲ ਕੁੜੀਆਂ ਦੀ ਖੇਡ ਹੈ। ਪੰਜਾਬ ਵਿਚ ਇਸ ਨੂੰ ਪੀਚੋ ਬੱਕਰੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਇਸ ਖੇਡ ਵਿਚ ਖਿਡਾਰੀ ਕੁੜੀਆਂ ਦੀ ਕੋਈ ਬੱਝਵੀਂ ਜਾਂ ਨਿਸ਼ਚਿਤ ਗਿਣਤੀ ਨਹੀਂ ਹੁੰਦੀ। ਅਤੇ ਨਾ ਹੀ ਖੇਡਣ ਲਈ ਕੋਈ ਸਮਾਂ ਨਿਸ਼ਚਿਤ ਹੁੰਦਾ ਹੈ। ਛਟਾਪੂ ਦੀ ਵਿਧੀ ਇਸ ਪ੍ਰਕਾਰ ਹੈ: ਕਿਸੇ ਮਿੱਟੀ ਦੇ ਭਾਂਡੇ ਦੀ ਠੀਕਰੀ ਨੂੰ ਇਕ ਨਿਸ਼ਚਿਤ ਗੋਲਾਈ ਅਤੇ ਮੋਟਾਈ ਵਿਚ ਘੱੜ ਜਾਂ ਸੁਆਰ ਲਿਆ ਜਾਂਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਠੀਕਰੀ ਨੂੰ ਪੈਰ ਦੇ ਪੰਜੇ ਨਾਲ ਅੱਗੇ ਸਰਕਾਇਆ ਜਾ ਸਕੇ। ਇਸੇ ਠੀਕਰੀ ਨਾਲ ਜ਼ਮੀਨ ਉੱਤੇ ਅੱਠ ਖਾਨਿਆਂ ਦਾ ਆਕਾਰ ਉਲੀਕਿਆ ਜਾਂਦਾ ਹੈ। ਜਿਸ ਦੇ ਚਾਰ ਖਾਨੇ ਇਕ ਪਾਸੇ ਅਤੇ ਚਾਰ ਦੂਸਰੇ ਪਾਸੇ ਹੁੰਦੇ ਹਨ। ਇਸ ਖੇਡ ਨੂੰ ਪੂਰਾ ਕਰਨ ਦੇ ਪੱਕੇ ਨਿਯਮ ਹਨ। ਹਰ ਕੁੜੀ ਵਾਰੋ ਵਾਰੀ ਠੀਕਰੀ ਨੂੰ ਸਾਰੇ ਖਾਨਿਆਂ ਵਿਚੋਂ ਇਕ ਲੱਤ ਦੇ ਸਹਾਰੇ ਪੈਰ ਨਾਲ ਸਰਕਾਉਂਦੀ ਹੋਈ ਪੁੱਗਦੀ ਹੈ। ਇਸ ਦੌਰਾਨ ਧਿਆਨ ਰੱਖਿਆ ਜਾਂਦਾ ਹੈ ਕਿ ਨਾ ਤਾਂ ਖੇਡਣ ਵਾਲੀ ਕੁੜੀ ਦਾ ਪੈਰ ਖਾਨਿਆਂ ਦੀ ਲੀਹਾਂ

ਨੂੰ ਛੋਹੇ, ਦੂਸਰਾ ਠੀਕਰੀ ਖਾਨਿਆਂ ਦੀਆਂ ਲੀਹਾਂ ਉੱਤੇ ਨਾ ਰੁਕੇ ਅਤੇ ਤੀਸਰਾ ਠੀਕਰੀ ਖਾਨਿਆਂ ਤੋਂ ਬਾਹਰ ਨਾ ਜਾਵੇ। ਇਸ ਖੇਡ ਦਾ ਸ਼ਰੀਰਕ ਅਤੇ ਕੁੜੀਆਂ ਨੂੰ ਸਮਾਜਿਕ ਜੀਵਨ ਦੇ ਨਿਯਮ ਸਿਖਾਉਣ ਵਿਚ ਵਿਸ਼ੇਸ਼ ਮਹੱਤਵ ਹੈ।

**4. ਭੰਡਾਂ-ਭੰਡਾਰੀਆ**

ਪੰਜਾਬੀ ਲੋਕ ਖੇਡਾਂ ਵਿਚ ਇਹ ਵੀ ਇਕ ਵਿਸ਼ੇਸ਼ ਖੇਡ ਹੈ ਜੋ ਬਹੁਤ ਹੀ ਪਿਆਰੀ ਹੈ। ਇਹ ਖੇਡ ਇਕੋ ਸਮੇਂ ਦਸ ਜਾਂ ਪੰਦਰਾਂ ਕੁੜੀਆਂ ਖੇਡ ਸਕਦੀਆਂ ਹਨ। ਭੰਡਾਂ-ਭੰਡਾਰੀਆਂ ਅਤਿ ਰੋਚਕ ਖੇਡ ਹੈ। ਜਿਹੜੀ ਬਹੁਤੀ ਵਾਰ ਸ਼ਾਮ ਦੇ ਵੇਲੇ ਹੀ ਖੇਡੀ ਜਾਂਦੀ ਹੈ। ਖੇਡ ਦੀ ਵਿਧੀ ਇਸ ਪ੍ਰਕਾਰ ਹੈ।

ਇਕ ਬੱਚੀ ਧਰਤੀ ਉੱਤੇ ਚੁੱਪ-ਚਾਪ ਬੈਠ ਜਾਂਦੀ ਹੈ। ਬਾਕੀ ਉਸ ਦੇ ਆਲੇ-ਦੁਆਲੇ ਖਲੋ ਕੇ ਉਸ ਦੇ ਸਿਰ ਉੱਤੇ ਇਕ ਦੇ ਉੱਤੇ ਇਕ ਮੁੱਠੀਆਂ ਰੱਖਦੀਆਂ ਹਨ ਅਤੇ ਬੱਚੇ ਹੇਠ ਬੈਠੇ ਬੱਚੇ ਨੂੰ ਪੁੱਛਦੇ ਹਨ:

**ਭੰਡਾਂ-ਭੰਡਾਰੀਆ**
**ਕਿੰਨਾ ਕੁ ਭਾਰ?**

ਹੇਠਾਂ ਬੈਠਾ ਬੱਚਾ ਉੱਤਰ ਦਿੰਦਾ ਹੈ:

**ਇਕ ਮੁੱਠੀ ਚੁੱਕ ਲੈ**
**ਦੂਜੀ ਨੂੰ ਤਿਆਰ,**

ਇਸ ਤਰ੍ਹਾਂ ਪੁੱਛਦੇ-ਦਸਦੇ ਹੇਠਾਂ ਬੈਠੇ ਬੱਚੇ ਦੇ ਸਿਰ ਤੋਂ ਸਾਰੀਆਂ ਮੁੱਠੀਆਂ ਚੁੱਕੀਆਂ ਜਾਂਦੀਆਂ ਹਨ। ਜਦੋਂ ਸਾਰੀਆਂ ਮੁੱਠੀਆਂ ਚੁੱਕੀਆਂ ਜਾਂਦੀਆਂ ਹਨ ਤਾਂ ਬਾਕੀ ਦੇ ਬੱਚੇ ਅੱਗੇ-ਅੱਗੇ ਨਸਦੇ ਹਨ ਅਤੇ ਹੇਠਾਂ ਬੈਠਾ ਬੱਚਾ ਉਨ੍ਹਾਂ ਨੂੰ ਛੂਹਣ ਲਈ ਉਨ੍ਹਾਂ ਦੇ ਪਿੱਛੇ ਨੱਸਦਾ ਹੈ। ਜਿਸ ਬੱਚੇ ਨੂੰ ਛੂਹ ਲਿਆ ਜਾਂਦਾ ਹੈ ਉਸ ਦੀ ਨਵੇਂ ਸਿਰਿਓਂ ਵਾਰੀ ਆਉਂਦੀ ਹੈ ਅਤੇ ਖੇਡ ਨਵੇਂ ਸਿਰਿਉਂ ਸ਼ੁਰੂ ਹੋ ਜਾਂਦੀ ਹੈ।

**5. ਤੇਰਾ ਮੇਰਾ ਮੇਲ ਨਹੀਂ।**

ਇਹ ਸ਼ਾਮ ਦੇ ਸਮੇਂ ਖੇਡੀ ਜਾਣ ਵਾਲੀ ਕੁੜੀਆਂ ਦੀ ਬਹੁਤ ਹੀ ਦਿਲਚਸਪ ਖੇਡ ਹੈ। ਛੂਹਣ ਵਾਲੀ ਇਸ ਖੇਡ ਵਿਚ ਕੁੜੀਆਂ ਦੀ ਗਿਣਤੀ ਨਿਸ਼ਚਿਤ ਨਹੀਂ ਸਾਰੀਆਂ ਕੁੜੀਆਂ ਦਾਇਰੇ ਵਿਚ ਖਲੋ ਜਾਂਦੀਆਂ ਹਨ ਅਤੇ ਦਾਇਰੇ ਦੇ ਵਿਚਕਾਰ ਦਾਈ ਵਾਲੀ ਕੁੜੀ ਖੜੋ ਜਾਂਦੀ ਹੈ। ਉਨ੍ਹਾਂ ਵਿਚਕਾਰ ਹੇਠਾਂ ਲਿਖੀ ਵਾਰਤਾਲਾਪ ਹੁੰਦੀ ਹੈ:

**ਕੁੜੀਆਂ: ਐਸ ਗਲੀ ਆ ਜਾ**
**ਦਾਈ ਵਾਲੀ: ਐਸ ਗਲੀ ਹਨੇਰਾ**
**ਕੁੜੀਆਂ: ਲੈਂਪ ਲੈ ਕੇ ਆ ਜਾ**

**ਦਾਈ ਵਾਲੀ: ਲੈਂਪ ਮੇਰਾ ਟੁੱਟਾ ਫੁੱਟਾ**
**ਕੁੜੀਆਂ: ਦੀਵਾ ਲੈ ਕੇ ਆ ਜਾ**
**ਦਾਈ ਵਾਲੀ: ਦੀਵੇ ਵਿਚ ਤੇਲ ਨਹੀਂ**
**ਕੁੜੀਆਂ: ਤੇਰਾ ਮੇਰਾ ਮੇਲ ਨਹੀਂ।**

ਆਖਰੀ ਵਾਕ ਬੋਲਦੇ ਹੀ ਸਾਰੀਆਂ ਕੁੜੀਆਂ ਦੌੜ ਜਾਂਦੀਆਂ ਹਨ। ਦਾਈ ਵਾਲੀ ਕੁੜੀ ਉਨ੍ਹਾਂ ਨੂੰ ਛੂਹਣ ਲਈ ਪਿੱਛੇ-ਪਿੱਛੇ ਦੌੜਦੀ ਹੈ। ਜਿਹੜੀ ਕੁੜੀ ਛੂਹ ਲਈ ਜਾਂਦੀ ਹੈ ਉਸ ਦੇ ਸਿਰ ਵਾਰੀ ਆ ਜਾਂਦੀ ਹੈ।

ਉਪਰੋਕਤ ਖੇਡਾਂ ਤੋਂ ਇਨਾਵਾ ਬਾਲ ਕੁੜੀਆਂ ਦੀਆਂ ਹੋਰ ਵੀ ਕਈ ਖੇਡਾਂ ਪ੍ਰਚਲਿਤ ਹਨ ਜੋ ਬੱਚੀਆਂ ਵਿਚ ਬਹੁਤ ਹੀ ਹਰਮਨ ਪਿਆਰੀਆਂ ਹਨ ਜਿਵੇਂ: ਅੰਨਾ ਚੋਟਾ, ਬੁੱਢੀ ਮਾਈ ਆਦਿ।

### 16.4.3 ਨੌਜਵਾਨ ਮੁੰਡਿਆਂ ਦੀਆਂ ਲੋਕ ਖੇਡਾਂ

ਬਾਲ ਮੁੰਡਿਆਂ ਦੇ ਮੁਕਾਬਲੇ ਨੌਜੁਵਾਨ ਮੁੰਡਿਆਂ ਦੀਆਂ ਖੇਡਾਂ ਦੀ ਗਿਣਤੀ ਬਹੁਤ ਸੀਮਿਤ ਹੈ। ਨੌਜੁਵਾਨ ਮੁੰਡਿਆਂ ਦੀਆਂ ਖੇਡਾਂ ਦੀ ਵਿਸ਼ੇਸ਼ਤਾ ਮਨੋਰੰਜਨ ਦੇ ਨਾਲ-ਨਾਲ ਸਰੀਰਕ ਬੱਲ ਦਾ ਪ੍ਰਯੋਗ ਅਤੇ ਵਰਜਿਸ਼ ਦਾ ਰੁਝਾਣ ਪੈਦਾ ਕਰਨਾ ਤਾਂ ਹੈ ਹੀ ਸਗੋਂ ਨੌਜੁਵਾਨ ਮੁੰਡਿਆਂ ਅੰਦਰ ਮੁਕਾਬਲੇ ਦੀ ਭਾਵਨਾ ਪੈਦਾ ਕਰਨਾ ਵੀ ਹੈ। ਪੰਜਾਬੀ, ਨੌਜਵਾਨਾਂ ਵਿਚ ਕਬੱਡੀ, ਕੁਸ਼ਤੀ ਅਤੇ ਰੱਸਾਕਸ਼ੀ ਵਿਸ਼ੇਸ਼ ਮਹੱਤਵ ਦੀਆਂ ਧਾਰਨੀ ਖੇਡਾਂ ਹਨ। ਇਨ੍ਹਾਂ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ।

#### 1. ਕਬੱਡੀ

ਕਬੱਡੀ ਵਿਸ਼ਵ ਪ੍ਰਸਿੱਧ ਲੋਕ ਖੇਡ ਹੈ। ਅਜਿਹਾ ਇਸ ਲਈ ਕਿ ਪੰਜਾਬ ਦੀ ਇਹ ਲੋਕ ਖੇਡ ਵਿਸ਼ਿਸ਼ਟ ਖੇਡ ਵਿਚ ਰੂਪਾਂਤ੍ਰਿਤ ਹੋ ਚੁੱਕੀ ਹੈ। ਅਜੋਕੇ ਸਮੇਂ ਵਿਚ ਕੇਵਲ ਪੰਜਾਬ ਜਾਂ ਭਾਰਤ ਹੀ ਨਹੀਂ ਸਗੋਂ ਵਿਸ਼ਵ ਦੇ ਕਈ ਦੇਸ਼ਾਂ ਨੇ ਇਸ ਖੇਡ ਨੂੰ ਅਪਨਾਇਆ ਹੈ ਤੇ ਉਮੀਦ ਕੀਤੀ ਜਾ ਸਕਦੀ ਹੈ ਲੋਕ ਖੇਡ ਕਬੱਡੀ ਦਾ ਵਿਕਸਿਤ ਅਤੇ ਨਿਯਮਤ ਰੂਪ ਜਲਦੀ ਹੀ ਉਲੰਪਿਕ ਵਿਚ ਵੀ ਵੇਖਣ ਨੂੰ ਮਿਲੇਗਾ। ਕਬੱਡੀ ਦਾ ਇਕ ਹੋਰ ਪ੍ਰਚਲਿਤ ਨਾਂ ਹੈ 'ਕੌਡੀ'। ਪਿੰਡ ਦੇ ਇਕੋ ਵਰਗੇ ਗਭਰੂ ਮੁੰਡੇ ਕਬੱਡੀ ਖੇਡਣ ਲਈ ਕਿਸੇ ਵਾਹੇ ਹੋਏ ਖਾਲੀ ਖੇਤ ਵਿਚ ਇਕ ਵੱਡਾ ਚੌਕੋਰ ਹਿੱਸਾ ਨਿਸ਼ਚਿਤ ਕਰ ਲੈਂਦੇ ਹਨ ਅਤੇ ਫਿਰ ਉਸ ਵਿਚ ਲਕੀਰਾਂ ਰਾਹੀਂ ਜਾਂ ਮਿੱਟੀ ਦੀਆਂ ਢੇਰੀਆਂ ਦੀਆਂ ਨਿਸ਼ਾਨੀਆਂ ਲਾ ਕੇ ਦੋ ਹਿੱਸਿਆਂ ਵਿਚ ਵੰਡ ਲੈਂਦੇ ਹਨ। ਇਨ੍ਹਾਂ ਹਿੱਸਿਆਂ ਨੂੰ'ਪਾਲਾ' ਜਾਂ 'ਪਾੜਾ' ਕਿਹਾ ਜਾਂਦਾ ਹੈ। ਬਰਾਬਰ ਦੀ ਗਿਣਤੀ ਵਿਚ ਮੁੰਡੇ ਆਪਣਾ-ਆਪਣਾ 'ਪਾੜਾ' ਮਲ ਲੈਂਦੇ ਤੇ ਖੇਡ ਸ਼ੁਰੂ ਹੁੰਦੀ। ਇਕ ਪਾੜੇ ਦਾ ਕੋਈ ਗਭਰੂ ਬਿਨ੍ਹਾਂ ਸਾਹ ਟੁੱਟੇ 'ਕੌਡੀ-ਕੌਡੀ' ਬੋਲਦਾ ਦੂਸਰੇ ਪਾੜੇ 'ਚ ਖੜੇ ਵਿਰੋਧੀ ਟੋਲੇ ਦੇ ਮੁੰਡਿਆਂ ਨੂੰ ਹੱਥ ਲਾ ਕੇ ਮੁੜਨ ਦਾ ਯਤਨ ਕਰਦਾ ਹੈ ਤਾਂ ਜੋ ਉਹ ਵਿਰੋਧੀ ਪਾੜੇ ਦੇ ਕਿਸੇ ਗਭਰੂ ਨੂੰ ਮਾਰ ਸਕੇ ਤੇ ਦੂਜੇ ਪਾਸੇ ਦੇ ਜਾਫ਼ੀ, ਧਾਵੀ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦੇ ਹਨ। ਜੇ ਤੇ ਧਾਵੀ ਬਿਨ੍ਹਾਂ ਸਾਹ ਟੁੱਟੇ ਕਿਸੇ ਜਾਫ਼ੀ ਨੂੰ ਛੂਹ ਕੇ ਮੁੜ ਆਵੇ

ਤਾਂ ਜਿਸ ਨੂੰ ਛੋਹਿਆ ਹੁੰਦਾ ਹੈ ਉਹ ਮਰਿਆ ਘੋਸ਼ਿਤ ਹੋ ਜਾਂਦਾ ਹੈ ਤੇ ਜੇਕਰ ਜਾਫ਼ੀ ਧਾਵੀ ਨੂੰ ਫੜ ਲਏ ਤੇ ਉਸ ਦਾ ਸਾਹ ਟੁੱਟ ਜਾਤੇ ਤਾਂ ਧਾਵੀ ਮਰਿਆ ਘੋਸ਼ਿਤ ਹੁੰਦਾ ਹੈ। ਇਹ ਸਿਲਸਿਲਾ ਨਿਰੰਤਰ ਇਸੇ ਤਰ੍ਹਾਂ ਚਲਦਾ ਰਹਿੰਦਾ ਹੈ ਜਦੋਂ ਤੱਕ ਕਿਸੇ ਇਕ 'ਪਾੜੇ' ਦੇ ਸਾਰੇ ਖਿਡਾਰੀ ਮਾਰੇ ਨਹੀਂ ਜਾਂਦੇ। ਸਮੁੱਚੇ ਰੂਪ ਵਿਚ ਕਬੱਡੀ ਪੰਜਾਬੀ ਸੁਭਾਅ ਦੀ ਤਰਜਮਾਨੀ ਕਰਨ ਵਾਲੀ ਖੇਡ ਹੈ। ਖੇਡ ਦਾ ਉਪਰੋਕਤ ਰੂਪ ਪੰਜਾਬੀ ਮਾਨਸਿਕਤਾ ਦੀ ਦਲੇਰੀ ਅਤੇ ਬਹਾਦਰੀ ਦਾ ਹੀ ਸੂਚਕ ਹੈ। ਇਹ ਖੇਡ ਸਰੀਰਕ ਜੋਸ਼ ਅਤੇ ਹੋਸ਼ ਦੀ ਸੂਚਕ ਖੇਡ ਹੈ।

### 2. ਸੌਂਚੀ

ਸੌਂਚੀ ਵੀ ਬਲਸ਼ਾਲੀ ਗਭਰੂਆਂ ਦੀ ਖੇਡ ਹੈ। ਸੌਂਚੀ ਕਬੱਡੀ ਨਾਲ ਮਿਲਦੀ ਜੁਲਦੀ ਖੇਡ ਹੈ। ਪੰਜਾਬ ਵਿਚ ਇਹ ਖੇਡ ਬਹੁਤ ਪ੍ਰਚਲਿੱਤ ਰਹੀ ਹੈ ਪਰ ਸਮੇਂ ਦੇ ਬਦਲਣ ਨਾਲ ਹੁਣ ਇਹ ਲੋਕ ਖੇਡ ਆਲੋਪ ਹੁੰਦੀ ਜਾ ਰਹੀ ਹੈ। ਰੂਪ ਵਜੋਂ ਇਹ ਖੇਡ ਇਕੱਲੇ ਨੂੰ ਇਕੱਲਾ (one by one) ਕਬੱਡੀ ਵਰਗੀ ਹੀ ਹੈ, ਬਸ ਅੰਤਰ ਇਹ ਹੈ ਕਿ ਧਾਵੀ ਜਦੋਂ ਰੇਡ ਪਾਉਣ ਜਾਂਦਾ ਹੈ ਤਾਂ 'ਕੌਡੀ-ਕੌਡੀ' ਨਹੀਂ ਬੋਲਦਾ।

ਸੌਂਚੀ ਪਾਉਣ ਵਾਲਾ ਖਿਡਾਰੀ ਪਿੰਡੇ ਨੂੰ ਸਰ੍ਹੋਂ ਦਾ ਤੇਲ ਮਲਦਾ ਹੈ ਤਾਂ ਜੋ ਫੜਨ ਵਾਲੇ ਦੀ ਪਕੜ ਵਿਚੋਂ ਤਿਲਕ ਸਕੇ। ਸੌਂਚੀ ਪਾਉਣ ਵਾਲੇ ਨੂੰ ਖੇਡ ਚੜ੍ਹਨਾ ਕਹਿੰਦੇ ਹਨ। ਸੌਂਚੀ ਪਾਉਣ ਵਾਲਾ ਖਿਡਾਰੀ ਅੱਗੇ ਵੱਧ ਕੇ ਵਿਰੋਧੀ ਖਿਡਾਰੀ ਦੀ ਹਿੱਕ 'ਚ ਜ਼ੋਰਦਾਰ ਧੱਫ਼ਾ ਮਾਰਦਾ ਹੈ। ਵਿਰੋਧੀ ਖਿਡਾਰੀ ਧੱਫ਼ਾ ਮਾਰਨ ਵਾਲੇ ਖਿਡਾਰੀ ਦਾ ਗੁੱਟ ਫੜ ਕੇ ਉਸ ਨੂੰ ਰੋਕਣ ਦਾ ਯਤਨ ਕਰਦਾ ਹੈ। ਦੋਵਾਂ 'ਚੋਂ ਜਿਹੜਾ ਆਪਣੇ ਮਕਸਦ 'ਚ ਕਾਮਯਾਬ ਹੋ ਜਾਂਦਾ ਹੈ ਉਹ ਹੀ ਜੇਤੂ ਮੰਨ ਲਿਆ ਜਾਂਦਾ ਹੈ।

### 3. ਛਾਲ

'ਛਾਲ' ਵੀ ਗੱਭਰੂ ਨੌਜਵਾਨਾਂ ਦੀ ਬਹੁਤ ਹੀ ਲੋਕਪ੍ਰਿਯ ਖੇਡ ਹੈ। 'ਛਾਲ' ਦਾ ਵਿਸ਼ਿਸ਼ਟ ਰੂਪ 'ਲਾਂਗ ਜੰਪ' (Long Jump) ਦੇ ਰੂਪ ਵਿਚ ਪੂਰੇ ਵਿਸ਼ਵ ਅੰਦਰ ਪ੍ਰਚਲਿਤ ਹੈ। ਨਿਯਮ ਵੀ ਲਗਭਗ ਇਕੋ ਜਿਹੇ ਹਨ। ਵਾਹ ਕੇ ਪੋਲੀ ਅਤੇ ਪੱਧਰੀ ਕੀਤੀ ਭੋਇੰ ਉੱਤੇ ਇਕ ਨਿਸ਼ਚਿਤ ਸਥਾਨ ਤੋਂ ਖਿਡਾਰੀ ਛਾਲ ਮਾਰਦਾ ਹੈ ਤੇ ਪੂਰੀ ਵਾਹ ਲਾ ਕੇ ਵੱਧ ਤੋਂ ਵੱਧ ਫਾਸਲਾ ਤੈਅ ਕਰਦਾ ਹੈ। ਜਿਹੜਾ ਖਿਡਾਰੀ ਸਭ ਤੋਂ ਲੰਬਾ/ਲੰਮਾ ਫਾਸਲਾ ਤੈਅ ਕਰਦਾ ਹੈ ਉਹੀ ਜੇਤੂ ਹੁੰਦਾ ਹੈ।

### 4. ਕੁਸ਼ਤੀ/ਘੋਲ

ਸਰੀਰਕ ਬੱਲ/ਜ਼ੋਰ ਨੂੰ ਪ੍ਰਦਰਸ਼ਿਤ ਕਰਨ ਵਾਲੀ ਸਭ ਤੋਂ ਵੱਧ ਪ੍ਰਚਲਿਤ ਖੇਡ ਹੈ ਕੁਸ਼ਤੀ। ਕੁਸ਼ਤੀ ਵੀ ਦੋਵਾਂ ਰੂਪਾਂ ਵਿਚ ਮਿਲਦੀ ਹੈ। ਲੋਕ ਖੇਡ ਦੇ ਰੂਪ ਵਿਚ ਵੀ ਅਤੇ ਵਿਸ਼ਿਸ਼ਟ ਰੂਪ ਵਿਚ ਵੀ। ਘੋਲ ਵੀ ਕੁਸ਼ਤੀ ਵਰਗੀ ਹੀ ਖੇਡ ਹੈ। ਇਹ ਦੋਵੇਂ ਖੇਡਾਂ 'ਚ ਭਾਗ ਲੈਣਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਬਲਕਿ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਵਿਅਕਤੀ ਹੀ ਇਸ ਖੇਡ ਦਾ ਹਿੱਸਾ ਬਣ ਸਕਦੇ ਹਨ। ਇਸ ਖੇਡ ਦੇ ਖਿਡਾਰੀਆਂ ਦੀ ਖੁਰਾਕ ਵੀ ਆਮ ਲੋਕਾਂ ਨਾਲੋਂ ਵੱਖਰੀ

ਕਿਸਮ ਦੀ ਹੁੰਦੀ ਹੈ। ਕੁਸ਼ਤੀ/ਘੋਲ ਵਿਚ ਵਿਰੋਧੀ ਧਿਰ ਨੂੰ ਢਾਹੁਣਾ ਅਰਥਾਤ ਉਸ ਦੀ ਕੰਡ ਲਾਉਣੀ ਜ਼ਰੂਰੀ ਹੁੰਦੀ ਹੈ। ਅੱਜ ਵੀ ਪਹਿਲਵਾਨਾਂ ਦੇ ਅਖਾੜੇ ਪੂਜਨੀਕ ਸਥਾਨ ਬਣੇ ਹੋਏ ਹਨ। ਪਹਿਲਵਾਨ ਇਨ੍ਹਾਂ ਅਖਾੜਿਆਂ ਵਿਚ ਨਿਰੰਤਰ ਅਭਿਆਸ ਕਰਦੇ ਹਨ। ਕੁਸ਼ਤੀ ਅਤੇ ਘੋਲਾਂ ਦਾ ਆਯੋਜਨ ਛਿੰਜਾਂ ਅਤੇ ਮੇਲਿਆਂ ਆਦਿ 'ਚ ਆਮ ਹੀ ਹੁੰਦਾ ਹੈ। ਪੰਜਾਬੀ ਪਿੰਡਾਂ ਵਿਚ ਪਹਿਲਵਾਨ ਪਿੰਡ ਦੇ ਨਾਇਕ ਸਮਾਨ ਹੁੰਦਾ ਹੈ।

**5. ਰੱਸਾ-ਕੱਸੀ**

ਰੱਸਾ-ਕੱਸੀ ਵੀ ਜ਼ੋਰ ਅਜ਼ਮਾਈ ਵਾਲੀ ਖੇਡ ਹੈ। ਇਸ ਖੇਡ ਵਿਚ ਖੇਡਣ ਵਾਲੇ ਖਿਡਾਰੀ ਦ੍ਰਿੜ੍ਹ ਵਿਸ਼ਵਾਸ, ਰਿਸ਼ਟ-ਪੁਸ਼ਟ ਕੱਦ ਕਾਠੀ ਅਤੇ ਭਰਵੇਂ ਜੁਸੇ ਵਾਲੇ ਹੁੰਦੇ ਹਨ। ਦੋ ਇਕੋ ਵਰਗੀਆਂ ਟੀਮਾਂ ਜਿਨ੍ਹਾਂ ਵਿਚ ਖਿਡਾਰੀਆਂ ਦੀ ਕੱਦ-ਕਾਠੀ ਅਤੇ ਗਿਣਤੀ ਇਕੋ ਵਰਗੀ ਹੋਵੇ, ਲੰਮੇ ਰੱਸੇ ਨੂੰ ਆਪਣੇ ਆਪਣੇ ਪਾਸੇ ਖਿੱਚਦੀਆਂ ਹਨ। ਜਿਹੜੀ ਟੋਲੀ ਜਾਂ ਟੀਮ ਦੂਸਰੀ ਟੀਮ ਨੂੰ ਖਿੱਚ ਕੇ ਆਪਣੇ ਵਾਲੇ ਪਾਸੇ ਲੈ ਜਾਏ ਉਹ ਜੇਤੂ ਹੁੰਦੀ ਹੈ। ਅੰਗ੍ਰੇਜ਼ੀ ਵਿਚ ਇਸ ਖੇਡ ਨੂੰ 'Tug of War' ਕਿਹਾ ਜਾਂਦਾ ਹੈ। ਇਹ ਲੋਕ ਖੇਡ ਲਗਭਗ ਹਰ ਦੇਸ਼, ਸਮਾਜ ਵਿਚ ਖੇਡੀ ਜਾਂਦੀ ਹੈ।

### 16.4.4 ਬਜ਼ੁਰਗਾਂ ਦੀਆਂ ਲੋਕ ਖੇਡਾਂ

ਪੰਜਾਬੀ ਸਮਾਜ ਵਿਚ ਜਿਥੇ ਬੱਚਿਆਂ ਅਤੇ ਬੱਚੀਆਂ ਦੇ ਨਾਲ-ਨਾਲ, ਨੌਜਵਾਨ ਕੁੜੀਆਂ ਮੁੰਡਿਆਂ ਦੀਆਂ ਲੋਕ ਖੇਡਾਂ ਹਨ ਉਥੇ ਬਜ਼ੁਰਗ ਲਈ ਵੀ ਅਜਿਹੀਆਂ ਕਈ ਖੇਡਾਂ ਹਨ ਜੋ ਬਜ਼ੁਰਗਾਂ ਲਈ ਮਨਪਰਚਾਵੇਂ ਦਾ ਵਧੀਆ ਸਾਧਨ ਹਨ। ਵੱਧਦੀ ਉਮਰ ਅਤੇ ਸਰੀਰਕ ਨਿਰਬਲਤਾ ਕਾਰਨ ਬਜ਼ੁਰਗਾਂ ਲਈ ਭੱਜ-ਦੌੜ ਵਾਲੀਆਂ ਖੇਡਾਂ-ਖੇਡਣਾ ਨਾਮੁਮਕਿਨ ਨਹੀਂ ਤਾਂ ਔਖਾ ਜ਼ਰੂਰ ਹੈ। ਇਸੇ ਲਈ ਬਜ਼ੁਰਗਾਂ ਦੀਆਂ ਖੇਡਾਂ ਸਰੀਰਕ ਕਸਰਤ ਦੀ ਥਾਂ ਦਿਮਾਗੀ ਕਸਰਤ ਵਾਲੀਆਂ ਹੁੰਦੀਆਂ ਹਨ। ਕੁਝ ਕੁ ਦੀ ਸੰਖੇਪ ਜਾਣਕਾਰੀ ਇਸ ਪ੍ਰਕਾਰ ਹੈ:

**1. ਚੋਪੜ**

ਚੋਪੜ ਅਜੋਕੀ ਸ਼ਤਰੰਜ ਦਾ ਹੀ ਪੁਰਾਤਨ ਰੂਪ ਹੈ। ਪੰਜਾਬ ਵਿਚ ਇਹ ਖੇਡ ਪੁਰਾਤਨ ਸਮੇਂ ਤੋਂ ਹੀ ਚਲਦੀ ਆ ਰਹੀ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਖੇਡ ਦਾ ਮੁੱਢ ਪੰਜਾਬ ਵਿਚ ਹੀ ਬੱਝਾ। ਪੰਜਾਬ ਵਿਚੋਂ ਹੀ ਇਹ ਖੇਡ ਵਿਸ਼ਵ ਦੇ ਦੂਸਰੇ ਮੁਲਕਾਂ ਵਿਚ ਪਹੁੰਚੀ। ਇਸ ਖੇਡ ਦਾ ਮੁੱਢਲਾ ਨਾਂ ਚਤੁਰੰਗ ਸੀ ਜਿਸ ਦਾ ਅਰਥ ਸੀ ਚਾਰ ਅੰਗਾਂ ਵਾਲਾ। ਇਹ ਖੇਡ ਇਕ ਕਿਸਮ ਦੀ ਯੁੱਧ ਕਲਾ ਦਾ ਨੰਮੂਨਾ ਸੀ। ਜਿਵੇਂ ਯੁੱਧ ਲਈ ਸੈਨਾ ਦੇ ਚਾਰ ਅੰਗ ਹਾਥੀ, ਘੋੜੇ, ਰੱਥ ਅਤੇ ਪੈਦਲ ਅੰਗ ਹੁੰਦੇ ਹਨ ਉਵੇਂ ਹੀ ਇਸ ਵਿਚ ਵੀ ਇਹ ਚਾਰ ਅੰਗ ਹੁੰਦੇ ਹਨ। ਕੁਲ 64 ਖ਼ਾਨੇ ਹੁੰਦੇ ਹਨ ਜਿਸ ਵਿਚ 32 ਕਾਲੇ ਅਤੇ 32 ਚਿੱਟੇ ਹੁੰਦੇ ਹਨ ਅਤੇ ਦੋ ਪਰਸਪਰ ਵਿਰੋਧੀ ਸੈਨਾਵਾਂ ਹੁੰਦੀਆਂ ਹਨ। ਖਿਡਾਰੀ ਆਪਣੀ-ਆਪਣੀ ਸੈਨਾ ਦੇ ਮੋਹਰਿਆਂ ਰਾਹੀ ਚਾਲਾਂ ਚਲ ਕੇ ਇਕ ਦੂਸਰੇ ਨੂੰ ਹਰਾਉਣ ਦੀ ਕੋਸ਼ਿਸ਼ ਕਰਦੇ ਹਨ। ਜਦੋਂ ਕੋਈ ਖਿਡਾਰੀ ਆਪਣੀਆਂ ਚਾਲਾਂ ਸਦਕਾ ਵਿਰੋਧੀ

ਖਿਡਾਰੀ ਦੇ ਰਾਜੇ ਨੂੰ ਮਾਰ ਦਿੰਦਾ ਹੈ ਤਾਂ ਉਹ ਜੇਤੂ ਘੋਸ਼ਿਤ ਹੋ ਜਾਂਦਾ ਹੈ।

**2.ਬਾਰ੍ਹਾਂ ਟਾਹਣੂ**

ਇਹ ਬਜ਼ੁਰਗਾਂ ਦੀ ਇਕ ਹੋਰ ਖੇਡ ਹੈ ਜਿਸ ਦਾ ਸੰਬੰਧ ਦਿਮਾਗੀ ਕਸਰਤ ਜਾਂ ਵਿਵੇਕ ਨਾਲ ਹੈ। ਇਸ ਖੇਡ ਦਾ ਨਾਂ ਬਾਰਾਂ ਬੀਹਟੀ ਵੀ ਲਿਆ ਜਾਂਦਾ ਹੈ। ਇਹ ਖੇਡ ਦੋ ਖਿਡਾਰੀਆਂ ਵਿਚਾਲੇ ਖੇਡੀ ਜਾਂਦੀ ਹੈ। ਦੋਵੇਂ ਖਿਡਾਰੀ ਬਾਰ੍ਹਾਂ-ਬਾਰ੍ਹਾਂ ਬੀਹਟੀਆਂ (ਰੋੜੇ ਜਾਂ ਡੱਕੇ) ਲੈ ਕੇ ਖੇਡਦੇ ਹਨ। ਇਕ ਚੌਕਰ ਜਾਂ ਗੋਲ ਆਕਾਰ ਦੀਆਂ ਰੇਖਾਵਾਂ ਇਸ ਤਰ੍ਹਾਂ ਬਣਾਈਆਂ ਜਾਂਦੀਆਂ ਹਨ ਕਿ ਉਸ ਦੇ ਕੁੱਲ ਪੱਚੀ ਖਾਨੇ ਬਣ ਜਾਣ। ਚੌਵੀ ਖਾਨਿਆਂ ਉੱਤੇ ਹਰ ਖਿਡਾਰੀ ਦੀਆਂ ਬਾਰ੍ਹਾਂ-ਬਾਰ੍ਹਾਂ ਬੀਹਟੀਆਂ ਰੱਖੀਆਂ ਜਾਂਦੀਆਂ ਹਨ ਤੇ ਇਕ ਖਾਨਾ ਚਾਲ ਚਲਣ ਲਈ ਖਾਲੀ ਛੱਡਿਆ ਜਾਂਦਾ ਹੈ। ਇਕ ਖਿਡਾਰੀ ਚਾਲ ਚਲਦਾ ਹੈ ਅਤੇ ਦੂਸਰਾ ਉਸ ਚਾਲ ਦੇ ਮੁਕਾਬਲੇ ਆਪਣੀ ਚਾਲ ਚਲਦਾ ਹੈ। ਇਸ ਤਰ੍ਹਾਂ ਇਕ ਖਾਨੇ 'ਚ ਪਈ ਬੀਹਟੀ ਜਾਂ ਟਾਹਣੂ ਉੱਤੋਂ ਦੂਸਰਾ ਖਿਡਾਰੀ ਆਪਣੀ ਬੀਹਟੀ ਜਾਂ ਟਾਹਣੂ ਟਪਾਉਂਦਾ ਹੈ ਤੇ ਪਹਿਲੇ ਖਿਡਾਰੀ ਦੀ ਬੀਹਟੀ ਜਾਂ ਟਾਹਣੂ ਨੂੰ ਚੁੱਕ ਲੈਂਦਾ ਹੈ। ਜਿਸ ਦੀਆਂ ਬੀਹਟੀਆਂ ਸਭ ਤੋਂ ਪਹਿਲਾਂ ਚੁੱਕੀਆਂ ਜਾਂਦੀਆਂ ਹਨ ਉਹ ਹਾਰ ਜਾਂਦਾ ਹੈ ਤੇ ਦੂਸਰਾ ਜਿੱਤ ਜਾਂਦਾ ਹੈ।

**3. ਤਾਸ਼**

ਤਾਸ਼ ਨੂੰ ਨਿਰੋਲ ਲੋਕ ਖੇਡ ਤਾਂ ਨਹੀਂ ਕਿਹਾ ਜਾ ਸਕਦਾ ਪਰ ਲੰਮੇ ਸਮੇਂ ਤੋਂ ਖੇਡੇ ਜਾਣ ਕਾਰਨ ਇਹ ਵੀ ਲੋਕ ਮਨ ਦਾ ਹਿੱਸਾ ਬਣ ਚੁੱਕੀ ਹੈ। ਤਾਸ਼ ਨਾਲ ਸੰਬੰਧਿਤ ਅਨੇਕਾਂ ਹੀ ਖੇਡਾਂ ਹਨ ਜਿਨ੍ਹਾਂ ਦਾ ਰੂਪ ਕੇਵਲ ਪੰਜਾਬ ਵਿਚ ਹੀ ਪ੍ਰਚਲਿਤ ਮਿਲਦਾ ਹੈ। ਜਿਵੇਂ ਸਰਾਂ ਬੋਲਣ, ਬਾਦਸ਼ਾਹ ਕੁੱਟ, ਸੀਪ, ਭਾਬੀ, ਪੰਜ-ਪੱਤੇ ਅਤੇ ਤਿੰਨ-ਪੱਤੇ (Poker) ਆਦਿ।

## 16.5 ਨਿਸ਼ਕਰਸ਼

ਉਪਰੋਕਤ ਚਰਚਾ ਦੇ ਆਧਾਰ 'ਤੇ ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਪੰਜਾਬ ਦੀਆਂ ਲੋਕ ਖੇਡਾਂ ਦਾ ਪੰਜਾਬੀ ਲੋਕ ਜੀਵਨ ਵਿਚ ਵਿਆਪਕ ਪ੍ਰਭਾਵ ਵੀ ਰਿਹਾ ਹੈ ਅਤੇ ਮਹੱਤਵ ਵੀ। ਖੇਡਾਂ ਜਿਥੇ ਮਨੁੱਖ ਦੇ ਮੁੱਢਲੇ ਵਿਕਾਸ ਭਾਵ ਸਰੀਰਕ ਵਿਕਾਸ ਵਿਚ ਅਹਿਮ ਰੋਲ ਅਦਾ ਕਰਦੀਆਂ ਹਨ ਉਥੇ ਦਿਮਾਗ਼ੀ ਤੌਰ 'ਤੇ ਵਿਕਸਿਤ ਹੋਣ ਵਿਚ ਵਿਆਪਕ ਪੱਧਰ ਤੇ ਸਹਾਈ ਹੁੰਦੀਆਂ ਹਨ। ਇਸ ਤੋਂ ਇਵਾਲਾ ਇਹ ਲੋਕ ਖੇਡਾਂ ਹੀ ਹਨ ਜੋ ਮੁੱਢਲੇ ਪੱਧਰ 'ਤੇ ਮਨੁੱਖਾਂ ਅੰਦਰ ਅਨੁਸ਼ਾਸਨ, ਸੰਘਰਸ਼, ਸਹਿਯੋਗ, ਏਕਤਾ ਅਤੇ ਮੁਲਾਂਕਣ ਕਰਨ ਆਦਿ ਵਰਗੇ ਉੱਚੇ ਸਭਿਆਚਾਰਕ ਮੁੱਲਾਂ ਨੂੰ ਪ੍ਰਚਲਿਤ ਅਤੇ ਪ੍ਰਸਾਰਿਤ ਕਰਦੀਆਂ ਹਨ। ਜਿਸ ਕਰਕੇ ਉਹ ਅੱਗੇ ਚੱਲ ਕੇ ਇਕ ਸਫਲ ਅਤੇ ਚੰਗੇ ਇਨਸਾਨ ਬਣ ਸਕਣ। ਜਿੱਥੋਂ ਤੱਕ ਅਜੋਕੇ ਸਮੇਂ ਦੀ ਗੱਲ ਹੈ ਤਾਂ ਇਹ ਚਿੰਤਾ ਦਾ ਵਿਸ਼ਾ ਹੈ ਕਿ ਕੰਪਿਊਟਰ ਦੇ ਇਸ ਯੁੱਗ ਵਿਚ ਬੱਚੇ ਅਤੇ ਨੌਜੁਵਾਨ ਮਸ਼ੀਨੀ ਖੇਡਾਂ ਜਾਂ E Games ਤੱਕ ਸੀਮਿਤ ਹੋ ਚੁੱਕੇ ਹਨ ਅਤੇ ਆਪਣੀਆਂ ਲੋਕ ਖੇਡਾਂ ਦੇ ਅਮੀਰ ਵਿਰਸੇ ਨੂੰ ਭੁੱਲ ਚੁੱਕੇ ਹਨ।

## 16.6 Self-Assessment Questions (SAQ)

1. ਬਾਲ ਮੁੰਡਿਆਂ ਦੀਆਂ ਲੋਕ ਖੇਡਾਂ ਕਿਹੜੀਆਂ ਹਨ।
2. ਕੁੜੀਆਂ ਦੀਆਂ ਲੋਕ ਖੇਡਾਂ ਬਾਰੇ ਚਰਚਾ ਕਰੋ।
3. ਲੋਕ ਖੇਡ 'ਛਟਾਪੂ' ਦੀ ਖੇਡ ਵਿਧੀ ਵਾਰੇ ਜਾਣਕਾਰੀ ਦਿਓ।
4. ਬਜ਼ੁਰਗਾਂ ਦੀਆਂ ਲੋਕ ਖੇਡਾਂ ਕਿਹੜੀਆਂ ਕਿਹੜੀਆਂ ਹਨ?
5. ਬਾਰਾਂ ਟਾਹਣੂ ਤੋਂ ਕੀ ਭਾਵ ਹੈ?

## 16.7 References


1. ਸੁਖਦੇਵ ਮਾਦਪੁਰੀ, ਪੰਜਾਬ ਦੀਆਂ ਲੋਕ ਖੇਡਾਂ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1989
2. ਸੁਖਦੇਵ ਮਾਦਪੁਰੀ, ਪੰਜਾਬ ਦੀਆਂ ਰਵਾਇਤੀ ਲੋਕ ਖੇਡਾਂ,


## 16.8 Suggestive Learning.

ਉਪਰੋਕਤ ਦਿੱਤੀਆਂ ਪੁਸਤਕਾਂ ਨੂੰ ਗੰਭੀਰਤਾ ਨਾਲ ਪੜ੍ਹਿਆ ਜਾਵੇ।

**ਨੋਟ: Unit –II ,Lesson no. 8 to 11 ਵਿਚੋਂ ਪ੍ਰੀਖਿਆ ਵਿਚ ਵਿਦਿਆਰਥੀਆਂ ਨੂੰ ਪੁਛੇ ਜਾਣ ਵਾਲੇ ਸੰਭਾਵਿਤ ਪ੍ਰਸ਼ਨਾਂ ਦਾ ਨਮੂਨਾ।**

**ਵੱਡੇ ਉੱਤਰਾਂ ਵਾਲੇ ਪ੍ਰਸ਼ਨ।**

1. ਲੋਕਧਾਰਾ ਨੂੰ ਪਰਿਭਾਸਤ ਕਰੋ ਅਤੇ ਲੋਕਧਾਰਾ ਦੇ ਲੱਛਣਾ ਬਾਰੇ ਚਰਚਾ ਕਰੋ।
2. ਲੋਕਧਾਰਾ ਦਾ ਵਰਗੀਕਰਣ ਪੇਸ਼ ਕਰੋ।
3. ਪੰਜਾਬ ਦੇ ਲੋਕ ਨਾਚਾਂ ਬਾਰੇ ਵਿਸਤਾਰ ਸਹਿਤ ਨੋਟ ਲਿਖੋ।
4. ਪੰਜਾਬੀ ਲੋਕ ਕਾਵਿ ਬਾਰੇ ਭਰਪੂਰ ਜਾਣਕਾਰੀ ਦਿਓ।
5. ਪੰਜਾਬੀ ਲੋਕ ਕਥਾਵਾਂ ਬਾਰੇ ਭਰਪੂਰ ਜਾਣਕਾਰੀ ਦਿਓ।
6. ਬਾਲ ਮੁੰਡਿਆਂ ਦੀਆਂ ਲੋਕ ਖੇਡਾਂ ਬਾਰੇ ਚਰਚਾ ਕਰੋ।
7. ਕੁੜੀਆਂ ਦੀਆਂ ਲੋਕ ਖੇਡਾਂ ਬਾਰੇ ਚਰਚਾ ਕਰੋ।
8. ਵਿਆਹ ਨਾਲ ਸਬੰਧਿਤ ਰਸਮਾਂ ਰੀਤਾਂ ਬਾਰੇ ਚਰਚਾ ਕਰੋ।

**ਦਰਮਿਆਨੇ ਉੱਤਰਾਂ ਵਾਲੇ ਪ੍ਰਸ਼ਨ।**

1. ਬੱਚੇ ਦੇ ਜਨਮ ਨਾਲ ਸਬੰਧਿਤ ਰਸਮਾਂ ਬਾਰੇ ਸੰਖੇਪ ਚਰਚਾ ਕਰੋ
2. ਮੌਤ ਨਾਲ ਸਬੰਧਿਤ ਰਸਮਾਂ ਬਾਰੇ ਨੋਟ ਲਿਖੋ
3. ਲੋਕ ਗੀਤ ਸੁਹਾਗ ਬਾਰੇ ਨੋਟ ਲਿਖੋ।
4. ਲੋਕ ਖੇਡ 'ਛਟਾਪੂ' ਦੀ ਖੇਡ ਵਿਧੀ ਵਾਰੇ ਜਾਣਕਾਰੀ ਦਿਓ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ।**

1. ਬਜ਼ੁਰਗਾਂ ਦੀਆਂ ਲੋਕ ਖੇਡਾਂ ਕਿਹੜੀਆਂ ਕਿਹੜੀਆਂ ਹਨ?
2. ਘੋੜੀਆਂ ਤੋਂ ਕੀ ਭਾਵ ਹੈ?
3. ਗੁੜ੍ਹਤੀ ਦੇਣ ਦੀ ਰਸਮ ਬਾਰੇ ਅਤਿ ਸੰਖੇਪ ਜਾਣਕਾਰੀ ਦਿਓ।
4. ਕਿਸੇ ਚਾਰ ਲੋਕ ਧਾਰਾ ਸ਼ਾਸਤ੍ਰੀਆਂ ਦੇ ਨਾਂ ਦਸੋ।

**ਨੋਟ :–** ਉਪਰ ਲਿਖੇ ਗਏ ਪ੍ਰਸ਼ਨ ਅੰਤਿਮ ਨਹੀਂ ਹਨ। ਪਾਠ ਕ੍ਰਮ ਵਿਚੋਂ ਅਜਿਹੇ ਕਈ ਹੋਰ ਪ੍ਰਸ਼ਨ ਵੀ ਪੁੱਛੇ ਜਾ ਸਕਦੇ ਹਨ।

# DIRECTORATE OF DISTANCE EDUCATION

**UNIVERSITY OF JAMMU**
**JAMMU**

# SELF LEARNING MATERIAL

**B.A. Semester-III**

| | |
|---|---|
| **Subject : Punjabi** | **Unit: I-III** |
| **Course No. : PB - 301** | **Lesson No. 1-16** |


## Dr. HINA S. ABROL

***Course Coordinator***



http:/www.distanceeducationju.in
Printed and Published on behalf of Directorate of Distance Education University of Jammu by the Director, DDE, University of Jammu, Jammu

## PUNJABI (SUFI, KISSA ATE LOKDHARA)

**Course Contributor**
Mrs. Harjidner Singh
Dr. Baljeet Kour
Dr. Pritam Singh

**Content Editing by**
Dr. Baljeet Kour

**© Directorate of Distance Education, University of Jammu, Jammu, 2020**

- All rights reserved. No part of this work may be reproduced in any form, by mimeograph or any other means, without permission in writing from the DDE, University of Jammu.
- The script writer shall be responsible for the lesson/script submitted to the DDE and any plagiarism shall be his/her entire responsibility.

Printed by : Amar Art Press / 20 / 50